*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 15, ਅੰਕ-6, ਜੂਨ 2025 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਨਹੱਕੇ ਯੁੱਧਾਂ ਦੇ ਸੂਤਰਧਾਰਾਂ ਦੇ 'ਸ਼ਾਂਤੀ' ਲਈ ਯਤਨ

ਗਾਜ਼ਾ ਵਿਚ ਕਤਲੇਆਮ ਅਤੇ ਭੁੱਖਮਰੀ ਨਾਲ ਫ਼ਲਸਤੀਨੀਂ ਲੋਕਾਂ ਦੀ ਲਗਾਤਾਰ ਨਸਲਕੁਸ਼ੀ ਦਰਮਿਆਨ ਖ਼ਬਰਾਂ ਆ ਰਹੀਆਂ ਹਨ ਕਿ ਰਾਸ਼ਟਰਪਤੀ ਟਰੰਪ ਹਮਾਸ ਅਤੇ ਇਜ਼ਰਾਇਲ ਦਰਮਿਆਨ ਯੁੱਧਬੰਦੀ ਕਰਾਉਣ ਲਈ ਯਤਨਸ਼ੀਲ ਹੈ। ਗਾਜ਼ਾ ਵਿਚ ਇਜ਼ਰਾਇਲੀ ਹਮਲਿਆਂ 'ਚ ਮਰਨ ਵਾਲਿਆਂ ਦੀ ਗਿਣਤੀ 54000 ਤੋਂ ਟੱਪ ਗਈ ਹੈ। ਇਜ਼ਰਾਇਲ-ਅਮਰੀਕਾ ਇਸ ਮਨਸੂਬੇ ਤਹਿਤ ਵਿਆਪਕ ਤਬਾਹੀ ਮਚਾ ਰਹੇ ਹਨ ਕਿ ਫ਼ਲਸਤੀਨੀਂ ਲੋਕ ਸੌ ਸਾਲ ਤੱਕ ਵੀ ਉੱਥੇ ਮੁੜ ਵਸਣ ਬਾਰੇ ਨਾ ਸੋਚ ਸਕਣ। ਯੂ.ਐੱਨ.ਨੇ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਖਾਣੇ ਦੀ ਅਣਹੋਂਦ 'ਚ 14000 ਫ਼ਲਸਤੀਨੀਂ ਬੱਚਿਆਂ ਦੀ ਤੁਰੰਤ ਮੌਤ ਹੋ ਜਾਣ ਦਾ ਖ਼ਤਰਾ ਹੈ। ਯੁੱਧਬੰਦੀ ਕਰਾਉਣ ਦੀ ਵਿਚੋਲਗੀ ਉਹੀ ਅਮਰੀਕਨ ਹਕੂਮਤ ਕਰ ਰਹੀ ਹੈ ਜਿਸ ਵੱਲੋਂ ਦਿੱਤੇ ਜਾ ਰਹੇ ਹਥਿਆਰਾਂ, ਵਿੱਤੀ ਮੱਦਦ ਅਤੇ ਥਾਪੜੇ ਨਾਲ ਫ਼ਲਸਤੀਨੀ ਵਸੋਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਟਰੰਪ ਦੀ ਹਾਬੜੀ ਨਜ਼ਰ ਗਾਜ਼ਾ ਪੱਟੀ ਦੀ ਮੁਕੰਮਲ ਤਬਾਹੀ ਵਿੱਚੋਂ ਅਮਰੀਕਨ ਸਾਮਰਾਜੀ ਸਰਮਾਏ ਲਈ ਕਾਰੋਬਾਰ ਦੇ ਵੱਡੇ ਮੌਕੇ ਦੇਖ ਰਹੀ ਹੈ। ਯੂਕਰੇਨ ਨੂੰ ਯੁੱਧ ਨਾਲ ਤਬਾਹ ਕਰਕੇ ਜੰਗੀ ਕਰਜ਼ੇ ਬਦਲੇ ਉੱਥੋਂ ਦੇ ਖਣਿਜ ਵਸੀਲਿਆਂ ਉੱਪਰ ਡਾਕਾ ਮਾਰਨ ਲਈ ਤਰਲੋਮੱਛੀ ਹੋ ਰਹੇ ਟਰੰਪ-ਵੇਂਸ ਵੱਲੋਂ ਜੇਲੈਂਸਕੀ ਦੀ ਬਾਂਹ ਮਰੋੜਨ ਦਾ ਸਿੱਧਾ ਪ੍ਰਸਾਰਣ ਅਤੇ ਟਰੰਪ ਨਾਲ ਮਿੱਤਰ-ਮਿਲਣੀ ਕੁਲ ਦੁਨੀਆ ਅੱਖੀਂ ਦੇਖ ਚੁੱਕੀ ਹੈ। ਪਿਛਲੇ ਦਿਨੀਂ ਟਰੰਪ ਨੇ ਖ਼ੁਲਾਸਾ ਕੀਤਾ ਕਿ 'ਵਪਾਰ ਨਾ ਕਰਨ ਦੀ ਧਮਕੀ' ਦੇ ਕੇ ਭਾਰਤ-ਪਾਕਿਸਤਾਨ ਦਰਮਿਆਨ 'ਯੁੱਧਬੰਦੀ' ਉਸੇ ਨੇ ਕਰਵਾਈ ਹੈ। ਭਾਵ, ਯੁੱਧ ਛੇੜਨ, ਭੜਕਾਉਣ ਅਤੇ ਰੋਕਣ ਦੀ ਚਾਬੀ ਦੁਨੀਆ ਦੇ ਆਪੇ ਬਣੇ ਥਾਣੇਦਾਰ ਦੇ ਹੱਥ 'ਚ ਹੈ। 'ਸ਼ਾਂਤੀ ਦਾ ਮਸੀਹਾ' ਹੋਣ ਦਾ ਨਾਟਕ ਕਰਨ ਵਾਲੇ ਟਰੰਪ ਨੇ ਪਿੱਛੇ ਜਹੇ ਹੀ ਅਮਰੀਕਾ ਦਾ ਫ਼ੌਜੀ ਬਜਟ 13.4% ਵਧਾਇਆ ਹੈ।



ਸਾਮਰਾਜਵਾਦ ਦਾ ਭਾਵ ਹੈ ਯੁੱਧ, ਜੋ ਮਹਿਜ਼ ਬੀਤੇ ਦਾ, ਬਸਤੀਵਾਦ ਦੌਰ ਦਾ ਵਰਤਾਰਾ ਨਹੀਂ ਹੈ। ਨਿਰਸੰਦੇਹ, ਟਰੇਡ ਵਾਰ ਦੂਜੇ ਸੰਸਾਰ ਯੁੱਧ ਤੋਂ ਬਾਅਦ ਦੁਨੀਆ ਦੀ ਆਰਥਿਕਤਾ ਉੱਪਰ ਕਬਜ਼ੇ ਦਾ ਵੱਡਾ ਸਾਮਰਾਜੀ ਹਥਿਆਰ ਹੈ, ਹਕੀਕਤ ਇਹ ਹੈ ਕਿ ਅਜੋਕੇ ਯੁੱਧਾਂ ਦੀ ਚਾਲਕ-ਸ਼ਕਤੀ ਹੁਣ ਵੀ ਸਾਮਰਾਜੀ ਤਾਕਤਾਂ ਦਾ ਸੰਸਾਰ ਚੌਧਰ ਅਤੇ ਮੰਡੀਆਂ ਉੱਪਰ ਕਬਜ਼ੇ ਲਈ ਭੇੜ ਹੀ ਹੈ। ਸਾਮਰਾਜਵਾਦੀ ਤਾਕਤਾਂ ਕੋਲ ਫ਼ੌਜੀ ਤਾਕਤ ਤੋਂ ਇਲਾਵਾ, ਆਰਥਕ ਤਾਕਤ, ਸਰਮਾਇਆ, ਕੂਟਨੀਤੀ ਅਤੇ ਯੁੱਧਨੀਤਕ ਗੱਠਜੋੜ ਕਮਜ਼ੋਰ ਮੁਲਕਾਂ ਦੀ ਬਾਂਹ ਮਰੋੜਕੇ ਆਪਣੇ ਹਿਤ ਸਾਧਣ ਦੇ ਵੱਡੇ ਹਥਿਆਰ ਹਨ। 'ਸ਼ੀਤ ਯੁੱਧ' ਦੌਰਾਨ ਅਮਰੀਕਾ ਦੁਨੀਆ ਦੇ ਵੱਡੇ ਹਿੱਸੇ ਉੱਪਰ ਇਸੇ ਤਰੀਕੇ ਨਾਲ ਵਿਆਪਕ ਚੌਧਰ ਕਾਇਮ ਕਰਨ 'ਚ ਕਾਮਯਾਬ ਰਿਹਾ। ਇਸਨੇ ਲਾਤੀਨੀ ਅਮਰੀਕਾ ਅਤੇ ਮੱਧ ਪੂਰਬ ਨੂੰ ਆਪਣੇ ਕੰਟਰੋਲ ਵਿਚ ਲੈਣ ਲਈ ਸਿੱਧੇ ਖੇਤਰੀ ਪਸਾਰੇ ਦੀ ਬਜਾਏ ਆਰਥਕ ਮੱਦਦ, ਫ਼ੌਜੀ ਗੱਠਜੋੜ ਅਤੇ ਵਿਚਾਰਧਾਰਕ ਰਸੂਖ਼ ਵਰਤਿਆ। 'ਸੋਵੀਅਤ' ਸਾਮਰਾਜਵਾਦ ਨੇ ਵੀ ਪੂਰਬੀ ਯੂਰਪ ਅਤੇ ਆਪਣੇ ਹੋਰ ਪ੍ਰਭਾਵ ਖੇਤਰਾਂ ਵਿਚ ਇਹੀ ਕੀਤਾ। ਚੀਨ ਆਪਣਾ 'ਅਹਿੰਸਕ' ਸਾਮਰਾਜਵਾਦ ਵਪਾਰਕ ਮੁਕਾਬਲੇਬਾਜ਼ੀ ਅਤੇ 'ਬੈਲਟ ਅਤੇ ਰੋਡ' ਨਾਂ ਦੇ ਆਲਮੀ ਬੁਨਿਆਦੀ-ਢਾਂਚਾ ਪ੍ਰੋਜੈਕਟ ਰਾਹੀਂ ਫੈਲਾ ਰਿਹਾ ਹੈ। ਸਾਮਰਾਜੀਆਂ ਨੂੰ ਅੰਤਰ-ਸਾਮਰਾਜੀ ਝਗੜੇ ਗ਼ੈਰ-ਫ਼ੌਜੀ ਤਰੀਕਿਆਂ ਨਾਲ ਹੱਲ ਹੋਣ ਤੱਕ ਹੀ ਯੁੱਧ ਤੋਂ ਪਰਹੇਜ਼ ਹੈ। ਕੌਮੀ ਸੁਰੱਖਿਆ ਦੇ

**ਸਵ. ਸੋਹਣ ਮਾਨ ਯਾਦਗਾਰੀ 14ਵਾਂ ਸਲਾਨਾ ਅਗਾਂਵਧੂ ਸਭਿਆਚਾਰਕ ਨਾਟਕ ਸਮਾਗਮ 28 ਜੂਨ 2025 ਨੂੰ**

(ਦੇਖੋ ਸਫ਼ਾ 40 'ਤੇ)

ਬਹਾਨੇ ਯੂਕਰੇਨ ਵਿਰੁੱਧ ਪੂਤਿਨ ਹਕੂਮਤ ਦੀ ਫ਼ੌਜੀ ਚੜ੍ਹਾਈ ਦਰਸਾਉਂਦੀ ਹੈ ਕਿ ਸਾਮਰਾਜਵਾਦ ਨੇ ਹੁਣ ਵੀ ਤਾਕਤ ਦੇ ਜ਼ੋਰ ਮੁਲਕਾਂ ਦੀਆਂ ਸਰਹੱਦਾਂ ਬਦਲਣ ਦੀ ਨੀਤੀ ਤਿਆਗੀ ਨਹੀਂ ਹੈ। ਟਰੰਪ ਨੇ ਗਾਜ਼ਾ ਪੱਟੀ, ਗਰੀਨ ਲੈਂਡ ਅਤੇ ਪਨਾਮਾ ਨਹਿਰ ਉੱਪਰ ਕਬਜ਼ਾ ਕਰਨ ਅਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੇ ਸਾਮਰਾਜੀ ਮਨਸ਼ੇ ਖੁੱਲ੍ਹੇਆਮ ਜ਼ਾਹਿਰ ਕੀਤੇ ਹਨ। ਅਮਰੀਕਨ ਸਟੇਟ ਸਭ ਤੋਂ ਖ਼ੂੰਖ਼ਾਰ ਸਾਮਰਾਜੀ ਭੇੜੀਆ ਹੈ ਜੋ ਆਪਣੇ ਨਾਟੋ ਜੋਟੀਦਾਰਾਂ ਦੇ ਸਹਿਯੋਗ ਅਤੇ ਮੱਦਦ ਨਾਲ 'ਦਹਿਸ਼ਤਵਾਦ ਵਿਰੁੱਧ ਯੁੱਧ', 'ਜਮਹੂਰੀਅਤ ਦੀ ਰਾਖੀ' ਜਹੇ ਬਹਾਨਿਆਂ ਤਹਿਤ ਹੋਰ ਮੁਲਕਾਂ ਉੱਪਰ ਯੁੱਧ ਥੋਪਦਾ ਦੇਖਿਆ ਜਾ ਸਕਦਾ ਹੈ, ਜਦਕਿ ਇਜ਼ਰਾਇਲ, ਸਾਊਦੀ ਅਰਬ ਵਰਗੇ ਸਭ ਤੋਂ ਪਿਛਾਖੜੀ ਅਤੇ ਜਮਹੂਰੀ ਮੁੱਲਾਂ ਦੇ ਘੋਰ ਦੁਸ਼ਮਣ ਸਟੇਟ ਇਸ ਦੇ ਚਹੇਤੇ ਯੁੱਧਨੀਤਕ ਭਾਈਵਾਲ ਹਨ।

ਇਨ੍ਹਾਂ ਯੁੱਧਾਂ ਅਤੇ ਧਾੜਵੀ ਕਬਜ਼ਿਆਂ ਦਾ ਮੁੱਲ ਆਮ ਲੋਕ ਆਪਣੀਆਂ ਜਾਨਾਂ, ਆਰਥਿਕਤਾ ਅਤੇ ਵਾਤਾਵਰਣ ਪੌਣਪਾਣੀ ਦੀ ਤਬਾਹੀ ਦੇ ਰੂਪ 'ਚ ਤਾਰ ਰਹੇ ਹਨ ਜਦਕਿ ਜੰਗੀ ਸਨਅਤ ਹਰ ਬੰਬ, ਮਿਜ਼ਾਇਲ ਅਤੇ ਹੋਰ ਜੰਗੀ ਹਥਿਆਰ ਤੋਂ ਮੋਟੇ ਲਾਭ ਕਮਾ ਰਹੀ ਹੈ। ਗਾਜ਼ਾ ਵਿੱਚ ਨਿੱਕੇ-ਨਿੱਕੇ ਭੁੱਖ ਨਾਲ ਤੜਫ਼ ਕੇ ਮਰ ਰਹੇ ਹਨ, ਪਰ ਦੁਨੀਆ ਉੱਪਰ ਕਾਬਜ਼ ਫ਼ੌਜੀ-ਸਨਅਤੀ ਤੰਤਰ ਹਥਿਆਰਾਂ ਉੱਪਰ ਅਰਬਾਂ ਡਾਲਰ ਪਾਣੀ ਵਾਂਗ ਵਹਾ ਰਿਹਾ ਹੈ। ਚਾਹੇ ਯੁੱਧਾਂ ਨਾਲ ਤਬਾਹੀ ਹੈ ਜਾਂ 'ਮੁੜ-ਉਸਾਰੀ', ਸਾਮਰਾਜੀ ਸਰਮਾਇਆ ਦੋਵੇਂ ਤਰ੍ਹਾਂ ਮੋਟੇ ਮੁਨਾਫ਼ੇ ਕਮਾਉਂਦਾ ਹੈ। ਇਰਾਕ ਦੀ 'ਮੁੜ-ਉਸਾਰੀ' ਇਸ ਦੀ ਗਵਾਹ ਹੈ।

ਦੁਨੀਆ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਰਾਜ ਖ਼ੁਦ ਅਮਰੀਕਾ ਹੈ। ਦੁਨੀਆ ਦੇ ਲੋਕਾਂ ਨੂੰ ਸਾਮਰਾਜੀ ਤਾਕਤਾਂ ਦੇ 'ਜਮਹੂਰੀਅਤ ਦੀ ਬਹਾਲੀ, 'ਦਹਿਸ਼ਤਵਾਦ ਵਿਰੁੱਧ ਯੁੱਧ' ਵਰਗੇ ਝੂਠੇ ਬਿਰਤਾਂਤਾਂ ਦੇ ਬਹਿਕਾਵੇ ਵਿਚ ਨਹੀਂ ਆਉਣਾ ਚਾਹੀਦਾ ਸਗੋਂ ਸਾਮਰਾਜੀ ਹਿਤਾਂ ਲਈ ਖਹਿਭੇੜ 'ਚੋਂ ਉਪਜਦੇ ਮਾਨਵਤਾ ਵਿਰੋਧੀ ਯੁੱਧਾਂ ਦੀ ਹਕੀਕਤ ਨੂੰ ਸਮਝਣਾ ਚਾਹੀਦਾ ਹੈ ਅਤੇ ਸੱਚੀ ਜਮਹੂਰੀਅਤ ਲਿਆਉਣ ਲਈ ਸਾਮਰਾਜੀ ਸਰਮਾਏ ਦਾ ਤਾਨਾਸ਼ਾਹ ਰਾਜ ਖ਼ਤਮ ਕਰਨ ਦੇ ਸਪਸ਼ਟ ਨਿਸ਼ਾਨੇ ਨਾਲ ਸੰਘਰਸ਼ ਉਸਾਰਨੇ ਚਾਹੀਦੇ ਹਨ। ਰੂਸ-ਯੂਕਰੇਨ ਯੁੱਧ ਹੋਵੇ ਜਾਂ ਇਜ਼ਰਾਇਲ-ਅਮਰੀਕਾ ਵੱਲੋਂ ਗਾਜ਼ਾ ਦੀ ਘੇਰਾਬੰਦੀ ਅਤੇ ਤਬਾਹੀ, ਇਸ ਵਿਆਪਕ ਜਾਨੀ-ਮਾਲੀ ਤਬਾਹੀ ਦਾ ਵਿਰੋਧ ਕਰਨ ਦੇ ਨਾਲ-ਨਾਲ ਉਸ ਆਲਮੀ ਸਾਮਰਾਜੀ ਸਰਮਾਏਦਾਰਾ ਪ੍ਰਬੰਧ ਦਾ ਵੀ ਵਿਰੋਧ ਕਰਨਾ ਹੋਵੇਗਾ ਜੋ ਇਨ੍ਹਾਂ ਯੁੱਧਾਂ ਦੀ ਜਨਣੀ ਹੈ। ਮਾਨਵਤਾ ਦਾ ਸੰਘਰਸ਼ ਮਹਿਜ਼ ਹਥਿਆਰਾਂ ਦੇ ਵਿਰੁੱਧ ਨਹੀਂ ਹੈ, ਇਹ ਸਾਮਰਾਜਵਾਦ, ਜੰਗੀ ਆਰਥਿਕਤਾ ਅਤੇ ਮਨੁੱਖੀ ਆਜ਼ਾਦੀ ਵਿਰੁੱਧ ਖੜ੍ਹੇ ਕੀਤੇ ਗਏ ਮਾਨਵਤਾ-ਵਿਰੋਧੀ ਢਾਂਚਿਆਂ ਦੇ ਵਿਰੁੱਧ ਹੈ। ਜਿੰਨਾ ਚਿਰ ਸਰਮਾਏਦਾਰੀ ਅਤੇ ਸਾਮਰਾਜਵਾਦ ਹੈ, ਦੁਨੀਆ ਵਿਚ ਅਮਨ-ਅਮਾਨ ਸੰਭਵ ਨਹੀਂ ਹੈ।

**ਸੰਪਾਦਕੀ ਬੋਰਡ**

CALL NOW
FOR HOUSE BUYING & SELLING NEEDS.
RE/MAX
EACH OFFICE INDEPENDENTLY OWNED AND OPERATED
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
RE/MAX REAL ESTATE (CENTRAL)

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty
BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

• ਸਵ. ਸੋਹਣ ਮਾਨ ਯਾਦਗਾਰੀ 14ਵਾਂ ਸਲਾਨਾ ਅਗਾਂਵਧੂ ਸਭਿਆਚਾਰਕ **ਨਾਟਕ ਸਮਾਗਮ** 28 ਜੂਨ 2025 ਨੂੰ (ਦੇਖੋ ਸਫ਼ਾ 40 'ਤੇ)

• ਪੁਸਤਕ ਮੇਲਾ 22 ਜੂਨ 2025 ਦਿਨ ਐਤਵਾਰ ਨੂੰ

ਦੇਖੋ ਸਫ਼ਾ 10 'ਤੇ

NEW SERVICE BY CARE INC

CARE AUDIOLOGY

Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300
Fax : 403-536-4057
Email : calgary@careinc.ca

15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526



• General Contracting
• Quality Custom Homes
• Quality Framing
• 2-5-10 Year Warranty
2-5-10 Year Warranty

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work
www.hmphome.com

HMP Custom Cabinets Ltd.
Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947
Bay 11 2316 27 Ave. NE, Calgary



Harpinder Sidhu INSURANCE EXPERT
Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।















# ‘ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ’: ਸਵਾਲ ਕਰਨਾ ਮਨ੍ਹਾ ਹੈ !



ਬੂਟਾ ਸਿੰਘ
ਮਹਿਮੂਦਪੁਰ
94634-74342

*[ਭਾਰਤ ਵਿਚ ਮਾਮੂਲੀ ਸੋਸ਼ਲ ਮੀਡੀਆ ਪੋਸਟਾਂ ਦੇ ਆਧਾਰ ’ਤੇ ਆਮ ਨਾਗਰਿਕਾਂ ਨੂੰ ਗਿ੍ਰਫ਼ਤਾਰ ਕਰਨਾ ਆਮ ਵਰਤਾਰਾ ਬਣ ਚੁੱਕਾ ਹੈ। ਹੁਣ ਜਹੇ ਦੋ ਅਜਿਹੀਆਂ ਗਿ੍ਰਫ਼ਤਾਰੀਆਂ ਹੋਈਆਂ ਹਨ ਜਿਨ੍ਹਾਂ ਦੇ ਪਿੱਛੇ ਸੱਤਾਧਾਰੀ ਧਿਰ ਦੀ ਫਾਸ਼ੀਵਾਦੀ ਜਬਰ ਦੀ ਨੀਤੀ ਤੋਂ ਸਿਵਾਏ ਹੋਰ ਕੋਈ ਕਾਰਨ ਨਹੀਂ ਹੈ। ਤ੍ਰਾਸਦੀ ਇਹ ਹੈ ਕਿ ਭਾਰਤ ਦੀ ਸਿਵਲ ਸੁਸਾਇਟੀ ਵਿਚ ਇਸ ਨੂੰ ਲੈ ਕੇ ਕੋਈ ਖ਼ਾਸ ਹਲਚਲ ਨਹੀਂ ਹੈ। ਇਨ੍ਹਾਂ ਪੱਖਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ]*

ਹਿਟਲਰ-ਮੁਸੋਲਿਨੀ ਦੀ ਪੈਰੋਕਾਰ ਭਗਵਾ ਹਕੂਮਤ ਭਾਰਤੀ ਲੋਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਲਗਾਤਾਰ ਹਮਲੇ ਕਰ ਰਹੀ ਹੈ। ਦੋ ਸ਼ਖ਼ਸੀਅਤਾਂ, ਅਲੀ ਖ਼ਾਨ ਮਹਿਮੂਦਾਬਾਦ ਅਤੇ ਰੇਜਾਜ਼ ਐੱਮ ਸ਼ੀਬਾ ਸਿਦੀਕ, ਦੀ ਗਿ੍ਰਫ਼ਤਾਰੀ ਇਸ ਫਾਸ਼ੀਵਾਦੀ ਹਮਲੇ ਦੀਆਂ ਤਾਜ਼ਾ ਮਿਸਾਲਾਂ ਹਨ। ਗਿ੍ਰਫ਼ਤਾਰ ਕੀਤੇ ਪ੍ਰੋਫੈਸਰ ਅਲੀ ਖ਼ਾਨ ਰਾਜਨੀਤੀ-ਵਿਗਿਆਨ ਅਤੇ ਇਤਿਹਾਸ ਦੇ ਵਿਦਵਾਨ ਹਨ ਅਤੇ ਹਰਿਆਣਾ ਦੀ ਅਸ਼ੋਕਾ ਯੂਨੀਵਰਸਿਟੀ ਵਿਚ ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਹਨ। ਰੇਜਾਜ਼ ਕੇਰਲਾ ਤੋਂ ਸੁਤੰਤਰ ਪੱਤਰਕਾਰ ਤੇ ਡੈਮੋਕਰੇਟਿਕ ਸਟੂਡੈਂਟਸ ਆਰਗੇਨਾਈਜੇਸ਼ਨ ਦੇ ਕਾਰਕੁਨ ਹਨ। ਦੋਹਾਂ ਦੇ ਨਾਵਾਂ ਤੋਂ ਸਪਸ਼ਟ ਹੈ ਕਿ ਉਹ ਉਸ ਧਾਰਮਿਕ ਫਿਰਕੇ ਨਾਲ ਸੰਬੰਧਤ ਹਨ ਜੋ ਆਰ.ਐੱਸ.ਐੱਸ.-ਭਾਜਪਾ ਦੇ ਰਾਜਨੀਤਕ ਪ੍ਰੋਜੈਕਟ ਵਿਚ ਦੋਇਮ-ਦਰਜੇ ਦੇ ਨਾਗਰਿਕ ਹਨ।

ਪ੍ਰੋਫੈਸਰ ਅਲੀ ਨੇ ‘ਉਪਰੇਸ਼ਨ ਸਿੰਧੂਰ’ ਨਾਲ ਬਣੇ ਮਾਹੌਲ ਦੇ ਹਵਾਲੇ ਨਾਲ ਸੋਸ਼ਲ ਮੀਡੀਆ ਪੋਸਟ ਪਾਈ ਸੀ। ਸੋਨੀਪਤ ਪੁਲਿਸ ਨੇ ਉਨ੍ਹਾਂ ਨੂੰ ਭਾਜਪਾ ਦੇ ‘ਯੁਵਾ ਮੋਰਚਾ’ ਦੇ ਸਕੱਤਰ ਦੀ ਸ਼ਿਕਾਇਤ ’ਤੇ ਸੰਗੀਨ ਧਾਰਾਵਾਂ ਲਗਾਕੇ ਗਿ੍ਰਫ਼ਤਾਰ ਕੀਤਾ ਹੈ। ਸ਼ਿਕਾਇਤ-ਕਰਤਾ ਕਿਉਂਕਿ ਭਗਵਾ ਸੱਤਾਧਾਰੀ ਧਿਰ ਨਾਲ ਸੰਬੰਧਤ ਹੈ, ਇਸ ਲਈ ਹਰਿਆਣਾ ਪੁਲਿਸ ਨੇ ਜਾਂਚ ਕੀਤੇ ਤੋਂ ਬਿਨਾਂ ਹੀ ਬੇਹੱਦ ਸੰਗੀਨ ਧਾਰਾਵਾਂ ਲਗਾ ਕੇ ਪ੍ਰੋਫੈਸਰ ਨੂੰ ਗਿ੍ਰਫ਼ਤਾਰ ਕਰ ਲਿਆ। ਸੈਂਕੜੇ ਉੱਘੀਆਂ ਸ਼ਖ਼ਸੀਅਤਾਂ ਅਤੇ ਰਾਜਨੀਤਕ ਆਗੂਆਂ ਨੇ ਇਸ ਗਿ੍ਰਫ਼ਤਾਰੀ ਦੀ ਨਿਖੇਧੀ ਕੀਤੀ ਹੈ ਅਤੇ ਸੋਸ਼ਲ ਮੀਡੀਆ ਉੱਪਰ ਉਸਦੀ ਹਮਾਇਤ ਵਿਚ ਜ਼ੋਰਦਾਰ ਮੁਹਿੰਮ ਚੱਲ ਰਹੀ ਹੈ।

ਹਰਿਆਣੇ ਦੇ ‘ਮਹਿਲਾ ਕਮਿਸ਼ਨ’ ਨੇ ਪ੍ਰੋਫੈਸਰ ਵਿਰੁੱਧ ਵੱਖਰਾ ਪਰਚਾ ਦਰਜ ਕਰਾਇਆ ਹੈ ਕਿ ਪ੍ਰੋਫੈਸਰ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਫ਼ੌਜ ਦੀਆਂ ਔਰਤ ਅਧਿਕਾਰੀਆਂ ਦਾ ਅਪਮਾਨ ਕੀਤਾ ਹੈ। ਜਦਕਿ ਉਸ ਪੋਸਟ ਵਿਚ ਅਜਿਹਾ ਕੁਝ ਵੀ ਨਹੀਂ ਹੈ ਅਤੇ ਪ੍ਰੋਫੈਸਰ ਨੇ ਮਹਿਲਾ ਕਮਿਸ਼ਨ ਦੇ ਨੋਟਿਸ ਦੇ ਜਨਤਕ ਜਵਾਬ ਵਿਚ ਬੇਬੁਨਿਆਦ ਦੋਸ਼ਾਂ ਨੂੰ ਤੱਥਾਂ ਸਹਿਤ ਰੱਦ ਕੀਤਾ ਹੈ। ਇਹ ਹਰਿਆਣੇ ਦਾ ਉਹੀ ‘ਮਹਿਲਾ ਕਮਿਸ਼ਨ’ ਜਿਸ ਨੂੰ ਨਾ ਪੂਰੇ ਮੁਲਕ ਵਿਚ ਔਰਤਾਂ ਉੱਪਰ ਹੋ ਰਹੇ ਜ਼ੁਲਮ ਨਜ਼ਰ ਆਉਂਦੇ ਹਨ ਅਤੇ ਨਾ ਇਸਨੂੰ ਹਰਿਆਣੇ ਦੀਆਂ ਪਹਿਲਵਾਨ ਕੁੜੀਆਂ ਦਾ ਜਿਨਸੀ ਸ਼ੋਸ਼ਣ ਨਜ਼ਰ ਆਇਆ ਸੀ।

ਪ੍ਰੋਫੈਸਰ ਅਲੀ ਨੇ ਅਜਿਹਾ ਕੀ ਲਿਖਿਆ, ਜਿਸ ਨਾਲ ਭਗਵਾ ਅਨਸਰਾਂ ਦੀਆਂ ਭਾਵਨਾਵਾਂ ਭੜਕ ਉੱਠੀਆਂ ਅਤੇ ਉਸ ਦੇ ਵਿਚਾਰਾਂ ਨੂੰ ਦੋ ਫਿਰਕਿਆਂ ਦਰਮਿਆਨ ਨਫ਼ਰਤ ਭੜਕਾਉਣ ਵਾਲੇ ਮੰਨ ਲਿਆ ਗਿਆ? ਇਸ ਨੂੰ ਸਮਝਣ ਲਈ ਪੂਰੀ ਸੋਸ਼ਲ ਮੀਡੀਆ ਪੋਸਟ ਉੱਪਰ ਨਜ਼ਰ ਮਾਰਨੀ ਠੀਕ ਰਹੇਗੀ। ਪ੍ਰੋਫੈਸਰ ਨੇ ਲਿਖਿਆ:

‘ਯੁੱਧਨੀਤਕ ਨਜ਼ਰੀਏ ਤੋਂ ਭਾਰਤ ਨੇ ਹੁਣ ਇਕ ਨਵੇਂ ਪੜਾਅ ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਵਿਚ ਪਾਕਿਸਤਾਨ ਵਿਚ ਮੌਜੂਦ ਦਹਿਸ਼ਤਵਾਦੀ ਅਤੇ ਫ਼ੌਜੀ ਸੰਸਥਾਵਾਂ ਦਰਮਿਆਨ ਦੀ ਰਵਾਇਤੀ ਲਕੀਰ ਮਿਟਾ ਦਿੱਤੀ ਗਈ ਹੈ। ਹੁਣ ਕਿਸੇ ਵੀ ਦਹਿਸ਼ਤਗਰਦ ਹਮਲੇ ਦਾ ਜਵਾਬ ਰਵਾਇਤੀ ਫ਼ੌਜੀ ਤਰੀਕੇ ਨਾਲ ਦਿੱਤਾ ਜਾਵੇਗਾ। ਇਸ ਬਦਲਾਅ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਹੁਣ ਪਾਕਿਸਤਾਨ ਦੀ ਫ਼ੌਜ ਆਪਣੇ ਪੁਰਾਣੇ ਤਰੀਕੇ—ਦਹਿਸ਼ਤਗਰਦਾਂ ਅਤੇ ਗ਼ੈਰ-ਰਾਜ ਪੱਖੀ ਅਨਸਰਾਂ ਦੀ ਓਟ ਲੈਣ—ਦਾ ਸਹਾਰਾ ਨਹੀਂ ਲੈ ਸਕਦੀ। ਦਰਅਸਲ, ਪਾਕਿਸਤਾਨ ਦੀ ਫ਼ੌਜ ਨੇ ਬਹੁਤ ਸਮੇਂ ਤੱਕ ਇਲਾਕੇ ਵਿਚ ਅਸਥਿਰਤਾ ਪੈਦਾ ਕਰਨ ਲਈ ਹਥਿਆਰਬੰਦ ਗ਼ੈਰ-ਰਾਜ ਐਕਟਰਾਂ (ਨਾਨ-ਸਟੇਟ ਐਕਟਰਾਂ) ਦੀ ਵਰਤੋਂ ਕੀਤੀ ਹੈ। ਇਸੇ ਦੌਰਾਨ, ਅੰਤਰਰਾਸ਼ਟਰੀ ਮੰਚਾਂ ’ਤੇ ਉਹ ਆਪਣੇ ਆਪ ਨੂੰ ਪੀੜਤ ਦੱਸ ਕੇ ਹਮਦਰਦੀ ਇਕੱਠੀ ਕਰਦੀ ਰਹੀ ਹੈ। ਇਹੀ ਨਹੀਂ, ਇਨ੍ਹਾਂ ਵਿੱਚੋਂ ਕੁਝ ਜਥੇਬੰਦੀਆਂ ਨੂੰ—ਜਿਨ੍ਹਾਂ ਨੂੰ ਭਾਰਤੀ ਕਾਰਵਾਈਆਂ ਵਿਚ ਨਿਸ਼ਾਨਾ ਬਣਾਇਆ ਗਿਆ—ਪਾਕਿਸਤਾਨ ਦੇ ਅੰਦਰ ਹੀ ਫਿਰਕੂ ਤਣਾਅ ਪੈਦਾ ਕਰਨ ਲਈ ਵੀ ਵਰਤਿਆ ਗਿਆ ਹੈ। ‘ਓਪਰੇਸ਼ਨ ਸਿੰਧੂਰ’ ਭਾਰਤ-ਪਾਕਿਸਤਾਨ ਸੰਬੰਧਾਂ ਬਾਰੇ ਬਣੀ ਹੋਈਆਂ ਪੁਰਾਣੀਆਂ ਸਮਝਾਂ ਨੂੰ ਤੋੜਦਾ ਹੈ। ਇਹ ਸਾਫ਼ ਕਰ ਦਿੰਦਾ ਹੈ ਕਿ ਹੁਣ ਦਹਿਸ਼ਤਗਰਦ ਹਮਲਿਆਂ ਦਾ ਜਵਾਬ ਸਿੱਧੀ ਫ਼ੌਜੀ ਕਾਰਵਾਈ ਨਾਲ ਦਿੱਤਾ ਜਾਵੇਗਾ ਅਤੇ ਹੁਣ ਦਹਿਸ਼ਤਵਾਦ ਅਤੇ ਰਵਾਇਤੀ ਜੰਗ ਵਿਚਕਾਰ ਕੋਈ ਭਾਸ਼ਾਈ ਜਾਂ



ਯੁੱਧਨੀਤਕ ਫ਼ਰਕ ਨਹੀਂ ਛੱਡਿਆ ਜਾਵੇਗਾ। ਹਾਲਾਂਕਿ ਇਹ ਫ਼ਰਕ ਮਿਟਾ ਦਿੱਤਾ ਗਿਆ ਹੈ, ਪਰ ਭਾਰਤੀ ਫ਼ੌਜ ਨੇ ਬਹੁਤ ਹੀ ਸੰਜਮ ਅਤੇ ਯੁੱਧਨੀਤਕ ਸੂਝ ਦਿਖਾਈ ਹੈ—ਇਹ ਯਕੀਨੀ ਬਣਾਉਂਦੇ ਹੋਏ ਕਿ ਕਿਸੇ ਫ਼ੌਜੀ ਛਾਉਣੀ, ਨਾਗਰਿਕ ਢਾਂਚੇ ਜਾਂ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ, ਤਾਂ ਜੋ ਤਣਾਅ ਕੰਟਰੋਲ ਤੋਂ ਬਾਹਰ ਨਾ ਹੋ ਜਾਵੇ।

ਸੰਦੇਸ਼ ਬਿਲਕੁਲ ਸਾਫ਼ ਹੈ—ਜੇਕਰ ਤੁਸੀਂ ਆਪਣੇ ਇਲਾਕੇ ਵਿਚ ਪੈਦਾ ਹੋ ਰਹੇ ਦਹਿਸ਼ਤਵਾਦ ਨੂੰ ਕੰਟਰੋਲ ਨਹੀਂ ਕਰੋਗੇ, ਤਾਂ ਅਸੀਂ ਕਰਾਂਗੇ। ਨਾਗਰਿਕਾਂ ਦੀ ਜਾਨ ਦਾ ਨੁਕਸਾਨ—ਭਾਵੇਂ ਉਹ ਕਿਸੇ ਵੀ ਮੁਲਕ ਦੇ ਹੋਣ—ਦੁਖਦਾਈ ਅਤੇ ਮਾਫ਼ ਦੇ ਯੋਗ ਨਹੀਂ ਹੈ, ਅਤੇ ਇਹੀ ਇਕ ਮੁੱਖ ਵਜਾ੍ਹ ਹੈ ਕਿ ਯੁੱਧ ਤੋਂ ਹਰ ਹਾਲਤ ’ਚ ਬਚਿਆ ਜਾਣਾ ਚਾਹੀਦਾ ਹੈ।

ਅੱਜ ਕੁਝ ਲੋਕ ਸੋਚੇ-ਸਮਝੇ ਬਿਨਾਂ ਯੁੱਧ ਦੀ ਹਮਾਇਤ ਕਰ ਰਹੇ ਹਨ, ਪਰ ਨਾ ਤਾਂ ਉਨ੍ਹਾਂ ਨੇ ਕਦੇ ਯੁੱਧ ਦੇਖਿਆ ਹੈ ਅਤੇ ਨਾ ਹੀ ਕਿਸੇ ਯੁੱਧ ਪੀੜਤ ਖੇਤਰ ਦਾ ਸਾਹਮਣਾ ਕੀਤਾ ਹੈ। ਕਿਸੇ ਨਾਗਰਿਕ ਸੁਰੱਖਿਆ ਅਭਿਆਸ ਵਿਚ ਭਾਗ ਲੈਣ ਨਾਲ ਤੁਸੀਂ ਫ਼ੌਜੀ ਨਹੀਂ ਬਣ ਜਾਂਦੇ, ਅਤੇ ਨਾ ਹੀ ਤੁਸੀਂ ਕਦੇ ਉਸ ਪੀੜਾ ਨੂੰ ਸਮਝ ਸਕਦੇ ਹੋ ਜੋ ਕਿਸੇ ਯੁੱਧ-ਪ੍ਰਭਾਵਿਤ ਪਰਿਵਾਰ ਜਾਂ ਵਿਅਕਤੀ ਨੂੰ ਸਹਿਣੀ ਪੈਂਦੀ ਹੈ। ਯੁੱਧ ਇਕ ਵਹਿਸ਼ਤ ਹੈ। ਇਸ ਦਾ ਸਭ ਤੋਂ ਵੱਧ ਖਮਿਆਜ਼ਾ ਗਰੀਬਾਂ ਅਤੇ ਕਮਜ਼ੋਰ ਵਰਗਾਂ ਨੂੰ ਭੁਗਤਣਾ ਪੈਂਦਾ ਹੈ। ਅਤੇ ਇਸ ਤੋਂ ਲਾਭ ਕੇਵਲ ਰਾਜਨੀਤਿਕਾਂ ਅਤੇ ਡਿਫੈਂਸ ਦੀਆਂ ਕੰਪਨੀਆਂ ਨੂੰ ਹੁੰਦਾ ਹੈ। ਹਾਂ, ਇਹ ਸੱਚ ਹੈ ਕਿ ਇਤਿਹਾਸ ਸਾਨੂੰ ਦੱਸਦਾ ਹੈ ਕਿ ਰਾਜਨੀਤੀ ਆਖਿਰਕਾਰ ਹਿੰਸਾ ਰਾਹੀਂ ਹੀ ਚੱਲਦੀ ਆਈ ਹੈ, ਅਤੇ ਇਸੇ ਲਈ ਕਈ ਵਾਰੀ ਯੁੱਧ ਅਟੱਲ ਹੋ ਜਾਂਦਾ ਹੈ। ਪਰ ਇਤਿਹਾਸ ਵਿਚ ਸ਼ਾਇਦ ਹੀ ਕੋਈ ਰਾਜਨਿਤਿਕ ਝਗੜਾ ਸਿਰਫ਼ ਫ਼ੌਜੀ ਹਥਿਆਰਾਂ ਨਾਲ ਪੂਰੀ ਤਰ੍ਹਾਂ ਹੱਲ ਹੋਇਆ ਹੋਵੇ।

ਅਖੀਰ ਵਿਚ, ਮੈਨੂੰ ਇਹ ਦੇਖ ਕੇ ਖ਼ੁਸ਼ੀ ਹੋਈ ਕਿ ਕਈ ਸੱਜੇਪੱਖੀ ਟਿੱਪਣੀਕਾਰ ਕਰਨਲ ਸੋਫ਼ੀਆ ਕੁਰੈਸ਼ੀ ਦੀ ਤਾਰੀਫ਼ ਕਰ ਰਹੇ ਹਨ, ਪਰ ਸ਼ਾਇਦ ਉਨ੍ਹਾਂ ਨੂੰ ਏਨੀ ਹੀ ਗੰਭੀਰਤਾ ਨਾਲ ਇਹ ਵੀ ਮੰਗ ਕਰਨੀ ਚਾਹੀਦੀ ਹੈ ਕਿ ਹਜੂਮੀ ਹਿੰਸਾ ਦੇ ਸ਼ਿਕਾਰ, ਬਿਨਾਂ ਕਾਨੂੰਨੀ ਪ੍ਰਕਿਰਿਆ ਦੇ ਘਰਾਂ ’ਤੇ ਬੁਲਡੋਜ਼ਰ ਚਲਾਉਣ ਵਾਲਿਆਂ ਅਤੇ ਭਾਜਪਾ ਦੀ ਨਫ਼ਰਤ ਦੀ ਰਾਜਨੀਤੀ ਦੇ ਹੋਰ ਪੀੜਤਾਂ ਨੂੰ ਵੀ ਬਤੌਰ ਭਾਰਤੀ ਨਾਗਰਿਕ ਨਿਆਂ ਅਤੇ ਸੁਰੱਖਿਆ ਮਿਲੇ। ਦੋ ਔਰਤ ਅਧਿਕਾਰੀਆਂ ਵੱਲੋਂ ਪ੍ਰੈੱਸ ਕਾਨਫਰੰਸ ਕਰਨਾ ਦੇਖਣ ਨੂੰ ਮਹੱਤਵਪੂਰਨ ਦ੍ਰਿਸ਼ ਲੱਗ ਸਕਦਾ ਹੈ, ਪਰ ਜਦ ਤੱਕ ਇਹ ਮੰਜ਼ਰ ਜ਼ਮੀਨੀ ਪੱਧਰ ’ਤੇ ਠੋਸ ਬਦਲਾਅ ਵਿਚ ਨਹੀਂ ਬਦਲਦਾ, ਓਦੋਂ ਤੱਕ ਇਹ ਸਿਰਫ਼ ’ਦ੍ਰਿਸ਼ ਰਾਜਨੀਤੀ’ (optics) ਹੀ ਰਹੇਗਾ—ਇਕ ਝੂਠਾ ਦਿਖਾਵਾ। ਜਦ ਇਕ ਮੁੱਖ ਮੁਸਲਮਾਨ ਆਗੂ



ਨੇ ‘ਪਾਕਿਸਤਾਨ ਮੁਰਦਾਬਾਦ’ ਕਿਹਾ ਅਤੇ ਪਾਕਿਸਤਾਨੀ ਸੋਸ਼ਲ ਮੀਡੀਆ ਟਰੋਲਜ਼ ਨੇ ਉਸ ਨੂੰ ਨਿਸ਼ਾਨਾ ਬਣਾਇਆ, ਤਾਂ ਭਾਰਤ ਦੇ ਸੱਜੇਪੱਖੀ ਹਿੱਸਿਆਂ ਨੇ ਉਨ੍ਹਾਂ ਦੀ ਰੱਖਿਆ ਇਹ ਕਹਿ ਕੇ ਕੀਤੀ: “ਉਹ ਸਾਡੇ ਮੁੱਲਾ ਹਨ।” ਇਹ ਗੱਲ ਹਾਸੋਹੀਣੀ ਲੱਗ ਸਕਦੀ ਹੈ, ਪਰ ਇਹ ਵੀ ਦਰਸਾਉਂਦੀ ਹੈ ਕਿ ਫਿਰਕਾਪ੍ਰਸਤੀ ਭਾਰਤੀ ਸਿਆਸਤ ਅਤੇ ਸਮਾਜ ਦੀ ਰਗ-ਰਗ ਵਿਚ ਕਿੰਨੀ ਡੂੰਘੀ ਸਮਾ ਚੁੱਕੀ ਹੈ।

ਮੇਰੇ ਲਈ ਇਹ ਪ੍ਰੈੱਸ ਕਾਨਫਰੰਸ ਮਹਿਜ਼ ਪਲਾਂ ਦੀ ਝਲਕ ਸੀ—ਇਕ ਭਰਮਾਊ ਸੰਕੇਤ—ਉਸ ਭਾਰਤ ਦੀ, ਜੋ ਕਦੇ ਪਾਕਿਸਤਾਨ ਦੀ ਸਥਾਪਨਾ ਦੀ ਤਰਕਹੀਣਤਾ ਦੇ ਖਿਲਾਫ਼ ਡੱਟਿਆ ਸੀ। ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ—ਭਾਰਤ ਦੇ ਆਮ ਮੁਸਲਮਾਨਾਂ ਦੀ ਜ਼ਮੀਨੀ ਹਕੀਕਤ, ਉੱਥੇ ਪੇਸ਼ ਕੀਤੀ ਗਈ ਸਰਕਾਰੀ ਤਸਵੀਰ ਤੋਂ ਵੱਖਰੀ ਹੈ, ਪਰ ਇਹ ਵੀ ਸੱਚ ਹੈ ਕਿ ਵੰਨ-ਸੁਵੰਨਤਾ ਵਿਚ ਏਕਤਾ ਵਾਲਾ ਭਾਰਤ ਪੂਰੀ ਤਰ੍ਹਾਂ ਮਰਿਆ ਨਹੀਂ ਹੈ। ਉਹ ਅਜੇ ਵੀ ਸਾਹ ਲੈ ਰਿਹਾ ਹੈ। ਜੈ ਹਿੰਦ।’

ਇਸ ਪੂਰੀ ਟਿੱਪਣੀ ਨੂੰ ਪੜ੍ਹਕੇ ਪਾਠਕ ਆਪ ਦੇਖ ਸਕਦੇ ਹਨ ਕਿ ਪ੍ਰੋਫੈਸਰ ਅਲੀ ਦੇ ਵਿਚਾਰ ਕਿੰਨੇ ਤਰਕਪੂਰਨ ਹਨ ਅਤੇ ਉਸ ਵੱਲੋਂ ਦੋ ਫਿਰਕਿਆਂ ਦਰਮਿਆਨ ਦੁਸ਼ਮਣੀ ਭੜਕਾਉਣ ਦਾ ਤਾਂ ਸਵਾਲ ਹੀ ਨਹੀਂ ਹੈ। ਇਸਦਾ ਇਕ ਹੋਰ ਸਬੂਤ ਉਸ ਦੀ ਦਹਿਸ਼ਤੀ ਹਮਲੇ ਬਾਰੇ ਟਿੱਪਣੀ ਹੈ, ਜੋ ਇਸ ਤਰ੍ਹਾਂ ਹੈ: ‘ਮੇਰੀ ਸੰਵੇਦਨਾ ਪਹਿਲਗਾਮ ਵਿਚ ਹੋਏ ਬੁਜ਼ਦਿਲ ਅਤੇ ਵਹਿਸ਼ੀ ਹਮਲੇ ਦੇ ਸਾਰੇ ਪੀੜਤਾਂ ਨਾਲ ਹੈ। ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ’ਚ ਲਿਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਜਿਨ੍ਹਾਂ ਪਰਿਵਾਰਾਂ ਤੋਂ ਉਨ੍ਹਾਂ ਦੇ ਪਿਆਰੇ ਜੀਅ ਖੋਹ ਲਏ, ਉਨ੍ਹਾਂ ਲਈ ਦੁਆਵਾਂ। ਜੋ ਤਸਵੀਰਾਂ ਅਤੇ ਵੀਡੀਓ ਸਾਹਮਣੇ ਆਏ ਹਨ, ਉਹ ਬੇਹੱਦ ਦਿਲ ਦਹਿਲਾਉਣ ਵਾਲੇ ਹਨ।’

ਪ੍ਰੋਫੈਸਰ ਅਲੀ ਦੀ ਸੰਜੀਦਾ ਸੋਚ ਯੁੱਧਬੰਦੀ ਤੋਂ ਬਾਅਦ ਭੜਕਾਏ ਜਾ ਰਹੇ ਜੰਗਬਾਜ਼ ਜਨੂੰਨ ਤੋਂ ਸੁਚੇਤ ਕਰਨ ਲਈ ਕੀਤੀ ਗਈ ਟਿੱਪਣੀ ‘ਯੁੱਧ ਦੀ ਅੰਨ੍ਹੀ ਪਿਆਸ’ ਚੋਂ ਸਾਫ਼ ਝਲਕਦੀ ਹੈ। ਉਨ੍ਹਾਂ ਲਿਖਿਆ:

‘ਸੀਜ਼ਫਾਇਰ ਦੇ ਬਾਵਜੂਦ ਕੁਝ ਲੋਕ ਯੁੱਧ ਦੀ ਮੰਗ ਕਰ ਰਹੇ ਹਨ, ਜਿਵੇਂ ਉਨ੍ਹਾਂ ਦੀ ਆਤਮਾ ਨੂੰ ਸਿਰਫ਼ ਖ਼ੂਨ ਚਾਹੀਦਾ ਹੋਵੇ। ਯੁੱਧ ਹੁਣ ਕਿਸੇ ਇਕ ਖੇਤਰ ਤੱਕ ਸੀਮਿਤ ਨਹੀਂ ਰਿਹਾ—ਇਹ ਹੁਣ ਹਰ ਥਾਂ ਹੈ, ਤੇ ਕਿਸੇ ਵੀ ਥਾਂ ਹੋ ਸਕਦਾ ਹੈ। ਨਾਗਰਿਕ ਹਮੇਸ਼ਾਂ ਤੋਂ ਹੀ ਯੁੱਧ ਦੀ ਲਪੇਟ ‘ਚ ਆਉਂਦੇ ਰਹੇ ਹਨ, ਪਰ ਫ਼ੌਜੀ ਤਕਨਾਲੋਜੀ ਕਰਕੇ ਹੁਣ ਇਸ ਦਾ ਪ੍ਰਭਾਵ ਪਹਿਲਾਂ ਨਾਲੋਂ—ਇੱਥੋਂ ਤੱਕ ਕਿ ਦੋ ਸਦੀਆਂ ਪਹਿਲਾਂ ਨਾਲੋਂ ਵੀ- ਕਈ ਗੁਣਾ ਵੱਧ ਗਿਆ ਹੈ।

ਤਾਂ ਜਦ ਤੁਸੀਂ ਯੁੱਧ ਦੀ ਮੰਗ ਕਰਦੇ ਹੋ, ਜਾਂ ਕਹਿੰਦੇ ਹੋ ਕਿ “ਇਸ ਦੇਸ਼ ਨੂੰ ਮਿਟਾ ਦਿਓ,” ਤਾਂ ਅਸਲ ਵਿਚ ਤੁਸੀਂ ਕੀ ਮੰਗ



ਕਰ ਰਹੇ ਹੋ? ਕੀ ਤੁਸੀਂ ਇਕ ਪੂਰੇ ਭਾਈਚਾਰੇ ਦੇ ਕਤਲੇਆਮ ਦੀ ਮੰਗ ਕਰ ਰਹੇ ਹੋ? ਮੈਨੂੰ ਪਤਾ ਹੈ ਕਿ ਇਜ਼ਰਾਈਲ ਇਹ ਸਭ ਕਰ ਰਿਹਾ ਹੈ—ਅਤੇ ਕੁਝ ਭਾਰਤੀ ਇਸ ਦੀ ਸ਼ਲਾਘਾ ਵੀ ਕਰਦੇ ਹਨ—ਪਰ ਕੀ ਅਸੀਂ ਵਾਕਈ ਬੱਚਿਆਂ ਦੇ ਸਮੂਹਿਕ ਕਤਲੇਆਮ ਦੀ ਹਮਾਇਤ ਕਰਨਾ ਚਾਹੁੰਦੇ ਹਾਂ, ਸਿਰਫ਼ ਇਸ ਲਈ ਕਿ ਉਹ ਸੰਭਾਵਿਤ “ਭਵਿੱਖੀ ਦੁਸ਼ਮਣ” ਹਨ?

ਸਿਰਫ਼ ਇਸ ਕਰਕੇ ਕਿ ਤੁਸੀਂ ਸਰਹੱਦ ਤੋਂ ਦੂਰ ਹੋ ਜਾਂ ਤੁਹਾਡੇ ਅੰਦਰ ਏਨੀ ਨਫ਼ਰਤ ਭਰ ਦਿੱਤੀ ਗਈ ਹੈ ਕਿ ਤੁਸੀਂ ਕਿਸੇ ਮੁਲਕ, ਭਾਈਚਾਰੇ, ਧਰਮ, ਜਾਤੀ ਸਮੂਹ ਜਾਂ ਸਮਾਜਿਕ ਵਰਗ ਦੇ ਲੋਕਾਂ ਨੂੰ ਇਨਸਾਨ ਮੰਨਣਾ ਹੀ ਛੱਡ ਦਿੱਤਾ ਹੈ—ਇਸ ਦਾ ਇਹ ਮਤਲਬ ਨਹੀਂ ਕਿ ਤੁਸੀਂ ਸੁਰੱਖਿਅਤ ਹੋ। ਇਹ ਗੱਲ ਹਰ ਥਾਂ ਲਾਗੂ ਹੁੰਦੀ ਹੈ ਜਿੱਥੇ ਵੀ ਟਕਰਾਅ ਹੈ। ਤੁਸੀਂ ਕਿਸੇ ਪੂਰੇ ਭਾਈਚਾਰੇ ਨੂੰ ਉਸ ਦੀ ਸਰਕਾਰ ਨਾਲ ਹੀ ਜੋੜ ਕੇ ਨਹੀਂ ਦੇਖ ਸਕਦੇ।

ਕਿਸੇ ਵੀ ਹਾਲਤ ਵਿਚ, ਆਖਿ੍ਰਕਾਰ ਯੁੱਧ ਸਭ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ—ਇਹ ਸਿਰਫ਼ ਵਕਤ ਦੀ ਗੱਲ ਹੁੰਦੀ ਹੈ। ਜ਼ਰਾ ਸੋਚੋ ਕਿ ਜਦ ਤੁਸੀਂ ਕਹਿੰਦੇ ਹੋ “ਉਨ੍ਹਾਂ ਨੂੰ ਮਿਟਾ ਦਿਓ,” “ਖਤਮ ਕਰ ਦਿਓ”, “ਨੇਸਤਨਾਬੂਦ ਕਰ ਦਿਓ—ਤਾਂ ਤੁਸੀਂ ਅਸਲ ’ਚ ਕੀ ਕਹਿ ਰਹੇ ਹੋ?

ਤੁਸੀਂ ਕਹਿ ਰਹੇ ਹੋ—ਉਨ੍ਹਾਂ ਦੇ ਸਾਰੇ ਬੱਚੇ, ਬਜ਼ੁਰਗ, ਘੱਟਗਿਣਤੀਆਂ, ਯੁੱਧ-ਵਿਰੋਧੀ ਲੋਕ ਅਤੇ ਹੋਰ ਸਾਰੇ ਨਿਰਦੋਸ਼ ਨਾਗਰਿਕ—ਜੋ ਵੀ ਤੁਹਾਡੇ ਵਾਂਗ ਇਕ ਪਿਓ, ਇਕ ਮਾਂ, ਇਕ ਧੀ, ਇਕ ਪੁੱਤਰ, ਇਕ ਦਾਦੀ-ਨਾਨੀ ਜਾਂ ਕੋਈ ਦੋਸਤ ਬਣ ਕੇ ਜੀਣਾ ਚਾਹੁੰਦੇ ਹਨ—ਉਨ੍ਹਾਂ ਸਭ ਨੂੰ ਮਾਰ ਦਿਓ। ਤੁਸੀਂ ਅਜਿਹਾ ਸਿਰਫ਼ ਉਦੋਂ ਹੀ ਕਹਿ ਸਕਦੇ ਹੋ ਜਦ ਤੁਸੀਂ ਉਨ੍ਹਾਂ ਨੂੰ ਪੂਰੀ ਤਰ੍ਹਾਂ ’ਗ਼ੈਰ-ਇਨਸਾਨ’ ਮੰਨ ਲਿਆ ਹੋਵੇ।

ਇਹੀ ਤਾਂ ਮੀਡੀਆ, ਧਾਰਮਿਕ ਜਾਂ ਭਾਈਚਾਰੇ ਦੇ ਆਗੂਆਂ, ਰਾਜਨੀਤਿਕਾਂ ਅਤੇ ਹੋਰ ਪ੍ਰਭਾਵਸ਼ਾਲੀ ਤਾਕਤਾਂ ਦੀ ਕੋਸ਼ਿਸ਼ ਹੁੰਦੀ ਹੈ—ਦੂਜੇ ਪਾਸੇ ਵਾਲਿਆਂ ਨੂੰ ਇੰਨਾ ਅਮਾਨਵੀ ਬਣਾ ਦਿਓ ਕਿ ਤੁਸੀਂ ਉਨ੍ਹਾਂ ਨੂੰ ਇਨਸਾਨ ਵਜੋਂ ਦੇਖਣਾ ਹੀ ਛੱਡ ਦਿਓ।

ਇਹ ਦੋਹਾਂ ਪਾਸਿਆਂ ਦੀ ਹਕੀਕਤ ਹੈ—ਰੈਡਕਲਿਫ਼ ਲਾਈਨ ਦੇ ਦੋਵੇਂ ਪਾਸੇ। ਪਾਗਲ ਤਾਂ ਹਰ ਪਾਸੇ ਹਨ, ਪਰ ਜੋ ਲੋਕ ਸਰਹੱਦ ਦੇ ਨੇੜੇ ਰਹਿੰਦੇ ਹਨ, ਉਹ ਜਾਣਦੇ ਹਨ ਕਿ ਯੁੱਧ ਦਾ ਮਤਲਬ ਹੁੰਦਾ ਹੈ—ਮਨਮਾਨੀ, ਅਨਿਸ਼ਚਿਤ ਤੇ ਬੇਮਤਲਬ ਮੌਤ। ਜੋ ਲੋਕ ਸਰਹੱਦ ਤੋਂ ਦੂਰ ਹਨ, ਉਹ ਤਾਂ ਯੁੱਧ ਨੂੰ ਵੀਡੀਓ ਗੇਮ ਸਮਝਣ ਲੱਗੇ ਹਨ।

ਇਹ ਅਮਾਨਵੀਕਰਨ ਸਾਡੇ ਅੰਦਰਲੀ ਡੂੰਘੀ ਅਸੁਰੱਖਿਆ ਦਾ ਸੰਕੇਤ ਹੈ—ਅਸੀਂ ਆਪਣੀ ਇਨਸਾਨੀਅਤ ਨੂੰ ਸਾਬਤ ਕਰਨ ਲਈ ਦੂਜਿਆਂ ਦੀ ਇਨਸਾਨੀਅਤ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਹਾਂ।

ਪਰ ਸੱਚ ਇਹ ਹੈ ਕਿ ਜਦੋਂ ਹੀ ਤੁਸੀਂ ਕਿਸੇ ਹੋਰ ਨੂੰ ਗ਼ੈਰ-ਇਨਸਾਨ ਮੰਨ ਲੈਂਦੇ



ਹੋ—ਚਾਹੇ ਉਹ ਤੁਹਾਡੇ ਜੀਵਨ ਮੁੱਲਾਂ ਦੇ ਬਿਲਕੁਲ ਉਲਟ ਹੋਵੇ—ਉਸੇ ਪਲ ਤੁਸੀਂ ਆਪਣੇ ਸਭ ਤੋਂ ਹੇਠਲੇ ਪੱਧਰ ਦੇ ਸੁਭਾਅ ਦੇ ਅਧੀਨ ਹੋ ਜਾਂਦੇ ਹੋ।

ਤੁਸੀਂ ਆਪਣੇ ਵਿਨਾਸ਼ ਦਾ ਬੀਜ ਬੀਜ ਦਿੰਦੇ ਹੋ। ਲੋਕ ਕਹਿਣਗੇ ਕਿ ਜੋ ਸ਼ਾਂਤੀ ਦੀ ਗੱਲ ਕਰਦੇ ਹਨ, ਉਹ ਡਰਪੋਕ ਹਨ। ਨਹੀਂ! ਮੈਂ ਕਹਿੰਦਾ ਹਾਂ—ਜੋ ਲੋਕ ਘਰਾਂ ਵਿਚ ਬੈਠ ਕੇ ਯੁੱਧ ਦੀ ਮੰਗ ਕਰਦੇ ਹਨ, ਅਸਲ ਡਰਪੋਕ ਉਹ ਹਨ।

ਕਿਉਂਕਿ ਯੁੱਧ ਵਿਚ ਨਾ ਉਨ੍ਹਾਂ ਦੇ ਪੁੱਤਰ-ਧੀਆਂ ਮਰਦੇ ਹਨ, ਨਾ ਉਨ੍ਹਾਂ ਦੇ ਘਰ ਉੱਜੜਦੇ ਹਨ। ਆਖਿ੍ਰਕਾਰ, ਯੁੱਧ ਕਦੇ ਅਮਨ ਕਿਵੇਂ ਲਿਆ ਸਕਦਾ ਹੈ? ਦੁਨੀਆ ਵਿਚ ਫੌਜੀ-ਉਦਯੋਗਿਕ ਤੰਤਰ (ਮਿਲਟਰੀ-ਇੰਡਸਟ੍ਰੀਅਲ ਕੰਪਲੈਕਸ) ਸਭ ਤੋਂ ਵੱਧ ਮੁਨਾਫ਼ਾ ਕਮਾਉਣ ਵਾਲਾ ਕਾਰੋਬਾਰ ਹੈ—2.46 ਖਰਬ ਡਾਲਰ ਦਾ ਕਾਰੋਬਾਰ। ਇਸਦੇ ਮੁਕਾਬਲੇ ਦਵਾ ਉਦਯੋਗ ਸਿਰਫ਼ 1.6 ਖਰਬ ਡਾਲਰ ਅਤੇ ਤੇਲ ਉਦਯੋਗ 750 ਅਰਬ ਡਾਲਰ ਦਾ ਕਾਰੋਬਾਰ ਹੈ। ਅੱਜ ਯੁੱਧ ਸਿਰਫ਼ ਮੁਨਾਫ਼ਾ ਹੈ ਅਤੇ ਲੋਭ ਦੀ ਖੇਡ ਹੈ—ਨਾ ਕਿ ਅਦਰਸ਼ਾਂ ਜਾਂ ਮੁੱਲਾਂ ਦੀ। ਜੇਕਰ ਕਦੇ ਐਸਾ ਯੁੱਗ ਹੋਇਆ ਵੀ ਹੋਵੇ, ਜਦ ਯੁੱਧ ‘ਧਰਮ ਯੁੱਧ’ ਹੋਇਆ ਕਰਦੇ ਸਨ, ਤਾਂ ਉਹ ਹੁਣ ਬੀਤ ਚੁੱਕਾ ਹੈ।ਹੋਰ ਧਾਰਮਿਕ ਗ੍ਰੰਥਾਂ ਵਾਂਗ ਗੀਤਾ ਵੀ ਯੁੱਧ ਵਿਚ ਨੈਤਿਕ ਦੁਬਿਧਾਵਾਂ ਦੀ ਗਹਿਰੀ ਚਰਚਾ ਕਰਦੀ ਹੈ—ਅਤੇ ਇਹ ਵਿਚਾਰ ਕਰਦੀ ਹੈ ਕਿ ਕਿਸ ਤਰ੍ਹਾਂ ਦੀ ਹਿੰਸਾ ਉਚਿਤ ਹੈ। ਹਰਮਨਪਿਆਰੇ ਭਰਮ ਦੇ ਉਲਟ, ਗੀਤਾ ਯੁੱਧ ਦੇ ਕਾਰਨਾਂ - ਧਰਮ, ਕਰਤੱਵ ਅਤੇ ਨਿਆਂ - ਉੱਪਰ ਵਿਚਾਰ ਕਰਦੀ ਹੈ। ਕੀ ਯੁੱਧ ‘ਨਿਆਂਪੂਰਨ’ ਹੋ ਸਕਦਾ ਹੈ?ਜੋ ਯੁੱਧ ਸਿਰਫ਼ ਘੁਮੰਡ, ਹਉਮੈਂ ਅਤੇ ਝੂਠੇ ਵਿਚਾਰਾਂ ਲਈ ਲੜੇ ਜਾਂਦੇ ਹਨ, ਉਹ ਕਦੇ ਵੀ ‘ਨਿਆਂਪੂਰਨ’ ਨਹੀਂ ਹੋ ਸਕਦੇ।’

ਪ੍ਰੋਫੈਸਰ ਅਲੀ ਨੇ ਨਾਗਰਿਕਾਂ ਦੀ ਸੁਰੱਖਿਆ ਬਾਬਤ ਮੁਲਕ ਵਿਚ ਚੱਲ ਰਹੀ ਬਹਿਸ ਵਿਚ ਆਪਣੀ ਰਾਇ ਪੇਸ਼ ਕਰਕੇ ਆਪਣਾ ਫਰਜ਼ ਨਿਭਾਇਆ ਹੈ। ਭਗਵਾ ਹਕੂਮਤ ਆਲੋਚਨਾਤਮਕ ਸੰਵਾਦ ਨੂੰ

ਦਬਾਉਣਾ ਚਾਹੁੰਦੀ ਹੈ। ਸੰਘ ਦੇ ਫਾਸ਼ੀਵਾਦੀ ਪ੍ਰੌਜੈਕਟ ਤੋਂ ਸਿਵਾਏ ਅਜਿਹੇ ਬੁੱਧੀਮਾਨ, ਦੂਰਅੰਦੇਸ਼ ਵਿਦਵਾਨ ਦੀ ਗ੍ਰਿਫ਼ਤਾਰੀ ਦੀ ਕੀ ਵਾਜਬੀਅਤ ਹੋ ਸਕਦੀ ਹੈ।

ਰੇਜਾਜ਼ ਵਿਰੁੱਧ ਬਣਾਇਆ ਕੇਸ ਇਸ ਤੋਂ ਵੀ ਬੇਤੁਕਾ ਹੈ। ਪੁਲਿਸ ਅਧਿਕਾਰੀਆਂ ਨੂੰ ਪਤਾ ਹੈ ਕਿ ਉਸ ਉੱਪਰ ਲਗਾਏ ਦੋਸ਼ ਕਾਨੂੰਨੀ ਜਾਂਚ ਵਿਚ ਟਿਕ ਨਹੀਂ ਸਕਣਗੇ, ਇਸ ਲਈ ਗਿ ?ਰਫ਼ਤਾਰੀ ਦੇ ਕਾਰਨ ਵਾਰ-ਵਾਰ ਬਦਲੇ ਜਾ ਰਹੇ ਹਨ। ਪਹਿਲਾਂ ਪੁਲਿਸ ਨੇ ਕਿਹਾ ਕਿ ਉਸ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਪਰ 'ਭਾਰਤੀ ਫ਼ੌਜ ਵਿਰੁੱਧ' ਅਤੇ 'ਭਾਰਤ ਵਿਰੋਧੀ' ਟਿੱਪਣੀਆਂ ਕਰਨ ਅਤੇ ਆਪਣੇ ਅਕਾਊਂਟ ਉੱਪਰ ਆਪਣੀ ਦੋਸਤ ਨਾਲ ਦੋ ਹਥਿਆਰਾਂ ਵਾਲੀ ਤਸਵੀਰ ਪੋਸਟ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ। ਜਾਂਚ ਕਰਨ 'ਤੇ ਸਾਹਮਣੇ ਆਇਆ ਕਿ ਸੰਬੰਧਤ ਤਸਵੀਰ ਨਾਗਪੁਰ ਦੇ ਇਕ ਗੰਨ ਹਾਊਸ ਵਿਚ ਏਅਰਗੰਨਾਂ ਨਾਲ ਲਈ ਸੈਲਫੀ ਹੈ। ਫਿਰ ਉਸ ਉੱਪਰ ਸੀਪੀਆਈ (ਮਾਓਵਾਦੀ), ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਅਤੇ ਹਿਜ਼ਬੁੱਲ ਮੁਜਾਹਿਦੀਨ ਆਦਿ 'ਪਾਬੰਦੀਸ਼ੁਦਾ' ਜਥੇਬੰਦੀਆਂ ਨਾਲ ਸੰਪਰਕ ਰੱਖਣ ਦਾ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਗਿਆ। ਹੁਣ ਪੁਲਿਸ ਨੇ ਨਵਾਂ ਦੋਸ਼ ਘੜ ਲਿਆ ਕਿ ਉਸਦਾ ਸੰਬੰਧ ਪੁਣੇ ਆਧਾਰਤ ਕਬੀਰ ਕਲਾ ਮੰਚ, ਨਾਲ ਹੈ। ਯਾਦ ਰਹੇ ਕਿ ਇਹ ਸੱਭਿਆਚਾਰਕ ਮੰਡਲੀ ਵੀ ਅਵਾਮੀ ਜਾਗਰੂਕਤਾ ਵਾਲੀਆਂ ਪੇਸ਼ਕਾਰੀਆਂ ਕਾਰਨ ਲਗਾਤਾਰ ਪੁਲਿਸ ਜਬਰ ਦਾ ਨਿਸ਼ਾਨਾ ਬਣੀ ਹੋਈ ਹੈ ਅਤੇ ਇਸਦੇ ਕਲਾਕਾਰ 'ਭੀਮਾ-ਕੋਰੇਗਾਓਂ' ਸਾਜ਼ਿਸ਼ ਕੇਸ ਵਿਚ ਫਸਾ ਕੇ ਬਿਨਾਂ ਜ਼ਮਾਨਤ ਜੇਲ੍ਹ ਵਿਚ ਡੱਕੇ ਹੋਏ ਹਨ।

ਦਰਅਸਲ, ਰੇਜਾਜ਼ ਆਪਣੇ ਆਲੋਚਨਾਤਮਕ ਖਿਆਲਾਂ ਕਾਰਨ ਹਕੂਮਤ ਦੇ ਨਿਸ਼ਾਨੇ 'ਤੇ ਸੀ। ਉਸਦਾ ਝੁਕਾਅ ਖੱਬੇਪੱਖੀ ਸਿਆਸਤ ਵੱਲ ਹੈ ਅਤੇ ਉਹ ਭਗਵਾ ਹਕੂਮਤ ਦੀਆਂ ਫਾਸ਼ੀਵਾਦੀ ਨੀਤੀਆਂ ਅਤੇ ਲੋਕ ਹੱਕਾਂ ਲਈ ਲਗਾਤਾਰ ਲਿਖਦਾ ਰਹਿੰਦਾ ਸੀ। ਗਿ ?ਰਫ਼ਤਾਰੀ ਤੋਂ ਪਹਿਲਾਂ ਉਹ ਦਿੱਲੀ ਵਿਚ 'ਕੈਂਪੇਨ ਅਗੇਂਸਟ ਸਟੇਟ ਰਿਪਰੈਸ਼ਨ' ਦੁਆਰਾ ਆਯੋਜਤ ਪ੍ਰੈੱਸ ਕਾਨਫਰੰਸ ਵਿਚ ਸ਼ਾਮਲ ਹੋਇਆ ਸੀ। ਉੱਥੋਂ ਉਹ ਆਪਣੀ ਇਕ ਦੋਸਤ ਨੂੰ ਮਿਲਣ ਲਈ ਨਾਗਪੁਰ ਚਲਾ ਗਿਆ ਜਿੱਥੋਂ ਪੁਲਿਸ ਨੇ ਉਨ੍ਹਾਂ ਨੂੰ ਹੋਟਲ ਵਿੱਚੋਂ ਚੁੱਕ ਲਿਆ। ਉਸਦੀ ਦੋਸਤ ਸਿੰਬਾਇਓਸਿਸ ਲਾਅ ਸਕੂਲ ਵਿਚ ਲਾਅ ਦੀ ਆਖ਼ਰੀ ਸਾਲ ਦੀ ਪੜ੍ਹਾਈ ਕਰ ਰਹੀ ਹੈ। ਸਿਤਮ-ਜ਼ਰੀਫ਼ੀ ਇਹ ਕਿ ਕਾਲਜ ਪ੍ਰਸ਼ਾਸਨ ਨੇ ਉਸ ਕੁੜੀ ਨੂੰ ਮੁਅੱਤਲ ਕਰ ਦਿੱਤਾ ਅਤੇ ਨਾਗਪੁਰ ਹਾਈਕੋਰਟ ਨੇ ਵੀ ਉਸ ਨੂੰ ਕੋਈ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਹੋਰ ਵੀ ਦਿਲਚਸਪ ਇਹ ਹੈ ਕਿ ਪੁਲਿਸ ਨੇ ਰੇਜਾਜ਼ ਦੇ ਘਰੋਂ ਅਤੇ ਉਸ ਦੇ ਕੋਲੋਂ ਜੋ ਕਿਤਾਬਾਂ 'ਬਰਾਮਦ' ਕੀਤੀਆਂ ਉਨ੍ਹਾਂ ਵਿੱਚੋਂ ਕੋਈ ਵੀ 'ਪਾਬੰਦੀਸ਼ੁਦਾ' ਨਹੀਂ ਹੈ। ਇਕ ਕਿਤਾਬ ਕਾਰਲ ਮਾਰਕਸ ਦੀ ਹੈ, ਇਕ ਪ੍ਰੋਫੈਸਰ ਸਾਈਬਾਬਾ ਬਾਰੇ, ਇਕ ਲੈਨਿਨ ਦੀ ਸੋਸ਼ਲਿਸਟ ਰਾਜ ਬਾਰੇ, ਅਤੇ ਇਕ ਜਾਤਪਾਤ ਬਾਰੇ ਕੇ.ਮੁਰਲੀ ਦੀ ਲਿਖੀ 'ਕ੍ਰਿਟੀਕਿੰਗ ਬ੍ਰਾਹਮਨਿਜ਼ਮ' ਹੈ। ਪੁਲਿਸ ਨੂੰ ਉਸ ਕੋਲੋਂ 'ਨਜ਼ਰੀਆ' ਰਸਾਲੇ ਦੀ ਇਕ ਕਾਪੀ ਮਿਲੀ ਜਿਸ ਦੇ ਆਧਾਰ 'ਤੇ ਦਾਅਵਾ ਕੀਤਾ ਗਿਆ ਕਿ ਉਹ ਪਾਬੰਦੀਸ਼ੁਦਾ ਸੀਪੀਆਈ (ਮਾਓਵਾਦੀ) ਲਈ ਫੰਡ ਜੁਟਾਉਣ ਵਿਚ ਮੱਦਦ ਕਰ ਰਿਹਾ ਹੈ। ਹਾਲਾਂਕਿ ਨਾ ਤਾਂ ਨਜ਼ਰੀਆ ਪਾਬੰਦੀਸ਼ੁਦਾ ਹੈ ਅਤੇ ਨਾ ਹੀ ਸਰਕਾਰ ਨੇ ਇਸ ਨੂੰ ਮਾਓਵਾਦੀ 'ਫਰੰਟ' ਐਲਾਨਿਆ ਹੈ। ਇਹ ਪੁਲਿਸ ਦੀਆਂ ਮਨਮਾਨੀਆਂ ਦਾ ਨਮੂਨਾ ਹੈ ਜੋ ਕਿਸੇ ਨੂੰ ਵੀ ਜੇਲ੍ਹ ਵਿਚ ਡੱਕਣ ਲਈ ਕੋਈ ਵੀ ਬੇਹੂਦਾ ਕਹਾਣੀ ਘੜ ਸਕਦੀ ਹੈ ਅਤੇ ਨਿਆਂ ਪ੍ਰਣਾਲੀ ਬਿਨਾਂ ਕੋਈ ਉਜ਼ਰ ਕੀਤੇ ਪੁਲਿਸ ਦੀਆਂ ਮਨਘੜਤ ਕਹਾਣੀਆਂ ਨੂੰ ਸਵੀਕਾਰ ਕਰਕੇ ਪੁਲਿਸ ਦੀ ਇੱਛਾ ਅਨੁਸਾਰ ਰਿਮਾਂਡ ਦੇਣਾ ਜਾਰੀ ਰੱਖਦੀ ਹੈ।

ਦਰਅਸਲ, ਇਹ ਸਭ ਸਟੇਟ ਦੀਆਂ ਨੀਤੀਆਂ ਦੀਆਂ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਦੇ ਪ੍ਰੋਜੈਕਟ ਦਾ ਹਿੱਸਾ ਹੈ। ਭੋਜਪੁਰੀ ਲੋਕ ਗਾਇਕਾ ਨੇਹਾ ਸਿੰਘ ਰਾਠੌਰ ਵਿਰੁੱਧ ਵਾਰ-ਵਾਰ ਝੂਠੇ ਕੇਸ ਦਰਜ ਕਰਾਏ ਜਾ ਰਹੇ ਹਨ। ਇੱਥੋਂ ਤੱਕ ਕਿ ਹਰਮਨਪਿਆਰੇ ਸ਼ਾਇਰ ਫ਼ੈਜ਼ ਅਹਿਮਦ ਫ਼ੈਜ ਦੀਆਂ ਨਜ਼ਮਾਂ ਪੜ੍ਹਨ ਨੂੰ ਵੀ 'ਸ਼ਹਿਰੀ ਨਕਸਲੀ' ਦੇ ਦਾਇਰੇ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਨਾਗਪੁਰ ਪੁਲਿਸ ਨੇ ਉੱਘੇ ਸਮਾਜਕ ਕਾਰਕੁਨ ਅਤੇ ਮਰਹੂਮ ਅਦਾਕਾਰ ਤੇ ਮਨੁੱਖੀ ਅਧਿਕਾਰ ਕਾਰਕੁਨ ਵਿਰਾ ਸਾਥੀਦਾਰ ਦੇ ਬਰਸੀ ਸਮਾਗਮ ਵਿਚ ਫ਼ੈਜ਼ ਦੀ ਮਸ਼ਹੂਰ ਨਜ਼ਮ 'ਹਮ ਦੇਖੇਂਗੇ' ਪੜ੍ਹੇ ਜਾਣ 'ਤੇ ਆਯੋਜਕਾਂ ਵਿਰੁੱਧ ਪਰਚਾ ਦਰਜ ਕੀਤਾ ਹੈ। ਵਿਰਾ ਸਾਥੀਦਾਰ ਦੀ ਪਤਨੀ ਪੁਸ਼ਪਾ ਸਾਥੀਦਾਰ (ਉਮਰ 51) ਦੇ ਖ਼ਿਲਾਫ਼ ਕੇਂਦਰੀ ਨਾਗਪੁਰ ਵਿਚ ਇਕ ਬਰਸੀ ਸਮਾਗਮ ਦੌਰਾਨ ਉਨ੍ਹਾਂ ਵਲੋਂ ਕੀਤੀਆਂ ਗਈਆਂ ਕਥਿਤ ਭੜਕਾਊਂ ਟਿੱਪਣੀਆਂ ਨੂੰ ਲੈ ਕੇ ਦਰਜ ਕੀਤਾ ਗਿਆ।

ਵਿਵਾਦ ਦੀ ਸ਼ੁਰੂਆਤ ਉਰਦੂ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀ ਮਸ਼ਹੂਰ ਨਜ਼ਮ 'ਹਮ ਦੇਖੇਂਗੇ' ਦੀ ਪੇਸ਼ਕਾਰੀ ਅਤੇ ਸਮਾਗਮ ਦੌਰਾਨ ਹੋਈ ਚਰਚਾ ਤੋਂ ਹੋਈ। ਇਹ ਸਮਾਗਮ ਵਿਰਾ ਸਾਥੀਦਾਰ ਸਮ੍ਰਿਤੀ ਸਮਨਵੈ ਸਮਿਤੀ ਵਲੋਂ ਸਮਤਾ ਕਲਾ ਮੰਚ ਨਾਲ ਮਿਲ ਕੇ ਝਾਂਸੀ ਰਾਣੀ ਚੌਕ ਨੇੜੇ ਹਾਲ ਵਿਚ ਕਰਵਾਇਆ ਗਿਆ। 'ਸਮਤਾ ਕਲਾ ਮੰਚ' ਅੰਬੇਡਕਰਵਾਦੀ ਸਾਂਝੀ ਸੱਭਿਆਚਾਰਕ ਜਥੇਬੰਦੀ ਹੈ ਜੋ ਕਲਾ ਰਾਹੀਂ ਪ੍ਰਤਿਰੋਧ ਦੀ ਵਕਾਲਤ ਕਰਦੀ ਹੈ।

ਪੁਲਿਸ ਮੁਤਾਬਕ, ਦੱਤਾ ਸ਼ਿਰਕੇ ਨਾਂ ਦੇ ਭਗਵਾ ਕਾਰਕੁਨ ਵਲੋਂ ਦਿੱਤੀ ਸ਼ਿਕਾਇਤ 'ਤੇ ਐੱਫ.ਆਈ.ਆਰ. ਦਰਜ ਕੀਤੀ ਗਈ। ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਕਿ ਨਜ਼ਮ ਅਤੇ ਭਾਸ਼ਣਾਂ ਵਿਚ ਭੜਕਾਊ ਸਮੱਗਰੀ ਸੀ। ਉਸ ਨੇ "ਫਾਸਿਸਟ ਦੌਰ" ਅਤੇ "ਤਖ਼ਤ ਹਿਲਾਓ" ਵਰਗੀਆਂ ਗੱਲਾਂ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਇਹ ਬਿਆਨ ਲੋਕਾਂ ਵਿਚ ਬਦਅਮਨੀਂ ਪੈਦਾ ਕਰ ਸਕਦੇ ਹਨ, ਖ਼ਾਸ ਕਰਕੇ ਭਾਰਤ-ਪਾਕਿ ਤਣਾਅ ਅਤੇ ਪਹਲਗਾਮ ਹਮਲੇ ਦੇ ਹਾਲਾਤ ਵਿਚ। ਉਸ ਵੱਲੋਂ ਸਮਾਗਮ ਦੀ ਵੀਡੀਓ ਬਤੌਰ ਸਬੂਤ ਪੇਸ਼ ਕੀਤੀ ਗਈ।

ਫ਼ੈਜ਼ ਵਲੋਂ 1979 ਵਿਚ ਪਾਕਿਸਤਾਨ ਦੇ ਫੌਜੀ ਹੁਕਮਰਾਨ ਜਨਰਲ ਜ਼ਿਆ-ਉਲ ਹੱਕ ਦੇ ਤਾਨਾਸ਼ਾਹ ਰਾਜ ਵਿਰੁੱਧ ਲਿਖੀ ਗਈ ਨਜ਼ਮ 'ਹਮ ਦੇਖੇਂਗੇ', 1986 ਵਿਚ ਇਕਬਾਲ ਬਾਨੋ ਵਲੋਂ ਗਾਈ ਗਈ ਅਤੇ ਇਹ ਨਜ਼ਮ ਬਾਅਦ ਵਿਚ ਵੱਖ-ਵੱਖ ਦੇਸ਼ਾਂ ਵਿਚ ਪ੍ਰਤਿਰੋਧ ਤੇ ਆਸ ਦੀ ਆਵਾਜ਼ ਬਣੀ।

ਪੁਸ਼ਪਾ ਸਾਥੀਦਾਰ ਇਕ ਪੁਰਾਣੀ ਸਮਾਜਕ ਕਾਰਕੁਨ ਹਨ ਜੋ ਜ਼ਮੀਨੀ ਪੱਧਰ 'ਤੇ ਕੰਮ ਕਰਦੀ ਹੈ। ਉਨ੍ਹਾਂ ਦੇ ਪਤੀ ਵਿਰਾ ਸਾਥੀਦਾਰ ਨੇ ਚੈਤਨਯ ਤਾਮਹਾਣੇ ਦੀ 2014 ਦੀ ਫਿਲਮ 'ਕੋਰਟ' ਵਿਚ ਪ੍ਰਦਰਸ਼ਨ ਗੀਤਕਾਰ ਦੀ ਭੂਮਿਕਾ ਨਿਭਾ ਕੇ ਦੇਸ਼ ਪੱਧਰ 'ਤੇ ਪਛਾਣ ਬਣਾਈ। ਇਹ ਫਿਲਮ ਆਸਕਰ ਇਨਾਮਾਂ ਲਈ ਭਾਰਤ ਵੱਲੋਂ ਆਧਿਕਾਰਿਕ ਐਂਟਰੀ ਸੀ ਅਤੇ ਇਸਨੇ ਕੌਮੀ ਫਿਲਮ ਇਨਾਮ ਵੀ ਜਿੱਤਿਆ ਸੀ। ਕੋਵਿਡ-19 ਕਾਰਨ ਮੌਤ ਤੋਂ ਪਹਿਲਾਂ ਵਿਰਾ ਸਾਥੀਦਾਰ ਫਿਰਕਾਪ੍ਰਸਤੀ ਤੇ ਹਕੂਮਤੀ ਜਬਰ ਵਿਰੁੱਧ ਆਵਾਜ਼ ਚੁੱਕਦੇ ਰਹੇ।

ਸਿਤਾਬਲਦੀ ਪੁਲਿਸ ਇੰਸਪੈਕਟਰ ਵਿਠਠਲਸਿੰਘ ਰਾਜਪੂਤ ਨੇ ਪੁਸ਼ਟੀ ਕੀਤੀ ਕਿ ਪੁਸ਼ਪਾ ਸਾਥੀਦਾਰ ਵਿਰੁੱਧ ਭਾਰਤੀ ਨਿਆਯ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ, ਜਿਵੇਂ ਕਿ ਧਾਰਾ 152 (ਭਾਰਤ ਦੀ ਅਖੰਡਤਾ ਤੇ ਇਕਤਾ ਨੂੰ ਖਤਰੇ ਵਿਚ ਪਾਉਣਾ), 196 (ਵੱਖ-ਵੱਖ ਸਮੂਹਾਂ ਦਰਮਿਆਨ ਵੈਰ ਵਧਾਉਣਾ), 353 (ਪਬਲਿਕ ਅਮਨ-ਅਮਾਨ ਵਿਚ ਖਲਲ ਪਾਉਣ ਵਾਲੇ ਬਿਆਨ) ਅਤੇ 3(5) (ਸਾਂਝੀ ਸਾਜ਼ਿਸ਼)। "ਅਸੀਂ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਕਾਰਵਾਈ ਕੀਤੀ ਹੈ। ਜਾਂਚ ਜਾਰੀ ਹੈ ਅਤੇ ਹੋਰ ਕਾਰਵਾਈ ਸਬੂਤਾਂ ਦੇ ਆਧਾਰ 'ਤੇ ਹੋਏਗੀ" ਰਾਜਪੂਤ ਨੇ ਕਿਹਾ। ਇਸ ਦੇ ਨਾਲ ਹੀ ਪੁਲਿਸ ਨੇ 'ਸਮਤਾ ਕਲਾ ਮੰਚ' ਦੇ ਪਿਛੋਕੜ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੇ ਬਾਨੀ ਸੁਧੀਰ ਧਾਵਲੇ, ਜੋ ਇਕ ਪ੍ਰਮੁੱਖ ਮਨੁੱਖੀ ਅਧਿਕਾਰ ਕਾਰਕੁਨ ਹਨ, ਪਹਿਲਾਂ ਭੀਮਾ-ਕੋਰੇਗਾਓਂ ਕੇਸ ਵਿਚ ਗ੍ਰਿਫਤਾਰ ਹੋ ਚੁੱਕੇ ਹਨ ਅਤੇ ਇਸ ਵੇਲੇ ਜ਼ਮਾਨਤ 'ਤੇ ਬਾਹਰ ਹਨ।

ਭਾਰਤ ਦੇ ਆਮ ਨਾਗਰਿਕ ਇਨ੍ਹਾਂ ਕੇਸਾਂ ਅਤੇ ਗ੍ਰਿਫ਼ਤਾਰੀਆਂ ਤੋਂ ਬੇਖ਼ਬਰ ਹੋਣ ਕਾਰਨ ਅਤੇ ਜ਼ਿਆਦਾਤਰ ਬੌਧਿਕ ਹਲਕੇ ਹਕੂਮਤੀ ਬਿਰਤਾਂਤ ਦੇ ਜ਼ਹਿਰੀਲੇ ਪ੍ਰਭਾਵ ਹੇਠ ਹੋਣ ਕਾਰਨ ਹੁਕਮਰਾਨ ਧਿਰ ਨੂੰ ਆਲੋਚਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ 'ਚ ਕੋਈ ਮੁਸ਼ਕਲ ਨਹੀਂ ਆ ਰਹੀ। ਭਗਵਾ ਫਾਸ਼ੀਵਾਦ ਦਾ ਹਮਲਾ ਵਧਦਾ ਜਾ ਰਿਹਾ ਹੈ।

# ਟਰੰਪ ਦੇ ਅਮਰੀਕੀ ਯੂਨੀਵਰਸਿਟੀਆਂ 'ਤੇ ਹੱਲੇ ਦੇ ਮਾਇਨੇ

**- ਗੁਰਮੀਤ ਧਾਲੀਵਾਲ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਸ਼ਾਸਨ ਕਾਲ ਸ਼ੁਰੂ ਹੋਣ ਦੇ ਨਾਲ ਜਿੱਥੇ ਉਸ ਦੁਆਰਾ ਐਲਾਨੀ ਟੈਰਿਫ ਜੰਗ ਨੇ ਦੁਨੀਆਂ ਭਰ ਦੀ ਆਰਥਿਕਤਾ ਨੂੰ ਦਹਿਸ਼ਤਜਦਾ ਕੀਤਾ ਹੋਇਆ ਹੈ ਉਥੇ ਹੀ ਉਸਨੇ ਆਪਣੇ ਦੇਸ਼ ਦੀਆਂ ਉੱਚ ਅਕਾਦਮਿਕ ਯੂਨੀਵਰਸਿਟੀਆਂ ਖਿਲਾਫ ਮੋਰਚਾ ਖੋਲ੍ਹਿਆ ਹੋਇਆ ਹੈ। ਭਾਵੇਂ ਬਹਾਨਾ ਉਸ ਨੇ ਸਾਲ ਵਿਦਿਆਰਥੀਆਂ ਦੇ 7 ਅਕਤੂਬਰ 2023 ਤੋਂ ਹਮਾਸ ਹਮਲੇ ਤੋਂ ਬਾਅਦ ਇਜ਼ਰਾਈਲ ਦੀ ਗਾਜ਼ਾ ਦੇ ਲੋਕਾਂ ਖਿਲਾਫ ਵਿੱਢੀ ਜੰਗ ਦੇ ਵਿਰੋਧ ਵਿੱਚ ਹੋ ਰਹੇ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ ਨੂੰ ਬਣਾਇਆ ਹੈ। ਟਰੰਪ ਪਰਸ਼ਾਸ਼ਨ ਇਹਨਾਂ ਵਿਰੋਧ ਪ੍ਰਦਰਸ਼ਨਾਂ ਨੂੰ ਜੰਗ ਖਿਲਾਫ ਹੋਣ ਦੀ ਬਜਾਏ ਯਹੂਦੀਆਂ ਖਿਲਾਫ ਤੁਅਸੱਬਾਂ ਨਾਲ ਗ੍ਰਸਿਤ ਗਰਦਾਨ ਰਿਹਾ ਹੈ। ਜਿਸ ਲਈ ਉਸਨੇ ਯਹੂਦੀ ਖਿਲਾਫ ਨਫਰਤ ਵਿਰੋਧੀ ਟਾਸਕ ਫੋਰਸ ਦਾ ਗਠਨ ਕੀਤਾ ਹੈ। ਜੋ ਅਮਰੀਕੀ ਯੂਨੀਵਰਸਿਟੀਆਂ ਨੂੰ ਹਦਾਇਤਾਂ ਜਾਰੀ ਕਰ ਰਹੀ ਹੈ। ਯੂਨੀਵਰਸਿਟੀਆਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਖੋਜ ਕਾਰਜਾਂ ਬਾਰੇ ਜਾਣਕਾਰੀ ਮੰਗੀ ਜਾ ਰਹੀ ਹੈ। ਮੱਧ ਪੂਰਬ ਨਾਲ ਸਬੰਧਤ ਵਿਭਾਗਾਂ ਵਿੱਚ ਪੜ੍ਹਨ ਅਤੇ ਪੜ੍ਹਾਉਣ ਵਾਲਿਆਂ ਦੀ ਵਿਚਾਰਧਾਰਕ ਪਹੁੰਚਾਂ 'ਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

ਯੂਨੀਵਰਸਿਟੀਆਂ ਨੂੰ ਦਿੱਤੇ ਜਾਣ ਵਾਲੇ ਫੈਡਰਲ ਫੰਡਾਂ ਤੇ ਰੋਕ ਲਗਾਉਣ ਦੇ ਫੈਸਲੇ ਲਏ ਜਾ ਰਹੇ ਹਨ। ਹਾਰਵਰਡ ਦੇ ਕੇਸ ਵਿੱਚ ਉਸਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ਾ ਦੇਣ ਤੇ ਰੋਕ ਲਗਾਉਣ ਅਤੇ ਟੈਕਸ ਛੋਟ ਜਿਹੀਆਂ ਰਿਆਇਤਾਂ ਖਤਮ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਟਰੰਪ ਪਰਸ਼ਾਸ਼ਨ ਦੁਆਰਾ ਹਾਰਵਰਡ ਯੂਨੀਵਰਸਿਟੀ ਦੇ 9 ਬਿਲੀਅਨ ਡਾਲਰ ਦੀ ਫੈਡਰਲ ਫੰਡਿਗ ਤੇ ਰੋਕ ਲਗਾਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ ਜਦ ਕਿ 2.2 ਬਿਲੀਅਨ ਡਾਲਰ ਦੀ ਮੱਦਦ ਹਾਰਵਰਡ ਯੂਨੀਵਰਸਿਟੀ ਵੱਲੋਂ ਟਰੰਪ ਪਰਸ਼ਾਸ਼ਨ ਦੀ ਸਿੱਧੀ ਅਲੋਚਨਾ ਕਾਰਨ ਪਹਿਲਾਂ ਹੀ ਰੱਦ ਕਰ ਦਿੱਤੀ ਗਈ ਹੈ। ਫੰਡਾਂ ਦੀ ਰੋਕ ਕੇਵਲ ਹਾਰਵਰਡ ਤੇ ਹੀ ਨਹੀਂ ਹੋਰ ਵੀ ਸੰਸਥਾਨ ਇਸ ਕਟੌਤੀ ਦੀ ਮਾਰ ਹੇਠ ਆਏ ਹਨ ਜਿਸ ਵਿੱਚ ਬਰਾਊਨ ਯੂਨੀਵਰਸਿਟੀ 510 ਮਿਲੀਅਨ ਡਾਲਰ, ਕਾਰਨੈਲ਼ ਯੂਨੀਵਰਸਟੀ 1 ਬਿਲੀਅਨ ਡਾਲਰ, ਨਾਰਥ ਵੈਸਟਰਨ ਯੂਨੀਵਰਸਿਟੀ 790 ਮਿਲੀਅਨ, ਪੈਨਸਿਲਵੀਨਿਆ ਦੇ 175 ਮਿਲੀਅਨ ਇਸ ਕਾਰਨ ਰੋਕੇ ਜਾ ਰਹੇ ਹਨ ਕਿਉਂਕਿ ਉਸਨੇ 2022 ਵਿੱਚ ਟਰਾਂਸਜੈਂਡਰ ਦੌੜਾਕ ਦੇ ਖੇਡਾਂ ਵਿੱਚ ਭਾਗ ਲੈਣ ਦਾ ਪੱਖ ਲਿਆ ਸੀ। ਦਰਜਨਾਂ ਹੋਰ ਵਿਦਿਅਕ ਅਦਾਰੇ ਹਨ ਜਿਹਨਾਂ ਨੂੰ ਟਰੰਪ ਪ੍ਰਸ਼ਾਸਨ ਨੇ ਯਹੂਦੀ ਵਿਰੋਧੀ ਗਰਦਾਨਿਆਂ ਹੈ। ਇਹ ਅਦਾਰੇ ਜਾਰਜ ਵਾਸ਼ਿੰਗਟਨ ਡਿਸਟ੍ਰਿਕਟ ਵਿੱਚ ਆਉਂਦੇ ਹਨ ਅਤੇ ਟਰੰਪ ਆਲੋਚਕਾਂ ਦਾ ਮੰਨਣਾ ਹੈ ਇਹਨਾਂ ਨੇ ਡੈਮੋਕਰੇਟਾਂ ਨੂੰ ਵੋਟਾਂ ਪਾਈਆਂ ਸਨ ਜਿਸ ਦਾ ਬਦਲਾ ਲਿਆ ਜਾ ਰਿਹਾ ਹੈ। ਅਲੋਚਕਾਂ ਦਾ ਮੰਨਣਾਂ ਹੈ ਕਿ ਯੂਨੀਵਰਸਿਟੀਆਂ ਉਪਰ ਅਰਥਿਕ ਪਾਬੰਦੀਆਂ ਦਾ ਕਾਰਨ ਕੇਵਲ ਇਜਰਾਈਲ਼ ਦੇ ਫਲਸਤੀਨ ਉੱਪਰ ਹਮਲੇ ਦੇ ਵਿਰੋਧ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਨਹੀਂ ਸਗੋਂ ਰਿਪਬਲਿਕ ਪਾਰਟੀ ਦੀ ਸੋਚ ਦਾ ਯੂਨੀਵਰਸਿਟੀਆਂ ਵਿਚ ਅਕਾਦਮਿਕ ਖੇਮਿਆਂ ਵਿੱਚ ਵਿਰੋਧ ਹੈ ਕਿਉਂਕਿ ਰਿਪਬਲਿਕਨ ਉਚ ਵਿਦਿਅਕ ਅਦਾਰਿਆਂ ਦੀ ਅਕਾਦਮਿਕ ਖੁਲ੍ਹ, ਵੰਨਸੁਵੰਨਤਾ, ਬਰਾਬਰੀ ਅਤੇ ਸਮਾਵੇਸ ਨੂੰ ਬਰਦਾਸ਼ਤ ਨਹੀਂ ਕਰ ਰਹੇ। ਉਹ ਇਸਨੂੰ ਆਪਣੇ ਵਿਚਾਰਾਂ ਦਾ ਦੱਬਿਆ ਜਾਣਾ ਸਮਝਦੇ ਹਨ ਉਹਨਾਂ ਦਾ ਮੰਨਣਾ ਹੈ ਕਿ ਸਿੱਖਿਆ ਦਾ ਮਨੋਰਥ ਮਹਿਜ ਆਰਥਿਕ ਗਤੀਵਿਧੀਆਂ ਵਿੱਚ ਯੋਗਦਾਨ ਯਾਨੀ ਲੋਕਾਂ ਨੂੰ ਛੋਟੇ ਮੋਟੀਆਂ ਨੌਕਰੀਆਂ ਦੇ ਯੋਗ ਬਣਾਉਣਾ ਹੈ। ਇਹੀ ਸਭ ਵਿਚਾਰ ਟਰੰਪ ਪ੍ਰਸ਼ਾਸ਼ਨ ਦੇ ਹਾਰਵਰਡ ਨੂੰ ਲਿਖੇ ਪੱਤਰ ਦਾ ਮੂਲ ਮੁੱਦਾ ਸਨ ਉਨ੍ਹਾਂ ਨੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਅਤੇ ਉਨ੍ਹਾਂ ਦੇ ਖੋਜਾਰਥੀਆਂ ਦੇ ਕੰਮ ਨੂੰ ਰਿਪਬਲਿਕਨ ਵਿਚਾਰਾਂ ਦੇ ਹਾਮੀ ਨਾ ਹੋਣ ਨੂੰ ਉਹਨਾਂ ਦੀ ਕਮੀ ਦੱਸਿਆ ਸੀ । ਹਾਰਵਰਡ ਯੂਨੀਵਰਸਿਟੀ ਨੇ ਦਬਾਅ ਅੱਗੇ ਨਾ ਝੁਕਦੇ ਹੋਏ ਖ਼ੁੱਲ੍ਹੀ ਵਿਰੋਧਤਾ ਦਿਖਾਈ ਉਸਨੇ ਆਪਣੇ ਕਿਸੇ ਵੀ ਵਿਦਿਅਕ ਪ੍ਰੋਗਰਾਮ ਅਤੇ ਡਿਪਾਰਟਮੈਂਟ ਦੇ ਯਹੂਦੀ ਵਿਰੋਧੀ ਹੋਣ ਸਬੰਧੀ ਕਿਸੇ ਬਾਹਰਲੀ ਏਜੰਸੀ ਦੁਆਰਾ ਜਾਂਚ ਨੂੰ ਠੁਕਰਾਇਆ ਹੈ। ਜਦਕਿ ਟਰੰਪ ਪ੍ਰਸ਼ਾਸ਼ਨ ਫੈਕਲਟੀ ਅਤੇ ਵਿਦਿਆਰਥੀਆਂ ਦੁਆਰਾ ਨਿਯਮਾਂ ਦੀ ਉਲੰਘਨਾਂ ਯਾਨੀ ਸਰਕਾਰ ਤੋਂ ਵੱਖਰੇ ਵਿਚਾਰਾਂ ਨੂੰ ਰਿਪੋਰਟ ਕਰਵਾਉਣਾ ਚਾਹੁੰਦੀ ਸੀ। ਜਿਸ ਦੇ ਜਵਾਬ ਵਿੱਚ ਯੂਨੀਵਰਸਿਟੀ ਦੇ ਪ੍ਰੈਜੀਡੈਂਟ ਐਲਨ ਐਮ ਗਾਰਬਰ ਨੇ ਕਿਹਾ ਹੈ ਕਿ ਉਹ ਆਪਣੀ ਆਜ਼ਾਦੀ ਅਤੇ ਸੰਵਿਧਾਨਕ ਹੱਕਾਂ ਦਾ ਸਮਰਪਣ ਨਹੀਂ ਕਰਨਗੇ। ਹਾਰਵਰਡ ਟਰੰਪ ਪ੍ਰਸ਼ਾਸ਼ਨ ਖਿਲਾਫ ਕੇਸ ਕਰਨ ਵਾਲੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ ਆਪਣੇ ਕੇਸ ਵਿੱਚ ਇਸਨੇ ਟਰੰਪ ਪ੍ਰਸ਼ਾਸ਼ਨ ਨੂੰ ਫੈਡਰਲ ਤਰੀਕਿਆਂ ਅਤੇ ਫਸਟ ਅਮੈਂਡਮੈਂਟ ਦੀ ਉਲੰਘਣਾ ਕਰਨ ਵਾਲੇ ਕਿਹਾ ਹੈ। ਦੂਜੇ ਪਾਸੇ ਕੋਲ਼ੰਬੀਆ ਯੂਨੀਵਰਸਿਤੀ ਆਪਣੀ 400 ਮਿਲੀਅਨ ਦੀ ਗਰਾਂਟ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵਿੱਚ ਮੱਧ ਪੂਰਬੀ ਖੋਜ ਅਤੇ ਅਫਰੀਕਨ ਸਟੱਡੀਜ਼ ਡਿਪਾਰਟਮੈਂਟ ਦੇ ਖੋਜ ਕਾਰਜਾਂ ਤੇ ਨਜ਼ਰਸਾਨੀ ਕਰਨ ਦੀ ਹਾਮੀ ਭਰੀ ਹੈ ਅਤੇ ਨਾਲ ਹੀ ਆਪਣੇ ਕੈਂਪਸ ਦੀ ਸੁਰੱਖਿਆ ਜਿਸ ਦਾ ਮਤਲਬ ਹੈ ਜੰਗ ਵਿਰੋਧੀ ਪ੍ਰਦਰਸ਼ਨਾਂ ਤੇ ਸਖਤੀ ਵਰਤਣ ਦਾ ਭਰੋਸਾ ਦਿੱਤਾ ਹੈ। ਇਹ ਯੂਨੀਵਰਸਿਟੀਆਂ ਦੇ ਫੰਡ ਤੇ ਰੋਕ ਨਹੀਂ ਸਗੋਂ ਉਨ੍ਹਾਂ ਦੇ ਅਕਾਦਮਿਕ ਕੰਮਾਂ ਵਿੱਚ ਦਖਲ ਦੇ ਕੇ ਆਪਣੇ ਵਿਰੋਧੀ ਵਿਚਾਰਾਂ ਨੂੰ ਦਬਾਉਣ ਦਾ ਇਰਾਦਾ ਹੈ। ਟਰੰਪ ਦੀਆਂ ਨੀਤੀਆਂ ਅਤੇ ਉਸਦੇ ਬੜਬੋਲੇ ਅਤੇ ਤਰਕ ਵਿਹੂਣੇ ਫੈਸਲੇ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਉਪਰ ਵੀ ਅਸਰ ਅੰਦਾਜ਼ ਹੋ ਰਹੇ ਹਨ ਇਸ ਕਾਰਨ ਯੈਲ ਯੂਨੀਵਰਸਿਟੀ ਦੇ ਪ੍ਰੋਫੈਸਰ ਜਾਨਸਨ ਸਟੈਨਲੇ ਜਿਹੜੇ ਕਿ ਜਰਮਨ ਜ਼ਹੂਦੀ ਪਰਿਵਾਰ ਵਿਚੋਂ ਹਨ ਜਿਹੜਾ ਹਿਟਲਰ ਦੇ ਹੋਲੋਕਾਸਟ ਤੋਂ ਬਚ ਗਏ ਸਨ। ਉਹ ਹੁਣ ਫਿਲਾਸਫੀ ਦੇ ਪ੍ਰੋਫੈਸਰ ਹਨ ਅਤੇ ਫਾਸ਼ੀਵਾਦ ਖੋਜ ਮਾਹਿਰ ਹਨ ਉਹਨਾਂ ਇਸੇ ਵਿਸ਼ੇ ਤੇ ਕਿਤਾਬਾਂ ਲਿਖੀਆਂ ਹਨ ਨੂੰ ਲਗਦਾ ਹੈ ਕਿ ਟਰੰਪ ਦਾ ਰੁਖ਼ ਅੰਤਰਰਾਸ਼ਟਰੀ ਗੈਰ ਕਾਨੂੰਨੀ ਇਮੀਗਰੈਂਟਸ ਨੂੰ ਦੇਸ਼ ਨਿਕਾਲਾ ਦੇਣ ਦੇ ਸ਼ੁਰੂਆਤੀ ਹਮਲਿਆਂ ਤੱਕ ਹੀ ਸੀਮਤ ਨਹੀਂ ਰਹੇਗਾ ਉਹ ਆਪਣੇ ਵਿਚਾਰਧਾਰਕ ਵਿਰੋਧੀਆਂ ਤੇ ਹਮਲੇ ਤੇਜ ਕਰੇਗਾ ਅਤੇ



ਇਸਦੀ ਲਪੇਟ ਵਿਚ ਅਕਾਦਮਿਕ ਹਸਤੀਆਂ ਵੀ ਆਉਣਗੀਆਂ ਜਿਹੜੀਆਂ ਉਸਦੇ ਵਿਰੋਧ ਵਿਚ ਖੜ੍ਹਣਗੀਆਂ ਇਸ ਲਈ ਉਸਨੇ ਆਪਣੇ ਅਤੇ ਆਪਣੇ ਸਿਆਹਫਾਮ ਪੁੱਤਰਾਂ ਲਈ ਫ਼ਿਕਰਮੰਦ ਹੁੰਦੇ ਹੋਏ ਟੋਰਾਂਟੋ ਯੂਨੀਵਰਸਿਟੀ ਦੇ ਮੂਨਕ ਸਕੂਲ ਆਫ ਗਲੋਬਲ ਅਫੈਰਸ ਪੋਲਿਸੀਜ਼ ਵਿੱਚ ਖੋਜ ਕਾਰਜ ਦੀ ਨੌਕਰੀ ਲੱਭ ਲਈ ਹੈ ਅਤੇ ਉਸਨੂੰ ਲਗਦਾ ਹੈ ਕਿ ਅਜਿਹਾ ਭਵਿੱਖ ਵਿਚ ਹੋਰਨਾਂ ਵਿਅਕਤੀਆਂ ਦੇ ਅਜਿਹਾ ਕਰਨ ਤੋਂ ਪਹਿਲਾਂ ਕਰ ਲੈਣਾ ਉਚਿਤ ਹੈ ਜਦੋਂ ਟਰੰਪ ਦੇ ਦਬਾਅ ਕਾਰਨ ਬੁੱਧੀਜੀਵੀ ਦੇਸ਼ ਚੋਂ ਪਲਾਇਨ ਕਰਨਗੇ। ਉਸਨੂੰ ਟਰੰਪ ਦਾ ਵਿਦਿਆਰਥੀਆਂ ਦੇ ਜੰਗ ਵਿਰੋਧੀ ਪ੍ਰਦਰਸ਼ਨਾਂ ਨੂੰ ਯਹੂਦੀ ਵਿਰੁੱਧ ਹੋਣ ਦਾ ਪ੍ਰਚਾਰ ਗਲਤ ਲਗਦਾ ਹੈ ਅਤੇ ਉਸਨੂੰ ਟਰੰਪ ਦਾ ਇਹ ਯਹੂਦੀ ਪ੍ਰੇਮ ਖੋਖਲਾ ਨਜ਼ਰ ਆਉਂਦਾ ਹੈ ਕਿਉਂਕਿ ਪ੍ਰੋ. ਸਟੈਨਲੇ ਨੂੰ ਟਰੰਪ ਵਿਚ ਫਾਸ਼ੀਵਾਦੀ ਰੁਚੀਆਂ ਨਜਰ ਆਉਂਦੀਆਂ ਹਨ। ਉਹ ਕਹਿੰਦਾ ਹੈ ਕਿ ਟਰੰਪ ਦੇ ਫਾਸ਼ੀਵਾਦ ਦਾ ਠੀਕਰਾ ਯਹੂਦੀਆਂ ਸਿਰ ਭੰਨਿਆਂ ਜਾਵੇਗਾ (ਜਦਕਿ ਟਰੰਪ ਦਾ ਝੁਕਾਅ ਇਸਾਈਆਂ ਵੱਲ ਹੀ ਹੈ) ਅਤੇ ਇਹ ਖਦਸ਼ਾ ਇਤਿਹਾਸਿਕ ਤੌਰ ਤੇ ਕਿਸੇ ਵੀ ਕੌਮ ਲਈ ਭਾਰੀ ਪੈਂਦਾ ਹੈ ਜਿਸ ਦੇ ਮੋਢੇ ਚੜ੍ਹ ਫਾਸ਼ੀਵਾਦ ਆਪਣੇ ਰੱਥ ਦੌੜਾਉਂਦਾ ਹੈ । ਜਿਸ ਨਾਲ ਵਿਚਾਰਾਂ ਦੀ ਵੰਨ ਸੁਵੰਨਤਾ ਭੰਗ ਕਰਨ ਦੇ ਨਾਲ ਸਮਾਜਿਕ ਤਣਾਅ ਪੈਦਾ ਕਰਦੇ ਹੋਏ ਆਪਣੇ ਹਿੱਤ ਸਾਧੇ ਜਾਂਦੇ ਹਨ।

ਪ੍ਰੋਫੈਸਰ ਜਾਨਸਨ ਸਟੈਨਲੇ ਨੂੰ ਅੱਜ ਦੇ ਦੌਰ ਅਕਾਦਮਿਕ ਹਲਕਿਆਂ ਦੇ ਹਾਲਾਤ ਨੂੰ 1930ਵੇਂ ਦੇ ਨਾਲ ਮਿਲਦੇ ਲਗਦੇ ਹਨ ਜਦੋਂ ਇਟਲੀ ਦੇ ਫਾਸ਼ੀਵਾਦੀ ਮੁਸੋਲਿਨੀ ਨੇ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਨੂੰ ਆਪਣੇ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁਕਾਈ ਸੀ। ਉਸਦਾ ਮੰਨਣਾ ਹੈ ਕਿ ਯੂਨੀਵਰਸਿਟੀਆਂ ਦੇ ਵਿਦਿਆਰਥੀ ਅਤੇ ਖੋਜਾਰਥੀ ਹੀ ਸਭ ਤੋਂ ਪਹਿਲਾਂ ਇਸ ਹਮਲੇ ਦਾ ਸ਼ਿਕਾਰ ਹੁੰਦੇ ਹਨ। ਇਸ ਵਾਰ ਵਿਦਿਆਰਥੀਆਂ ਦੇ ਜੰਗ ਵਿਰੋਧੀ ਪ੍ਰਦਰਸ਼ਨਾਂ ਨੂੰ ਮੀਡੀਆ ਦੀ ਸਹਾਇਤਾ ਨਾਲ ਗਲਤ ਪੇਸ਼ ਕਰਕੇ ਇਸ ਹਮਲੇ ਨਾਲ ਯੂਨੀਵਰਸਿਟੀਆਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿਚ ਇਹ ਹਮਲੇ ਵਧਣ ਦੀ ਹੀ ਸੰਭਾਵਨਾ ਹੈ । ਵਿਦਿਅਕ ਅਦਾਰਿਆਂ ਦੀ ਭਰੋਸਯੋਗਤਾ ਤੇ ਸਵਾਲ ਉਠਾਉਣ ਵਾਲੇ ਸਰਵੇ (gallop.com survey) ਵੀ ਸਾਹਮਣੇ ਲਿਆਂਦੇ ਜਾ ਰਹੇ ਹਨ ਜਿਹਨਾਂ ਅਨੁਸਾਰ ਹਰ ਤੀਜਾ ਅਮਰੀਕੀ ਉੱਚ ਵਿਦਿਆ ਵਿੱਚ ਵਿਸ਼ਵਾਸ਼ ਦੀ ਘਾਟ ਦਿਖਾ ਰਿਹਾ ਹੈ। ਇਹ ਗਿਣਿਆ ਏਜੰਡਾ ਹੈ ਕਿ ਸੋਚ ਵਿਚਾਰ ਅਤੇ ਖੋਜ ਦੇ ਕੇਂਦਰਾਂ ਦੀ ਸਾਖ ਅਤੇ ਲੋੜ ਨੂੰ ਖਤਮ ਕਰਕੇ ਆਮ ਲੋਕਾਂ ਨੂੰ ਕੇਵਲ ਰੁਜ਼ਗਾਰ ਜਾਂ ਗੁਜਰ ਬਸਰ ਕਰਨ ਵਾਲੀ ਸੋਚ ਤੱਕ ਸੀਮਤ ਰੱਖਿਆ ਜਾਵੇ। ਹਾਰਵਰਡ ਦੇ ਅਜੇ ਤੱਕ ਨਾ ਝੁਕਣ ਨਾ ਦਬਣ ਦੇ ਰੁੱਖ ਨੇ ਆਸ ਬਚਾਈ ਹੈ ਕਿ ਯੂਨੀਵਰਸਿਟੀਆਂ ਸ਼ਾਇਦ ਬਿਨਾਂ ਵਿਰੋਧ ਦੇ ਨਤਮਸਤਕ ਨਹੀਂ ਹੋਣਗੀਆਂ। ਖੋਜ ਸੰਸਥਾਨ ਅਤੇ ਵਿਦਿਅਕ ਅਦਾਰੇ ਟੈਲੇਂਟ ਅਤੇ ਵਿਚਾਰਾਂ ਦੀ ਖੁੱਲ੍ਹ ਵਾਲੇ ਖੋਜ ਕਾਰਜਾਂ ਲਈ ਨੌਜਵਾਨਾਂ ਨੂੰ ਸਥਾਨ ਦਿੰਦੇ ਰਹਿਣਗੇ ।

**'ਨੈਸ਼ਨਲ ਇੰਡੀਜੀਨਸ ਪੀਪਲਸ ਡੇਅ' 'ਤੇ ਵਿਸ਼ੇਸ਼**

# ਕੈਨੇਡਾ ਧਰਤੀ ਦੇ ਮੂਲਨਿਵਾਸੀ ਲੋਕਾਂ ਦੀ ਸਭਿਆਚਾਰਕ ਪਛਾਣ ਖ਼ਤਰੇ ਵਿੱਚ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਕੈਨੇਡਾ ਵਿੱਚ ਹਰ ਸਾਲ 21 ਜੂਨ ਨੂੰ 'ਨੈਸ਼ਨਲ ਇੰਡੀਜੀਨਸ ਪੀਪਲਸ ਡੇਅ' ਮਨਾ ਕੇ ਇਥੋਂ ਦੇ ਮੂਲਨਿਵਾਸੀ ਲੋਕਾਂ ਪ੍ਰਤੀ ਇੱਜ਼ਤ ਦਾ ਇਜ਼ਹਾਰ ਕਤਿਾ ਜ਼ਾਂਦਾ ਹੈ। ਕੈਨੇਡਾ ਦੀ ਧਰਤੀ ਦੇ ਇਨ੍ਹਾਂ ਅਸਲ ਨਿਵਾਸੀਆਂ ਦੇ ਸੱਭਿਆਚਾਰ ਅਤੇ ਸਮੱਸਿਆਵਾਂ ਨੂੰ ਪਛਾਣਨ ਲਈ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਨ੍ਹਾਂ ਲੋਕਾਂ ਨੇ ਬਸਤੀਵਾਦੀ ਹਮਲਾਵਰਾਂ ਦੇ ਹੱਥੋਂ ਨਾ ਸਿਰਫ਼ ਆਪਣੀਆਂ ਜ਼ਮੀਨਾਂ ਗੁਆ ਲਈਆਂ ਸਗੋਂ ਆਪਣੀਆਂ ਸੱਭਿਆਚਾਰਕ ਜੜ੍ਹਾਂ ਵੀ ਗੁਆ ਦਿੱਤੀਆਂ। ਇਸ ਦੇਸ਼ ਦੇ ਮੌਜੂਦਾ ਪਰਵਾਸੀ ਲੋਕ ਇਸ ਤੱਥ ਨੂੰ ਭੁੱਲ ਗਏ ਕਿ ਇਹ ਧਰਤੀ ਕਿਸੇ ਸਮੇਂ ਇਨ੍ਹਾਂ ਮੂਲਨਿਵਾਸੀ ਕੌਮਾਂ ਦੀ ਸੀ ਜੋ ਹੁਣ ਪਰਵਾਸੀਆਂ ਦੀ ਧਰਤੀ ਵਿੱਚ ਬਦਲ ਗਈ ਹੈ, ਇਸੇ ਧਰਤੀ 'ਤੇ ਵਸੇ ਇਸ ਦੇਸ਼ ਦਾ ਨਾਮ ਹੁਣ ਕੈਨੇਡਾ ਹੈ। ਜੇਕਰ ਅਸੀਂ ਇਸ ਵਿੱਚ ਰਹਿ ਰਹੇ ਹਾਂ, ਤਾਂ ਸਵਦੇਸ਼ੀ ਲੋਕਾਂ ਅਤੇ ਉਨ੍ਹਾਂ ਦੇ ਸੱਭਿਆਚਾਰ ਨੂੰ ਜਾਣਨਾ ਅਤੇ ਇੱਜ਼ਤ ਕਰਨਾ ਸਾਡਾ ਫ਼ਰਜ਼ ਬਣਦਾ ਹੈ। ਅਤੀਤ ਵਿੱਚ ਬਸਤੀਵਾਦੀ ਯੂਰੋਪਿਅਨ ਲੋਕਾਂ ਦੇ ਹੱਥੋਂ ਇਸ ਲੋਕਾਂ 'ਤੇ ਬਹੁਤ ਵਧੀਕੀਆਂ ਹੋਈਆਂ ਹਨ, ਇਨ੍ਹਾਂ ਦੇ ਪੁਰਾਣੇ ਜ਼ਖ਼ਮਾਂ ਨੂੰ ਭਰਨ ਲਈ ਸਾਨੂੰ ਉਨ੍ਹਾਂ ਨਾਲ ਹਮਦਰਦੀ ਰੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਆਪਣੇ ਸੱਭਿਆਚਾਰ ਵਿੱਚ ਅਸਲ ਸਤਿਕਾਰ ਅਤੇ ਭਾਗੀਦਾਰੀ ਦੀ ਲੋੜ ਹੈ। ਸਾਨੂੰ ਉਨ੍ਹਾਂ ਦੀ ਹੋਂਦ ਦੇ ਅਧਿਕਾਰਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸੱਭਿਆਚਾਰਕ ਵਿਰਾਸਤ ਦੀ ਪਛਾਣ ਵਿੱਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ।

ਮੂਲਨਿਵਾਸੀ ਲੋਕ ਮੁੱਢਕਦੀਮ ਤੋਂ ਹੀ ਕੈਨੇਡਾ ਦੀ ਧਰਤੀ ਦੇ ਵਸਨੀਕ ਹਨ। ਯੂਰਪੀਅਨਾਂ ਦੇ ਉੱਤਰੀ ਅਮਰੀਕਾ ਵਿੱਚ ਆਉਣ ਤੋਂ ਪਹਿਲਾਂ ਉਨ੍ਹਾਂ ਦੀਆਂ ਬਕਾਇਦਾ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਕ ਪ੍ਰਣਾਲੀਆਂ ਸਨ ਬਾਅਦ ਵਿੱਚ ਕਾਬਜ਼ ਬਸਤੀਵਾਦ ਅਤੇ ਗੋਰਿਆਂ ਨੇ ਹਕੂਮਤੀ ਪ੍ਰਬੰਧਾਂ ਨਾਲ, ਉਨ੍ਹਾਂ ਦੇ ਜੀਵਨ ਦੇ ਰਵਾਇਤੀ ਸਵਦੇਸ਼ੀ ਢੰਗਾਂ ਨੂੰ ਜ਼ੋਰ-ਜ਼ਬਰੀ ਹਮੇਸ਼ਾ ਲਈ ਬਦਲ ਦਿੱਤਾ। ਆਪਣੇ ਬਸਤੀਵਾਦੀ ਅਭਿਆਸਾਂ ਅਤੇ ਨੀਤੀਆਂ, ਜਿਵੇਂ ਕਿ ਇੰਡੀਅਨ ਐਕਟ, ਪਾਸ ਪ੍ਰਣਾਲੀ, ਰਿਜ਼ਰਵ ਅਤੇ ਰਿਹਾਇਸ਼ੀ ਸਕੂਲ, ਆਦਿਵਾਸੀ ਲੋਕਾਂ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਇਹਨਾਂ ਨੇ ਮੂਲਨਿਵਾਸੀ ਲੋਕਾਂ ਦੀਆਂ ਮੌਜੂਦਾ ਪੀੜ੍ਹੀਆਂ ਦੇ ਸਭਿਆਚਾਰ ਉੱਤੇ ਇਤਿਹਾਸਕ ਅਤੇ ਨਿਰੰਤਰ ਗੰਭੀਰ ਪ੍ਰਭਾਵ ਪਾਇਆ ਹੈ।

ਕੈਨੇਡਾ ਵਿੱਚ ਇੰਡੀਜੀਨਸ ਲੋਕ (ਜਾਂ ਮੂਲਨਿਵਾਸੀ ਲੋਕ) ਸ਼ਬਦ ਫਸਟ ਨੇਸ਼ਨਜ਼, ਮੈਟਿਸ ਅਤੇ ਇਨੂਇਟ ਲੋਕਾਂ ਨੂੰ ਦਰਸਾਉਂਦਾ ਹੈ। ਇਹ ਇਸ ਧਰਤੀ ਦੇ ਮੂਲ ਵਾਸੀ ਹਨ ਜੋ ਹੁਣ ਕੈਨੇਡਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਟੈਟਿਸਟਿਕਸ ਕੈਨੇਡਾ ਦੁਆਰਾ 2021 ਦੀ ਮਰਦਮਸ਼ੁਮਾਰੀ ਵਿੱਚ, ਕੈਨੇਡਾ ਵਿੱਚ 1.8 ਮਿਲੀਅਨ ਤੋਂ ਵੱਧ ਲੋਕਾਂ ਦੀ ਪਛਾਣ ਸਵਦੇਸ਼ੀ ਵਜੋਂ ਹੋਈ, ਜੋ ਰਾਸ਼ਟਰੀ ਆਬਾਦੀ ਦਾ 5 ਪ੍ਰਤੀਸ਼ਤ ਬਣਦੇ ਹਨ। ਹਾਲਾਂਕਿ ਅਤੀਤ ਵਿੱਚ ਬਸਤੀਵਾਦੀ ਤਾਕਤਾਂ ਦੁਆਰਾ, ਇਨ੍ਹਾਂ ਨੂੰ ਬੁਰੀ ਤਰ੍ਹਾਂ ਦਬਾਇਆ ਗਿਆ ਸੀ ਅਤੇ ਕੁਝ ਮਾਮਲਿਆਂ ਵਿੱਚ ਤਾਂ ਕੁਝ ਲੋਕ ਸਮੂਹਾਂ ਨੂੰ ਖ਼ਤਮ ਵੀ ਕਰ ਦਿੱਤਾ ਗਿਆ ਸੀ। ਇਨ੍ਹਾਂ ਨੇ ਬਾਹਰੋਂ ਆਏ ਯੂਰੋਪੀਅਨਾਂ ਨੂੰ ਇਸ ਬਰਫੀਲੀ ਧਰਤੀ ਦੇ ਪੌਣਪਾਣੀ ਵਿੱਚ ਵਸਣ ਲਈ ਜੀਵਨ-ਜਾਚ ਦਾ ਤਰੀਕਾ ਵੀ ਸਿਖਾਇਆ ਸਵਦੇਸ਼ੀ ਸੱਭਿਆਚਾਰ, ਭਾਸ਼ਾ ਅਤੇ ਸਮਾਜਿਕ ਪ੍ਰਣਾਲੀਆਂ ਨੇ, ਕੈਨੇਡਾ ਦੇ ਵਿਕਾਸ ਵਿੱਚ ਬਹੁਤ ਹਿੱਸਾ ਪਾਇਆ ਹੈ ਅਤੇ ਅਤਿਅੰਤ ਮੁਸ਼ਕਲਾਂ ਦੇ ਬਾਵਜੂਦ ਵੀ ਆਪਣੇ ਸਭਿਆਚਾਰ ਪਛਾਣ ਨੂੰ ਬਚਾਈ ਰੱਖਣ ਦੀ ਕੋਸ਼ਿਸ਼ ਕੀਤੀ ।

ਕੈਨੇਡਾ ਵਿੱਚ ਇੰਡੀਜੀਨਸ ਲੋਕਾਂ ਦੀਆਂ ਪ੍ਰਮੁੱਖ ਤਿੰਨ ਸ਼੍ਰੇਣੀਆਂ ਹਨ: ਇਨੂਇਟ, ਮੈਟਿਸ ਅਤੇ ਫਸਟ ਨੇਸ਼ਨਜ਼। ਇਨੂਇਟ ਮੁੱਖ ਤੌਰ 'ਤੇ ਕੈਨੇਡਾ ਦੇ ਉੱਤਰੀ ਖੇਤਰਾਂ ਵਿੱਚ ਵਸਦੇ ਹਨ। ਉਨ੍ਹਾਂ ਦੇ ਵਤਨ ਨੂੰ 'ਇਨੂਇਟ ਨੂਨੰਗਟ' ਵਜੋਂ ਜਾਣਿਆ ਜਾਂਦਾ ਹੈ, ਜਿਸ ਆਰਕਟਿਕ ਖੇਤਰ ਵਿੱਚ ਬਹੁਤ ਸਾਰੀ ਜ਼ਮੀਨ, ਪਾਣੀ ਅਤੇ ਬਰਫ਼ ਸ਼ਾਮਲ ਹੈ। 'ਮੈਟਿਸ' ਲੋਕ ਮਿਸ਼ਰਤ ਯੂਰਪੀਅਨ ਅਤੇ ਸਵਦੇਸ਼ੀ ਵੰਸ਼ ਦੇ ਹਨ ਅਤੇ ਜ਼ਿਆਦਾਤਰ ਪ੍ਰੇਰੀਜ਼ ਪ੍ਰਾਂਤਾਂ ਅਤੇ ਓਨਟਾਰੀਓ ਵਿੱਚ ਰਹਿੰਦੇ ਹਨ, ਪਰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਹਨ। 'ਫਸਟ ਨੇਸ਼ਨਜ਼' ਦੇ ਲੋਕ, ਅਕਸਰ ਆਰਕਟਿਕ ਖੇਤਰ ਦੇ ਦੱਖਣ ਦੇ ਖੇਤਰਾਂ 'ਤੇ ਕਬਜ਼ਾ ਕਰਦੇ ਹਨ।

ਫੈਡਰਲ ਸਰਕਾਰ ਦੁਆਰਾ ਇੰਡੀਅਨ ਐਕਟ ਕਾਨੂੰਨ ਸਥਾਪਿਤ ਕੀਤਾ ਗਿਆ ਹੈ, ਇਹ ਉਹ ਪ੍ਰਮੁੱਖ ਕਾਨੂੰਨ ਹੈ, ਜਿਸ ਰਾਹੀਂ ਸੰਘੀ ਸਰਕਾਰ ਆਦਿਵਾਸੀ ਮਾਮਲਿਆਂ ਨਾਲ ਸਬੰਧਤ ਕਈ ਤਰ੍ਹਾਂ ਦੇ ਮੁੱਦਿਆਂ ਦਾ ਪ੍ਰਬੰਧਨ ਕਰਦੀ ਹੈ। ਇਹ ਐਕਟ ਸਵਦੇਸ਼ੀ ਲੋਕਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਦਾ ਹੈ: ਸਟੇਟਸ ਇੰਡੀਅਨ ਅਤੇ ਗੈਰ-ਸਟੇਟਸ ਇੰਡੀਅਨ। ਸਟੇਟਸ ਇੰਡੀਅਨ ਉਹ ਵਿਅਕਤੀ ਹੁੰਦੇ ਹਨ ਜੋ ਇੰਡੀਅਨ ਰਜਿਸਟਰ ਵਿੱਚ ਸੂਚੀਬੱਧ ਹੁੰਦੇ ਹਨ ਅਤੇ ਉਹਨਾਂ ਨੂੰ ਪਛਾਣ ਪੱਤਰ (ਸਟੇਟਸ ਕਾਰਡ ਵਜੋਂ ਜਾਣਿਆ ਜਾਂਦਾ ਹੈ) ਜਾਰੀ ਕੀਤਾ ਜਾਂਦਾ ਹੈ ਜਿਸ ਵਿੱਚ ਉਹਨਾਂ ਦੀ ਪਛਾਣ, ਬੈਂਡ ਅਤੇ ਰਜਿਸਟ੍ਰੇਸ਼ਨ ਨੰਬਰ ਬਾਰੇ ਜਾਣਕਾਰੀ ਹੁੰਦੀ ਹੈ। ਗੈਰ-ਸਟੇਟਸ ਇੰਡੀਅਨ ਉਹ ਮੂਲਨਿਵਾਸੀ ਲੋਕ ਹਨ ਜੋ ਫੈਡਰਲ ਸਰਕਾਰ ਨਾਲ ਰਜਿਸਟਰਡ ਨਹੀਂ ਹਨ। ਕੈਨੇਡਾ ਵਿੱਚ ਸਾਰੇ ਮੂਲਨਿਵਾਸੀ ਲੋਕ ਸੰਵਿਧਾਨ ਐਕਟ, 1982 ਦੀ ਧਾਰਾ 35 ਦੁਆਰਾ ਸੁਰੱਖਿਅਤ ਹਨ, ਜੋ ਸਵਦੇਸ਼ੀ ਅਧਿਕਾਰਾਂ ਨੂੰ ਸ਼ਾਮਲ ਕਰਦਾ ਹੈ। ਸਵਦੇਸ਼ੀ ਲੋਕਾਂ ਦੇ ਮਾਮਲਿਆਂ ਲਈ ਜ਼ਿੰਮੇਵਾਰ ਫੈਡਰਲ ਸਰਕਾਰ ਦੇ ਵਿਭਾਗ ਹਨ- 'ਕ੍ਰਾਊਨ-ਇੰਡੀਜੀਨਸ ਰਿਲੇਸ਼ਨਜ਼' ਅਤੇ 'ਨਾਰਦਰਨ ਅਫੇਅਰਜ਼ ਐਂਡ ਇੰਡੀਜੀਨਸ ਸਰਵਿਸਿਜ਼'।

2021 ਦੀ ਮਰਦਮਸ਼ੁਮਾਰੀ ਵਿੱਚ, ਕੈਨੇਡਾ ਵਿੱਚ 1,807,250 ਲੋਕਾਂ ਦੀ ਪਛਾਣ ਸਵਦੇਸ਼ੀ ਵਜੋਂ ਹੋਈ, ਜੋ ਕਿ ਰਾਸ਼ਟਰੀ ਆਬਾਦੀ ਦਾ 5 ਪ੍ਰਤੀਸ਼ਤ ਬਣਦੇ ਹਨ। ਫਸਟ ਨੇਸ਼ਨਜ਼ ਦੀ ਆਬਾਦੀ 1,048,405 ਸੀ, ਮੈਟਿਸ ਦੀ ਆਬਾਦੀ 624,220 ਸੀ, ਅਤੇ ਇਨੂਇਟ ਦੀ ਆਬਾਦੀ 70,545 ਤੱਕ ਪਹੁੰਚ ਗਈ ਸੀ। ਸਰਕਾਰੀ ਅੰਕੜਿਆਂ ਮੁਤਾਬਿਕ, ਕੈਨੇਡਾ ਵਿੱਚ ਇੰਡੀਜੀਨਸ ਆਬਾਦੀ ਲਗਾਤਾਰ ਵਧ ਰਹੀ ਹੈ; 2006 ਅਤੇ 2016 ਦੇ ਵਿਚਕਾਰ, ਇਹ 42.5 ਪ੍ਰਤੀਸ਼ਤ ਵਧਿਆ ਹੈ, ਜੋ ਕਿ ਗੈਰ-ਆਵਾਸੀ ਆਬਾਦੀ ਦੀ ਵਿਕਾਸ ਦਰ ਤੋਂ ਚਾਰ ਗੁਣਾ ਵੱਧ ਹੈ। 2016 ਤੋਂ 2021 ਤੱਕ, ਆਦਿਵਾਸੀਆਂ ਦੀ ਆਬਾਦੀ 9.4 ਪ੍ਰਤੀਸ਼ਤ ਵਧੀ ਹੈ। ਕੁਝ ਮਾਹਿਰਾਂ ਮੰਨਦੇ ਹਨ ਕਿ ਅੰਕੜਿਆਂ ਦੀ ਗਿਣਤੀ ਵਿੱਚ ਵਾਧਾ ਇਸ ਕਰਕੇ ਵੀ ਹੈ ਕਿਉਂਕਿ ਸਰਕਾਰੀ ਪ੍ਰੋਗਰਾਮਾਂ ਦੁਆਰਾ ਦੂਰ-ਦੁਰਾਡੇ ਦੇ ਲੋਕ ਸਮੂਹ ਲੱਭਕੇ ਸੂਚੀਦਰਜ਼ ਕੀਤੇ ਜਾ ਰਹੇ ਹਨ।

ਅਤੀਤ ਵਿੱਚ, ਬਹੁਤ ਸਾਰੇ ਮੂਲਨਿਵਾਸੀ ਨੈਸ਼ਨਸ ਨੇ ਬ੍ਰਿਟਿਸ਼ ਕਰਾਊਨ ਨਾਲ ਸੰਧੀਆਂ 'ਤੇ ਹਸਤਾਖਰ ਕੀਤੇ ਹਨ। ਇਨ੍ਹਾਂ ਸਮਝੌਤਿਆਂ ਨੇ ਸਾਲਾਨਾ ਅਦਾਇਗੀਆਂ ਅਤੇ ਹੋਰ ਲਾਭਾਂ ਦੇ ਬਦਲ ਵਿੱਚ ਸਵਦੇਸ਼ੀ ਜ਼ਮੀਨਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਹੈ। ਸੰਧੀਆਂ ਮੂਲਵਾਸੀ ਲੋਕਾਂ ਅਤੇ ਕੈਨੇਡਾ ਵਿਚਕਾਰ ਗੱਠਜੋੜ ਦਾ ਸੰਵਿਧਾਨਕ ਅਤੇ ਨੈਤਿਕ ਆਧਾਰ ਬਣਾਉਂਦੀਆਂ ਹਨ। ਬਸਤੀਵਾਦੀ ਹਕੂਮਤਾਂ ਦੀਆਂ ਨੀਤੀਆਂ ਵਿੱਚ ਪੱਖਪਾਤ, ਨਸਲਵਾਦ, ਅਲੱਗ-ਥਲੱਗ ਕਰਨ ਦੀਆਂ ਕਾਰਵਾਈਆਂ, ਜ਼ਮੀਨ ਦੀ ਘਾਟ, ਭੋਜਨ ਸਰੋਤਾਂ ਅਤੇ ਜਨਤਕ ਸੇਵਾਵਾਂ ਦੀ ਘਾਟ ਦੇ ਨਾਲ ਦਿੱਤੀ ਜਾਂਦੀ ਰਹੀਆਂ ਹਨ। ਸਵਦੇਸ਼ੀ ਲੋਕ ਦੀਆਂ, ਸਮਾਜਿਕ-ਆਰਥਿਕ ਸਥਿਤੀਆਂ ਸੱਭਿਆਚਾਰਕ ਪਰੰਪਰਾਵਾਂ, ਸਮਾਜਿਕ ਅਸਮਾਨਤਾਵਾਂ, ਪੱਖਪਾਤ ਅਤੇ ਵਿਤਕਰੇ ਦੁਆਰਾ ਪ੍ਰਭਾਵਿਤ ਹੋਈਆਂ ਹਨ। ਇਸ ਗੱਲ ਨੇ ਆਦਿਵਾਸੀ ਲੋਕਾਂ ਦੀ ਸਿਹਤ ਅਤੇ ਸਮਾਜਿਕ-ਆਰਥਿਕ ਤੰਦਰੁਸਤੀ 'ਤੇ ਵਿਨਾਸ਼ਕਾਰੀ ਨਤੀਜੇ ਪਾਏ। ਸਮਾਜਿਕ-ਆਰਥਿਕ ਸਥਿਤੀਆਂ ਨੇ ਲੋਕਾਂ ਦੇ ਰਹਿਣ ਸਹਿਣ ਨੂੰ ਪ੍ਰਭਾਵਿਤ ਕੀਤਾ ਜਿਸ ਵਿੱਚ ਸਿਹਤ, ਆਮਦਨ, ਸਿੱਖਿਆ, ਰੁਜ਼ਗਾਰ ਅਤੇ ਭਾਈਚਾਰਾ ਸ਼ਾਮਲ ਹੈ। ਚਾਹੇ ਸਮੇਂ ਦੇ ਨਾਲ-ਨਾਲ ਸਮੁੱਚੇ ਕੈਨੇਡੀਅਨ ਲੋਕਾਂ ਦੀ ਬਿਹਤਰ ਸਮਾਜਿਕ-ਆਰਥਿਕ ਸਥਿਤੀਆਂ ਵੱਲ ਤਰੱਕੀ ਦਾ ਕੁੱਝ ਪ੍ਰਭਾਵ ਇਨ੍ਹਾਂ ਤੇ ਵੀ ਪਿਆ ਹੈ ਪਰ ਕੈਨੇਡਾ ਵਿੱਚ ਸਵਦੇਸ਼ੀ ਅਤੇ ਗੈਰ-ਆਵਾਸੀ ਲੋਕਾਂ ਦੀਆਂ ਸਮਾਜਿਕ-ਆਰਥਿਕ ਸਥਿਤੀਆਂ ਵਿੱਚ ਅਜੇ ਵੀ ਅੰਤਰ ਹਨ। 2021 ਦੀ ਮਰਦਮਸ਼ੁਮਾਰੀ ਨੇ ਖੁਲਾਸਾ ਕੀਤਾ ਹੈ ਕਿ ਕੈਨੇਡਾ ਵਿੱਚ ਤਕਰੀਬਨ ਪੰਜ ਵਿੱਚੋਂ ਇੱਕ ਇੰਡੀਜਨਿਸ ਲੋਕ ਘੱਟ ਆਮਦਨੀ ਵਾਲੇ ਘਰਾਂ ਵਿੱਚ ਰਹਿੰਦੇ ਹਨ।



ਜੁਲਾਈ 2019 ਵਿੱਚ ਅਸੈਂਬਲੀ ਆਫ ਫਸਟ ਨੇਸ਼ਨਜ਼ (ਏ.ਐਫ.ਐਨ.) ਅਤੇ ਕੈਨੇਡੀਅਨ ਸੈਂਟਰ ਫਾਰ ਪਾਲਿਸੀ ਅਲਟਰਨੇਟਿਵਜ਼ ਦੁਆਰਾ ਸਹਿ-ਲੇਖਕ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਕੈਨੇਡਾ ਵਿੱਚ 254,100 ਫਸਟ ਨੇਸ਼ਨਜ਼ ਦੇ 47 ਪ੍ਰਤੀਸ਼ਤ ਬੱਚੇ ਗਰੀਬੀ ਵਿੱਚ ਰਹਿੰਦੇ ਹਨ। ਰਾਸ਼ਟਰੀ ਤੌਰ 'ਤੇ ਪਹਿਲੇ ਰਾਸ਼ਟਰ ਦੇ ਦਰਜੇ ਦੇ ਬੱਚੇ ਗੈਰ-ਆਵਾਸੀ, ਗੈਰ-ਜਾਤੀ ਵਾਲੇ ਬੱਚਿਆਂ ਨਾਲੋਂ ਗਰੀਬੀ ਵਿੱਚ ਰਹਿਣ ਦੀ ਸੰਭਾਵਨਾ ਲਗਭਗ ਚਾਰ ਗੁਣਾ ਜ਼ਿਆਦਾ ਹਨ। ਰਿਪੋਰਟ ਦੇ ਲੇਖਕਾਂ ਨੇ ਸਟੈਟਿਸਟਿਕਸ ਕੈਨੇਡਾ ਦੀ 2006 ਦੀ ਜਨਗਣਨਾ, 2011 ਦੇ ਰਾਸ਼ਟਰੀ ਘਰੇਲੂ ਸਰਵੇਖਣ ਅਤੇ 2016 ਦੀ ਜਨਗਣਨਾ ਦੀ ਵਰਤੋਂ ਕਰਦੇ ਹੋਏ ਬਾਲ ਗਰੀਬੀ ਨੂੰ ਟਰੈਕ ਕੀਤਾ। ਅਧਿਐਨ ਨੇ ਆਨ-ਰਿਜ਼ਰਵ (53 ਪ੍ਰਤੀਸ਼ਤ) ਅਤੇ ਰਿਜ਼ਰਵ ਤੋਂ ਬਾਹਰ ਰਹਿ ਰਹੇ (41 ਪ੍ਰਤੀਸ਼ਤ) ਦਰਜੇ ਦੇ ਪਹਿਲੇ ਰਾਸ਼ਟਰ ਦੇ ਬੱਚਿਆਂ ਲਈ ਗਰੀਬੀ ਦਰ ਵਿੱਚ ਅੰਤਰ ਪ੍ਰਗਟ ਕੀਤੇ।

ਪ੍ਰੇਰੀਜ਼ ਪਰੋਵਿੰਸਸ ਵਿੱਚ ਗਰੀਬੀ ਦਰ ਸਭ ਤੋਂ ਵੱਧ ਸੀ। ਰਿਜ਼ਰਵ ਵਿੱਚ ਰਹਿ ਰਹੇ, ਮੈਨੀਟੋਬਾ ਅਤੇ ਸਸਕੈਚਵਨ ਵਿੱਚ ਸਟੇਟਸ ਫਸਟ ਨੇਸ਼ਨ ਦੇ ਬੱਚਿਆਂ ਨੂੰ 65 ਪ੍ਰਤੀਸ਼ਤ ਦੀ ਅਤਿ ਗਰੀਬੀ ਦਰ ਦਾ ਸਾਹਮਣਾ ਕਰਨਾ ਪਿਆ। ਇਸ ਦੇ ਮੁਕਾਬਲੇ, ਹਾਲੀਆ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਮੈਨੀਟੋਬਾ ਵਿੱਚ ਗੈਰ-ਆਦੀਵਾਸੀ ਬੱਚਿਆਂ ਦੀ ਗਰੀਬੀ ਦਰ 15 ਫੀਸਦੀ ਹੈ। ਸਸਕੈਚਵਨ ਵਿੱਚ, ਇਹੀ ਬੱਚੇ 16 ਪ੍ਰਤੀਸ਼ਤ ਦੀ ਗਰੀਬੀ ਦਰ ਦਾ ਸਾਹਮਣਾ ਕਰਦੇ ਹਨ। ਕਿਊਬਿਕ ਵਿੱਚ, ਰਿਜ਼ਰਵ 'ਤੇ ਰਹਿ ਰਹੇ ਪਹਿਲੇ ਰਾਸ਼ਟਰ ਦੇ ਬੱਚਿਆਂ ਲਈ ਗਰੀਬੀ ਦਰ 29 ਪ੍ਰਤੀਸ਼ਤ ਘੱਟ ਸੀ। ਇਹ ਸਭ ਤੋਂ ਵੱਧ ਸੰਭਾਵਤ ਤੌਰ 'ਤੇ ਕੁਦਰਤੀ ਸਰੋਤ ਮਾਲੀਏ ਨੂੰ ਸਾਂਝਾ ਕਰਨ ਲਈ ਫਸਟ ਨੇਸ਼ਨਜ਼ ਅਤੇ ਪ੍ਰਾਂਤ ਵਿਚਕਾਰ ਸਮਝੌਤਿਆਂ ਦੇ ਕਾਰਨ ਹੈ। ਖਾਸ ਤੌਰ 'ਤੇ ਇਨ੍ਹਾਂ ਵਿੱਚ ਹਾਈਡਰੋ-ਕਿਊਬੇਕ ਮਾਲੀਆ ਸ਼ਾਮਲ ਹਨ। 4.5 ਮਿਲੀਅਨ ਗੈਰ-ਆਵਾਸੀ, ਗੈਰ-ਨਸਲੀ ਬੱਚਿਆਂ ਲਈ ਰਾਸ਼ਟਰੀ ਗਰੀਬੀ ਦਰ 12 ਪ੍ਰਤੀਸ਼ਤ ਹੈ ।

ਪੇਰੀ ਬੇਲੇਗਾਰਡ ਜੋ ਕਿ ਰਿਪੋਰਟ ਦੇ ਸਮੇਂ ਏ.ਐਫ.ਐਨ. ਦੇ ਰਾਸ਼ਟਰੀ ਮੁਖੀ ਸਨ, ਨੇ ਘੋਸ਼ਣਾ ਕੀਤੀ ਕਿ "ਇਸ ਰਿਪੋਰਟ ਦੇ ਨਤੀਜੇ ਸ਼ਰਮਨਾਕ ਹਨ ਅਤੇ ਫਸਟ ਨੇਸ਼ਨਜ਼ ਦੇ ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਨਿਵੇਸ਼ ਕਰਨ ਦੀ ਤੁਰੰਤ ਲੋੜ ਦੀ ਨਿਸ਼ਾਨਦੇਹੀ ਕਰਦੇ ਹਨ। ਸਾਡੇ ਬੱਚੇ ਦੇਸ਼ ਵਿੱਚ ਸਭ ਤੋਂ ਭੈੜੀਆਂ ਸਮਾਜਿਕ ਅਤੇ ਆਰਥਿਕ ਸਥਿਤੀਆਂ ਦਾ ਸਾਹਮਣਾ ਕਰਦੇ ਹਨ। ਫਸਟ ਨੇਸ਼ਨਜ਼ ਅਤੇ ਕੈਨੇਡਾ ਵਿਚਕਾਰ ਜੀਵਨ ਦੀ ਗੁਣਵੱਤਾ ਵਿੱਚ ਪਾੜੇ ਨੂੰ ਬੰਦ ਕਰਨਾ ਸਾਰੇ ਕੈਨੇਡੀਅਨਾਂ ਲਈ ਫਾਇਦੇਮੰਦ ਹੈ।" ਏ.ਐਫ.ਐਨ. ਅਤੇ "ਟੂਵਾਰਡ ਜਸਟਿਸ" ਦੇ ਲੇਖਕ ਮੰਨਦੇ ਹਨ ਕਿ ਇੱਕ "ਰਾਸ਼ਟਰੀ ਗਰੀਬੀ ਰਣਨੀਤੀ" ਨੂੰ ਤੁਰੰਤ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਹ ਮੂਲਨਿਵਾਸੀ ਬੱਚਿਆਂ ਵਿੱਚ ਬਾਲ ਗਰੀਬੀ ਨਾਲ ਨਜਿੱਠੇਗਾ ਅਤੇ ਘਟਾਏਗਾ। ਇਸ ਯੋਜਨਾ ਵਿੱਚ ਆਦਿਵਾਸੀ ਲੋਕਾਂ ਲਈ ਸਵੈ-ਨਿਰਣੇ, ਸਰਕਾਰੀ ਫੰਡਾਂ ਵਿੱਚ ਵਾਧਾ ਅਤੇ ਆਦਿਵਾਸੀ ਲੋਕਾਂ ਅਤੇ ਸਰਕਾਰ ਦਰਮਿਆਨ ਸਰੋਤ ਮਾਲੀਏ ਦੀ ਵੰਡ ਦੇ ਪ੍ਰਬੰਧ ਸ਼ਾਮਲ ਹੋਣਗੇ।

'ਫੈਡਰਲ ਸਰਕਾਰ ਨੇ ਬਸਤੀਵਾਦੀ ਅਤੀਤ ਦੁਆਰਾ ਸਮਾਜ ਦੇ ਇਸ ਹਿੱਸੇ ਨਾਲ ਕੀਤੇ ਗਏ ਦੁਰਵਿਵਹਾਰ ਨੂੰ ਖਤਮ ਕਰਨ ਲਈ ਕਲਿਆਣਕਾਰੀ ਯੋਜਨਾਵਾਂ ਲਾਗੂ ਕੀਤੀਆਂ ਹਨ। ਇਸ ਲਈ ਕਈ ਰੀਕੰਸੀਲੀਏਸ਼ਨ ਦੀਆਂ ਕਾਰਵਾਈਆਂ ਇਨ-ਐਕਸ਼ਨ ਹਨ। ਹਾਲ ਹੀ ਦੇ ਸਾਲਾਂ ਵਿੱਚ ਪਿਛਲੇ ਭਾਰਤੀ ਰਿਹਾਇਸ਼ੀ ਸਕੂਲ ਪ੍ਰਣਾਲੀਆਂ ਵਿੱਚ ਅੱਤਿਆਚਾਰਾਂ ਦਾ ਸ਼ਿਕਾਰ ਹੋਏ ਬੱਚਿਆਂ ਦੀਆਂ ਕਈ ਕਬਰਾਂ ਸਾਹਮਣੇ ਆਈਆਂ ਹਨ। ਇਸ ਲਈ ਰੀਕੋਂਸੀਲੀਏਸ਼ਨ ਦੇ ਕੰਮ ਦੀ ਮਹੱਤਤਾ ਨੂੰ ਪਹਿਲ ਦੇ ਮੁੱਦੇ ਵਜੋਂ ਮਾਨਤਾ ਦਿੱਤੀ ਗਈ ਹੈ। ਟਰੂਥ ਅਤੇ ਰੀਕੋਂਸੀਲੀਏਸ਼ਨ ਕਮਿਸ਼ਨ ਦੀਆਂ ਅੰਤਮ ਰਿਪੋਰਟਾਂ ਅਤੇ 'ਲਾਪਤਾ ਅਤੇ ਕਤਲ ਕੀਤੀਆਂ ਮੂਲਨਿਵਾਸੀ ਔਰਤਾਂ' ਦੀ ਨੈਸ਼ਨਲ ਇਨਕੁਆਰੀ ਇਸ ਰੀਕੋਂਸੀਲੀਏਸ਼ਨ ਦੇ ਕੰਮ ਦਾ ਜ਼ਿਕਰ ਕਰਦੀ ਹੈ।

ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲਜ਼ ਸੈਟਲਮੈਂਟ ਐਗਰੀਮੈਂਟ, ਕੈਨੇਡੀਅਨ ਇਤਿਹਾਸ ਦਾ ਸਭ ਤੋਂ ਵੱਡਾ ਕਲਾਸ-ਐਕਸ਼ਨ ਸਮਝੌਤਾ, 2007 ਵਿੱਚ ਲਾਗੂ ਹੋਣਾ ਸ਼ੁਰੂ ਹੋਇਆ। ਸਮਝੌਤੇ ਦੇ ਇੱਕ ਤੱਤ ਕੈਨੇਡਾ ਦੇ 'ਟਰੂਥ ਅਤੇ ਰੀਕੋਂਸੀਲੀਏਸ਼ਨ ਕਮਿਸ਼ਨ' (ਟੀ.ਆਰ.ਸੀ.) ਦੀ ਸਥਾਪਨਾ ਸੀ ਤਾਂ ਜੋ ਸਾਬਕਾ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ,ਉਹਨਾਂ ਦੇ ਭਾਈਚਾਰੇ ਅਤੇ ਸਾਰੇ ਕੈਨੇਡੀਅਨ, ਨੂੰ ਰੀਕੋਂਸੀਲੀਏਸ਼ਨ ਦੀ ਸਹੂਲਤ ਦਿੱਤੀ ਜਾ ਸਕੇ। ਸਾਲ 2007 ਅਤੇ 2015 ਦੇ ਵਿਚਕਾਰ, ਕੈਨੇਡਾ ਸਰਕਾਰ ਨੇ ਟੀ.ਆਰ.ਸੀ. ਦੇ ਕੰਮ ਨੂੰ ਸਮਰਥਨ ਦੇਣ ਲਈ ਲਗਭਗ $72 ਮਿਲੀਅਨ ਪ੍ਰਦਾਨ ਕੀਤੇ। ਟੀ ਆਰ ਸੀ ਨੇ ਰਿਹਾਇਸ਼ੀ ਸਕੂਲ ਪ੍ਰਣਾਲੀ ਦਾ ਇਤਿਹਾਸਕ ਰਿਕਾਰਡ ਬਣਾਇਆ ਹੈ। ਇਸ ਪ੍ਰਕਿਰਿਆ ਦੇ ਹਿੱਸੇ ਵਜੋਂ, ਕੈਨੇਡਾ ਸਰਕਾਰ ਨੇ ਟੀ.ਆਰ.ਸੀ. ਨੂੰ 5 ਮਿਲੀਅਨ ਤੋਂ ਵੱਧ ਰਿਕਾਰਡ ਪ੍ਰਦਾਨ ਕੀਤੇ ਹਨ। ਮੈਨੀਟੋਬਾ ਯੂਨੀਵਰਸਿਟੀ ਵਿਖੇ 'ਨੈਸ਼ਨਲ ਸੈਂਟਰ ਫਾਰ ਟਰੂਥ ਐਂਡ ਰਿਕੋਂਸੀਲੀਏਸ਼ਨ' ਹੁਣ ਟੀ.ਆਰ.ਸੀ. ਦੁਆਰਾ ਇਕੱਠੇ ਕੀਤੇ ਸਾਰੇ ਦਸਤਾਵੇਜ਼ ਰੱਖਦਾ ਹੈ। ਦਸੰਬਰ 2015 ਵਿੱਚ ਟੀ.ਆਰ.ਸੀ. ਨੇ ਆਪਣੀ ਪੂਰੀ 6-ਭਾਗੀ ਅੰਤਿਮ ਰਿਪੋਰਟ ਜਾਰੀ ਕੀਤੀ। ਸਾਰੇ ਕੈਨੇਡੀਅਨਾਂ ਨੂੰ ਭਾਰਤੀ ਰਿਹਾਇਸ਼ੀ ਸਕੂਲਾਂ ਦੇ ਭਿਆਨਕ ਇਤਿਹਾਸ ਅਤੇ ਇਸਦੀ ਦੁਖਦਾਈ ਵਿਰਾਸਤ ਬਾਰੇ ਹੋਰ ਜਾਣਨ ਲਈ ਸੰਖੇਪ ਜਾਂ ਅੰਤਿਮ ਰਿਪੋਰਟ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਸਿਰਫ਼ ਬਸਤੀਵਾਦੀ ਅਤੀਤ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਕੈਨੇਡਾ ਦੇ ਆਦਿਵਾਸੀ ਭਾਈਚਾਰਿਆਂ ਨਾਲ ਅੱਜ ਵੀ ਅੱਤਿਆਚਾਰ ਹੋ ਰਹੇ ਹਨ। ਅਜੇ ਵੀ ਇੰਡੀਜੀਨਸ ਕੁੜੀਆਂ ਦੇ ਲਾਪਤਾ ਅਤੇ ਕਤਲ ਹੋਣ ਦਾ ਮੁੱਦਾ ਵੱਡੀ ਸਮੱਸਿਆ ਹੈ। ਕੈਨੇਡਾ ਵਿੱਚ 'ਲਾਪਤਾ ਅਤੇ ਕਤਲ ਕੀਤੀਆਂ ਇੰਡੀਜੀਨਸ ਔਰਤਾਂ ਅਤੇ ਕੁੜੀਆਂ' (ਐਮ.ਐਮ.ਆਈ.ਡਬਲਿਉ.ਜੀ.) ਵੀ ਮਨੁੱਖੀ ਅਧਿਕਾਰਾਂ ਦੇ ਸੰਕਟ ਨੂੰ ਦਰਸਾਉਂਦੀ ਹੈ ਜੋ ਹਾਲ ਹੀ ਵਿੱਚ ਰਾਸ਼ਟਰੀ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇੰਡੀਜੀਨਸ ਔਰਤਾਂ ਅਤੇ ਭਾਈਚਾਰਿਆਂ, ਔਰਤਾਂ ਦੇ ਸਮੂਹਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੇ ਲੰਬੇ ਸਮੇਂ ਤੋਂ ਹਿੰਸਾ ਦੀਆਂ ਵੱਡੀ ਗਿਣਤੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਨਾਲ, ਕੈਨੇਡਾ ਵਿੱਚ ਲਾਪਤਾ ਅਤੇ ਕਤਲ ਕੀਤੀਆਂ ਗਈਆਂ ਮੂਲਨਿਵਾਸੀ ਔਰਤਾਂ ਅਤੇ ਲੜਕੀਆਂ ਦੀ ਭਿਆਨਕ ਅੰਕੜਿਆਂ ਲਈ ਵੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। 8 ਦਸੰਬਰ 2015 ਨੂੰ ਰਾਸ਼ਟਰੀ ਜਨਤਕ ਪੁੱਛਗਿੱਛ ਸ਼ੁਰੂ ਹੋਣ ਤੋਂ ਪਹਿਲਾਂ, ਫੈਡਰਲ ਸਰਕਾਰ ਦੁਆਰਾ ਇਹਨਾਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਗਿਆ ਸੀ। ਕੁਝ ਲੋਕਾਂ ਦੁਆਰਾ ਇੱਕ ਛੁਪੇ ਹੋਏ ਸੰਕਟ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ, ਡਾਨ ਲਵੇਲ-ਹਾਰਵਰਡ, ਨੇਟਿਵ ਵੂਮੈਨ ਐਸੋਸੀਏਸ਼ਨ ਆਫ ਕੈਨੇਡਾ ਦੇ ਸਾਬਕਾ ਪ੍ਰਧਾਨ, ਨੇ 'ਲਾਪਤਾ ਅਤੇ ਕਤਲ ਕੀਤੀਆਂ ਇੰਡੀਜੀਨਸ ਔਰਤਾਂ' ਨੂੰ ਇੱਕ ਰਾਸ਼ਟਰੀ ਤ੍ਰਾਸਦੀ ਅਤੇ ਇੱਕ ਰਾਸ਼ਟਰੀ ਸ਼ਰਮ ਦੇ ਰੂਪ ਵਿੱਚ ਦਰਸਾਇਆ ਹੈ। 2015 ਵਿੱਚ ਕੈਨੇਡਾ ਦੇ "ਟਰੂਥ ਅਤੇ ਰੀਕੋਂਸੀਲੀਏਸ਼ਨ ਕਮਿਸ਼ਨ" ਨੇ ਇੰਡੀਜਨਿਸ ਔਰਤਾਂ ਅਤੇ ਲੜਕੀਆਂ ਦੇ ਸ਼ੋਸ਼ਣ ਦੀ ਰਾਸ਼ਟਰੀ ਜਨਤਕ ਜਾਂਚ ਦੀ ਮੰਗ ਦਾ ਸਮਰਥਨ ਕੀਤਾ। ਨੈਸ਼ਨਲ ਇਨਕੁਆਰੀ ਦੀ ਅੰਤਿਮ ਰਿਪੋਰਟ 3 ਜੂਨ 2019 ਨੂੰ ਪੂਰੀ ਕੀਤੀ ਗਈ ਅਤੇ ਜਨਤਾ ਨੂੰ ਪੇਸ਼ ਕੀਤੀ ਗਈ।

ਕੈਨੇਡਾ ਵਿੱਚ ਲਾਪਤਾ ਅਤੇ ਕਤਲ ਕੀਤੇ ਗਏ ਮੂਲਨਿਵਾਸੀ ਔਰਤਾਂ ਅਤੇ ਕੁੜੀਆਂ ਦੀ ਗਿਣਤੀ ਬਾਰੇ ਬਹੁਤ ਅਸਹਿਮਤੀ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ ਸੀ ਐਮ ਪੀ) ਨੇ 2014 ਦੀ ਇੱਕ ਰਿਪੋਰਟ ਵਿੱਚ ਮੰਨਿਆ ਕਿ 1980 ਤੋਂ 2012 ਦਰਮਿਆਨ 1,200 ਤੋਂ ਵੱਧ ਲਾਪਤਾ ਅਤੇ ਕਤਲ ਹੋਈਆਂ ਆਦਿਵਾਸੀ ਔਰਤਾਂ ਹੋਈਆਂ ਹਨ। ਆਦਿਵਾਸੀ ਔਰਤਾਂ ਦੇ ਸਮੂਹ, ਹਾਲਾਂਕਿ, ਲਾਪਤਾ ਅਤੇ ਕਤਲ ਕੀਤੇ ਗਏ ਲੋਕਾਂ ਦੀ ਗਿਣਤੀ 4,000 ਤੋਂ ਵੱਧ ਹੋਣ ਦਾ ਦਸਤਾਵੇਜ਼ੀ ਰੂਪ ਵਿੱਚ ਦਰਜ ਕਰਦੇ ਹਨ।

ਨਿਕ ਪ੍ਰਿੰਟਅੱਪ, 'ਅਵਰ ਸਿਸਟਰਜ਼ ਇਨ ਸਪਿਰਿਟ' (2015) ਡਾਕੂਮੈਂਟਰੀ ਦੇ ਨਿਰਦੇਸ਼ਕ ਅਤੇ ਨਿਰਮਾਤਾ, ਨੇ 2016 ਦੀ ਇੱਕ ਇੰਟਰਵਿਊ ਵਿੱਚ ਕਿਹਾ ਕਿ "ਅੱਜ ਸਵਦੇਸ਼ੀ ਔਰਤਾਂ ਦਾ ਸਾਹਮਣਾ ਕਰ ਰਹੇ ਦੁਖਾਂਤ ਦੀ ਗੰਭੀਰਤਾ ਨੂੰ ਸਮਝਣ ਲਈ ਤੁਹਾਨੂੰ ਪਹਿਲਾਂ ਇਤਿਹਾਸ ਨੂੰ ਸਮਝਣਾ ਪਵੇਗਾ।" ਕੈਨੇਡਾ ਵਿੱਚ ਲਾਪਤਾ ਅਤੇ ਕਤਲ ਕੀਤੀਆਂ ਸਵਦੇਸ਼ੀ ਔਰਤਾਂ ਅਤੇ ਲੜਕੀਆਂ ਦਾ ਮੁੱਦਾ ਕੈਨੇਡਾ ਦੇ ਵਿਕਾਸ ਜਿੰਨਾ ਹੀ ਪੁਰਾਣਾ ਹੈ ਅਤੇ ਇਸਨੂੰ ਬਸਤੀਵਾਦੀ ਬਸਤੀਵਾਦ ਦੇ ਇਤਿਹਾਸਕ ਸੰਦਰਭ ਵਿੱਚ ਸਮਝਿਆ ਜਾਣਾ ਚਾਹੀਦਾ ਹੈ ਜਿਸ ਕਾਰਨ ਸਵਦੇਸ਼ੀ ਔਰਤਾਂ ਦੇ ਚੱਲ ਰਹੇ ਨਸਲੀਕਰਨ ਅਤੇ ਜਿਨਸੀਕਰਨ ਦਾ ਕਾਰਨ ਬਣਿਆ ਹੈ।

ਇਸ ਰਾਸ਼ਟਰੀ ਇੰਡੀਜਨਿਸ ਡੇਅ 'ਤੇ ਇਹਨਾਂ ਸਾਰੀਆਂ ਕਾਰਵਾਈਆਂ ਅਤੇ ਸਿਫ਼ਾਰਸ਼ਾਂ ਬਾਰੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੁਆਰਾ ਇਹਨਾਂ ਭਾਈਚਾਰਿਆਂ ਦੀ ਭਲਾਈ ਲਈ ਗਵਰਨਮੈਂਟ ਨੂੰ ਦੁਬਾਰਾ ਯਾਦ ਕਰਵਾਇਆ ਜਾਂਦਾ ਹੈ। ਸਾਨੂੰ ਇਨ੍ਹਾਂ ਧਰਤੀ ਦੇ ਸਾਰੇ ਪ੍ਰਵਾਸੀਆਂ ਨੂੰ ਵੀ ਇੰਡੀਜੀਨਸ ਭਲਾਈ ਦੇ ਸਾਰੇ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਹਿੱਸਾ ਲੈਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੌਜੂਦਾ ਲੋਕਤੰਤਰੀ ਪ੍ਰਣਾਲੀ ਵਿੱਚ, ਅਤੀਤ ਦੇ ਬਸਤੀਵਾਦੀ ਸ਼ਾਸਨ ਦੁਆਰਾ ਘੜੇ ਅਤੇ ਸਥਾਪਿਤ ਗਏ, ਸ਼ਾਸਨ ਦੇ ਤੌਰ-ਤਰੀਕੇ ਨੂੰ ਸੁਧਾਰਿਆ ਜਾਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਬਰਾਬਰ ਮਨੁੱਖੀ ਅਧਿਕਾਰਾਂ ਦੇ ਨਾਲ ਸਮਾਜ ਦੇ ਸਾਰੇ ਵਰਗਾਂ ਦੇ ਬਰਾਬਰ ਵਿਕਾਸ ਦਾ ਸਮਰਥਨ ਕਰਨਾ ਚਾਹੀਦਾ ਹੈ। ਕੈਨੇਡਾ ਦੀ ਸਮਾਜ, ਹਰ ਵਰਗ ਦੇ ਬਰਾਬਰ ਮੌਕੇ ਅਤੇ ਬੁਨਿਆਦੀ ਅਧਿਕਾਰਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ, ਜਿਸ ਨਾਲ ਇਨ੍ਹਾਂ ਮੂਲਵਾਸੀ ਭਾਈਚਾਰਿਆਂ 'ਤੇ ਅਤੀਤ ਵਿੱਚ ਕੀਤੇ ਗਏ ਅੱਤਿਆਚਾਰਾਂ ਨੂੰ ਸੁਧਾਰਨ ਵਾਲੇ ਪ੍ਰੋਗਰਾਮ ਸਹੀ ਢੰਗ ਨਾਲ ਸ਼ਾਮਲ ਕੀਤੇ ਜਾਣ।

# ਸੰਗਰੂਰ ਵਿੱਚ ਮਾਓਵਾਦੀਆਂ ਦੇ ਕਤਲੇਆਮ ਵਿਰੁੱਧ ਰੋਹ ਭਰਪੂਰ ਕਨਵੈਨਸ਼ਨ ਤੇ ਮੁਜ਼ਾਹਰਾ

## ਓਪਰੇਸ਼ਨ ਕਗਾਰ ਅਤੇ ਕਤਲੇਆਮ ਬੰਦ ਕਰੇ ਭਾਜਪਾ ਸਰਕਾਰ: ਡਾਕਟਰ ਨਵਸ਼ਰਨ

ਸੰਗਰੂਰ : 'ਬਸਤਰ ਵਿਚ ਸੀਪੀਆਈ (ਮਾਓਵਾਦੀ) ਦੇ ਜਨਰਲ ਸਕੱਤਰ ਕਾਮਰੇਡ ਕੇਸ਼ਵ ਰਾਓ ਉਰਫ਼ ਬਸਵਾ ਰਾਜ ਸਮੇਤ 27 ਲੋਕਾਂ ਦਾ ਕਤਲੇਆਮ ਖਣਿਜਾਂ ਉੱਪਰ ਕਾਰਪੋਰੇਟ ਕਬਜ਼ੇ ਲਈ ਜ਼ੁਲਮੀ ਜੰਗ ਦੀ ਇੰਤਹਾ ਹੈ ਜੋ ਭਾਰਤੀ ਰਾਜ ਵੱਲੋਂ ਦਹਾਕਿਆਂ ਤੋਂ ਆਪਣੇ ਲੋਕਾਂ ਵਿਰੁੱਧ ਲੜੀ ਜਾ ਰਹੀ ਜੰਗ ਦਾ ਅਤਿਅੰਤ ਘਿਣਾਉਣਾ ਚਿਹਰਾ ਹੈ। ਲੋਕਾਂ ਨੂੰ ਸਰਕਾਰੀ ਬਿਰਤਾਂਤ ਪਿੱਛੇ ਛੁਪੇ ਹਕੂਮਤ ਦੇ ਅਸਲ ਮਕਸਦ ਨੂੰ ਸਮਝਣਾ ਚਾਹੀਦਾ ਹੈ। ਅਜਿਹੇ ਕਤਲੇਆਮ ਅਤੇ ਹਕੂਮਤੀ ਦਹਿਸ਼ਤ ਦੇ ਮਾਹੌਲ ਵਿਚ, ਜਦੋਂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਹੋਰ ਸਿਖ਼ਰਲੇ ਅਧਿਕਾਰੀਆਂ ਵਲੋਂ ਕਾ.ਕੇਸ਼ਵ ਰਾਓ ਦੇ ਕਤਲ ਦੀ ਜੈ-ਜੈਕਾਰ ਕਰਦੇ ਹੋਏ ਇਸ ਨੂੰ 'ਇਤਿਹਾਸਕ ਪ੍ਰਾਪਤੀ' ਦਾ ਨਾਂ ਦੇ ਕੇ ਸੁਰੱਖਿਆ ਬਲਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਲਾਸ਼ਾਂ ਉੱਪਰ ਨੱਚਕੇ ਜਸ਼ਨ ਮਨਾਏ ਜਾ ਰਹੇ ਹਨ, ਅਜਿਹੀ ਬੇਹੱਦ ਨਾਜ਼ੁਕ ਘੜੀ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਦਾ ਸੜਕਾਂ ਉੱਪਰ ਆ ਕੇ ਕਤਲੇਆਮ ਵਿਰੁੱਧ ਰੋਹ ਭਰੀ ਆਵਾਜ਼ ਉਠਾਉਣਾ ਕਾਬਲੇ-ਤਾਰੀਫ਼ ਹੈ।'

ਇਹ ਵਿਚਾਰ ਅੱਜ ਇੱਥੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਚਲਾਈ ਜਾ ਰਹੀ ਕਾਤਲਾਨਾ ਜੰਗ ਵਿਰੁੱਧ ਸੂਬਾਈ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਡਾ. ਨਵਸ਼ਰਨ ਨੇ ਪੇਸ਼ ਕੀਤੇ।

ਸਮਾਗਮ ਦੀ ਪ੍ਰਧਾਨਗੀ ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ, ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਇਕਬਾਲ ਕੌਰ ਉਦਾਸੀ, ਜੁਗਰਾਜ ਧੌਲਾ, ਕਸਤੂਰੀ ਲਾਲ ਗੁਰਮੀਤ ਜੱਜ, ਮੌਸਮ ਅਤੇ ਅਜਮੇਰ ਅਕਲੀਆ ਦੇ ਇਨਕਲਾਬੀ ਗੀਤਾਂ ਨਾਲ ਅਤੇ ਨਰਾਇਣਪੁਰ 'ਮੁਕਾਬਲੇ' ਵਿਚ ਮਾਰੇ ਗਏ ਪ੍ਰਮੁੱਖ ਮਾਓਵਾਦੀ ਆਗੂ ਕੇਸ਼ਵ ਰਾਓ ਉਰਫ਼ ਬਸਵਾ ਰਾਜ ਸਮੇਤ ਲੋਕ ਸੰਘਰਸ਼ਾਂ ਵਿਚ ਆਪਣੀਆਂ ਜਾਨਾਂ ਵਾਰ ਗਏ ਸੰਗਰਾਮੀਆਂ ਨੂੰ ਨਾਅਰਿਆਂ ਦੀ ਗੂੰਜ 'ਚ ਸ਼ਰਧਾਂਜਲੀ ਭੇਂਟ ਕਰਕੇ ਕੀਤੀ ਗਈ।

ਇਸ ਮੌਕੇ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਲੋਕਪੱਖੀ ਵਕੀਲਾਂ, ਤਰਕਸ਼ੀਲਾਂ, ਜਮਹੂਰੀ ਹੱਕਾਂ ਦੇ ਪਹਿਰੇਦਾਰਾਂ, ਪੱਤਰਕਾਰਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਡਾ. ਨਵਸ਼ਰਨ ਨੇ ਕਿਹਾ ਕਿ 'ਫਾਸ਼ੀਵਾਦੀ ਹਕੂਮਤ ਨੇ 2009 ਤੋਂ ਲੈ ਕੇ ਆਪਣੇ ਹੀ ਆਦਿਵਾਸੀ ਲੋਕਾਂ ਵਿਰੁੱਧ ਨਸਲਕੁਸ਼ੀ ਦੀ ਜੰਗ ਵਿੱਢੀ ਹੋਈ ਹੈ ਜਿਸ ਵਿਚ ਲੋਕਾਈ ਦਾ ਕਤਲੇਆਮ, ਔਰਤਾਂ ਨਾਲ ਸਮੂਹਿਕ ਬਲਾਤਕਾਰ, ਬੱਚਿਆਂ ਦੇ ਕਤਲ, ਉਜਾੜਾ, ਸੈਂਕੜੇ ਪਿੰਡਾਂ ਨੂੰ ਤਬਾਹ ਕਰਨਾ ਨਿਊ ਨਾਰਮਲ ਬਣ ਚੁੱਕਾ ਹੈ। ਇਹ ਨੋਟ ਕਰਨਾ ਹੋਵੇਗਾ ਕਿ ਖਣਨ ਕਾਰੋਬਾਰ ਦੀ ਰਾਖੀ ਲਈ ਜੰਗਲਾਂ ਵਿਚ ਚੱਪੇ-ਚੱਪੇ 'ਤੇ ਨੀਮ-ਫ਼ੌਜੀ ਤਾਕਤਾਂ ਦੇ ਕੈਂਪ ਬਣਾ ਕੇ ਸਮੁੱਚੇ ਬਸਤਰ ਨੂੰ ਵਿਆਪਕ ਫ਼ੌਜੀ ਛਾਉਣੀ ਬਣਾ ਦਿੱਤਾ ਗਿਆ ਹੈ। ਖਣਨ ਦਾ ਕਾਰੋਬਾਰ ਆਲਮੀ ਕਾਰਪੋਰੇਟ ਸਰਮਾਏ ਲਈ ਆਪਣੇ ਮੁਨਾਫ਼ਿਆਂ ਨੂੰ ਵਧਾਉਣ ਦਾ ਮੁੱਖ ਜ਼ਰੀਆ ਹੈ, ਇਸੇ ਲਈ ਕਾਰਪੋਰੇਟ ਸਰਮਾਏ ਦੀ ਮੈਲ਼ੀ ਅੱਖ ਦੁਨੀਆ ਭਰ ਦੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਇਲਾਕਿਆਂ ਉੱਪਰ ਹੈ ਅਤੇ ਕਾਰਪੋਰੇਟ ਸਰਮਾਏ ਦੇ ਮੁਨਾਫ਼ਿਆਂ ਲਈ ਹਕੂਮਤਾਂ ਕਰੂਰ ਤੋਂ ਕਰੂਰ ਹਮਲਿਆਂ ਰਾਹੀਂ ਆਪਣੇ ਜੰਗਲਾਂ-ਪਹਾੜਾਂ ਦੇ ਮੂਲ ਬਾਸ਼ਿੰਦਿਆਂ ਦੀ ਨਸਲਕੁਸ਼ੀ ਕਰਨ ਲਈ ਖ਼ੂੰਖ਼ਾਰ ਜੰਗਾਂ ਚਲਾ ਰਹੀਆਂ ਹਨ। ਆਦਿਵਾਸੀਆਂ ਨੂੰ ਦਹਿਸ਼ਤਜ਼ਦਾ ਕਰਕੇ ਜੰਗਲਾਂ ਵਿੱਚੋਂ ਉਜਾੜਨ ਲਈ ਨੀਮ-ਫੌਜੀ ਤਾਕਤਾਂ ਹੈਲੀਕਾਪਟਰਾਂ ਤੇ ਡਰੋਨਾਂ ਨਾਲ ਬੰਬਾਰੀ ਕਰ ਰਹੀਆਂ ਹਨ ਅਤੇ ਆਮ ਲੋਕਾਂ ਨੂੰ ਮਾਓਵਾਦੀ ਦਾ ਠੱਪਾ ਲਾਕੇ ਅਤੇ ਮਾਓਵਾਦੀ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ 'ਮੁਕਾਬਲਿਆਂ' 'ਚ ਮਾਰਿਆ ਜਾ ਰਿਹਾ ਹੈ। ਹਜ਼ਾਰਾਂ ਆਦਿਵਾਸੀਆਂ ਅਤੇ ਮਾਓਵਾਦੀਆਂ ਨੂੰ ਸਿਰਫ਼ ਇਸ ਕਰਕੇ ਜੇਲ੍ਹਾਂ ਚ ਡੱਕਿਆ ਹੋਇਆ ਹੈ ਕਿਉਂਕਿ ਉਹ ਲੋਕਾਂ ਉੱਪਰ ਫ਼ੌਜੀ ਤਾਕਤ ਦੇ ਜ਼ੋਰ ਥੋਪੇ ਜਾ ਰਹੇ ਵਿਨਾਸ਼ਕਾਰੀ ਪ੍ਰੋਜੈਕਟਾਂ ਦਾ ਵਿਰੋਧ ਕਰ ਰਹੇ ਹਨ। ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਭਾਜਪਾ ਸਰਕਾਰ ਦੀ ਨੀਤੀ ਕਥਿਤ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ ਜਿਸ ਦਾ ਮੁਲਕ ਦੇ ਹਿਤਾਂ ਅਤੇ ਲੋਕਾਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਦਰਅਸਲ, ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨ ਉੱਪਰ ਕੁਦਰਤੀ ਹੱਕ ਦੀ ਰਾਖੀ ਦੇ ਜਮਹੂਰੀ ਹੱਕ ਨੂੰ ਕੁਚਲਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕਿਆਂ ਅਤੇ ਹੋਰ ਜ਼ਮੀਨਾਂ ਉੱਪਰ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਅਤੇ ਇਹ 'ਵਿਕਾਸ' ਮਾਡਲ ਆਦਿਵਾਸੀਆਂ ਅਤੇ ਦੇਸ਼ ਦੇ ਹੋਰ ਲੋਕਾਂ ਨੂੰ ਮਨਜ਼ੂਰ ਨਹੀਂ ਹੈ।




ਉਨ੍ਹਾਂ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ 'ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਚੋਂ ਉਪਜੀ ਸਮਾਜਿਕ ਬੇਚੈਨੀ ਦਾ ਨਤੀਜਾ ਹੈ। ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈ ਕੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਦਾ ਸੰਘਣਾ ਫ਼ੌਜੀਕਰਨ ਕਰਕੇ ਅਤੇ 'ਓਪਰੇਸ਼ਨ ਕਗਾਰ' ਵਰਗੇ ਨੀਮ-ਫ਼ੌਜੀ ਓਪਰੇਸ਼ਨ ਚਲਾਕੇ ਆਦਿਵਾਸੀ ਲੋਕਾਂ ਦੇ ਲਹੂ ਦੀਆਂ ਨਦੀਆਂ ਵਹਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਮਾਓਵਾਦੀ ਪਾਰਟੀ ਦੀ ਗੱਲਬਾਤ ਦੀ ਪੇਸ਼ਕਸ਼ ਨੂੰ ਘੋਰ ਹਕਾਰਤ ਨਾਲ ਨਜ਼ਰਅੰਦਾਜ਼ ਕਰਕੇ ਕਤਲੇਆਮ ਮਚਾਇਆ ਜਾ ਰਿਹਾ ਹੈ ਤਾਂ ਜੋ ਕਾਰਪੋਰੇਟ ਪ੍ਰੋਜੈਕਟਾਂ ਲਈ ਕਿਸੇ ਵੀ ਤਰ੍ਹਾਂ ਦਾ ਜਥੇਬੰਦਕ ਵਿਰੋਧ ਅੜਿੱਕਾ ਨਾ ਬਣੇ।

ਇਸ ਮੌਕੇ ਸੰਬੋਧਨ ਕਰਦਿਆਂ ਫਰੰਟ ਦੇ ਕਨਵੀਨਰ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਜੰਗਲਾਂ ਵਿਚ ਆਦਿਵਾਸੀਆਂ ਅਤੇ ਮਾਓਵਾਦੀਆਂ ਦਾ ਵਹਿਸ਼ੀਆਨਾ ਕਤਲੇਆਮ ਅਤੇ ਮੁਲਕ ਦੇ ਹੋਰ ਹਿੱਸਿਆਂ ਵਿਚ ਜਾਬਰ ਹੱਲਾ ਲੋਕ-ਵਿਰੋਧੀ ਨੀਤੀਆਂ ਥੋਪਣ ਲਈ ਹਕੂਮਤੀ ਦਹਿਸ਼ਤਵਾਦ ਦੇ ਵੱਖ-ਵੱਖ ਪੱਧਰ ਹੀ ਹਨ, ਇਨ੍ਹਾਂ ਨੂੰ ਵੱਖ-ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਇਸੇ ਲਈ ਪੰਜਾਬ ਦੀਆਂ ਜਨਤਕ ਜਮਹੂਰੀ ਤਾਕਤਾਂ ਲਈ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸੰਘਰਸ਼ਸ਼ੀਲ ਵਰਗਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਅਤੇ ਉਨ੍ਹਾਂ ਨੂੰ ਹੰਭਾ-ਥਕਾ ਕੇ ਵਹਿਸ਼ੀ ਜਬਰ ਰਾਹੀਂ ਕੁਚਲਣ ਨੂੰ ਨੀਤੀ ਅਪਣਾਈ ਹੋਈ ਹੈ। ਚਾਹੇ ਪਿੰਡ ਜਿਉਂਦ ਹੈ, ਚੰਦਭਾਨ ਜਾਂ ਸੰਗਰੂਰ, ਭਗਵੰਤ ਮਾਨ ਸਰਕਾਰ ਕਿਸਾਨਾਂ, ਮਜ਼ਦੂਰਾਂ ਅਤੇ ਦਲਿਤਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਨੰਗੇ ਚਿੱਟੇ ਹਮਲੇ ਉੱਪਰ ਉੱਤਰੀ ਹੋਈ ਹੈ। ਕਿਸਾਨ, ਮਜ਼ਦੂਰ ਜਥੇਬੰਦੀਆਂ ਉੱਪਰ ਪੁਲਿਸ ਕਟਕ ਚੜ੍ਹਾਏ ਜਾ ਰਹੇ ਹਨ। ਕਿਸਾਨ, ਮਜ਼ਦੂਰ ਅਤੇ ਸਮਾਜ ਦੇ ਕਿਸੇ ਵੀ ਹੋਰ ਮਿਹਨਤਕਸ਼ ਹਿੱਸੇ ਦੇ ਹੱਕੀ ਸੰਘਰਸ਼ ਪੰਜਾਬ ਸਰਕਾਰ ਦੇ ਉਸੇ ਤਰ੍ਹਾਂ ਨਿਸ਼ਾਨੇ 'ਤੇ ਹੈ ਜਿਵੇਂ ਕੇਂਦਰ ਵਿਚ ਸੱਤਾਧਾਰੀ ਭਗਵਾ ਹਕੂਮਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਲੋਕ ਸੰਘਰਸ਼ਾਂ ਨੂੰ ਪੁਲਿਸ ਅਤੇ ਫ਼ੌਜੀ ਤਾਕਤ ਨਾਲ ਕੁਚਲ ਰਹੀ ਹੈ। ਪਿਛਲੇ ਸਮੇਂ ਤੋਂ ਆਦਿਵਾਸੀ ਇਲਾਕਿਆਂ ਵਿਚ ਲਗਾਤਾਰ ਕਤਲੇਆਮ ਦੇ ਸਮਾਂਤਰ ਪੰਜਾਬ ਵਿਚ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਕਿਸਾਨ ਜਥੇਬੰਦੀਆਂ ਅਤੇ ਹੋਰ ਸੰਘਰਸ਼ਸ਼ੀਲ ਲੋਕ ਹਿੱਸਿਆਂ ਦੇ ਹੱਕੀ ਸੰਘਰਸ਼ਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਦਬਾਉਣ ਲਈ ਸੂਬੇ ਨੂੰ ਪੁਲਿਸ ਰਾਜ ਵਿਚ ਬਦਲਿਆ ਗਿਆ ਹੈ। ਇਹ ਸੰਘਰਸ਼ ਅਤੇ ਜਥੇਬੰਦੀ ਦੇ ਜਮਹੂਰੀ ਹੱਕ ਉੱਪਰ ਤਾਨਾਸ਼ਾਹ ਹਮਲਾ ਹੈ। ਲੋਕ ਵਿਰੋਧੀ ਨੀਤੀਆਂ ਅਤੇ ਸਟੇਟ ਦਾ ਜਬਰ ਇੱਕੋ ਸਿੱਕੇ ਦੇ ਦੋ ਪਾਸੇ ਹਨ। ਇਸ ਲਈ, ਜਿੱਥੇ ਕਿਤੇ ਵੀ ਸਟੇਟ ਵੱਲੋਂ ਜਬਰ ਕੀਤਾ ਜਾ ਰਿਹਾ, ਉਸਦਾ ਡੱਟ ਕੇ ਵਿਰੋਧ ਕਰਨਾ ਜ਼ਰੂਰੀ ਹੈ।

ਇਸ ਮੌਕੇ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਪੇਸ਼ ਕੀਤੇ ਮਤਿਆਂ ਵਿਚ ਮੰਗ ਕੀਤੀ ਗਈ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ। ਆਦਿਵਾਸੀ ਇਲਾਕਿਆਂ ਵਿੱਚੋਂ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਵਾਪਸ ਬੁਲਾਈਆਂ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਜਮਹੂਰੀ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ, ਹਕੂਮਤੀ ਜਬਰ ਦਾ ਸੰਦ ਐੱਨਆਈਏ ਭੰਗ ਕੀਤੀ ਜਾਵੇ, ਝੂਠੇ ਕੇਸ ਬਣਾ ਕੇ ਗ੍ਰਿਫ਼ਤਾਰੀਆਂ ਅਤੇ ਛਾਪੇਮਾਰੀਆਂ ਬੰਦ ਕੀਤੀਆਂ ਜਾਣ ਅਤੇ ਜੇਲ੍ਹਾਂ ਵਿਚ ਡੱਕੇ ਰਾਜਨੀਤਕ ਕੈਦੀਆਂ ਤੇ ਆਮ ਲੋਕਾਂ ਨੂੰ ਰਿਹਾਅ ਕੀਤਾ ਜਾਵੇ।

ਇਕ ਵਿਸ਼ੇਸ਼ ਮਤੇ ਰਾਹੀਂ ਸੀ.ਪੀ.ਆਈ. (ਮਾਓਵਾਦੀ) ਦੇ ਜਨਰਲ ਸਕੱਤਰ ਕਾ. ਕੇਸ਼ਵ ਰਾਓ ਸਮੇਤ 27 ਮਾਓਵਾਦੀ ਆਗੂਆਂ ਦੀ ਕਥਿਤ ਮੁਕਾਬਲੇ ਵਿਚ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਭਾਜਪਾ ਸਰਕਾਰ ਵੱਲੋਂ ਫ਼ੌਜੀ ਓਪਰੇਸ਼ਨ ਹੋਰ ਤੇਜ਼ ਕਰਕੇ ਕਤਲੇਆਮ ਨੂੰ ਹੋਰ ਕਰੂਰ ਰੂਪ ਦੇਣ ਤੋਂ ਸਪਸ਼ਟ ਹੈ ਕਿ ਹਕੂਮਤ ਦਾ ਇੱਕੋਇਕ ਮਨੋਰਥ ਇਨਕਲਾਬੀ ਤਾਕਤਾਂ ਦਾ ਜਿਸਮਾਨੀ ਸਫ਼ਾਇਆ ਕਰਕੇ ਭਾਰਤੀ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਨੰਗੇ ਅਨਿਆਂ ਤੇ ਲੁੱਟਖਸੁੱਟ ਦਾ ਬੇਕਿਰਕ ਰਾਜ ਅਜਿੱਤ ਹੈ ਅਤੇ ਦੱਬੇਕੁਚਲੇ ਤੇ ਮਿਹਨਤਕਸ਼ ਹਿੱਸਿਆਂ ਨੂੰ ਜਥੇਬੰਦ ਸੰਘਰਸ਼ ਤੇ ਮੁਕਤੀ ਦਾ ਸੁਪਨਾ ਲੈਣਾ ਬੰਦ ਕਰ ਦੇਣਾ ਚਾਹੀਦਾ ਹੈ। ਫਾਸ਼ੀਵਾਦੀ ਹਕੂਮਤ ਨੂੰ ਇਤਿਹਾਸ ਤੋਂ ਸਬਕ ਸਿੱਖ ਲੈਣਾ ਚਾਹੀਦਾ ਹੈ। ਫਾਸ਼ੀਵਾਦੀ ਹੁਕਮਰਾਨਾਂ ਦੇ ਇਸ ਭਰਮ ਦੇ ਉਲਟ ਇਤਿਹਾਸਕ ਸਬਕ ਇਹ ਹੈ ਕਿ ਜਿਸਮਾਨੀ ਕਤਲੇਆਮ ਬਿਹਤਰੀ ਜ਼ਿੰਦਗੀ ਲਈ ਸਮਾਜਿਕ ਤਬਦੀਲੀ ਦੀ ਮਨੁੱਖੀ ਰੀਝ ਦਾ ਬੀਜ-ਨਾਸ਼ ਨਹੀਂ ਕਰ ਸਕਦੇ। ਜਦੋਂ ਤੱਕ ਲੋਟੂ-ਜਾਬਰ ਰਾਜ ਪ੍ਰਬੰਧ ਦੀ ਹੋਂਦ ਹੈ, ਲੋਕ ਸਨਮਾਨਜਨਕ ਸੁਰੱਖਿਅਤ ਜ਼ਿੰਦਗੀ ਲਈ ਕਿਸੇ ਨਾ ਕਿਸੇ ਰੂਪ 'ਚ ਅਜਿਹੇ ਆਦਮਖ਼ੋਰ ਪ੍ਰਬੰਧ ਵਿਰੁੱਧ ਬਗ਼ਾਵਤ ਕਰਦੇ ਰਹਿਣਗੇ ਅਤੇ ਇਸ ਘਿਣਾਉਣੇ ਪ੍ਰਬੰਧ ਨੂੰ ਬਦਲਣ ਲਈ ਲਾਜ਼ਮੀ ਲੜਨਗੇ। ਕਨਵੈਨਸ਼ਨ ਵੱਲੋਂ ਮੰਗ ਕੀਤੀ ਗਈ ਕਿ ਮੋਦੀ ਸਰਕਾਰ ਫ਼ੌਜੀ ਓਪਰੇਸ਼ਨਾਂ ਅਤੇ ਗ਼ੈਰਅਦਾਲਤੀ ਸਜ਼ਾਵਾਂ ਦਾ ਤਾਨਾਸ਼ਾਹ ਸਿਲਸਿਲਾ ਬੰਦ ਕਰੇ ਅਤੇ ਭਾਰਤੀ ਲੋਕਾਂ ਦੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਮਾਓਵਾਦੀ ਪਾਰਟੀ ਸਮੇਤ ਹਥਿਆਰਬੰਦ ਟਾਕਰਾ ਲਹਿਰਾਂ ਨਾਲ ਗੱਲਬਾਤ ਦਾ ਅਮਲ ਸ਼ੁਰੂ ਕਰੇ।

ਇਕ ਵਿਸ਼ੇਸ਼ ਮਤੇ ਰਾਹੀਂ ਪੰਜਾਬ ਵਿਚ 'ਆਮ ਆਦਮੀ ਪਾਰਟੀ' ਦੀ ਸਰਕਾਰ ਵੱਲੋਂ ਕਿਸਾਨ, ਮਜ਼ਦੂਰ ਸੰਘਰਸ਼ਾਂ ਉੱਪਰ ਕੀਤੇ ਜਾ ਰਹੇ ਜਬਰ ਦੀ ਨਿਖੇਧੀ ਕੀਤੀ ਗਈ ਅਤੇ ਪੰਜਾਬ ਦੀਆਂ ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਵੱਡੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਸੰਘਰਸ਼ ਦੇ ਬੁਨਿਆਦੀ ਹੱਕ ਦੀ ਰਾਖੀ ਦੇ ਸਵਾਲ ਨੂੰ ਹੋਰ ਵੀ ਗੰਭੀਰਤਾ ਨਾਲ ਮੁਖ਼ਾਤਿਬ ਹੋਣ। ਇਸ ਜਾਬਰ ਹੱਲੇ ਦਾ ਮੁਕਾਬਲਾ ਸਾਰੀਆਂ ਜਨਤਕ ਜਮਹੂਰੀ ਤਾਕਤਾਂ ਵੱਲੋਂ ਇਕਜੁੱਟ ਹੋ ਕੇ ਕੀਤਾ ਜਾਵੇ ਅਤੇ ਜਿੱਥੇ ਕਿਤੇ ਵੀ ਕਿਸਾਨ, ਮਜ਼ਦੂਰ ਜਾਂ ਕਿਸੇ ਹੋਰ ਜਥੇਬੰਦੀਆਂ ਨੂੰ ਪੁਲਿਸ ਰਾਜ ਵੱਲੋਂ ਦਬਾਇਆ ਜਾ ਰਿਹਾ ਹੈ, ਉਨ੍ਹਾਂ ਨਾਲ ਆਪਣੀ ਸਾਂਝ ਅਤੇ ਇਕਮੁੱਠਤਾ ਪ੍ਰਗਟਾਉਣ ਲਈ ਧੜੱਲੇ ਨਾਲ ਅੱਗੇ ਆਇਆ ਜਾਵੇ।

ਫ਼ਲਸਤੀਨ ਦੀ ਆਜ਼ਾਦੀ ਦੇ ਹੱਕ ਵਿਚ ਪਾਏ ਮਤੇ ਵਿਚ ਮੰਗ ਕੀਤੀ ਗਈ ਕਿ ਸਾਮਰਾਜੀਆਂ ਦੀ ਸ਼ਹਿ ਅਤੇ ਮੱਦਦ ਨਾਲ ਗਾਜ਼ਾ ਦੀਆਂ ਰਿਹਾਇਸ਼ੀ ਬਸਤੀਆਂ, ਸਕੂਲਾਂ, ਹਸਪਤਾਲਾਂ, ਧਾਰਮਿਕ ਸਥਾਨਾਂ ਉੱਪਰ ਕੀਤੀ ਜਾ ਰਹੀ ਬੰਬਾਰੀ ਅਤੇ ਭੁੱਖਮਰੀ ਫੈਲਾ ਕੇ ਫਲਸਤੀਨੀ ਲੋਕਾਂ ਦੀ ਗਿਣੀ-ਮਿੱਥੀ ਨਸਲਕੁਸ਼ੀ ਤੁਰੰਤ ਬੰਦ ਕੀਤੀ ਜਾਵੇ ਅਤੇ ਫਲਸਤੀਨ ਨੂੰ ਆਜ਼ਾਦ ਕੀਤਾ ਜਾਵੇ। ਪਹਿਲਗਾਮ ਹਮਲੇ ਤੋਂ ਬਾਅਦ ਭਾਜਪਾ ਹਕੂਮਤ ਦੀ ਫਿਰਕੂ ਜੰਗਬਾਜ਼ ਨੀਤੀ ਉੱਪਰ ਸਵਾਲ ਕਰਨ ਵਾਲਿਆਂ ਵਿਰੁੱਧ ਝੂਠੇ ਕੇਸ ਦਰਜ ਕਰਨ ਅਤੇ ਗ੍ਰਿਫ਼ਤਾਰੀਆਂ ਕਰਨ ਦੀ ਵੀ ਸਖ਼ਤ ਨਿਖੇਧੀ ਕੀਤੀ ਗਈ ਅਤੇ ਇਹ ਸਾਰੇ ਕੇਸ ਰੱਦ ਕਰਨ ਦੀ ਮੰਗ ਕੀਤੀ ਗਈ। ਕਨਵੈਨਸ਼ਨ ਤੋਂ ਬਾਦ ਸ਼ਹਿਰ ਵਿਚ ਰੋਹ ਭਰਪੂਰ ਨਾਅਰੇ ਲਾਉਂਦੇ ਹੋਏ ਆਦਿਵਾਸੀ ਲੋਕਾਂ ਅਤੇ ਮਾਓਵਾਦੀਆਂ ਇਨਕਲਾਬੀਆਂ ਦਾ ਕਤਲੇਆਮ ਬੰਦ ਕਰਨ ਅਤੇ ਪੰਜਾਬ ਵਿਚ ਲੋਕ ਸੰਘਰਸ਼ਾਂ ਉੱਪਰ ਕੀਤਾ ਜਾ ਰਿਹਾ ਜਬਰ ਬੰਦ ਕਰਨ ਦੀ ਮੰਗ ਕਰਦਿਆਂ ਪ੍ਰਭਾਵਸ਼ਾਲੀ ਮੁਜ਼ਾਹਰਾ ਕੀਤਾ ਗਿਆ।

ਕਨਵੈਨਸ਼ਨ ਵਿਚ ਪੰਜਾਬ ਦੀਆਂ 40 ਤੋਂ ਵੱਧ ਕਿਸਾਨ, ਮਜ਼ਦੂਰ, ਪੇਂਡੂ/ਖੇਤ ਮਜ਼ਦੂਰ, ਵਿਦਿਆਰਥੀ, ਨੌਜਵਾਨ, ਮੁਲਾਜ਼ਮ ਜਥੇਬੰਦੀਆਂ, ਤਰਕਸ਼ੀਲ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ, ਸੱਭਿਆਚਾਰਕ, ਸਾਹਿਤਿਕ ਮੰਚਾਂ, ਜਮਹੂਰੀ ਰਾਜਨੀਤਕ ਮੰਚਾਂ ਨੇ ਜੋਸ਼-ਖ਼ਰੋਸ਼ ਨਾਲ ਸ਼ਮੂਲੀਅਤ ਕੀਤੀ ਜੋ ਇਸ ਤਰ੍ਹਾਂ ਹਨ: ਤਰਕਸ਼ੀਲ ਸੁਸਾਇਟੀ ਪੰਜਾਬ, ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ), ਜਮਹੂਰੀ ਅਧਿਕਾਰ ਸਭਾ ਪੰਜਾਬ, ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ ਪੰਜਾਬ, ਮੁਕਤੀ ਸੰਗਰਾਮ ਮਜ਼ਦੂਰ ਮੰਚ, ਅਦਾਰਾ ਲਲਕਾਰ, ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ), ਟੈਕਨੀਕਲ ਸਰਵਿਸਿਜ਼ ਯੂਨੀਅਨ (ਕਿਸ਼ਨ ਸਿੰਘ ਔਲੱਖ), ਪੰਜਾਬ ਖੇਤ ਮਜ਼ਦੂਰ ਯੂਨੀਅਨ, ਦੇਸ਼ਭਗਤ ਯਾਦਗਾਰ ਕਮੇਟੀ ਲੌਂਗੋਵਾਲ, ਪੈਪਸੀਕੋ ਵਰਕਰਜ਼ ਯੂਨੀਅਨ (ਏਟਕ) ਚੰਨੋਂ, ਟੈਕਨੀਕਲ ਸਰਵਿਸਿਜ਼ ਯੂਨੀਅਨ (ਲਹਿਰਾ ਮੁਹੱਬਤ ਥਰਮਲ ਪਲਾਂਟ), ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਯਾਦਗਾਰੀ ਟਰੱਸਟ, ਖੇਤ ਮਜ਼ਦੂਰ ਸਭਾ ਪੰਜਾਬ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ, ਦਲਿਤ ਮਜ਼ਦੂਰ ਅਤੇ ਮੁਕਤੀ ਮੋਰਚਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ (ਸੰਜੀਵ ਮਿੰਟੂ), ਭਾਰਤੀ ਕਿਸਾਨ ਯੂਨੀਅਨ (ਏਕਤਾ-ਡਕੌਂਦਾ), ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਲੋਕ ਮੋਰਚਾ ਪੰਜਾਬ, ਪੰਜਾਬ ਜਮਹੂਰੀ ਮੋਰਚਾ, ਇਨਕਲਾਬੀ ਕੇਂਦਰ ਪੰਜਾਬ, ਪੀ.ਐੱਸ.ਪੀ.ਸੀ.ਐੱਲ ਅਤੇ ਕਾਂਟਰੈਕਟ ਯੂਨੀਅਨ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਇਨਕਲਾਬੀ ਮਜ਼ਦੂਰ ਕੇਂਦਰ (ਮਾਸਾ), ਏਟਕ ਪੰਜਾਬ, ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ, ਸ਼ਹੀਦੀ ਯਾਦਗਾਰ ਕਮੇਟੀ ਬੰਗਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ (ਲਖਬੀਰ ਲੌਂਗੋਵਾਲ), ਅਦਾਰਾ ਤਰਕਸ਼, ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ, ਬੇਰੁਜ਼ਗਾਰ ਸਾਂਝਾ ਮੋਰਚਾ ਪੰਜਾਬ, ਪੰਜਾਬ ਸਟੂਡੈਂਟਸ ਯੂਨੀਅਨ, ਡੀ.ਟੀ.ਐੱਫ.(ਡੀ.ਐੱਮ.ਐੱਫ.), ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਬਰਨਾਲਾ, ਗੁਰਸ਼ਰਨ ਸਿੰਘ ਵਿਰਾਸਤੀ ਕਮੇਟੀ (ਅੰਮ੍ਰਿਤਸਰ), ਲੋਕ ਚੇਤਨਾ ਮੰਚ (ਲਹਿਰਾਗਾਗਾ), ਇੰਟਰਨੈਸ਼ਨਲ ਡੈਮੋਕਰੇਟਿਕ ਫਰੰਟ, ਮਜ਼ਦੂਰ ਮੁਕਤੀ ਮੋਰਚਾ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ (ਹਰਜਿੰਦਰ ਸਿੰਘ), ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ (ਵਿਜੈ ਨਰਾਇਣ), ਗੁਲਜ਼ਾਰਾ ਸਿੰਘ ਭੱਠਲ ਯਾਦਗਾਰੀ ਕਮੇਟੀ।

**ਜਾਰੀ ਕਰਤਾ:**
**ਡਾ. ਪਰਮਿੰਦਰ** 95010-25030, **ਪ੍ਰੋਫੈਸਰ ਏਕੇ ਮਲੇਰੀ** 98557-00310,
**ਯਸ਼ਪਾਲ** 98145-35005,
**ਬੂਟਾ ਸਿੰਘ ਮਹਿਮੂਦਪੁਰ** 94634-74342





# ਭਾਰਤ-ਪਾਕਿ ਤਣਾਅ ਤੇ ਸਾਮਰਾਜੀ ਹਿੱਤ



ਮਨਦੀਪ
1-438-924-2052
mandeepsaddowal@gmail.com






ਭਾਰਤ-ਪਾਕਿਸਤਾਨ ਮੁਲਕਾਂ ਵਿਚਕਾਰ ਚੱਲੇ ਜੰਗੀ ਤਣਾਅ ਨੇ ਦੱਖਣੀ ਏਸ਼ੀਆਈ ਖਿੱਤੇ ਦੀ ਪੂਰੀ ਭੂ-ਰਾਜਨੀਤੀ ਨੂੰ ਪ੍ਰਭਾਵਿਤ ਕੀਤਾ ਹੈ। ਦੋ ਖੇਤਰੀ ਤੇ ਪਿਛਾਖੜੀ ਤਾਕਤਾਂ ਦੇ ਆਪਸੀ ਝਗੜੇ ਵਿੱਚ ਵੱਡੀਆਂ ਸਾਮਰਾਜੀ ਤਾਕਤਾਂ ਦੀ ਦਖਲਅੰਦਾਜ਼ੀ ਨੇ ਇਸਦਾ ਘੇਰਾ ਕੌਮਾਂਤਰੀ ਹਿੱਤਾਂ ਦੇ ਪਸਾਰ ਤੱਕ ਫੈਲਾਅ ਦਿੱਤਾ ਹੈ। ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਨਿਰਦੋਸ਼ ਸੈਲਾਨੀਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਦੀ ਬੇਹੱਦ ਅਫ਼ਸੋਸਨਾਕ ਘਟਨਾ ਨੇ ਭਾਰਤ, ਪਾਕਿਸਤਾਨ ਤੇ ਕਸ਼ਮੀਰ ਦੇ ਆਮ ਲੋਕਾਂ ਦੇ ਹਿਰਦੇ ਨੂੰ ਦੁੱਖ ਪਹੁੰਚਾਇਆ ਹੈ। ਇਸ ਸਬੰਧੀ ਭਾਰਤ ਦੀ ਫੌਜੀ ਪ੍ਰਤੀਕਿਰਿਆ 'ਚ ਪਾਕਿਸਤਾਨ ਵਿੱਚ ਅੱਤਵਾਦੀ ਕੈਂਪਾਂ 'ਤੇ ਹਵਾਈ ਹਮਲੇ ਕੀਤੇ ਗਏ ਤੇ ਪਾਕਿਸਤਾਨ ਨੇ ਪਹਿਲਗਾਮ ਦੀ ਘਟਨਾ ਵਿੱਚ ਸ਼ਮੂਲੀਅਤ ਤੋਂ ਇਨਕਾਰ ਕਰਦਿਆਂ ਜਵਾਬੀ ਫੌਜੀ ਕਾਰਵਾਈ ਕੀਤੀ। ਸੀਮਿਤ ਫੌਜੀ ਤਕਰਾਰ ਬਾਅਦ ਹੋਈ ਅਸਥਾਈ ਜੰਗਬੰਦੀ ਤੋਂ ਬਾਅਦ ਦੋਵੇਂ ਮੁਲਕਾਂ ਵਿੱਚ ਜੰਗੀ ਤਣਾਅ ਸਬੰਧੀ ਬਹੁਪਸਾਰੀ ਚਰਚਾ ਛਿੜ ਗਈ ਹੈ। ਭਾਰਤ ਅੰਦਰ ਟਰੰਪ ਦੀ ਭੂਮਿਕਾ ਭਾਜਪਾ ਅਤੇ ਕਾਂਗਰਸ ਵਿਚਕਾਰ ਵਾਦ-ਵਿਵਾਦ ਦਾ ਮੁੱਦਾ ਬਣੀ ਹੋਈ ਹੈ ਅਤੇ ਇਸ ਨੂੰ ਭਾਰਤ-ਪਾਕਿ ਵਿਚਕਾਰ ਜੰਗ ਰੋਕਣ ਦੇ ਕਾਰਨ ਨੂੰ ਲੈਕੇ ਭਾਜਪਾ ਦੀ ਕਿਰਕਿਰੀ ਹੋ ਰਹੀ ਹੈ। ਇਸ ਕਰਕੇ ਜੰਗ ਦੀ ਘਟਾ ਉਤਰਣ ਬਾਅਦ ਦੋ ਗੁਆਂਢੀ ਮੁਲਕਾਂ ਵਿਚਕਾਰ ਬਣੇ ਤਣਾਅ ਦੇ ਪ੍ਰਮੁੱਖ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਹੀ ਭਵਿੱਖੀ ਜੰਗੀ ਖਤਰਿਆਂ ਨਾਲ ਨਜਿੱਠਿਆ ਜਾ ਸਕਦਾ ਹੈ। ਇਹ ਸਮਝ ਲੈਣਾ ਬੇਹੱਦ ਜਰੂਰੀ ਹੈ ਕਿ ਪਹਿਲਗਾਮ ਪਹਿਲਾ ਜਾਂ ਆਖਰੀ ਅੱਤਵਾਦੀ ਹਮਲਾ ਨਹੀਂ ਹੈ। ਕਸ਼ਮੀਰ ਦੀ ਧਰਤੀ ਉੱਤੇ ਵਾਪਰੇ ਇਸ ਕਤਲੇਆਮ ਦਾ ਸਬੰਧ ਕਸ਼ਮੀਰ ਮਸਲੇ ਨਾਲ ਅਟੁੱਟ ਤੌਰ ਤੇ ਜੁੜਿਆ ਹੋਇਆ ਹੈ।

ਬਰਤਾਨਵੀ ਬਸਤੀਵਾਦੀਆਂ ਵੱਲੋਂ 1947 ਦੀ ਕੀਤੀ ਅਨਿਆਂਈ ਵੰਡ ਤੋਂ ਬਾਅਦ ਕਸ਼ਮੀਰ ਦਾ ਅਣਸੁਲਝਿਆ ਵਿਵਾਦਿਤ ਖੇਤਰ ਜਮਾਂਦਰੂ ਤੌਰ ਤੇ ਦੋਵੇਂ ਮੁਲਕਾਂ ਵਿਚਕਾਰ ਆਪਸੀ ਝਗੜੇ ਦਾ ਮੁੱਖ ਕਾਰਨ ਬਣਿਆ ਹੋਇਆ ਹੈ ਤੇ ਅਕਸਾਈ ਚਿੰਨ ਕਰਕੇ ਚੀਨ ਵੀ ਇਸ ਵਿੱਚ ਸ਼ਾਮਲ ਹੈ। ਦੱਖਣੀ ਏਸ਼ੀਆਈ ਖਿੱਤੇ ਵਿੱਚ ਭਾਰਤ, ਪਾਕਿਸਤਾਨ, ਚੀਨ ਆਦਿ ਵਿਚਕਾਰ ਝਗੜੇ ਤੇ ਤਣਾਅ ਦਾ ਕਾਰਨ ਬਣੀਆਂ ਵਿਵਾਦਿਤ ਸਰੱਹਦਾਂ ਬਰਤਾਨਵੀ ਸਾਮਰਾਜ ਦੀ ਦੇਣ ਹਨ ਜਿਹਨਾਂ ਦੀ ਲਗਾਮ ਅੱਜ-ਕੱਲ ਅਮਰੀਕੀ ਸਾਮਰਾਜ ਦੇ ਹੱਥ ਹੈ। ਇਹਨਾਂ ਮੁਲਕਾਂ ਦੀਆਂ ਸਰਕਾਰਾਂ ਘਰੇਲੂ ਸਿਆਸੀ ਹਿੱਤਾਂ ਲਈ ਅਤੇ ਸਾਮਰਾਜੀ ਤਾਕਤਾਂ ਆਪਣੇ ਕੌਮਾਂਤਰੀ ਵਿੱਤੀ ਤੇ ਕੂਟਨੀਤਿਕ ਮੁਫਾਦਾਂ ਲਈ ਇਹਨਾਂ ਵਿਵਾਦਿਤ ਸਰਹੱਦੀ ਝਗੜਿਆਂ ਨੂੰ ਨਵਿਆਉਂਦੀਆਂ ਰਹਿੰਦੀਆਂ ਹਨ। ਵੰਡ ਤੋਂ ਬਾਅਦ, ਕਸ਼ਮੀਰ ਨਾਲ ਕੀਤੇ ਵਾਅਦੇ ਦੇ ਉਲਟ ਭਾਰਤੀ ਹਾਕਮ, ਪਾਕਿਸਤਾਨ ਅਧੀਨ ਬਲੋਚਿਸਤਾਨ ਵਾਂਗ ਕਸ਼ਮੀਰੀਆਂ ਉੱਤੇ ਕੌਮੀ ਦਾਬੇ ਨੂੰ ਲਗਾਤਾਰ ਬਰਕਰਾਰ ਰੱਖਦੇ ਆ ਰਹੇ ਹਨ। ਅੱਤਵਾਦ, ਸਰਹੱਦੀ ਤਣਾਅ ਤੇ ਦੋਵਾਂ ਮੁਲਕਾਂ ਵਿਚਕਾਰ ਜੰਗਾਂ ਦਾ ਕਾਰਨ ਬਣੇ ਇਸ ਖੇਤਰ ਵਿੱਚ 2019 ਨੂੰ ਭਾਜਪਾ ਸਰਕਾਰ ਵੱਲੋਂ ਧਾਰਾ 370 ਖਤਮ ਕਰਕੇ ਜੰਮੂ-ਕਸ਼ਮੀਰ ਨੂੰ ਕੇਂਦਰੀ ਸਰਕਾਰ ਦੀ ਯੂਨੀਅਨ ਟੈਰਟਰੀ ਵਿੱਚ ਤਬਦੀਲ ਕਰ ਦਿੱਤਾ। ਹਿੰਦੂਤਵੀ ਵਿਚਾਰਧਾਰਾ ਵਾਲੀ ਭਾਜਪਾ ਹਕੂਮਤ, ਜਿਸਦਾ ਮੁਸਲਮਾਨਾਂ ਸਮੇਤ ਭਾਰਤ ਦੀਆਂ ਘੱਟ ਗਿਣਤੀਆਂ ਖਿਲਾਫ ਵਿਤਕਰੇ ਤੇ ਦਾਬੇ ਦਾ ਬਿੰਬ ਬਣਿਆ ਹੋਇਆ ਹੈ, ਵੱਲੋਂ

*ਭਾਰਤ-ਪਾਕਿਸਤਾਨ ਦੀ ਵੰਡ (1947) ਇੱਕ ਬਸਤੀਵਾਦੀ ਦਾਗ ਹੈ ਜੋ ਹਿੰਸਕ ਸਰਹੱਦਾਂ ਅਤੇ ਨਸਲੀ-ਰਾਸ਼ਟਰਵਾਦੀ ਬਿਰਤਾਂਤਾਂ ਨੂੰ ਮੁੜ-ਮੁੜ ਆਕਾਰ ਦਿੰਦਾ ਰਹਿੰਦਾ ਹੈ। ਦੋਵਾਂ ਦੇਸ਼ਾਂ ਦੇ ਹਾਕਮ ਹਿੰਸਾ ਅਤੇ ਪਛਾਣ-ਅਧਾਰਿਤ ਰਾਜਨੀਤੀ ਨੂੰ ਹਵਾ ਦੇ ਕੇ ਦੋਵੇਂ ਪਾਸੇ ਰਾਸ਼ਟਰਵਾਦੀ ਬਸਤੀਵਾਦੀ ਬਣਤਰਾਂ (ਹਿੰਦੂ ਬਨਾਮ ਮੁਸਲਿਮ) ਨੂੰ ਤੂਲ ਦੇ ਕੇ ਜਮਾਤੀ ਸੰਘਰਸ਼ ਨੂੰ ਨਸਲੀ-ਧਾਰਮਿਕ ਟਕਰਾਵਾਂ ਵਿੱਚ ਬਦਲਦੇ ਹਨ ਅਤੇ ਆਪਣੇ ਸਿਆਸੀ ਲਾਹੇ ਲਈ ਵਾਰ-ਵਾਰ ਬਸਤੀਵਾਦੀ ਜ਼ਖ਼ਮਾਂ ਨੂੰ ਕੁਰੇਦਦੇ ਰਹਿੰਦੇ ਹਨ।*

ਕਸ਼ਮੀਰੀ ਲੋਕਾਂ ਦੇ ਆਤਮ-ਨਿਰਣੇ ਦੇ ਹੱਕ ਨੂੰ ਕੁਚਲਣਾ ਫਿਰਕੂ ਦਹਿਸ਼ਤਗਰਦੀ ਦਾ ਅਧਾਰ ਪੈਦਾ ਕਰਦਾ ਹੈ। ਸਰਕਾਰੀ ਅਤੇ ਫਿਰਕੂ ਦਹਿਸ਼ਤਗਰਦੀ ਦੀ ਗਤੀਸ਼ੀਲਤਾ ਨੂੰ ਜਾਣੇ ਬਿਨਾਂ ਪਹਿਲਗਾਮ ਦੀ ਘਟਨਾ ਨੂੰ ਨਹੀਂ ਸਮਝਿਆ ਜਾ ਸਕਦਾ। ਕਸ਼ਮੀਰ ਮਸਲੇ ਦਾ ਨਿਰਪੱਖ ਤੇ ਸਹੀ ਹੱਲ ਕੀਤੇ ਬਿਨਾਂ ਇਹ ਖੇਤਰ ਦੋਵਾਂ ਮੁਲਕਾਂ ਵਿਚਕਾਰ ਝਗੜੇ ਦਾ ਕਾਰਨ ਬਣਿਆ ਰਹੇਗਾ ਤੇ ਮੁੜ-ਮੁੜ ਪਹਿਲਗਾਮ ਵਰਗੀਆਂ ਬੇਰਹਿਮ ਘਟਨਾਵਾਂ ਨੂੰ ਜਨਮ ਦਿੰਦਾ ਰਹੇਗਾ। ਕਸ਼ਮੀਰ ਵਿੱਚ ਕਸ਼ਮੀਰੀ ਲੋਕਾਂ ਨੂੰ ਆਤਮ-ਨਿਰਣੇ ਦਾ ਹੱਕ ਹੀ ਉਹਨਾਂ ਨੂੰ ਦੋਵਾਂ ਮੁਲਕਾਂ ਦੇ ਦਾਬੇ ਤੋਂ ਨਿਜਾਤ ਦਿਵਾ ਸਕਦਾ ਹੈ। ਅੱਤਵਾਦ ਤੋਂ ਸ਼ਾਂਤੀ ਲਈ ਛੇੜੇ ਯੁੱਧ ਹਮਲਿਆਂ ਚੋਂ ਨਿਕਲੀ ਹਕੂਮਤੀ ਹਿੰਸਾ ਸਥਾਈ ਸ਼ਾਂਤੀ ਦਾ ਰਾਹ ਨਹੀਂ ਖੋਲ੍ਹ ਸਕਦੀ।

ਭਾਰਤ-ਪਾਕਿਸਤਾਨ ਦੀ ਵੰਡ (1947) ਇੱਕ ਬਸਤੀਵਾਦੀ ਦਾਗ ਹੈ ਜੋ ਹਿੰਸਕ ਸਰਹੱਦਾਂ ਅਤੇ ਨਸਲੀ-ਰਾਸ਼ਟਰਵਾਦੀ ਬਿਰਤਾਂਤਾਂ ਨੂੰ ਮੁੜ-ਮੁੜ ਆਕਾਰ ਦਿੰਦਾ ਰਹਿੰਦਾ ਹੈ। ਦੋਵਾਂ ਦੇਸ਼ਾਂ ਦੇ ਹਾਕਮ ਹਿੰਸਾ ਅਤੇ ਪਛਾਣ-ਅਧਾਰਿਤ ਰਾਜਨੀਤੀ ਨੂੰ ਹਵਾ ਦੇ ਕੇ ਦੋਵੇਂ ਪਾਸੇ ਰਾਸ਼ਟਰਵਾਦੀ ਬਸਤੀਵਾਦੀ ਬਣਤਰਾਂ (ਹਿੰਦੂ ਬਨਾਮ ਮੁਸਲਿਮ) ਨੂੰ ਤੂਲ ਦੇ ਕੇ ਜਮਾਤੀ ਸੰਘਰਸ਼ ਨੂੰ ਨਸਲੀ-ਧਾਰਮਿਕ ਟਕਰਾਵਾਂ ਵਿੱਚ ਬਦਲਦੇ ਹਨ ਅਤੇ ਆਪਣੇ ਸਿਆਸੀ ਲਾਹੇ ਲਈ ਵਾਰ-ਵਾਰ ਬਸਤੀਵਾਦੀ ਜ਼ਖ਼ਮਾਂ ਨੂੰ ਕੁਰੇਦਦੇ ਰਹਿੰਦੇ ਹਨ।

ਦੂਸਰਾ, ਇਸ ਟਕਰਾਅ ਵਿੱਚ ਦੋਵਾਂ ਦੇਸ਼ਾਂ ਨੇ ਉੱਨਤ ਫੌਜੀ ਤਕਨਾਲੋਜੀਆਂ ਦੀ ਵਰਤੋਂ ਕੀਤੀ ਹੈ ਜੋ ਕਿ ਸਾਮਰਾਜੀ ਦੇਸ਼ਾਂ ਦੁਆਰਾ ਮੁਹੱਈਆ ਕਰਵਾਈਆਂ ਗਈਆਂ ਹਨ। ਪਾਕਿਸਤਾਨ ਵੱਲੋਂ ਚੀਨ ਨਿਰਮਿਤ ਜੇ-10ਸੀ ਲੜਾਕੂ ਜਹਾਜ਼ਾਂ ਅਤੇ ਪੀਐਲ-15 ਮਿਜ਼ਾਈਲਾਂ ਦੀ ਵਰਤੋਂ ਨੇ ਭਾਰਤ ਵਿੱਚ ਕਥਿਤ ਤੌਰ 'ਤੇ ਪੱਛਮੀ ਤਾਕਤਾਂ ਦੁਆਰਾ ਨਿਰਮਿਤ ਹਥਿਆਰਾਂ ਨੂੰ ਚੁਣੌਤੀ ਦੇ ਕੇ ਚੀਨ ਦੇ ਫੌਜੀ ਹਾਰਡਵੇਅਰ ਨੂੰ ਵਿਸ਼ਵ ਲੜਾਈ 'ਚ ਉੱਚਾ ਰੁਤਬਾ ਦਿੱਤਾ ਹੈ। ਇਸ ਲੜਾਈ ਵਿੱਚ ਪਾਕਿਸਤਾਨ ਦੁਆਰਾ ਚੀਨੀ ਫੌਜੀ ਤਕਨੀਕ ਦੀ ਵਰਤੋਂ ਕਰਨ ਨਾਲ ਇਸਦੇ ਹਥਿਆਰ ਉਦਯੋਗ ਲਈ ਗਲੋਬਲ ਮਾਰਕਿਟ ਵਿੱਚ ਪੜਤ ਹੋਰ ਵੱਧ ਗਈ ਹੈ ਤੇ ਰਾਫੇਲ ਦੇ ਮੁਕਾਬਲੇ ਚੀਨੀ ਹਥਿਆਰ ਕੰਪਨੀਆਂ ਦੇ ਸ਼ੇਅਰ ਵਧ ਗਏ ਹਨ। ਇਸ ਹਮਲੇ ਦੇ ਆਸਰੇ ਭਾਰਤ ਅਤੇ ਸੰਸਾਰ ਸਾਹਮਣੇ ਚੀਨੀ ਫੌਜੀ ਤਾਕਤ ਦਾ ਮੁਜ਼ਾਹਰਾ ਹੋਇਆ ਹੈ। ਭਾਰਤ ਨੇ ਪਿਛਲੇ ਸਮੇਂ ਅਮਰੀਕਾ ਨਾਲ ਮਿਲਕੇ ਹਿੰਦ ਪ੍ਰਸ਼ਾਂਤ ਮਹਾਂਸਾਗਰ ਵਿੱਚ ਸਾਂਝੀਆਂ ਫੌਜੀ ਮਸ਼ਕਾਂ ਕੀਤੀਆਂ ਸਨ ਜੋ ਚੀਨ ਲਈ ਚੁਣੌਤੀ ਬਣੀਆਂ ਹੋਈਆਂ ਸਨ। ਪਰੰਤੂ ਚੀਨ ਨੇ ਸਾਈਬਰ ਅਤੇ ਪੁਲਾੜ ਯੁੱਧ ਦੀ ਤਿਆਰੀ ਲਈ ਆਪਣੀ ਫੌਜੀ ਸਮਰੱਥਾ ਵਧਾਉਣ ਲਈ ਫੌਜੀ ਖਰਚਿਆਂ ਵਿੱਚ ਸਭ ਤੋਂ ਵੱਧ ਵਾਧਾ ਕੀਤਾ ਹੈ।

ਭਾਰਤ ਅਤੇ ਪਾਕਿਸਤਾਨ ਜਿੰਨੇ ਮਰਜ਼ੀ ਦਮਗਜ਼ੇ ਮਾਰੀ ਜਾਣ ਪਰ ਮਿਲਟਰੀ ਸਾਜੋ-ਸਮਾਨ ਲਈ ਉਹ ਸਾਮਰਾਜੀ ਦੇਸ਼ਾਂ ਉਪਰ ਬੁਰੀ ਤਰ੍ਹਾਂ ਨਿਰਭਰ ਹਨ ਨਿਰਸੰਦੇਹ ਪਾਕਿਸਤਾਨ ਭਾਰਤ ਨਾਲੋਂ ਜ਼ਿਆਦਾ ਨਿਰਭਰ ਹੈ। ਇਸ ਸਮੇਂ ਭਾਰਤ ਫੌਜੀ ਸਾਜੋ-ਸਮਾਨ ਅਤੇ ਹਥਿਆਰਾਂ ਲਈ ਅਮਰੀਕਾ ਅਤੇ ਰੂਸ ਉਪਰ ਨਿਰਭਰ ਹੈ ਅਤੇ ਪਾਕਿਸਤਾਨ ਅਮਰੀਕਾ ਅਤੇ ਚੀਨ ਉਪਰ ਨਿਰਭਰ ਹੈ। ਹੁਣ ਭਾਰਤ ਅਤੇ ਪਾਕਿਸਤਾਨ ਇਕ ਦੂਜੇ ਉਪਰ ਹਮਲੇ ਕਰ ਰਹੇ ਹਨ ਅਤੇ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਸਰਕਾਰੀ ਮੀਡੀਆ ਅੰਦਰ ਸਾਮਰਾਜੀ ਦੇਸ਼ਾਂ ਤੋਂ ਖਰੀਦੇ ਫੌਜੀ ਹਥਿਆਰਾਂ ਨੂੰ ਵਰਤ ਕੇ ਇਕ ਦੂਜੇ ਨਾਲੋਂ ਬਾਜੀ ਮਾਰਨ ਦੀਆਂ ਸ਼ੇਖੀਆਂ ਮਾਰ ਰਹੇ। ਵੱਡੇ ਸਾਮਰਾਜੀ ਦੇਸ਼ਾਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਹਥਿਆਰ ਵੇਚਣ ਦੀ ਮੰਡੀ ਬਣਾਇਆ ਹੋਇਆ ਹੈ। ਜੰਗੀ ਝਗੜਿਆਂ ਤੋਂ ਸਾਮਰਾਜੀ ਫੌਜੀ-ਉਦਯੋਗਿਕ ਕੰਪਲੈਕਸ ਦਾ ਮੁਨਾਫ਼ਾ ਵਧਦਾ ਹੈ। ਹਥਿਆਰਾਂ ਦਾ ਉਤਪਾਦਨ, ਰੱਖਿਆ ਇਕਰਾਰਨਾਮੇ, ਅਤੇ ਵਿਦੇਸ਼ੀ ਹਥਿਆਰਾਂ ਦੇ ਸੌਦੇ ਹੋਰ ਵੱਧ ਤੇਜ਼ ਹੋ ਜਾਂਦੇ ਹਨ। ਪੁਲਵਾਮਾ ਹਮਲੇ ਦੇ ਪ੍ਰਤੀਕਰਮ ਵਜੋਂ ਭਾਰਤ ਵੱਲੋਂ ਕੀਤੇ ਗਏ ਬਾਲਾਕੋਟ ਹਮਲੇ ਤੋਂ ਬਾਅਦ ਪਾਕਿਸਤਾਨ ਨੇ ਚੀਨ ਤੋਂ ਵੱਡੀ ਪੱਧਰ ਤੇ ਫੌਜੀ ਸਾਜੋ-ਸਮਾਨ ਖਰੀਦਿਆ ਹੈ। ਇਸ ਤਾਜ਼ਾ ਹਮਲੇ ਬਾਅਦ ਭਾਰਤ ਅਤੇ ਪਾਕਿਸਤਾਨ ਆਪਣੇ ਰੱਖਿਆ ਬਜਟ ਵਿੱਚ ਹੋਰ ਵਾਧਾ ਕਰਨ ਦੀ ਦੌੜ ਵਿੱਚ ਸ਼ਾਮਲ ਹੋਣਗੇ।

ਤੀਸਰਾ, ਭਾਰਤ ਦੀ ਜੀ-7, ਬ੍ਰਿਕਸ, ਕੁਆਡ, ਸ਼ਾਰਕ, ਡਬਲਿਊਟੀਓ, ਜੀ-20, ਯੂ.ਐੱਨ. ਆਦਿ ਵਿਸ਼ਵ ਗੁੱਟਾਂ ਵਿੱਚ ਸ਼ਮੂਲੀਅਤ ਅਤੇ ਪਾਕਿਸਤਾਨ ਮੁਕਾਬਲੇ ਵੱਡੀ ਆਰਥਿਕਤਾ ਹੋਣ ਕਰਕੇ ਭਾਰਤ ਦਾ ਕੌਮਾਂਤਰੀ ਸਿਆਸਤ ਵਿੱਚ ਗਿਣਨਯੋਗ ਯੋਗਦਾਨ ਹੈ। ਮੋਦੀ ਸਰਕਾਰ ਵੱਲੋਂ ਵਿਸ਼ਵਗੁਰੂ ਹੋਣ ਦੇ ਦਾਅਵੇ ਅਤੇ ਰੂਸ-ਯੂਕਰੇਨ ਜੰਗ ਵਿੱਚ ਕੂਟਨੀਤਕ ਪੋਜੀਸ਼ਨ ਤੇ ਅਮਰੀਕਾ ਨਾਲ ਨੇੜਲੇ ਸੰਬੰਧਾਂ ਦੇ ਚਰਚੇ ਵੀ ਹੁੰਦੇ ਰਹੇ ਹਨ। ਪਰ ਪਾਕਿਸਤਾਨ ਨਾਲ ਤਣਾਅ ਵਿੱਚ ਇਜ਼ਰਾਈਲ ਨੂੰ ਛੱਡ ਕਿਸੇ ਵੀ ਦੇਸ਼ ਨੇ ਭਾਰਤ ਨਾਲ ਠੋਸ ਯਕਯਹਿਤੀ ਪੇਸ਼ ਨਹੀਂ ਕੀਤੀ। ਭਾਰਤ ਸਰਕਾਰ ਦੀਆਂ ਕੂਟਨੀਤਕ ਤੇ ਵਿਦੇਸ਼ੀ ਨੀਤੀ ਦੀਆਂ ਕੋਸ਼ਿਸ਼ਾਂ ਫੇਲ੍ਹ ਹੋ ਗਈਆਂ ਅਤੇ ਯੂਰਪੀਨ ਯੂਨੀਅਨ ਤੇ ਅਮਰੀਕਾ ਨੇ ਭਾਰਤ ਦੇ ਹਵਾਈ ਹਮਲਿਆਂ ਦੀ ਨਿੰਦਾ ਕਰਕੇ ਭਾਰਤ ਨੂੰ ਨਮੋਸ਼ੀ ਦੀ ਹਾਲਤ ਵਿੱਚ ਸੁੱਟ ਦਿੱਤਾ ਹੈ। ਮੌਜੂਦਾ ਫੌਜੀ ਹਮਲਿਆਂ ਵਿੱਚ ਭਾਰਤ ਦੀ ਸੰਸਾਰ ਮੰਚ ਤੇ ਕੂਟਨੀਤਕ ਤੇ ਸਿਆਸੀ ਹਾਰ ਦਾ ਪ੍ਰਗਟਾਵਾ ਹੋਇਆ ਹੈ।

ਭਾਵੇਂ ਸੁਰੱਖਿਆ ਅਤੇ ਪ੍ਰਭੂਸੱਤਾ ਬਹਾਨੇ ਦੋਵਾਂ ਮੁਲਕਾਂ ਦੇ ਹਾਕਮਾਂ ਸਥਾਨਕ ਪੱਧਰ 'ਤੇ ਕੌਮਵਾਦੀ ਸਮਰਥਨ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ ਪ੍ਰੰਤੂ ਇਸਦੇ ਖਿਲਾਫ ਅਮਨ ਅਤੇ ਸ਼ਾਂਤੀ ਦੀ ਸੁਰ ਵੀ ਪਹਿਲਾਂ ਨਾਲੋਂ ਤਿੱਖੀ ਹੋਈ ਹੈ। ਘਰੇਲੂ ਤੌਰ 'ਤੇ ਇਸ ਟਕਰਾਅ ਨੇ ਭਾਰਤ ਵਿੱਚ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ 'ਤੇ ਬਹਿਸਾਂ ਛੇੜ ਦਿੱਤੀਆਂ ਹਨ। ਸਰਕਾਰ ਦੀਆਂ ਕਾਰਵਾਈਆਂ ਦੀ ਆਲੋਚਨਾ ਕਰਨ ਲਈ ਅਕਾਦਮਿਕ ਬੁੱਧੀਜੀਵੀ ਅਲੀ ਖਾਨ ਦੀ ਗ੍ਰਿਫਤਾਰੀ ਰਾਸ਼ਟਰੀ ਸੁਰੱਖਿਆ ਸੰਕਟ ਬਹਾਨੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਤੇ ਹਮਲਾ ਹੈ।

ਇਸ ਟਕਰਾਅ ਨੇ ਦਿਖਾ ਦਿੱਤਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਖੇਤਰੀ ਸੰਤੁਲਨ ਸਾਮਰਾਜੀ ਸ਼ਕਤੀਆਂ ਦੀ ਰਾਜਨੀਤੀ ਤੋਂ ਪ੍ਰਭਾਵਿਤ ਹੁੰਦਾ ਹੈ। ਮਹਿੰਗਾਈ, ਬੇਰੁਜ਼ਗਾਰੀ, ਵਿਰੋਧ ਪ੍ਰਦਰਸ਼ਨ, ਗੈਰ ਬਰਾਬਰਤਾ ਵਰਗੇ ਅੰਦਰੂਨੀ ਜਮਾਤੀ ਤਣਾਅ ਵਧਣ ਤੇ ਹਾਕਮ ਵਰਗ ਅਕਸਰ ਧਿਆਨ ਭਟਕਾਉਣ ਲਈ ਕੌਮੀ ਜਾਨੂੰਨ ਜਾਂ ਬਾਹਰੀ ਟਕਰਾਅ ਨੂੰ ਭੜਕਾਉਂਦੇ ਹਨ। ਇਸ ਸਮੇਂ ਭਾਰਤ ਅਤੇ ਪਾਕਿਸਤਾਨ ਦੋਵੇਂ ਮੁਲਕ ਆਰਥਿਕ ਚੁਣੌਤੀਆਂ ਅਤੇ ਰਾਜਨੀਤਿਕ ਅਸ਼ਾਂਤੀ ਨਾਲ ਜੂਝ ਰਹੇ ਹਨ। ਸਰਹੱਦ ਪਾਰ ਟਕਰਾਅ ਵਧਣਾ ਲੋਕਾਂ ਦੇ ਗੁੱਸੇ ਨੂੰ ਵਿਦੇਸ਼ੀ ਦੁਸ਼ਮਣ ਨਾਲ ਸਿੱਝਣ ਲਈ ਭਟਕਾਉਂਦਾ ਹੈ। ਇਸਤੋਂ ਬਿਨਾਂ ਦੋਵਾਂ ਦੇਸ਼ਾਂ ਵਿੱਚ ਜ਼ਿਆਦਾਤਰ ਮੀਡੀਆ ਨੇ ਸਰਕਾਰੀ ਸੰਦ ਵਜੋਂ ਕੰਮ ਕੀਤਾ ਹੈ ਅਤੇ ਫੌਜੀ ਕਾਰਵਾਈ ਦੀ ਵਡਿਆਈ ਕੀਤੀ ਹੈ ਅਤੇ ਅਸਹਿਮਤੀ ਦੀ ਹਰ ਸੁਰ ਨੂੰ ਦਬਕਾਉਣ-ਭੰਡਣ ਦਾ ਕੰਮ ਕੀਤਾ ਹੈ। ਨਿਹੱਕੀ ਫੌਜੀ ਕਾਰਵਾਈ ਨੂੰ ਦੇਸ਼ ਭਗਤੀ ਨਾਂ ਦਿੱਤਾ ਗਿਆ ਹੈ।

ਇਸ ਸਮੇਂ ਚੀਨ ਨੇ ਪਾਕਿਸਤਾਨ ਨੂੰ ਫੌਜੀ ਤੌਰ 'ਤੇ ਸਹਿਯੋਗ ਦਿੱਤਾ ਹੈ ਅਤੇ ਅਮਰੀਕਾ ਅਤੇ ਰੂਸ ਭਾਰਤ ਨਾਲ ਕੂਟਨੀਤਕ ਸਬੰਧ ਬਣਾਈ ਰੱਖਦੇ ਹਨ। ਭਾਰਤ ਅਤੇ ਪਾਕਿਸਤਾਨ ਦੋਵੇਂ ਵਿਸ਼ਵ ਪੂੰਜੀਵਾਦ ਅਤੇ ਸਾਮਰਾਜਵਾਦੀ ਹਿੱਤਾਂ ਦੇ ਜਾਲ ਵਿੱਚ ਫਸੇ ਹੋਏ ਹਨ। ਜੰਗ ਜਾਂ ਜੰਗੀ ਤਣਾਅ ਵਿੱਚ ਹਾਕਮ ਵਰਗ ਤੋਂ ਇਲਾਵਾ ਕੋਈ ਜੇਤੂ ਨਹੀਂ ਹੁੰਦਾ। ਜੰਗ ਪੂੰਜੀਵਾਦੀ ਪ੍ਰਬੰਧ ਨੂੰ ਬਰਕਰਾਰ ਰੱਖਣ, ਪੂੰਜੀਪਤੀਆਂ ਦੇ ਹਿੱਤਾਂ ਦੀ ਰੱਖਿਆ ਕਰਨ, ਜਮਾਤੀ ਚੇਤਨਾ ਤੇ ਏਕਤਾ ਨੂੰ ਦਬਾਉਣ ਅਤੇ ਲੋਕਾਂ ਨੂੰ ਰਾਸ਼ਟਰੀ ਲੀਹਾਂ 'ਤੇ ਵੰਡਦੀ ਹੈ। ਲੋਕਾਂ ਦਾ ਅਸਲ ਦੁਸ਼ਮਣ ਗੁਆਂਢੀ ਰਾਸ਼ਟਰ ਨਹੀਂ ਹੈ ਸਗੋਂ ਲੁੱਟ-ਜਬਰ ਤੇ ਟਿਕਿਆ ਪ੍ਰਬੰਧ ਹੈ ਜੋ ਆਪਣੀ ਸੱਤਾ ਨੂੰ ਬਰਕਰਾਰ ਰੱਖਣ ਲਈ ਜੰਗਾਂ-ਯੁੱਧਾਂ ਦੀ ਵਰਤੋਂ ਕਰਦਾ ਹੈ।

ਭਾਰਤ-ਪਾਕਿਸਤਾਨ ਵਿਚਕਾਰ ਜੰਗਬੰਦੀ ਇੱਕ ਸੁਖਦ ਸੁਨੇਹਾ ਜ਼ਰੂਰ ਹੈ ਪਰ ਟਰੰਪ ਦੀ ਸਾਮਰਾਜਵਾਦੀ ਵਿਚੋਲਗੀ ਸ਼ਾਂਤੀ ਦੀ ਸੱਚੀ ਇੱਛਾ ਤੋਂ ਪ੍ਰੇਰਿਤ ਨਹੀਂ ਹੈ ਸਗੋਂ ਦੱਖਣੀ ਏਸ਼ੀਆ ਵਿੱਚ ਅਮਰੀਕੀ ਰਣਨੀਤਕ ਅਤੇ ਆਰਥਿਕ ਹਿੱਤਾਂ ਤੋਂ ਪ੍ਰੇਰਿਤ ਹੈ। ਅਮਰੀਕਾ, ਚੀਨ ਦੀ ਤਾਕਤ ਨੂੰ ਚੁਣੌਤੀ ਦੇਣ ਤੇ ਹਿੰਦ ਪ੍ਰਸ਼ਾਂਤ ਮਹਾਸਾਗਰ ਵਿੱਚ ਆਪਣੇ ਪ੍ਰਭਾਵ ਨੂੰ ਵਧਾਉਣ ਲਈ ਭਾਰਤ ਨਾਲ ਨੇੜਲੇ ਸਬੰਧ ਬਣਾ ਰਿਹਾ ਹੈ ਤੇ ਪਾਕਿਸਤਾਨ ਨਾਲ ਵੀ ਸਬੰਧ ਕਾਇਮ ਰੱਖ ਰਿਹਾ ਹੈ। ਅਮਰੀਕਾ ਜੰਗੀ ਤਣਾਅ ਦੀ ਆੜ 'ਚ ਦੋਵਾਂ ਦੇਸ਼ਾਂ ਦੇ ਹਾਕਮਾਂ ਨਾਲ ਲੋਕਵਿਰੋਧੀ ਸਮਝੌਤੇ ਤੇ ਕੂਟਨੀਤਕ ਚਾਲਾਂ ਚੱਲ ਰਿਹਾ ਹੈ। ਦੋਵਾਂ ਦੇਸ਼ਾਂ ਨਾਲ ਇਹ ਜੰਗਬੰਦੀ ਇਸ ਖਿੱਤੇ ਵਿੱਚ ਜੰਗੀ ਤਣਾਅ ਤੇ ਮਹਿਜ ਵਕਤੀ ਰੋਕ ਹੈ। ਲੋੜ ਪੈਣ ਤੇ ਇਸਨੂੰ ਮੁੜ-ਮੁੜ ਸੁਲਗਾਇਆ ਜਾਂਦਾ ਰਹੇਗਾ। ਇਹ ਜੰਗੀ ਕਵਾਇਦ ਵੱਡੇ ਭੂ-ਰਾਜਨੀਤਕ ਟੀਚਿਆਂ ਦੀ ਪੂਰਤੀ ਲਈ ਸੀ। ਅਮਰੀਕਾ ਆਪਣੀ ਵਿਸ਼ਵਵਿਆਪੀ ਚੌਧਰ ਨੂੰ ਬਣਾਈ ਰੱਖਣ ਲਈ ਭਾਰਤ ਅਤੇ ਪਾਕਿਸਤਾਨ ਵਰਗੀਆਂ ਖੇਤਰੀ ਸ਼ਕਤੀਆਂ ਵਿਚਕਾਰ ਟਕਰਾਵਾਂ ਤੇ ਸਮਝੌਤਿਆਂ ਦੀ ਖੇਡ ਖੇਡਦਾ ਰਹੇਗਾ ਤੇ ਆਰਥਿਕ-ਵਪਾਰਕ ਸੌਦੇਬਾਜ਼ੀਆਂ ਚੋਂ ਆਪਣਾ ਲਾਹਾ ਖੱਟਦਾ ਰਹੇਗਾ। ਮੱਧ ਪੂਰਬ ਵਿੱਚ ਟਰੰਪ ਯਾਤਰਾ ਪੂਰੇ ਖਿੱਤੇ ਵਿੱਚ ਰੂਸ-ਚੀਨ ਖਿਲਾਫ ਗੁੱਟਬੰਦੀ ਦੇ ਮਨਸ਼ੇ ਤਹਿਤ ਕੀਤੀ ਗਈ ਹੈ ਅਤੇ ਸਾਊਦੀ ਅਰਬ, ਯੂਏਈ ਅਤੇ ਸੀਰੀਆ ਨਾਲ ਅਰਬਾਂ ਡਾਲਰ ਦੇ ਸਮਝੌਤੇ ਕੀਤੇ ਗਏ ਹਨ। ਭਾਰਤ ਪਾਕਿਸਤਾਨ ਪ੍ਰਮਾਣੂ ਸੰਪੰਨ ਦੇਸ਼ ਹੋਣ ਕਰਕੇ ਸਾਮਰਾਜੀ ਦੇਸ਼ ਇਸ ਜੰਗ ਨੂੰ ਪ੍ਰਮਾਣੂ ਜੰਗ ਵਿੱਚ ਵਟਣ ਤੋਂ ਰੋਕਣ ਲਈ ਕੋਸ਼ਿਸ਼ ਜਾਰੀ ਰੱਖਣਗੇ।

ਭਾਰਤੀ ਅਤੇ ਪਾਕਿਸਤਾਨੀ ਮਜ਼ਦੂਰਾਂ, ਕਿਸਾਨਾਂ ਅਤੇ ਦੱਬੇ-ਕੁਚਲੇ ਭਾਈਚਾਰਿਆਂ ਵਿਚਕਾਰ ਏਕਤਾ ਦੀ ਬੇਹੱਦ ਲੋੜ ਹੈ। ਦੋਵਾਂ ਮੁਲਕਾਂ ਦੇ ਅਵਾਮ ਦੀ ਅਸਲ ਮੁਕਤੀ ਸਾਮਰਾਜੀ ਤੇ ਸਰਮਾਏਦਾਰਾ ਪ੍ਰਬੰਧ ਤੋਂ ਛੁਟਕਾਰਾ ਪਾਕੇ ਲੋਕਪੱਖੀ ਰਾਜ ਪ੍ਰਬੰਧ ਸਿਰਜਣ ਨਾਲ ਹੀ ਨੇਪਰੇ ਚੜ੍ਹ ਸਕਦੀ ਹੈ।

# ਸਰਕਾਰ ਦੀ 'ਅਰਬਨ ਅਸਟੇਟ' ਯੋਜਨਾ ਵਿਰੁੱਧ ਕਿਸਾਨਾਂ ਦਾ ਸੰਘਰਸ਼



ਲੁਧਿਆਣਾ : ਸਰਕਾਰਾਂ ਕਿਸ ਤਰ੍ਹਾਂ ਆਮ ਲੋਕਾਂ ਦੀਆਂ ਰਾਜਨੀਤਕ ਤਬਦੀਲੀ ਦੀਆਂ ਭਾਵਨਾਵਾਂ ਦਾ ਲਾਹਾ ਲੈ ਕੇ ਲੋਕ ਵਿਰੋਧੀ ਨੀਤੀਆਂ ਲਾਗੂ ਕਰਦੀਆਂ ਹਨ ਇਸ ਦੀ ਤਾਜ਼ਾ ਮਿਸਾਲ ਭਗਵੰਤ ਮਾਨ ਜੁੰਡਲੀ ਹੈ। 'ਆਮ ਆਦਮੀ ਪਾਰਟੀ' ਦੀ ਸਰਕਾਰ ਜਿੱਥੇ ਪੁਲਿਸ ਨੂੰ ਲੋਕ ਸੰਘਰਸ਼ਾਂ ਵਿਰੁੱਧ ਆਪਣੇ ਨਿੱਜੀ ਗੁੰਡਾ ਗੈਂਗ ਦੀ ਤਰ੍ਹਾਂ ਵਰਤ ਰਹੀ ਹੈ, ਉੱਥੇ ਲੋਕ ਵਿਰੋਧੀ ਫ਼ੈਸਲੇ ਲੈਣ ਦੇ ਨਵੇਂ ਰਿਕਾਰਡ ਕਾਇਮ ਕਰ ਰਹੀ ਹੈ। ਇਸੇ ਤਰ੍ਹਾਂ ਦਾ ਇਕ ਫ਼ੈਸਲਾ 'ਗਲਾਡਾ' (ਗਰੇਟਰ ਲੁਧਿਆਣਾ ਡਿਵੈਲਪਮੈਂਟ ਅਥਾਰਟੀ) ਰਾਹੀ ਲੁਧਿਆਣਾ ਜਿਲੇ ਦੇ ਪਿੰਡਾਂ ਦੀ 24311 ਏਕੜ ਜ਼ਮੀਨ ਅਕਵਾਇਰ ਕਰਕੇ ਅਰਬਨ ਅਸਟੇਟ ਉਸਾਰਨ ਦਾ ਹੈ। ਇਸ ਲੋਕ ਮਾਰੂ ਫ਼ੈਸਲੇ ਵਿਰੁੱਧ ਵੱਖ-ਵੱਖ ਤਾਕਤਾਂ ਨੇ ਮਿਲਕੇ ਅੰਦੋਲਨ ਵਿੱਢ ਦਿੱਤਾ ਹੈ। 32 ਪਿੰਡਾਂ ਚ ਗਰਾਮ ਸਭਾਵਾਂ ਦੇ ਅਜਲਾਸ ਕਰਕੇ ਜ਼ਮੀਨ ਐਕਵਾਇਰ ਕਰਨ ਦੇ ਸਰਕਾਰੀ ਫ਼ਰਮਾਨ ਵਿਰੁੱਧ ਮਤੇ ਪਾਏ ਗਏ ਹਨ। ਅਕਾਲੀ ਦਲ ਵਰਗੇ ਲੋਕ-ਵਿਰੋਧੀ ਰਾਜਨੀਤਕ ਟੋਲੇ ਇਸ ਮੁੱਦੇ ਉੱਪਰ ਰਾਜਨੀਤਕ ਰੋਟੀਆਂ ਸੇਕਣ ਲਈ ਪੂਰੇ ਸਰਗਰਮ ਹਨ। ਪਰ ਬੀ.ਕੇ.ਯੂ.(ਏਕਤਾ-ਡਕੌਂਦਾ), ਬੀ.ਕੇ.ਯੂ.(ਏਕਤਾ-ਉਗਰਾਹਾਂ) ਅਤੇ ਹੋਰ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਵਿਚ ਨਿਭਾਈ ਜਾ ਰਹੀ ਸਰਗਰਮ ਭੂਮਿਕਾ ਕਾਰਨ ਮੌਕਾਪ੍ਰਸਤ ਰਾਜਨੀਤਕ ਪਾਰਟੀਆਂ ਦਾ ਲਾਹਾ ਸੀਮਤ ਹੋ ਗਿਆ ਹੈ। ਇਹ ਠੀਕ ਹੈ, ਵਿਰੋਧੀ-ਧਿਰ ਦੀਆਂ ਮੌਕਾਪ੍ਰਸਤ ਪਾਰਟੀਆਂ ਅਜਿਹੇ ਮੁੱਦਿਆਂ ਨੂੰ ਸੱਤਾਧਾਰੀ ਧਿਰ ਨੂੰ ਰਾਜਨੀਤਕ ਤੌਰ 'ਤੇ ਘੇਰਨ ਲਈ ਵਰਤਦੀਆਂ ਹਨ। ਸਰਕਾਰ ਨੂੰ ਇਹ ਪਤਾ ਹੋਣ ਦੇ ਬਾਵਜੂਦ ਹਰਪਾਲ ਚੀਮੇ ਵਰਗੇ ਜ਼ਮੀਰ-ਫ਼ਰੋਸ਼ ਮੰਤਰੀ ਅੰਦੋਲਨ ਨੂੰ ਬਦਨਾਮ ਕਰਨ ਲਈ ਜਾਣ-ਬੁੱਝਕੇ ਦੂਸ਼ਣਬਾਜ਼ੀ ਕਰ ਰਹੇ ਹਨ ਕਿ ਵਿਰੋਧੀ-ਧਿਰ ਇਹ ਮੁੱਦਾ ਉਠਾ ਕੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ।


ਇਹ ਲੈਂਡ ਪੂਲਿੰਗ ਐਕਟ ਭੋਂਇ ਮਾਫੀਏ ਨੂੰ ਕਿਸਾਨਾਂ ਦੀ ਵਡਮੁੱਲੀ ਜ਼ਮੀਨ ਕੌਡੀਆਂ ਦੇ ਭਾਅ ਲੁਟਾ ਕੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਘਸਿਆਰੇ ਬਣਾਉਣ ਵਾਲਾ ਹੈ। ਜਥੇਬੰਦੀਆਂ ਵੱਲੋਂ ਪਿੰਡਾਂ ਦੇ ਲੋਕਾਂ ਅਤੇ ਪੰਚਾਇਤਾਂ ਨੂੰ ਇਸ ਐਕਟ ਰਾਹੀਂ ਹੋਣ ਜਾ ਰਹੇ ਨੁਕਸਾਨ ਬਾਰੇ ਸੁਚੇਤ ਕਰਕੇ ਇਸ ਸਰਕਾਰੀ ਫ਼ਰਮਾਨ ਵਿਰੁੱਧ ਲਾਮਬੰਦ ਕੀਤਾ ਜਾ ਰਿਹਾ ਹੈ। ਜਥੇਬੰਦੀਆਂ ਦੇ ਆਗੂ ਹੋਕਾ ਦੇ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ, ਖ਼ਾਸ ਕਰਕੇ ਖੇਤੀ ਦੇ ਸੰਕਟ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਚੁੱਕਣ ਦੀ ਬਜਾਏ ਕਿਸਾਨਾਂ ਤੋ ਜ਼ਮੀਨਾਂ ਖੋਹਣ ਅਤੇ ਪ੍ਰਾਪਟੀ ਡੀਲਰ ਬਣਕੇ ਇਸ ਕਾਲੇ ਧੰਦੇ ਵਿੱਚੋਂ ਮੋਟੇ ਹਿੱਸੇ ਵਸੂਲਣ ਦੀ ਨੀਤੀ 'ਤੇ ਚੱਲ ਰਹੀ ਹੈ। ਜ਼ਮੀਨ ਖੁੱਸ ਜਾਣ ਨਾਲ ਕਿਸਾਨ ਬੇਰੁਜ਼ਗਾਰ ਹੋਣਗੇ ਉੱਥੇ ਇਸ ਦਾ ਅਸਰ ਸਾਧਨ-ਵਿਹੂਣੇ ਖੇਤ ਮਜ਼ਦੂਰਾਂ ਉੱਪਰ ਵੀ ਪਵੇਗਾ। ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਨੇ ਇਸ ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ। 27 ਮਈ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਲੁਧਿਆਣਾ ਵਿਖੇ ਗਲਾਡਾ ਦਫਤਰ ਅੱਗੇ ਚੇਤਾਵਨੀ ਰੈਲੀ ਕੀਤੀ ਗਈ ਜਿਸ ਵਿਚ ਕਿਸਾਨ ਜਥੇਬੰਦੀਆਂ ਦੇ ਨਾਲ-ਨਾਲ ਹੋਰ ਭਰਾਤਰੀ ਜਥੇਬੰਦੀਆਂ ਨੇ ਵੀ ਹਿੱਸਾ ਲਿਆ। ਗਲਾਡਾ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਦੇ ਨਾਂ ਮੰਗ-ਪੱਤਰ ਭੇਜਕੇ ਇਹ ਕਿਸਾਨ ਵਿਰੋਧੀ-ਲੋਕ ਵਿਰੋਧੀ ਪ੍ਰੋਜੈਕਟ ਰੱਦ ਕਰਨ ਦੀ ਮੰਗ ਕੀਤੀ ਗਈ। ਅੰਦੋਲਨ ਤਿੱਖਾ ਹੋਣ ਨਾਲ ਇਹ ਫ਼ੈਸਲਾ ਸਰਕਾਰ ਲਈ ਵੱਡੀ ਸਮੱਸਿਆ ਬਣ ਸਕਦਾ ਹੈ।

## ਕਲੀਵ ਵਿਊ ਸੀਨੀਅਰਜ਼ ਕਲੱਬ ਬਰੈਂਪਟਨ ਦੀ ਚੋਣ ਹੋਈ





ਬਰੈਂਪਟਨ : ਕਲੀਵ ਵਿਊ ਸੀਨੀਅਰਜ਼ ਕਲੱਬ ਬਰੈਂਪਟਨ ਦੀ ਚੋਣ ਸ੍ਰ. ਈਸ਼ਰ ਸਿੰਘ, ਡਾ. ਕੰਵਲਜੀਤ ਸਿੰਘ ਅਤੇ ਕਰਨਲ ਸੋਹੀ ਦੀ ਰਹਿਨੁਮਾਈ ਹੇਠ ਹੋਈ। ਇਸ ਦੌਰਾਨ ਚੁਣੇ ਗਏ ਐਗਜ਼ੀਕਿਊਟ ਮੈਂਬਰ ਵਿਚ ਸ੍ਰ. ਤਰਲੋਚਨ ਸਿੰਘ ਵਡਵਾਲ, ਸ੍ਰ. ਸੁਖਵਿੰਦਰ ਸਿੰਘ, ਸ੍ਰੀਮਤੀ ਉਰਮਲਾ ਕੌਰਾ ਕੌਰ ਜਸਲ, ਸ੍ਰੀਮਤੀ ਨਛੱਤਰ ਕੌਰ, ਸ੍ਰੀਮਤੀ ਸੁਰਜੀਤ ਕੌਰ, ਸ੍ਰੀਮਤੀ ਦਰਸ਼ਨ ਕੌਰ ਚੱਡਾ, ਡਾ. ਕੰਵਲਜੀਤ ਸਿੰਘ (ਚੇਅਰਮੈਨ), ਸ੍ਰ. ਮਨਜੀਤ ਸਿੰਘ, ਸ੍ਰ. ਹਰੀ ਸਿੰਘ, ਸ੍ਰ. ਜਸਵੀਰ ਸਿੰਘ, ਸ੍ਰ. ਗੁਰਦੇਵ ਸਿੰਘ ਅਤੇ ਸ੍ਰ. ਚਰਨਜੀਤ ਸਿੰਘ ਚੁਣੇ ਗਏ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom


ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com

Universal Health
It's all about "U"
PHARMACY

Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# ਮਾਈਗ੍ਰੈਂਟਸ ਰਾਈਟਸ ਨੈੱਟਵਰਕ ਵਲੋਂ ਪ੍ਰਾਈਮ ਮਨਿਸਟਰ ਮਾਰਕ ਕਾਰਨੀ ਨੂੰ ਖੁੱਲ੍ਹਾ ਖੱਤ

**ਮਾਈਗ੍ਰੈਂਟਸ ਰਾਈਟਸ ਨੈੱਟਵਰਕ**
**ਅਨੁਵਾਦ: ਸੁਖਵੰਤ ਹੁੰਦਲ**

*(ਕੈਨੇਡਾ ਵਿੱਚ ਨਵੀਂ ਸਰਕਾਰ ਬਣਨ ਬਾਅਦ ਪਾਰਲੀਮੈਂਟ ਦਾ ਪਹਿਲਾ ਸੈਸ਼ਨ ਸ਼ੁਰੂ ਹੋਣ ਦੇ ਮੌਕੇ, ਕੈਨੇਡਾ ਵਿੱਚ ਮਾਈਗ੍ਰੈਂਟਾਂ ਲਈ ਕੰਮ ਕਰਦੀ ਜਥੇਬੰਦੀ ਮਾਈਗ੍ਰੈਂਟਸ ਰਾਈਟਸ ਨੈੱਟਵਰਕ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਉਸ ਦੇ ਕੈਬਨਿਟ ਵਿਚਲੇ ਸਾਥੀਆਂ ਨੂੰ ਇਕ ਖੁੱਲ੍ਹਾ ਖੱਤ ਲਿਖਿਆ ਹੈ। ਇਸ ਖੱਤ ਵਿੱਚ ਉਹਨਾਂ ਨੇ ਮਾਈਗ੍ਰੈਂਟਾਂ ਦੀਆਂ ਇੰਮੀਗ੍ਰੇਸ਼ਨ ਨਾਲ ਸੰਬੰਧਿਤ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਕੁੱਝ ਸਿਫਾਰਿਸ਼ਾਂ ਕੀਤੀਆਂ ਹਨ। ਉਸ ਖੱਤ ਦਾ ਪੰਜਾਬੀ ਅਨੁਵਾਦ ਪਾਠਕਾਂ ਲਈ ਪੇਸ਼ ਹੈ - ਅਨੁਵਾਦਕ)*



**ਪ੍ਰਾਈਮ ਮਨਿਸਟਰ ਮਾਰਕ ਕਾਰਨੀ,**
**ਇੰਮੀਗ੍ਰੇਸ਼ਨ ਮਨਿਸਟਰ ਲੀਨਾ ਮੈਟਲੈਜ ਦਿਆਬ,**
**ਜੌਬਜ਼ ਐਂਡ ਫੈਮਲੀਜ਼ ਮਨਿਸਟਰ ਪੈਟੀ ਹਾਇਦੂ ਅਤੇ**
**ਪਬਲਿਕ ਸੇਫਟੀ ਮਨਿਸਟਰ ਗੈਰੀ ਆਨੰਦਾ ਸੈਂਗੀਰੀ ਜੀ,**

ਮਾਈਗ੍ਰੈਂਟਾਂ ਦੀ ਅਗਵਾਈ ਵਿੱਚ ਚਲਦੀ ਕੈਨੇਡਾ ਦੀ ਸਭ ਤੋਂ ਵੱਡੀ ਜਥੇਬੰਦੀ ਮਾਈਗ੍ਰੈਂਟ ਰਾਈਟਸ ਨੈੱਟਵਰਕ ਵਲੋਂ ਅਸੀਂ ਤੁਹਾਨੂੰ ਕੈਨੇਡਾ ਵਿੱਚ ਨਵੀਂ ਸਰਕਾਰ ਬਣਾਉਣ ਲਈ ਵਧਾਈ ਦਿੰਦੇ ਹਾਂ ਅਤੇ ਇੰਮੀਗ੍ਰੈਂਟਾਂ ਦੇ ਹੱਕਾਂ ਅਤੇ ਉਹਨਾਂ ਨੂੰ ਇਨਸਾਫ ਦੇਣ ਲਈ ਫੌਰੀ ਕਦਮ ਚੁੱਕਣ ਲਈ ਬੇਨਤੀ ਕਰਦੇ ਹਾਂ। ਅਸੀਂ ਤੁਹਾਡੀ ਸਰਕਾਰ ਨੂੰ ਹੇਠ ਲਿਖੇ ਕਦਮ ਚੁੱਕਣ ਦੀ ਬੇਨਤੀ ਕਰਦੇ ਹਾਂ:

- ਅੰਤਰਰਾਸ਼ਟਰੀ ਵਿਦਿਆਰਥੀਆਂ, ਰਫਿਊਜੀਆਂ, ਟੈਂਪਰੇਰੀ ਫੌਰਨ ਵਰਕਰਾਂ ਅਤੇ ਬਿਨਾਂ ਕਾਗਜ਼ਾਂ ਵਾਲੇ ਲੋਕਾਂ (ਅਣਡਾਕੂਮੈਂਟਿਡ ਪੀਪਲ) ਸਮੇਤ ਕੈਨੇਡਾ ਵਿਚਲੇ ਸਾਰੇ ਮਾਈਗ੍ਰੈਂਟਾਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਦੇਣ ਨੂੰ ਯਕੀਨੀ ਬਣਾਉਣ ਲਈ।
- ਸ਼ੋਸ਼ਣ ਦਾ ਕਾਰਨ ਬਣਨ ਵਾਲੇ ਕੰਮ-ਮਾਲਕਾਂ ਨਾਲ ਬੱਝੇ ਵਰਕ-ਪਰਮਿੱਟਾਂ ਨੂੰ ਖਤਮ ਕਰਨ ਲਈ।
- ਸਾਰੇ ਮਾਈਗ੍ਰੈਂਟਾਂ ਲਈ ਸੁਰੱਖਿਆਵਾਂ ਅਤੇ ਹੱਕਾਂ ਨੂੰ ਮਜ਼ਬੂਤ ਕਰਨ ਲਈ।
- ਪਰਿਵਾਰਾਂ ਨੂੰ ਦੋਬਾਰਾ ਇਕੱਠੇ ਕਰਨ (ਫੈਮਲੀ ਰੀਯੂਨੀਫਿਕੇਸ਼ਨ) ਨੂੰ ਪਹਿਲ ਦੇਣ ਲਈ ਅਤੇ ਪਰਿਵਾਰਾਂ ਦੀ ਜੁਦਾਈ (ਫੈਮਲੀ ਸੈਪਾਰੇਸ਼ਨ) ਨੂੰ ਖਤਮ ਕਰਨ ਲਈ।
- ਮਾਨਵੀ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਵਾਸਤੇ ਰਫਿਊਜੀਆਂ ਲਈ ਅਮਲ ਵਿੱਚ ਸੁਧਾਰ ਕਰਨ ਲਈ ਬਰਾਬਰੀ ਅਤੇ ਨਿਆਂ ਭਰਪੂਰ ਸਮਾਜ ਬਣਾਉਣ ਲਈ: ਜਿੱਥੇ ਕੋਈ ਵੀ ਵਰਕਰ ਪਿੱਛੇ ਨਾ ਰਹੇ।

ਕੈਨੇਡਾ ਇਕ ਇਤਿਹਾਸਕ ਚੁਰਾਹੇ 'ਤੇ ਖੜ੍ਹਾ ਹੈ। ਤੁਸੀਂ ਆਪਣਾ ਰਾਜਕਾਲ ਲਿੰਗ ਅਤੇ ਨਸਲ ਆਧਾਰਿਤ ਨਾਬਰਾਬਰੀਆਂ ਸਮੇਤ, ਮਹਿੰਗਾਈ (ਅਫੌਰਡੇਬਿਲਟੀ), ਆਰਥਿਕ ਅਸਥਿਰਤਾ, ਜਲਵਾਯੂ ਦੀ ਤਬਦੀਲੀ, ਦੂਸਰੇ ਮੁਲਕਾਂ ਦੇ ਲੋਕਾਂ ਵਿਰੁੱਧ ਨਾ-ਪਸੰਦਗੀ ਜਾਂ ਵਿਤਕਰੇ ਦੀ ਭਾਵਨਾ (ਜ਼ੀਨੋਫੋਬੀਆ) ਅਤੇ ਨਾਬਰਾਬਰੀ ਵਰਗੇ ਇਕ ਦੂਸਰੇ ਨਾਲ ਜੁੜੇ ਹੋਏ ਸੰਕਟਾਂ ਦੇ ਵਿਚਕਾਰ ਸ਼ੁਰੂ ਕਰ ਰਹੇ ਹੋ - ਪਰ ਇਸ ਦੇ ਨਾਲ ਨਾਲ ਵਿਕਾਸ ਅਤੇ ਖੁਸ਼ਹਾਲੀ ਲਈ ਬਹੁਤ ਵੱਡੇ ਮੌਕੇ ਵੀ ਮੌਜੂਦ ਹਨ। ਜਦੋਂ ਤੁਸੀਂ ਆਪਣੀ ਦੂਰ-ਦ੍ਰਿਸ਼ਟੀ ਨੂੰ ਲਾਗੂ ਕਰਨ ਦੀ ਸ਼ੁਰੂਆਤ ਕਰ ਰਹੇ ਹੋ, ਅਸੀਂ ਤੁਹਾਨੂੰ ਅਮਲੀ ਸਿਫਾਰਿਸ਼ਾਂ ਕਰ ਰਹੇ ਹਾਂ ਜੋ ਤੁਹਾਡੀਆਂ ਪਹਿਲਾਂ ਨਾਲ ਮੇਲ ਖਾਂਦੀਆਂ ਹਨ।

20 ਲੱਖ ਤੋਂ ਵੱਧ ਮਾਈਗ੍ਰੈਂਟ - ਬਿਨਾਂ ਕਾਗਜ਼ਾਂ ਵਾਲੇ ਲੋਕ (ਅਣਡਾਕੂਮੈਂਟਿਡ ਪੀਪਲ), ਟੈਂਪਰੇਰੀ ਫੌਰਨ ਵਰਕਰ, ਅੰਤਰਰਾਸ਼ਟਰੀ ਵਿਦਿਆਰਥੀ, ਰਫਿਊਜੀ ਅਤੇ ਹੋਰ - ਪਹਿਲਾਂ ਹੀ ਇੱਥੇ ਰਹਿ ਰਹੇ ਹਨ ਅਤੇ ਕੰਮ ਕਰ ਰਹੇ ਹਨ। ਉਹ ਸਾਡਾ ਖਾਣਾ ਉਗਾ ਰਹੇ ਹਨ, ਸਾਡੇ ਬੱਚਿਆਂ ਨੂੰ ਪਾਲ ਰਹੇ ਹਨ, ਸਾਡੇ ਬੀਮਾਰਾਂ ਦਾ ਖਿਆਲ ਰੱਖ ਰਹੇ ਹਨ, ਸਾਡੇ ਘਰ ਉਸਾਰ ਰਹੇ ਹਨ, ਅਤੇ ਵਸਤਾਂ ਦੀ



On behalf of Sarokaran Di Awaz to Harman Singh Grewal on 18th birthday a heartfelt message can include congratulations on reaching adulthood and wishes for a bright future. You can emphasize the start of exciting new adventures and opportunities. Consider including a personalized touch that speaks to his personality or your relationship with him.









ਸਪਲਾਈ ਨੂੰ ਚਲਦਾ ਰੱਖ ਰਹੇ ਹਨ। ਮਾਈਗ੍ਰੈਂਟ ਸਾਡੀਆਂ ਆਰਥਿਕਤਾਵਾਂ ਲਈ ਹੀ ਜ਼ਰੂਰੀ ਨਹੀਂ ਸਗੋਂ ਉਹ ਸਾਡੇ ਭਾਈਚਾਰਿਆਂ ਲਈ ਵੀ ਜ਼ਰੂਰੀ ਹਨ।

ਸੰਕਟਾਂ ਦੀਆਂ ਜੜ੍ਹਾਂ ਨਾਲ ਨਿਪਟਣ ਲਈ, ਬਲੀ ਦੇ ਬੱਕਰੇ ਬਣਾਉਣ ਲਈ ਨਹੀਂ ਅਸੀਂ ਤੁਹਾਨੂੰ ਹਾਲ ਦੀ ਇੰਮੀਗ੍ਰੇਸ਼ਨ ਨੀਤੀ ਦੀਆਂ ਨਾਕਾਮਯਾਬੀਆਂ ਤੋਂ ਵੱਖ ਹੋਣ ਦੀ ਬੇਨਤੀ ਕਰਦੇ ਹਾਂ। ਕੈਨੇਡੀਅਨ ਸੈਂਟਰ ਫਾਰ ਪਾਲਸੀ ਅਲਟਰਨੇਟਿਵਜ਼ ਅਤੇ ਨੈਸ਼ਨਲ ਰਾਈਟ ਟੂ ਹਾਉਸਿੰਗ ਨੈੱਟਵਰਕ ਦੀ ਖੋਜ ਦਰਸਾਉਂਦੀ ਹੈ ਕਿ ਕੈਨੇਡਾ ਦੇ ਰਿਹਾਇਸ਼ੀ ਘਰਾਂ ਅਤੇ ਮਹਿੰਗਾਈ ਦੇ ਸੰਕਟ ਦਹਾਕਿਆਂ ਤੋਂ ਚੱਲੇ ਆ ਰਹੇ ਨਾ-ਕਾਫੀ ਸਰਕਾਰੀ ਨਿਵੇਸ਼, ਡੀ ਰੈਗੂਲੇਸ਼ਨ (ਨਿਯਮਾਂ ਅਤੇ ਸ਼ਰਤਾਂ ਨੂੰ ਹਟਾਉਣ) ਅਤੇ ਇਨਵੈਸਟਰਾਂ ਵਲੋਂ ਪੈਦਾ ਕੀਤੀ ਸੱਟੇਬਾਜ਼ੀ (ਸਪੈਕੂਲੇਸ਼ਨ) ਦਾ ਨਤੀਜਾ ਹਨ - ਨਾ ਕਿ ਇੰਮੀਗ੍ਰੇਸ਼ਨ ਦਾ। ਮਾਈਗ੍ਰੈਂਟਾਂ ਨੂੰ ਘਰਾਂ ਦੇ ਸੰਕਟ ਨਾਲ ਜੋੜ ਕੇ ਬਲੀ ਦਾ ਬੱਕਰਾ ਬਣਾਉਣ ਦੀ ਨਸਲਵਾਦੀ ਕਾਰਵਾਈ ਸਾਡੇ ਸਮਾਜ ਵਿੱਚ ਫੁੱਟ ਪਾਉਂਦੀ ਹੈ ਅਤੇ ਸਾਡੇ ਸਮਾਜ ਦੀਆਂ ਨਿਆਂ ਭਰਪੂਰ, ਇਕਜੁੱਟਤਾ ਵਾਲੀਆਂ ਅਤੇ ਸਭ ਨੂੰ ਸ਼ਾਮਲ ਕਰਨ ਵਾਲੀਆਂ ਕੇਂਦਰੀ ਕਦਰਾਂ ਕੀਮਤਾਂ ਨੂੰ ਕਮਜ਼ੋਰ ਕਰਦੀ ਹੈ ਜਿਹਨਾਂ ਨੂੰ ਕਾਇਮ ਰੱਖਣਾ ਕੈਨੇਡਾ ਲਈ ਜ਼ਰੂਰੀ ਹੈ। ਇੰਮੀਗ੍ਰੈਂਟਾਂ ਦੀ ਗਿਣਤੀ ਨੂੰ ਸੀਮਤ ਕਰਨਾ ਅਤੇ ਪਰਮਾਨੈਂਟ ਰੈਜ਼ੀਡੈਂਸੀ ’ਤੇ ਬੰਦਸ਼ਾਂ ਲਾਉਣਾ ਸਾਡੇ ਦਰਪੇਸ਼ ਸੰਕਟਾਂ ਨੂੰ ਹੱਲ ਨਹੀਂ ਕਰਨਗੇ।

ਪਰਮਿਟਾਂ ਦੀ ਮਿਆਦ ਪੁੱਗਣ ਨਾਲ ਸੰਬੰਧਤ ਮੌਜੂਦਾ ਨੀਤੀਆਂ ਆਰਥਕ ਭੰਨ-ਤੋੜ ਕਰ ਰਹੀਆਂ ਹਨ: 12 ਲੱਖ ਦੇ ਕਰੀਬ ਲੋਕਾਂ, ਜਿਹਨਾਂ ਵਿੱਚੋਂ ਬਹੁਤੇ ਵਰਕ ਪਰਮਿਟਾਂ ’ਤੇ ਹਨ, ਵਲੋਂ ਇਸ ਸਾਲ ਕੈਨੇਡਾ ਨੂੰ ਛੱਡ ਕੇ ਜਾਣ ਦਾ ਅਨੁਮਾਨ ਹੈ। ਰੌਇਲ ਬੈਂਕ ਆਫ ਕੈਨੇਡਾ ਦੀ ਇਕ ਰਿਪੋਰਟ ਮੁਤਾਬਕ ਇਹ ਅਸਥਿਰਤਾ ਸਾਲਾਨਾ ਟੈਕਸ ਆਮਦਨ ਵਿੱਚ ਤਕਰੀਬਨ 50 ਅਰਬ ਡਾਲਰ ਦੇ ਘਾਟੇ ਦੀ ਨੁਮਾਇੰਦਗੀ ਕਰਦੀ ਹੈ। ਇਸ ਦੇ ਨਾਲ ਹੀ ਇਹ ਅਸਥਿਰਤਾ ਮੁੱਖ ਸਨਅਤਾਂ ਵਿੱਚ ਬੇਲੋੜੇ ਪ੍ਰਬੰਧਕੀ ਬੋਝ ਅਤੇ ਮਜ਼ਦੂਰ ਸ਼ਕਤੀ ਵਿੱਚ ਵਿਘਨ ਪੈਦਾ ਕਰ ਰਹੀ ਹੈ। ਦੂਜੇ ਪਾਸੇ, ਕੈਨੇਡਾ ਦੇ ਕਾਨਫਰੰਸ ਬੋਰਡ ਵਲੋਂ 2024 ਵਿੱਚ ਛਪੀ ਇਕ ਰਿਪੋਰਟ ਵਿੱਚ ਇਹ ਦੱਸਿਆ ਗਿਆ ਸੀ ਕਿ ਟੈਂਪਰੇਰੀ ਰੈਜ਼ੀਡੈਂਟਸ (ਆਰਜ਼ੀ ਵਸਨੀਕਾਂ) ਲਈ ਪੱਕੇ ਹੋਣ ਦਾ ਦਰਜਾ ਪ੍ਰਾਪਤ ਕਰਨ ਦੇ ਰਸਤੇ ਵਿੱਚ ਸੁਧਾਰ ਕਰਨ ਨਾਲ 2030 ਤੱਕ ਕੈਨੇਡਾ ਦੀ ਜੀ ਡੀ ਪੀ (ਗਰੌਸ ਡੁਮੈਸਟਿਕ ਪ੍ਰੋਡਕਟ) ਵਿੱਚ 2.1% ਦਾ ਵਾਧਾ ਹੋ ਸਕਦਾ ਹੈ।

ਪਿਛਲੇ ਪੰਜ ਸਾਲਾਂ ਦੌਰਾਨ ਬਹੁਤ ਸਾਰੇ ਮਾਈਗ੍ਰੈਂਟ ਪਰਮਾਨੈਂਟ ਰੈਜ਼ੀਡੈਂਸੀ (ਪੱਕੇ ਵਸਨੀਕ ਬਣ ਸਕਣ) ਦੇ ਵਾਅਦੇ ਕਰਕੇ ਕੈਨੇਡਾ ਆਏ ਸਨ। 2024 ਵਿੱਚ ਇੰਮੀਗ੍ਰੇਸ਼ਨ ਅਤੇ ਟੈਂਪਰੇਰੀ ਫੌਰਨ ਵਰਕਰਾਂ (ਆਰਜ਼ੀ ਵਿਦੇਸ਼ੀ ਕਾਮਿਆਂ) ਦੇ ਪੱਧਰਾਂ ਨੂੰ ਘਟਾਉਣ ਦਾ ਕੀਤਾ ਐਲਾਨ ਇਸ ਵਾਅਦੇ ਨੂੰ ਤੋੜਦਾ ਹੈ, ਜਿਸ ਨਾਲ ਸਰਕਾਰ ਵਿੱਚ ਭਰੋਸਾ ਘਟਦਾ ਹੈ ਅਤੇ ਸਾਡੇ ਸਾਂਝੇ ਭਵਿੱਖ ਨੂੰ ਨੁਕਸਾਨ ਪਹੁੰਚਦਾ ਹੈ।

**ਲਿੰਗ ਅਤੇ ਨਸਲ ਆਧਾਰਿਤ ਇਨਸਾਫ ਕੇਂਦਰ ਵਿੱਚ ਹੋਣਾ ਚਾਹੀਦਾ ਹੈ**

ਮਾਈਗ੍ਰੈਂਟ ਔਰਤਾਂ, ਰੰਗਦਾਰ, ਕੁਈਰ ਅਤੇ ਜੈਂਡਰ ਡਾਇਵਰਸ ਲੋਕਾਂ ਨੂੰ ਸੁਰੱਖਿਆ ਅਤੇ ਹੱਕਾਂ ਬਾਰੇ ਸਭ ਤੋਂ ਵੱਧ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਨੂੰ ਕੰਮਾਂ ’ਤੇ ਘੱਟ ਤਨਖਾਹ ਦਿੱਤੀ ਜਾਂਦੀ ਹੈ, ਆਪਣੇ ਕੰਮ ਮਾਲਕਾਂ ਜਾਂ ਵਿਆਹੁਤਾ ਸਾਥੀਆਂ ਨਾਲ ਬੱਝੇ ਹੋਣ ਕਰਕੇ ਲਿੰਗਕ ਅਤੇ ਸਰੀਰਕ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ, ਪਾਇਲਟ ਪ੍ਰੋਗਰਾਮਾਂ ’ਤੇ ਸੀਮਾਵਾਂ ਕਾਰਨ ਉਹ ਆਪਣੇ ਪਰਿਵਾਰਾਂ ਦੀ ਦੇਖਭਾਲ ਕਰਨ ਦੇ ਯੋਗ ਨਹੀਂ ਹਨ, ਉਹ ਸੰਤਾਨ-ਉਤਪਤੀ ਨਾਲ ਸੰਬੰਧਿਤ ਸੰਭਾਲ (ਰੀਪ੍ਰੋਡਕਟਿਵ ਕੇਅਰ) ਤੱਕ ਪਹੁੰਚ ਨਹੀਂ ਕਰ ਸਕਦੇ ਅਤੇ ਜਦੋਂ ਉਹ ਦੁਰਵਿਹਾਰ ਅਤੇ ਭੈੜੇ ਸਲੂਕ ਬਾਰੇ ਬੋਲਦੇ ਹਨ ਤਾਂ ਉਹਨਾਂ ਨੂੰ ਦੁੱਗਣੀ ਸਜ਼ਾ ਮਿਲਦੀ ਹੈ। ਇਹ ਸਮਝਣਾ ਕਿ ਔਰਤਾਂ ਅਤੇ ਐੱਲ ਬੀ ਜੀ ਟੀ ਕਿਊ ਲੋਕਾਂ ਦੀ ਸੁਰੱਖਿਆ ਅਤੇ ਭਲਾਈ ਇਕ ਮਜ਼ਬੂਤ ਅਤੇ ਸਯੁੰਕਤ ਸਮਾਜ ਅਤੇ ਆਰਥਿਕਤਾ ਲਈ ਜ਼ਰੂਰੀ ਹੈ, ਇੰਮੀਗ੍ਰੇਸ਼ਨ ਨਾਲ ਸੰਬੰਧਿਤ ਉਹਨਾਂ ਦਰਾੜਾਂ ਨੂੰ ਬੰਦ ਕਰਨਾ ਹੈ ਜੋ ਉਹਨਾਂ ਦੇ ਨਿਤਾਣੇਪਣ ਵਿੱਚ ਵਾਧਾ ਕਰਦੀਆਂ ਹਨ।

**ਪਰਮਾਨੈਂਟ ਰੈਜ਼ੀਡੈਂਸੀ ਹੱਕਾਂ ਨਾਲ ਸੰਬੰਧਿਤ ਹੈ ਨਾ ਕਿ ਨੰਬਰਾਂ ਨਾਲ**

ਪਿਛਲੇ ਦੋ ਸਾਲਾਂ ਦੌਰਾਨ, ਇੰਮੀਗ੍ਰੇਸ਼ਨ ਬਾਰੇ ਬਹਿਸ ਸਿਰਫ ਗਿਣਤੀ ਬਾਰੇ ਬਹਿਸ ਬਣ ਕੇ ਰਹਿ ਗਈ ਹੈ। ਪਰ ਅਸਲੀ ਮੁੱਦਾ ਇਹ ਨਹੀਂ ਹੈ ਕਿ ਇੱਥੇ ਕਿੰਨੇ ਮਾਈਗ੍ਰੈਂਟ ਰਹਿੰਦੇ ਹਨ - ਸਗੋਂ ਅਸਲੀ ਮੁੱਦਾ ਇਹ ਹੈ ਕਿ ਉਹਨਾਂ ਦੇ ਹੱਕ ਕੀ ਹਨ ਅਤੇ ਉਹਨਾਂ ਨੂੰ ਕਿਸ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਗਸਤ 2024 ਵਿੱਚ ਕੰਟੈਂਪਰੇਰੀ ਫੌਰਮਜ਼ ਆਫ ਸਲੇਵਰੀ (ਸਮਕਾਲੀ ਗੁਲਾਮੀ ਦੇ ਰੂਪਾਂ) ਬਾਰੇ ਯੂਨਾਈਟਿਡ ਨੇਸ਼ਨਜ਼ ਦੇ ਖਾਸ ਨੁਮਾਇੰਦੇ ਨੇ ਕਿਹਾ ਕਿ ਕੈਨੇਡਾ ਦਾ ਟੈਂਪਰੇਰੀ ਇੰਮੀਗ੍ਰੇਸ਼ਨ ਦਾ ਸਿਸਟਮ ‘ਆਧੁਨਿਕ ਗੁਲਾਮੀ ਪੈਦਾ ਕਰਨ ਵਾਲੀ ਥਾਂ’ ਹੈ। ਇਹ ਗੱਲ ਉਸ ਗੱਲ ਨਾਲ ਮੇਲ ਖਾਂਦੀ ਸੀ ਜਿਹੜੀ ਗੱਲ ਸਾਡੇ ਵਰਗੀਆਂ ਮਾਈਗ੍ਰੈਂਟ ਲੋਕਾਂ ਦੀਆਂ ਜਥੇਬੰਦੀਆਂ, ਅਕਾਦਮਕ ਲੋਕਾਂ ਅਤੇ ਐਡਵੋਕੇਟਾਂ ਨੇ ਲੰਮਾ ਸਮਾਂ ਪਹਿਲਾਂ ਸਪਸ਼ਟ ਕਰ ਦਿੱਤੀ ਸੀ: ਪਰਮਾਨੈਂਟ ਰੈਜ਼ੀਡੈਂਸ ਦਾ ਦਰਜਾ ਨਾ ਦੇਣ ਨਾਲ ਤਾਕਤ ਵਿੱਚ ਅਸਾਂਵਾਂਪਣ ਪੈਦਾ ਹੁੰਦਾ ਹੈ ਜਿਸ ਨਾਲ ਸ਼ੋਸ਼ਣ ਨੂੰ ਉਤਸ਼ਾਹ ਮਿਲਦਾ ਹੈ ਅਤੇ ਸਾਰਿਆਂ ਲਈ ਮਜ਼ਦੂਰੀ ਦੇ ਮਿਆਰ ਅਤੇ ਮਨੁੱਖੀ ਅਧਿਕਾਰ ਕਮਜ਼ੋਰ ਹੁੰਦੇ ਹਨ। ਇਸ ਨਾਲ ਔਰਤਾਂ, ਕਾਲਿਆਂ, ਮੂਲਵਾਸੀ ਅਤੇ ਰੰਗਦਾਰ ਮਾਈਗ੍ਰੈਂਟਾਂ ’ਤੇ ਅਸਾਵਾਂ ਬੋਝ ਪੈਂਦਾ ਹੈ ਅਤੇ ਕੈਨੇਡਾ ਦੀ ਮਜ਼ਦੂਰ ਮੰਡੀ (ਲੇਬਰ ਮਾਰਕੀਟ) ਵਿੱਚ ਢਾਂਚਾਗਤ ਨਾ-ਬਰਾਬਰੀਆਂ ਡੂੰਘੀਆਂ ਹੁੰਦੀਆਂ ਹਨ।

**1. ਥੋੜ੍ਹੇ ਸਮੇਂ ਦੌਰਾਨ ਆਰਥਿਕ ਸਥਿਰਤਾ ਲਈ ਉਪਾਅ (ਪਹਿਲੇ 100 ਦਿਨਾਂ ਲਈ)**

- **ਮਜ਼ਦੂਰ ਸ਼ਕਤੀ (ਵਰਕਫੋਰਸ) ਨੂੰ ਬਣਾਈ ਰੱਖਣ ਲਈ ਉੱਦਮ** : ਉਹਨਾਂ ਵਰਕਰਾਂ ਦੇ ਪਰਮਿੱਟਾਂ ਦੀ ਮਿਆਦ ਵਧਾਉ ਜਿਹਨਾਂ ਦੇ ਪਰਮਿੱਟਾਂ ਦੀ ਮਿਆਦ 2024 ਅਤੇ 2027 ਵਿਚਕਾਰ ਖਤਮ ਹੁੰਦੀ ਹੈ, ਇਹਨਾਂ ਵਿੱਚ ਪੋਸਟ-ਗ੍ਰੈਜੂਏਟ ਵਰਕ ਪਰਮਿੱਟਾਂ ਵਾਲੇ ਉਹਨਾਂ ਵਰਕਰਾਂ ਦੇ ਪਰਮਿੱਟਾਂ ਦੀ ਮਿਆਦ ਨੂੰ ਵਧਾਉਣਾ ਵੀ ਸ਼ਾਮਲ ਹੋਵੇ ਜਿਹਨਾਂ ਨੇ ਕੈਨੇਡਾ ਵਿੱਚ ਕਈ ਸਾਲ ਪੜ੍ਹਾਈ ਕੀਤੀ ਹੈ ਅਤੇ ਕੰਮ ਕੀਤਾ ਹੈ, ਪਰ ਜਿਹਨਾਂ ’ਤੇ ਇੰਮੀਗ੍ਰੇਸ਼ਨ ਬਾਰੇ ਹੋਈਆਂ ਹਾਲ ਦੀਆਂ ਨੀਤੀਆਂ ਨੇ ਨਾਂਹ-ਪੱਖੀ ਅਸਰ ਪਾਇਆ ਹੈ।
- **ਕੰਨਸਟ੍ਰਕਸ਼ਨ ਦੇ ਖੇਤਰ ਵਿੱਚ ਮਜ਼ਦੂਰ ਸ਼ਕਤੀ (ਵਰਕਫੋਰਸ) ਦੀ ਸਥਿਰਤਾ**: ਬਿਨਾਂ ਕਾਗਜ਼ਾਂ ਵਾਲੇ (ਅਣਡਾਕੂਮੈਂਟਿਡ) ਵਰਕਰਾਂ ਨੂੰ ਪੱਕੇ ਕਰਨ ਦੇ (ਰੈਗੂਲਾਈਜੇਸ਼ਨ) ਪ੍ਰੋਗਰਾਮ ਲਈ ਤਿੰਨ ਪਾਰਟੀ (ਸਰਕਾਰ, ਕੰਮ-ਮਾਲਕਾਂ ਅਤੇ ਲੇਬਰ ਯੂਨੀਅਨਾਂ ਦੀ) ਕਾਊਂਸਲ ਬਣਾਉਣ ਲਈ ਫੌਰੀ ਕਦਮ ਚੁੱਕੋ। ਇਸ ਨਾਲ ਤੁਹਾਡੀ ਸਰਕਾਰ ਦੇ ਸਾਲਾਨਾ 500,000 ਘਰ ਬਣਾਉਣ ਦੇ ਵੱਡੇ ਨਿਸ਼ਾਨੇ ਦਾ ਸਿੱਧਾ ਸਮਰਥਨ ਹੁੰਦਾ ਹੈ।
- **ਸਿਹਤ ਸੰਭਾਲ ਦੇ ਖੇਤਰ ਵਿੱਚ ਮਜ਼ਦੂਰ ਸ਼ਕਤੀ (ਵਰਕਫੋਰਸ) ਨੂੰ ਬਣਾਈ ਰੱਖਣ ਲਈ ਉੱਦਮ**: ਹੋਮ ਕੇਅਰ ਵਰਕਰਾਂ ਦੇ ਇੰਮੀਗ੍ਰੇਸ਼ਨ ਪ੍ਰੋਗਰਾਮ ਲਈ ਅਰਜ਼ੀਆਂ ਲੈਣਾ ਜਾਰੀ ਰੱਖੋ। ਇਸ ਪ੍ਰੋਗਰਾਮ ਨੂੰ ਖੁੱਲ੍ਹਣ ਸਾਰ ਹੀ ਬੰਦ ਕਰ ਦਿੱਤਾ ਗਿਆ ਸੀ, ਜਿਸ ਕਾਰਨ 40,000 ਅਰਜ਼ੀਕਰਤਾ ਅਰਜ਼ੀਆਂ ਨਹੀਂ ਕਰ ਸਕੇ ਸਨ, ਜਿਸ ਕਾਰਨ ਉਹਨਾਂ ਨੂੰ ਵਰਕ ਪਰਮਿੱਟਾਂ ਦੀ ਮਿਆਦ ਪੁੱਗਣ, ਪਰਿਵਾਰਾਂ ਨਾਲ ਜੁਦਾਈ ਅਤੇ ਲਗਾਤਾਰ ਹੁੰਦੇ ਦੁਰਵਿਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਤਬਦੀਲੀ ਸਿਹਤ ਸੰਭਾਲ ਦੇ ਖੇਤਰ ਵਿੱਚ ਸਟਾਫ ਦੀ ਗੰਭੀਰ ਕਿੱਲਤ ਨਾਲ ਨਿਪਟਣ ਵਿੱਚ ਮਦਦ ਕਰੇਗੀ ਅਤੇ ਸਰਕਾਰ ਦੀ ਕੈਨੇਡਾ ਦੇ ਅੰਦਰ ਹੀ ਟੈਂਪਰੇਰੀ ਵਰਕਰਾਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਪ੍ਰਦਾਨ ਕਰਨ ਦੀ ਯੋਜਨਾ ਦਾ ਸਮਰਥਨ ਕਰੇਗੀ।
- **ਮਾਨਵਤਾ ਅਤੇ ਹਮਦਰਦੀ ’ਤੇ ਆਧਾਰਿਤ ਅਰਜ਼ੀ ਕਰਨ ਦੇ ਸਿਸਟਮ (ਹਿਊਮਿਨਟੇਰੀਅਨ ਐਂਡ ਕੰਪੈਸ਼ਨੇਟ ਐਪਲੀਕੇਸ਼ਨ ਸਿਸਟਮ) ਵਿੱਚ ਪ੍ਰਬੰਧਕੀ ਕੁਸ਼ਲਤਾ ਲਿਆਉਣ ਲਈ ਸੁਧਾਰ**: ਅੰਤਿਰਮ ਸਿਹਤ-ਸੰਭਾਲ ਅਤੇ ਫੌਰੀ ਤੌਰ ’ਤੇ ਵਰਕ/ਸਟੱਡੀ ਪਰਮਿੱਟ ਦੇਣ ਅਤੇ ਅਰਜ਼ੀਆਂ ’ਤੇ ਕਾਰਵਾਈ ਕਰਨ ਦੇ ਅਮਲ ਦੌਰਾਨ ਦੇਸ਼ ਨਿਕਾਲੇ (ਡਿਪੋਰਟੇਸ਼ਨਜ਼) ਰੋਕਣ ਲਈ ਮਾਨਵਤਾ ਅਤੇ ਹਮਦਰਦੀ ’ਤੇ ਆਧਾਰਿਤ ਅਰਜ਼ੀ ਕਰਨ ਦੇ ਸਿਸਟਮ (ਹਿਊਮਿਨਟੇਰੀਅਨ ਐਂਡ ਕੰਪੈਸ਼ਨੇਟ ਐਪਲੀਕੇਸ਼ਨ ਸਿਸਟਮ) ਵਿੱਚ ਸੁਧਾਰ ਕਰੋ।

**2. ਮੱਧ-ਕਾਲ (ਮੀਡੀਅਮ ਟਰਮ - ਪਹਿਲੇ ਛੇ ਮਹੀਨਿਆਂ) ਦੌਰਾਨ ਆਰਥਿਕ ਵਾਧੇ ਅਤੇ ਨਿਆਂ ਲਈ ਉਪਾਅ**

ੳ) ਆਰਥਕ ਵਾਧੇ ਅਤੇ ਸਮੂਹਿਕ ਭਲਾਈ ਨੂੰ ਤੇਜ਼ ਕਰਨ ਲਈ ਕੈਨੇਡਾ ਵਿਚਲੇ ਸਾਰੇ ਮਾਈਗ੍ਰੈਂਟਾਂ ਲਈ ਪਰਮਾਨੈਂਟ ਰੈਜ਼ੀਡੈਂਸ ਦਾ ਦਰਜਾ ਯਕੀਨੀ ਬਣਾਉ।

**ਸਿਹਤ-ਸੰਭਾਲ ਅਤੇ ਬੱਚਿਆਂ ਦੀ ਸੰਭਾਲ:**

- ਸਿਹਤ-ਸੰਭਾਲ ਦੇ ਖੇਤਰ ਵਿੱਚ ਸਟਾਫ ਦੀ ਗੰਭੀਰ ਕਮੀ ਨਾਲ ਨਿਪਟਣ ਅਤੇ ਇਕ ਦਿਨ ਦੇ 10 ਡਾਲਰਾਂ ਵਾਲੀ ਬੱਚਿਆਂ ਦੀ ਸੰਭਾਲ ਨੂੰ ਲਾਗੂ ਕਰਨ ਲਈ ਜ਼ਰੂਰੀ ਵਰਕਰਾਂ ਦਾ ਸਮਰਥਨ ਕਰਨ ਲਈ ਮਾਈਗ੍ਰੈਂਟਾਂ ਅਤੇ ਬਿਨਾਂ ਕਾਗਜ਼ਾਂ ਵਾਲੇ (ਅਣਡਾਕੂਮੈਂਟਿਡ) ਕੇਅਰ ਵਰਕਰਾਂ ਨੂੰ ਪਰਮਾਨੈਂਟ ਰੈਜ਼ੀਡੈਂਸ ਦੇਣ ਦਾ ਅਮਲ ਤੇਜ਼ ਕਰੋ ਅਤੇ ਯਕੀਨੀ ਬਣਾਉ। ਇਹ ਜ਼ਰੂਰੀ ਹੈ ਕਿ ਇਸ ਪ੍ਰੋਗਰਾਮ ਅਧੀਨ ਯੋਗ ਮੰਨੇ ਜਾਣ ਵਾਲੇ ਵਰਕਰਾਂ ਵਿੱਚ ਸੰਭਾਲ ਕਰਨ ਵਾਲੀਆਂ ਥਾਂਵਾਂ (ਕੇਅਰ ਫੈਸਿਲਟੀਜ਼) ਵਿੱਚ ਕੰਮ ਕਰਦੇ ਹੋਮ ਕੇਅਰ ਵਰਕਰਾਂ, ਸਿਕਿਉਰਟੀ ਗਾਰਡਾਂ, ਕੁੱਕਾਂ, ਸਫਾਈ ਕਰਮਚਾਰੀਆਂ ਅਤੇ ਪ੍ਰਬੰਧਕੀ ਸਟਾਫ ਨੂੰ ਸ਼ਾਮਲ ਕੀਤਾ ਜਾਵੇ।

**ਖੇਤੀਬਾੜੀ ਅਤੇ ਮੱਛੀ ਉਦਯੋਗ (ਐਗਰੀਕਲਚਰ ਐਂਡ ਫਿਸ਼ਰੀਜ਼)**

- ਫੂਡ ਸੈਕਟਰ ਵਿੱਚ ਕੰਮ ਕਰਨ ਵਾਲੇ ਮਾਈਗ੍ਰੈਂਟ ਵਰਕਰਾਂ - ਜਿਹਨਾਂ ਵਿੱਚ ਕੈਨੇਡਾ ਦੀ ਖੁਰਾਕ ਸੁਰੱਖਿਆ (ਫੂਡ ਸਿਕਿਉਰਟੀ) ਲਈ ਜ਼ਰੂਰੀ ਸੀਜ਼ਨਲ ਐਗਰੀਕਲਚਰਲ ਵਰਕਰ ਪ੍ਰੋਗਰਾਮ, ਫਿਸ਼ ਪ੍ਰੋਸੈਸਿੰਗ, ਐਕੁਆਕਲਚਰ ਅਤੇ ਬਿਨਾਂ ਕਾਗਜ਼ਾਂ ਵਾਲੇ (ਅਣਡਾਕੂਮੈਂਟਿਡ) ਵਰਕਰ ਸ਼ਾਮਲ ਹਨ - ਲਈ ਪਰਮਾਨੈਂਟ ਰੈਜ਼ੀਡੈਂਸੀ ਯਕੀਨੀ ਬਣਾਉ। ਐਗਰੀ ਫੂਡ ਇੰਮੀਗ੍ਰੇਸ਼ਨ ਪ੍ਰੋਗਰਾਮ ਨੂੰ ਦੁਬਾਰਾ ਖੋਲ੍ਹੋ ਅਤੇ ਵਧਾਉ ਅਤੇ ਜੌਬ ਆਫਰ, ਵਿਦਿਆ ਅਤੇ ਬੋਲੀਆਂ ਨਾਲ ਸੰਬੰਧਿਤ ਅੜਿੱਕਿਆਂ ਨੂੰ ਖਤਮ ਕਰੋ।

**ਇੰਮੀਗ੍ਰੇਸ਼ਨ ਦਾ ਆਧੁਨਿਕਕਰਨ ਕਰੋ ਅਤੇ ਸਾਰਿਆਂ ਲਈ ਪਰਮਾਨੈਂਟ ਰੈਜ਼ੀਡੈਂਸੀ ਦੀ ਗਰੰਟੀ ਦੇਵੋ**

- ਪਰਮਾਨੈਂਟ ਰੈਜ਼ੀਡੈਂਸ ਦੇ ਫੈਡਰਲ ਪੱਧਰਾਂ ਨੂੰ ਵਧਾਉ।
- ਪਰਮਾਨੈਂਟ ਰੈਜ਼ੀਡੈਂਸ ਲੈਣ ਦੇ ਯੋਗ ਹੋਣ ਲਈ ਸਾਰੇ ਕੰਮਾਂ (ਗਿੱਗ, ਘੱਟ ਤਨਖਾਹ ਵਾਲੇ, ਪਾਰਟ-ਟਾਈਮ, ਸੀਜ਼ਨਲ, ਬਿਨਾਂ ਤਨਖਾਹ ਤੋਂ ਕੀਤੇ ਜਾਣ ਵਾਲੇ, ਸਟੱਡੀ ਪਰਮਿੰਟ ਉੱਤਲੇ ਕੰਮਾਂ) ਨੂੰ ਮਾਨਤਾ ਦਿਉ।
- ਉਮਰ, ਵਿਦਿਆ ਜਾਂ ਤਨਖਾਹ ਦੀ ਪੱਧਰ ’ਤੇ ਆਧਾਰਿਤ ਵਿਤਕਰੇ ਵਾਲੇ ਨੰਬਰਾਂ ਦੇ ਸਿਸਟਮ ਨੂੰ ਖਤਮ ਕਰੋ।
- ਸੂਬਾਈ ਨੌਮਨੀ ਪ੍ਰੋਗਰਾਮਾਂ ਅਧੀਨ ਵੰਡ ਵਿੱਚ ਵਾਧਾ ਕਰੋ।
- ਕੰਮ-ਮਾਲਕਾਂ ਦਾ ਕੰਟਰੋਲ ਘਟਾਉਣ ਲਈ ਜੌਬ ਆਫਰ ਦੀਆਂ ਚਿੱਠੀਆਂ ਜਾਂ ਕੰਮਾ ਦੇ ਤਜਰਬੇ ਦੀਆਂ ਸ਼ਰਤਾਂ ਨੂੰ ਖਤਮ ਕਰੋ।
- ਇੰਮੀਗ੍ਰੇਸ਼ਨ ਦੇ ਡਰਾਅਵਾਂ ਨੂੰ ਲਗਾਤਾਰਤਾ ਨਾਲ ਕੱਢੋ।
- ਇਹ ਯਕੀਨੀ ਬਣਾ ਕੇ ਕਿ ਇੰਮੀਗ੍ਰੇਸ਼ਨ ਦੇ ਦਰਜੇ ਲਈ ਪੇਡ ਵਰਕ ਦੀ ਸ਼ਰਤ ਜ਼ਰੂਰੀ ਨਹੀਂ, ਸਾਰਿਆਂ ਲਈ ਸਵੈਮਾਣ ਅਤੇ ਬਰਾਬਰੀ ਦੀ ਗਰੰਟੀ ਕਰੋ।
- ਕਾਗਜ਼ਾਂ ਤੋਂ ਬਿਨਾਂ ਵਾਲੇ ਲੋਕਾਂ (ਅਣਡਾਕੂਮੈਂਟਿਡ ਰੈਜ਼ੀਡੈਂਸ) ਨੂੰ ਰੈਗੂਲਰ ਕਰਨ ਲਈ ਵਿਸਤ੍ਰਿਤ ਪ੍ਰੋਗਰਾਮ ਲਾਗੂ ਕਰੋ।
- ਸਾਰੀਆਂ ਹਿਰਾਸਤਾਂ ਅਤੇ ਦੇਸ਼-ਨਿਕਾਲਿਆਂ (ਡਿਪੋਰਟੇਸ਼ਨਾਂ) ਨੂੰ ਖਤਮ ਕਰੋ।

**ਅ) ਸੁਰੱਖਿਆ, ਸਥਿਰਤਾ ਅਤੇ ਚੰਗੇ ਕੰਮ ਨੂੰ ਯਕੀਨੀ ਬਣਾਉ**

- ਕੰਮ-ਮਾਲਕ ਨਾਲ ਜੁੜੇ ਵਰਕ-ਪਰਮਿੱਟਾਂ ਨੂੰ ਖਤਮ ਕਰੋ।
- 2027 ਲਈ ਪਲੈਨ ਕੀਤਾ ਜਾ ਰਿਹਾ ‘ਸੈਕਟਰ ਮੁਤਾਬਕ’ ਵਰਕ ਪਰਮਿੱਟਾਂ ਦੇ ਤਰੁੱਟੀਆਂ ਵਾਲੇ ਮਾਡਲ ਨੂੰ ਰੱਦ ਕਰੋ ਅਤੇ ਟੈਂਪਰੇਰੀ ਫੌਰਨ ਵਰਕਰਾਂ ਦੀਆਂ ਤਨਖਾਹਾਂ ਵਿੱਚੋਂ ਹੋਰ ਕਟੌਤੀਆਂ ਕਰਨ ਦੇ ਪ੍ਰਸਤਾਵਾਂ ਨੂੰ ਰੱਦ ਕਰੋ।
- ਬੰਦੀ ਮਜ਼ਦੂਰੀ ਵਰਗੀ ਸਥਿਤੀ ਪੈਦਾ ਕਰਨ ਵਾਲੀਆਂ ਘੰਟਿਆਂ/ਸਨਅਤ ਦੇ ਆਧਾਰਿਤ ਬੰਦਸ਼ਾਂ ਨੂੰ ਖਤਮ ਕਰੋ (ਅੰਤਰਰਾਸ਼ਟਰੀ ਵਿਦਿਆਰਥੀਆਂ ਲਈ 24 ਘੰਟੇ ਕੰਮ ਕਰਨ ਦੀ ਸੀਮਾ ਅਤੇ ਸੈਕਸ ਨਾਲ ਸੰਬੰਧਿਤ ਸਨਅਤਾਂ ਦੀਆਂ ਸੀਮਾਵਾਂ ਸਮੇਤ)।
- ਮਾਈਗ੍ਰੈਂਟ ਵਰਕਰਾਂ ਲਈ ਘਰਾਂ ਦੇ ਨੈਸ਼ਨਲ ਪੱਧਰ ਦੇ ਅਤੇ ਤਾਮੀਲ ਕਰਵਾਏ ਜਾ ਸਕਣ ਯੋਗ ਮਿਆਰ ਲਾਗੂ ਕਰੋ।
- ਕੰਮ ਦੇ ਮਿਆਰਾਂ (ਇੰਪਲੌਏਮੈਂਟ ਸਟੈਂਡਰਡਜ਼) ਨੂੰ ਇਕਸਾਰ ਕਰਨ ਲਈ ਅਤੇ ਅੰਤਰ-ਸੂਬਾਈ ਰਿਕਰੂਟਰਾਂ ਨੂੰ ਨਿਯਮਤ ਕਰਨ ਲਈ ਸੂਬਿਆਂ ਨਾਲ ਕੰਮ ਕਰੋ।
- ਕਾਗਜਾਂ ਤੋਂ ਬਗੈਰ ਸਾਰੇ ਲੋਕਾਂ (ਅਣਡਾਕੂਮੈਂਟਿਡ ਪੀਪਲ) ਨੂੰ ਖੁੱਲ੍ਹੇ ਵਰਕ-ਪਰਮਿੱਟ ਦਿਉ।
- ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੋਸਟ-ਗ੍ਰੈਜੂਏਟ ਵਰਕ ਪਰਮਿੱਟਾਂ ਲਈ ਅਰਜ਼ੀ ਕਰਨ ਦੀ ਇਜਾਜ਼ਤ ਦਿਓ, ਭਾਵੇਂ ਉਹ ਕਿਸੇ ਵੀ ਪ੍ਰੋਗਰਾਮ ਵਿੱਚ ਹੋਣ ਅਤੇ ਉਹਨਾਂ ਦੀ ਪੜ੍ਹਾਈ ਕਰਨ ਦੀ ਮਿਆਦ ਕਿੰਨੀ ਵੀ ਹੋਵੇ।
- ਸਾਰੇ ਮਾਈਗ੍ਰੈਂਟਾਂ ਨੂੰ ਯੂਨੀਅਨਾਂ ਬਣਾਉਣ ਲਈ ਪਹੁੰਚ ਪ੍ਰਦਾਨ ਕਰੋ, ਸੈਕਟਰ ਆਧਾਰਿਤ ਸਰਟੀਫਿਕੇਸ਼ਨ ਅਤੇ ਬਾਰਗੇਨਿੰਗ ਸਮੇਤ।
- ਮਾਈਗ੍ਰੈਂਟਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਓਪਨ ਵਰਕ ਪਰਮਿੱਟ ਫਾਰ ਵਲਨੀਰੇਬਲ ਵਰਕਰਜ਼ ਪ੍ਰੋਗਰਾਮ (ਨਿਤਾਣੇ ਵਰਕਰਾਂ ਲਈ ਓਪਨ ਵਰਕ ਪਰਮਿੱਟ ਦੇ ਪ੍ਰੋਗਰਾਮ) ਨੂੰ ਤਬਦੀਲ ਕਰੋ, ਜਿਸ ਵਿੱਚ ਇਹ ਪੱਕਾ ਹੋਵੇ ਕਿ ਵਰਕ ਪਰਮਿੱਟ ਘੱਟੋ ਘੱਟ ਪੰਜ ਸਾਲਾਂ ਲਈ ਯੋਗ ਹੋਣ ਅਤੇ ਨਵਿਆਏ ਜਾ ਸਕਦੇ ਹੋਣ; ਵਿਸਲ-ਬਲੋਅਰਜ਼ ਲਈ ਪਰਮਾਨੈਂਟ ਰੈਜ਼ੀਡੈਂਸੀ ਦਾ ਆਟੋਮੈਟਿਕ ਰਾਹ ਹੋਵੇ; ਵਰਕ ਪਰਮਿੱਟ ਪਰਿਵਾਰ ਦੇ ਮੈਂਬਰਾਂ ਨੂੰ ਵੀ ਮਿਲਣ; ਵਾਪਸ ਜਾਣਾ ਚਾਹੁੰਦੇ ਹੋਣ ਵਾਲੇ ਵਰਕਰਾਂ ਲਈ ਸਮਰਥਨ ਦੇ ਨਾਲ ਗਲਤ ਕੰਮ ਕਰਨ ਵਾਲੇ ਕੰਮ-ਮਾਲਕਾਂ ਬਾਰੇ ਆਟੋਮੈਟਿਕ ਜਾਂਚ ਹੋਵੇ; ਇਕਸਾਰ ਅਤੇ ਪਾਰਦਰਸ਼ੀ ਨਿਯਮਾਂ ਅਧੀਨ 5-ਦਿਨਾਂ ਦੇ ਵਿੱਚ ਵਿੱਚ ਪ੍ਰੋਸੈਸਿੰਗ ਕਰਨ ਦਾ ਅਮਲ ਲਾਗੂ ਹੋਵੇ; ਬਿਨਾਂ ਕਾਗਜ਼ਾਂ ਵਾਲੇ (ਅਣਡਾਕੂਮੈਂਟਿਡ) ਮਾਈਗ੍ਰੈਂਟਾਂ ਨੂੰ ਅਰਜ਼ੀ ਕਰਨ ਦੀ ਆਗਿਆ ਹੋਵੇ; ਸਹੀ ਸਿੱਧ ਕਰਨ ਦੀ ਜ਼ਿੰਮੇਵਾਰੀ ਕੰਮ - ਮਾਲਕਾਂ ’ਤੇ ਹੋਵੇ; ਅਤੇ ਰੁਜ਼ਗਾਰ ਅਤੇ ਰਿਹਾਇਸ਼ ਲਈ ਸਹਾਇਤਾ ਪ੍ਰਦਾਨ ਕੀਤੀ ਜਾਵੇ।
- ਫੈਡਰਲ ਸਰਕਾਰ ਦੇ ਦੂਜੇ ਵਿਭਾਗਾਂ ਅਤੇ ਪੁਲੀਸ ਅਤੇ ਲੇਬਰ ਮਨਿਸਟਰੀਆਂ ਸਮੇਤ ਸੂਬਾਈ ਅਤੇ ਮਿਊਂਸਪਲ ਪੱਧਰ ਦੇ ਹੋਰ ਅਦਾਰਿਆਂ ਅਤੇ ਏਜੰਸੀਆਂ ਦੇ ਨਾਲ ਕੈਨੇਡਾ ਬਾਰਡਰ ਸਰਵਿਸ ਏਜੰਸੀ ਦਾ ਗਠਜੋੜ ਅਤੇ ਭਾਈਵਾਲੀ ਖਤਮ ਕਰੋ; ਜਿਸ ਨਾਲ ਆਪਣੀ ਸੁਰੱਖਿਆ ਦੀ ਕੋਸਿ?ਸ਼ ਕਰ ਰਹੇ ਮਾਈਗ੍ਰੈਂਟ ਬਹੁਤੀ ਵਾਰ ਮੁਜਰਮ ਬਣਾ ਦਿੱਤੇ ਜਾਂਦੇ ਹਨ।

**ੲ) ਆਰਥਿਕ ਸੁਰੱਖਿਆ ਲਈ ਉਪਾਅ**

- ਸਾਰਿਆਂ ਲਈ ਈ ਆਈ ਦੇ ਬੈਨੇਫਿਟਾਂ ਤੱਕ ਪਹੁੰਚ ਅਤੇ ਮੁਨਾਸਬਤਾ ਵਿੱਚ ਸੁਧਾਰ ਕਰੋ। ਈ ਆਈ ਲੈਣ ਦੇ ਯੋਗ ਹੋਣ ਲਈ ਕੀਤੇ ਕੰਮ ਦੇ ਘੰਟਿਆਂ ਦੀ ਗਿਣਤੀ ਨੂੰ 360 ਕਰੋ ਅਤੇ ਹਰ ਹਫਤੇ ਲਈ ਈ ਆਈ ਬੈਨੇਫਿਟ ਘੱਟੋ ਘੱਟ 600 ਡਾਲਰ ਕਰਕੇ ਈ ਆਈ ਬੈਨੀਫਿਟਾਂ ਨੂੰ ਪਿਛਲੀ ਕਮਾਈ ਦੇ 75% ਤੱਕ ਵਧਾ ਦਿਉ।
- ਇਹ ਪੱਕਾ ਕਰੋ ਕਿ ਸੀਜ਼ਨਲ ਮਾਈਗ੍ਰੈਂਟ ਵਰਕਰ ਦੇਸ਼ੋਂ ਬਾਹਰ ਹੁੰਦੇ ਹੋਏ ਵੀ ਈ ਆਈ ਬੈਨੇਫਿਟ ਲੈ ਸਕਦੇ ਹੋਣ।

**ਸ) ਰਫਿਊਜੀਆਂ ਲਈ ਇਨਸਾਫ**

- ਸਰਕਾਰ ਦੀ ਸਹਾਇਤਾ ਵਾਲੇ ਰਫਿਊਜ਼ੀ ਪ੍ਰੋਗਰਾਮ ਵਿੱਚ ਵਾਧਾ ਕਰੋ।
- ਕੈਨੇਡਾ-ਯੂ ਐੱਸ ਸੇਫ ਥਰਡ ਕੰਟਰੀ ਐਗਰੀਮੈਂਟ ਖਤਮ ਕਰੋ - ਯੂ ਐੱਸ ਰਫਿਊਜੀਆਂ ਲਈ ਸੁਰੱਖਿਅਤ ਨਹੀਂ ਹੈ।
- ਉਹਨਾਂ ਦੀ ਨੁਮਾਇੰਦਗੀ ਕਰਨ ਵਾਲੇ ਅਦਾਰਿਆਂ ਨਾਲ ਤਾਲਮੇਲ ਕਰਕੇ ਲੜਾਈ ਤੋਂ ਬਚ ਕੇ ਆਉਣ ਵਾਲੇ ਹੋਰ ਲੋਕਾਂ ਦੇ ਨਾਲ ਨਾਲ ਸੁਡਾਨੀ ਅਤੇ ਫਲਸਤੀਨੀ ਰਫਿਊਜੀਆਂ ਦੇ ਪੁਨਰ-ਨਿਵਾਸ ਨੂੰ ਫੌਰੀ ਤੌਰ ’ਤੇ ਵਧਾਉ ਅਤੇ ਯਕੀਨੀ ਬਣਾਉ।

**ਹ) ਪਰਿਵਾਰਾਂ ਨੂੰ ਇਕੱਠੇ ਕਰੋ**

- ਇੰਮੀਗ੍ਰੇਸ਼ਨ ਦੀਆਂ ਸਾਰੀਆਂ ਧਾਰਾਵਾਂ ਵਿੱਚ ਪਰਿਵਾਰਾਂ ਨੂੰ ਇਕੱਠੇ ਕਰਨ (ਫੈਮਲੀ ਰੀਯੂਨੀਫਿਕੇਸ਼ਨ) ਨੂੰ ਪਹਿਲ ਦਿਉ।
- ਓਪਨ ਵਰਕ ਪਰਮਿੱਟਾਂ/ਸਟੱਡੀ ਪਰਮਿੱਟਾਂ, ਸਿਹਤ ਸੰਭਾਲ ਅਤੇ ਫੈਡਰਲ ਬੈਨੇਫਿਟਾਂ ਤੱਕ ਪਹੁੰਚ ਪ੍ਰਦਾਨ ਕਰਕੇ ਇਹ ਪੱਕਾ ਕਰੋ ਕਿ ਸਾਰੇ ਵਰਕਰ ਅਤੇ ਵਿਦਿਆਰਥੀ ਆਪਣੇ ਪਰਿਵਾਰਾਂ ਨਾਲ ਰਹਿ ਸਕਣ।

**ਲਾਗੂ ਕਰਨ ਲਈ ਭਾਈਵਾਲੀ**

ਤੁਹਾਨੂੰ ਉਮੀਦ, ਤੇਜ਼ੀ ਨਾਲ ਕਦਮ ਚੁੱਕਣ ਦੀ ਲੋੜ ਦੇ ਪਲੇਟਫਾਰਮ ਅਤੇ ਇਸ ਵਿਸ਼ਵਾਸ ’ਤੇ ਚੁਣਿਆ ਗਿਆ ਹੈ ਕਿ ਕੈਨੇਡਾ ਉਹ ਚੀਜ਼ ਕਰ ਸਕਦਾ ਹੈ ਜਿਸ ਨੂੰ ਕਦੇ ਅਸੰਭਵ ਸਮਝਿਆ ਜਾਂਦਾ ਸੀ। ਅਸੀਂ ਤੁਹਾਨੂੰ ਕੈਨੇਡਾ ਦੀ ਆਰਥਿਕਤਾ, ਸਿਹਤ ਅਤੇ ਭਾਈਚਾਰਿਆਂ ਵਿੱਚ ਯੋਗਦਾਨ ਪਾ ਰਹੇ ਮਾਈਗ੍ਰੈਂਟਾਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਅਤੇ ਹੱਕਾਂ ਤੱਕ ਪਹੁੰਚ ਪ੍ਰਦਾਨ ਕਰਕੇ ਉਸ ਵਾਅਦੇ ਨੂੰ ਪੂਰਾ ਕਰਨ ਦੀ ਬੇਨਤੀ ਕਰਦੇ ਹਾਂ।

ਇਹਨਾਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਦੇ ਅਮਲ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਅਸੀਂ 30 ਦਿਨਾਂ ਦੇ ਅੰਦਰ ਅੰਦਰ ਮਨਿਸਟਰ ਆਫ ਇੰਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿੱਪ, ਮਨਿਸਟਰ ਆਫ ਜੌਬਜ਼ ਐਂਡ ਫੈਮਲੀਜ਼ ਅਤੇ ਮਨਿਸਟਰ ਆਫ ਪਬਲਿਕ ਸੇਫਟੀ ਨਾਲ ਮੀਟਿੰਗ ਲਈ ਬੇਨਤੀ ਕਰਦੇ ਹਾਂ।

ਅੱਗੇ ਜਾਣ ਦਾ ਰਸਤਾ ਟੁੱਟ ਚੁੱਕੇ ਪ੍ਰਬੰਧ ਦੀ ਮੁਰੰਮਤ ਕਰਨ ਬਾਰੇ ਨਹੀਂ-ਸਗੋਂ ਇਹ ਇਸ ਵਿੱਚ ਤਬਦੀਲੀ ਕਰਨ ਬਾਰੇ ਹੈ। ਅਤੇ ਉਹ ਕੰਮ ਹੁਣ ਸ਼ੁਰੂ ਹੁੰਦਾ ਹੈ। ਆਉ ਆਪਾਂ ਸਾਂਝੀ ਖੁਸ਼ਹਾਲੀ, ਨਿਆਂ ਅਤੇ ਸਾਰਿਆਂ ਲਈ ਮੌਕਿਆਂ ਵਾਲਾ ਭਵਿੱਖ ਉਸਾਰੀਏ। ਜ਼ਰੂਰੀ ਹੈ ਕਿ ਇਹ ਭਵਿੱਖ ਨਾਰੀਵਾਦੀ, ਨਸਲਵਾਦ ਵਿਰੋਧੀ ਅਤੇ ਸਭ ਨੂੰ ਸ਼ਾਮਲ ਕਰਨ ਵਾਲਾ ਹੋਵੇ, ਜੋ ਇਹ ਯਕੀਨੀ ਬਣਾਉਂਦਾ ਹੋਵੇ ਕਿ ਜੈਂਡਰ ਅਤੇ ਨਸਲ ਆਧਾਰਤ ਇਨਸਾਫ ਇੰਮੀਗ੍ਰੇਸ਼ਨ ਅਤੇ ਸਮਾਜ ਨਾਲ ਸੰਬੰਧਿਤ ਨੀਤੀ ਦੇ ਕੇਂਦਰ ਵਿੱਚ ਹੋਣ।

**ਸੱਚੇ ਦਿਲੋਂ,**
**ਮਾਈਗ੍ਰੈਂਟ ਰਾਈਟਸ ਨੈੱਟਵਰਕ**

# ਬਸਤਰ: ਸਾਡੇ ਲਹੂ ਨਾਲ ਲਿੱਬੜੇ ਹੱਥ

*[ਮੀਨਾ ਕੰਡਾਸਾਮੀ ਨਾਰੀਵਾਦੀ ਕਵਿੱਤਰੀ ਅਤੇ ਲੇਖਿਕਾ ਹੈ। ਉਸ ਦੀ ਤਾਜ਼ਾ ਪ੍ਰਕਾਸ਼ਿਤ ਕਿਤਾਬ 'Tomorrow Someone Will Arrest You' ਹੈ, ਜੋ ਪਿਛਲੇ ਦਹਾਕੇ ਦੌਰਾਨ ਲਿਖੀਆਂ ਗਈਆਂ ਰਾਜਨੀਤਕ ਕਵਿਤਾਵਾਂ ਦਾ ਸੰਗ੍ਰਹਿ ਹੈ। ਕੇਂਦਰੀ ਭਾਰਤ ਦੇ ਬਸਤਰ ਅਤੇ ਹੋਰ ਇਲਾਕਿਆਂ ਵਿਚ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਭਿਆਨਕ ਕਤਲੇਆਮ ਦੀ ਜ਼ਮੀਨੀਂ ਹਕੀਕਤ ਅਤੇ ਇਸ ਪਿੱਛੇ ਭਾਰਤ ਦੀ ਭਗਵਾ ਹਕੂਮਤ ਦੇ ਅਸਲ ਮਨਸ਼ੇ ਨੂੰ ਸਮਝਣ ਲਈ ਭਾਰਤ ਦੇ ਪ੍ਰਸਿੱਧ ਰਸਾਲੇ ਫਰੰਟਲਾਈਨ ਵਿਚ ਛਪਿਆ ਇਹ ਵਿਸਤਾਰਤ ਲੇਖ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਜਿਸਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। – ਸੰਪਾਦਕ]*

**ਮੀਨਾ ਕੰਡਾਸਾਮੀ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**



ਬਸਤਰ ਵਿਚ ਕੌਮੀ ਜ਼ਮੀਰ (ਅੰਤਰ-ਆਤਮਾ) ਤੋਂ ਅਟੰਕ ਇਕ ਤਾਂਡਵ ਨਾਚ ਚੱਲ ਰਿਹਾ ਹੈ। ਮਿੱਥੇ ਸਮੇਂ ਵਿਚ ਨਕਸਲਵਾਦ ਦਾ ਖ਼ਾਤਮਾ ਕਰਨ ਦਾ ਇਹ ਮਿਸ਼ਨ ਆਦਿਵਾਸੀਆਂ ਵਿਰੁੱਧ ਮੁਕੰਮਲ ਯੁੱਧ ਨੂੰ ਦਿੱਤਾ ਗਿਆ ਲੁਭਾਉਣਾ ਨਾਂ ਹੈ।

ਕੇਂਦਰ ਸਰਕਾਰ ਦੇ 'ਓਪਰੇਸ਼ਨ ਕਗਾਰ' ਨੇ ਛੱਤੀਸਗੜ੍ਹ ਵਿੱਚ ਬੇਮਿਸਾਲ ਖ਼ੂਨਖ਼ਰਾਬਾ ਵਿੱਢਿਆ ਹੋਇਆ ਹੈ, ਜੋ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਕਸਲਵਾਦ ਨੂੰ ਖ਼ਤਮ ਕਰਨ ਅਤੇ ਆਪਣਾ ਰਾਜਨੀਤਕ ਨਾਂ ਚਮਕਾਉਣ ਦਾ ਪਸੰਦੀਦਾ ਪ੍ਰੋਜੈਕਟ ਹੈ। 2025 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਸੁਰੱਖਿਆ ਬਲਾਂ ਨੇ ਰਾਜ ਵਿੱਚ 140 ਕਥਿਤ ਮਾਓਵਾਦੀਆਂ ਨੂੰ ਮਾਰ ਦਿੱਤਾ ਹੈ (ਸਾਊਥ ਏਸ਼ੀਆ ਟੈਰਰਿਜ਼ਮ ਪੋਰਟਲ ਦੀ ਵੈੱਬਸਾਈਟ ਅਨੁਸਾਰ), ਜੋ ਕਿ 2024 ਵਿਚ ਮਾਰੇ ਗਏ ਮਾਓਵਾਦੀਆਂ ਦੀ ਕੁਲ ਗਿਣਤੀ 235 ਮੌਤਾਂ ਦੇ ਅੱਧ ਤੋਂ ਵੱਧ ਹੈ। 2023 ਦੇ ਮੁਕਾਬਲੇ, ਜਦੋਂ ਰਾਜ ਵਿੱਚ ਸਿਰਫ਼ 23 ਕਥਿਤ ਮਾਓਵਾਦੀ ਮਾਰੇ ਗਏ ਸਨ, ਇਹ ਵਾਧਾ ਚੌਂਕਾ ਦੇਣ ਵਾਲਾ ਹੈ। ਮੌਤਾਂ ਵਿੱਚ ਇਹ ਵਾਧਾ ਸਿੱਧੇ ਤੌਰ 'ਤੇ ਇਨਾਮੀ ਯੋਜਨਾ ਨਾਲ ਜੁੜਿਆ ਹੈ, ਜੋ ਇਨਸਾਨੀ ਸਿਰਾਂ ਦੇ ਮੁੱਲ ਰੱਖਦੀ ਹੈ। ਪ੍ਰਤੀ ਮਿ?ਰਤਕ ਨਕਸਲੀ ਬਦਲੇ 25 ਲੱਖ ਰੁਪਏ ਤੱਕ ਦਿੱਤੇ ਜਾ ਰਹੇ ਹਨ।

'ਓਪਰੇਸ਼ਨ ਕਗਾਰ' (ਜਿਸਦਾ ਮੋਟਾ ਜਿਹਾ ਭਾਵ ਹੈ 'ਆਖ਼ਰੀ ਹੱਲਾ') ਦੀ ਨੀਤੀ ਚਾਰ-ਪੜਾਵੀ ਹੈ: ਛੱਤੀਸਗੜ੍ਹ ਦੇ ਬਸਤਰ ਖੇਤਰ ਵਿੱਚ 'ਫਾਰਵਰਡ ਓਪਰੇਟਿੰਗ ਬੇਸ' (ਐੱਫਓਬੀ) ਸਥਾਪਤ ਕਰਨਾ; ਖੁਫੀਆ ਜਾਣਕਾਰੀ ਜੁਟਾਉਣ ਲਈ ਡ?ਰੋਨਾਂ ਅਤੇ ਸੈਟੇਲਾਈਟ ਰਾਹੀਂ ਤਸਵੀਰਾਂ ਲੈਣ ਦੀ ਤਕਨੀਕ ਵਰਤਣਾ; ਮੁੜ ਕਬਜ਼ੇ 'ਚ ਲਏ ਖੇਤਰਾਂ ਵਿੱਚ 612 ਤੋਂ ਵੱਧ 'ਕਿਲ੍ਹਾਬੰਦ ਪੁਲਿਸ ਥਾਣੇ' ਸਥਾਪਤ ਕਰਨਾ; 'ਆਤਮ-ਸਮਰਪਣ ਦੀ ਉਦਾਰ ਨੀਤੀ' ਲਾਗੂ ਕਰਨਾ, ਰਿਪੋਰਟਾਂ ਅਨੁਸਾਰ ਜਿਸ ਤਹਿਤ ਪਿਛਲੇ ਦਹਾਕੇ 'ਚ 7,500 ਮਾਓਵਾਦੀਆਂ ਨੇ ਆਤਮ-ਸਮਰਪਣ ਕੀਤਾ ਹੈ।

ਪਰ, ਇਸ ਸਫਾਈ ਨਾਲ ਪੇਸ਼ ਕੀਤੇ ਬਿਰਤਾਂਤ (ਜਿਸ ਦਾ ਜਾਪ ਗੋਦੀ ਪੱਤਰਕਾਰ ਆਗਿਆਕਾਰੀ ਹੋ ਕੇ ਕਰਦੇ ਹਨ ਜਿਨ੍ਹਾਂ ਨੂੰ ਫ਼ੌਜ ਦੇ ਹੈਲੀਕਾਪਟਰਾਂ 'ਚ ਬਿਠਾਕੇ ਉਸ ਖੇਤਰ ਵਿਚ ਲਿਜਾਇਆ ਜਾਂਦਾ ਹੈ ਅਤੇ ਚੋਣਵੇਂ ਸਬੂਤ ਉਨ੍ਹਾਂ ਅੱਗੇ ਪਰੋਸ ਦਿੱਤੇ ਜਾਂਦੇ ਹਨ) ਦੇ ਪਿੱਛੇ ਜੋ ਛੁਪਿਆ ਹੋਇਆ ਹੈ ਉਹ ਹੈ ਮਨੁੱਖੀ ਕੀਮਤ।

ਸੀਪੀਆਈ (ਮਾਓਵਾਦੀ) ਦਾ ਫ਼ੌਜੀ ਵਿੰਗ 'ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ', ਜੋ ਕਿ ਪਾਬੰਦੀਸ਼ੁਦਾ ਜਥੇਬੰਦੀ ਹੈ, ਆਪਣੇ ਮੈਂਬਰਾਂ ਦੀ ਗਿਣਤੀ, ਛਾਪਾਮਾਰ ਦਸਤਿਆਂ, ਜਾਂ ਹਥਿਆਰਬੰਦ ਤਾਕਤ ਦੇ ਵੇਰਵੇ ਨਸ਼ਰ ਨਹੀਂ ਕਰਦੀ, ਕਿਉਂਕਿ ਗੁਰੀਲਾ ਯੁੱਧ ਗੁਪਤ ਤਾਣੇ-ਬਾਣੇ 'ਤੇ ਆਧਾਰਤ ਹੁੰਦਾ ਹੈ। ਸਪਸ਼ਟ ਜਾਂ ਪ੍ਰਮਾਣਿਕ ਅਧਾਰ-ਅੰਕੜਿਆਂ ਦੀ ਗੈਰ-ਮੌਜੂਦਗੀ 'ਚ, ਇਹ ਕੌਣ ਤੈਅ ਕਰਦਾ ਹੈ ਕਿ ਬਸਤਰ ਵਿੱਚ ਅਸਲ ਵਿੱਚ ਕਿੰਨੇ ਮਾਓਵਾਦੀ ਬਾਕੀ ਹਨ, ਜਦੋਂ ਰਾਜ ਰੋਜ਼ਮਰਾ ਦੀਆਂ ਹੱਤਿਆਵਾਂ ਦੀ ਗਿਣਤੀ ਨੂੰ ਨਿਆਂ ਦਾ ਪੈਮਾਨਾ ਬਣਾਕੇ ਪੇਸ਼ ਕਰ ਰਿਹਾ ਹੈ ਉਹ ਵੀ ਉਦੋਂ ਜਦੋਂ ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾਇਆ ਜਾਂਦਾ ਹੋਵੇ?



ਲਗਾਤਾਰ ਵਧਦੀ ਲਾਸ਼ਾਂ ਦੀ ਗਿਣਤੀ ਦੋਹਰਾ ਮਕਸਦ ਪੂਰਾ ਕਰਦੀ ਹੈ: ਇਹ ਖ਼ਤਰੇ ਨੂੰ ਵਧਾ-ਚੜ੍ਹਾਕੇ ਪੇਸ਼ ਕਰਦੀ ਹੈ ਅਤੇ ਖ਼ਾਤਮੇ ਨੂੰ ਸਫ਼ਲਤਾ ਦਾ ਪੈਮਾਨਾ ਬਣਾਉਂਦੀ ਹੈ – ਇਕ ਝੂਠ ਨੂੰ ਸਹੀ ਸਿੱਧ ਕਰਨ ਲਈ ਦੂਜਾ ਝੂਠਾ ਤਰਕ। ਰਾਜ ਸੰਕਟ ਅਤੇ ਹੱਲ ਦੋਵੇਂ ਘੜਦਾ ਹੈ, ਫ਼ੌਜੀਕਰਨ ਨੂੰ ਵਧਾਕੇ ਹਿੰਸਾ ਨੂੰ ਜਾਇਜ਼ ਠਹਿਰਾਉਂਦਾ ਅਤੇ ਤੇਜ਼ ਕਰਦਾ ਹੈ। 'ਨਕਸਲੀ' ਇੱਕ ਸਹੂਲਤ ਲਈ ਵਰਤਿਆ ਜਾਣ ਵਾਲਾ ਭੂਤ ਬਣ ਗਿਆ ਹੈ, ਇੱਕ ਐਸਾ ਪਰਛਾਵਾਂ ਜਿਸਦੇ ਪੈਮਾਨੇ ਨੂੰ ਮੌਕੇ ਦੀਆਂ ਰਾਜਨੀਤਕ ਲੋੜਾਂ ਅਨੁਸਾਰ ਫੁਲਾਇਆ ਜਾਂ ਸੁੰਗੇੜਿਆ ਜਾ ਸਕਦਾ ਹੈ, ਜਿਸ ਨਾਲ ਆਦਿਵਾਸੀ ਸਰੀਰਾਂ ਵਿਰੁੱਧ ਅਨੰਤ ਯੁੱਧ ਜਾਰੀ ਰੱਖਣਾ ਸੰਭਵ ਬਣਾਇਆ ਜਾ ਰਿਹਾ ਹੈ, ਜਦੋਂ ਕਿ ਕਾਰਪੋਰੇਟ ਖ਼ੁਦਾਈ ਮਸ਼ੀਨਾਂ ਉਨ੍ਹਾਂ ਦੀਆਂ ਜ਼ਮੀਨਾਂ ਦੀ ਹਿੱਕ ਚੀਰ ਰਹੀਆਂ ਹਨ।

ਜ਼ੁਲਮਾਂ ਦੇ ਪੀੜਤ ਲੋਕ, ਜਿਨ੍ਹਾਂ ਨੂੰ ਟੀਵੀ ਚੈਨਲਾਂ ਦੇ ਪ੍ਰਾਈਮ ਟਾਈਮ ਗੁੱਸੇ ਦੇ ਲਾਇਕ ਵੀ ਨਹੀਂ ਸਮਝਿਆ ਜਾਂਦਾ, ਉਨ੍ਹਾਂ ਸਚਾਈਆਂ ਨੂੰ ਉਜਾਗਰ ਕਰਦੇ ਹਨ ਜੋ ਕਦੇ ਵੀ ਟੈਲੀਵਿਜ਼ਨ ਸਕ੍ਰੀਨਾਂ ਤੱਕ ਨਹੀਂ ਪਹੁੰਚਦੀਆਂ। ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਬੱਚੇ ਵੀ ਮਾਰੇ ਜਾ ਰਹੇ ਹਨ। 'ਔਰਤਾਂ ਨੂੰ ਤਸੀਹੇ ਦਿੱਤੇ ਜਾਂਦੇ ਹਨ, ਕੁੱਟ-ਮਾਰ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਨੋਚਿਆ ਜਾਂਦਾ ਹੈ, ਬਲਾਤਕਾਰ ਕੀਤਾ ਜਾਂਦਾ ਹੈ ਅਤੇ ਫਿਰ ਗੋਲੀਆਂ ਮਾਰ ਕੇ ਮਾਰ ਦਿੱਤਾ ਜਾਂਦਾ ਹੈ', ਇਹ ਆਦਿਵਾਸੀ ਅਧਿਕਾਰ ਕਾਰਕੁਨ ਸੋਨੀ ਸੋਰੀ ਇੱਕ ਇੰਟਰਵਿਊ ਵਿੱਚ ਦੱਸਦੀ ਹੈ, ਜੋ ਫ਼ੌਜ ਵੱਲੋਂ ਪੇਸ਼ ਕੀਤੇ ਜਾਂਦੇ ਅੰਕੜਿਆਂ ਦੇ ਪਿੱਛੇ ਦੀ ਦਿਲ-ਦਹਿਲਾਊ ਹਕੀਕਤ ਨੂੰ ਬੇਨਕਾਬ ਕਰਦਾ ਹੈ। ਜਿਨ੍ਹਾਂ ਨੂੰ 'ਮੁਕਾਬਲੇ' ਵਿੱਚ ਮਾਰੇ ਗਏ ਦੱਸਿਆ ਜਾਂਦਾ ਹੈ ਉਨ੍ਹਾਂ ਵਿੱਚੋਂ ਬਹੁਤ ਵੱਡੀ ਗਿਣਤੀ ਸਿਰਫ਼ ਆਦਿਵਾਸੀ ਪੇਂਡੂਆਂ ਦੀ ਹੁੰਦੀ ਹੈ, ਨਾ ਕਿ ਮਾਓਵਾਦੀ ਜਿਵੇਂ ਉਨ੍ਹਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਇਹ ਜ਼ੁਲਮ ਦਰਜ ਕੀਤੇ ਜਾਂਦੇ ਹਨ, ਸਬੂਤ ਵੀ ਬਥੇਰੇ ਹਨ, ਪਰ ਫਿਰ ਵੀ ਇਹ ਜ਼ੁਲਮ ਸਾਡੀ ਕੌਮੀ ਜ਼ਮੀਰ ਦੀ ਛਾਂ ਥੱਲੇ ਬੇਰੋਕ-ਟੋਕ ਜਾਰੀ ਹਨ।

ਜੇਕਰ ਇਸੇ ਤਰ੍ਹਾਂ ਦੇ ਸੰਗਠਿਤ ਬਲਾਤਕਾਰ ਅਤੇ ਕਤਲ ਤਾਮਿਲ ਨਾਡੂ ਜਾਂ ਨਵੀਂ ਦਿੱਲੀ ਦੀਆਂ ਸੜਕਾਂ ਉੱਪਰ ਹੋ ਰਹੇ ਹੁੰਦੇ ਤਾਂ ਅਸੀਂ ਨੈਤਿਕ ਗੁੱਸੇ 'ਚ ਚੀਕ ਰਹੇ ਹੋਣਾ ਸੀ। ਸੜਕਾਂ ਉੱਪਰ ਪ੍ਰਦਰਸ਼ਨਕਾਰੀਆਂ ਦੀ ਭੀੜ ਹੋਣੀ ਸੀ, ਅਤੇ ਸੋਸ਼ਲ ਮੀਡੀਆ ਉੱਪਰ ਗੁੱਸੇ ਦੇ ਹੈਸ਼ਟੈਗ ਛਾ ਜਾਣੇ ਸਨ। ਪਰ ਕਿਉਂਕਿ ਇਹ ਸਭ ਬਸਤਰ ਵਿਚ ਹੋ ਰਿਹਾ ਹੈ, ਕਿਉਂਕਿ ਮਜ਼ਲੂਮ ਆਦਿਵਾਸੀ ਹਨ, ਕਿਉਂਕਿ ਬੋਲਣ 'ਤੇ "ਸ਼ਹਿਰੀ ਨਕਸਲੀ" ਕਰਾਰ ਦਿੱਤੇ ਜਾਣ ਦਾ ਖ਼ਤਰਾ ਹੈ, ਅਸੀਂ ਆਪਣੀ ਅਰਾਮਦਾਇਕ ਖ਼ਾਮੋਸ਼ੀ ਬਣਾਈ ਰੱਖਦੇ ਹਾਂ। ਸਾਡੀ ਉਦਾਸੀਨਤਾ ਮਿਲੀਭੁਗਤ ਬਣ ਜਾਂਦੀ ਹੈ। ਜੋ "ਸ਼ਹਿਰੀ ਨਕਸਲੀ" ਦਾ ਠੱਪਾ ਸ਼ਹਿਰੀ ਅਸਹਿਮਤੀ ਦੀ ਸੰਘੀ ਘੁੱਟਦਾ ਹੈ, ਉਹ ਪੇਂਡੂ ਟਾਕਰੇ ਨੂੰ ਅਪਰਾਧੀ ਕਰਾਰ ਦੇਣ ਦੀ ਯੁੱਧਨੀਤੀ ਦਾ ਵੀ ਹਿੱਸਾ ਹੈ। ਇਸ ਠੱਪੇ ਦੇ ਜੰਗਲ ਤੋਂ ਸ਼ਹਿਰ ਤੱਕ ਫੈਲਣ ਦਾ ਡਰ ਸੰਭਾਵਿਤ ਸੰਗੀਆਂ ਨੂੰ ਅਪਾਹਜ ਬਣਾਈ ਰੱਖਦਾ ਹੈ, ਤਾਂ ਕਿ ਹਿੰਸਾ ਬੇਰੋਕ-ਟੋਕ ਜਾਰੀ ਰਹੇ।

ਬਹੁ-ਚਰਚਿਤ 'ਆਤਮ-ਸਮਰਪਣ ਨੀਤੀ' ਆਦਿਵਾਸੀਆਂ ਨੂੰ ਇੱਕ ਦੂਜੇ ਦੇ ਵਿਰੁੱਧ ਹਥਿਆਰ ਦੀ ਤਰ੍ਹਾਂ ਵਰਤਦੀ ਹੈ, ਜਿਸ ਵਿਚ ਜ਼ਿਲ੍ਹਾ ਰਿਜ਼ਰਵ ਗਾਰਡ (ਡੀ.ਆਰ.ਜੀ.) ਯੂਨਿਟਾਂ ਦਾ 20% ਹਿੱਸਾ ਆਤਮ-ਸਮਰਪਣ ਕੀਤੇ ਨਕਸਲੀਆਂ ਦਾ ਹੈ। (ਡੀ.ਆਰ.ਜੀ. ਪੁਲਿਸ ਦੀ ਵਿਸ਼ੇਸ਼ ਇਕਾਈ ਹੈ ਜੋ 2008 'ਚ ਛੱਤੀਸਗੜ੍ਹ ਵਿੱਚ ਖੱਬੇਪੱਖੀ ਅੱਤਵਾਦ ਨਾਲ ਨਜਿੱਠਣ ਲਈ ਬਣਾਈ ਗਈ ਸੀ।) ਇਹ ਕੋਈ ਸੰਯੋਗ ਨਹੀਂ ਬਲਕਿ ਯੁੱਧਨੀਤਕ ਕਾਰਵਾਈ ਹੈ — ਭਾਈਚਾਰਕ ਇਕਜੁੱਟਤਾ ਨੂੰ ਜਾਣ ਬੁੱਝ ਕੇ ਤੋੜਨ ਦੀ ਕਾਰਵਾਈ। ਜ਼ਮੀਨਾਂ 'ਤੇ ਕਬਜ਼ਾ ਕਰਨ, ਕੁਦਰਤੀ ਵਸੀਲਿਆਂ ਦੀ ਲੁੱਟਮਾਰ ਕਰਨ, ਇਲਾਕੇ ਨੂੰ ਵਸੋਂ-ਰਹਿਤ ਬਣਾਉਣ, ਪੂਰੇ ਭਾਈਚਾਰੇ ਨੂੰ ਖਤਮ ਕਰਨ ਲਈ ਸਰਮਾਏਦਾਰੀ ਰਾਜ ਮਸ਼ੀਨਰੀ ਨੂੰ ਗਲੋਂ ਫੜ ਕੇ ਆਪਣੇ ਹੁਕਮ ਅਨੁਸਾਰ ਚਲਾਉਂਦੀ ਹੈ। ਵਿਨਾਸ਼ ਦੀ ਇਸ ਮੁਹਿੰਮ ਵਿੱਚ, ਸਰਮਾਏਦਾਰੀ ਹਿੰਸਾ ਦਾ ਕੰਮ ਰਾਜ ਨੂੰ ਸੌਂਪਦੀ ਹੈ ਤਾਂ ਰਾਜ ਲਈ ਕਤਲੇਆਮ ਦਾ ਕੰਮ ਅੱਗੇ ਹੋਰ ਕਿਸੇ ਨੂੰ ਸੌਂਪਣਾ ਜ਼ਰੂਰੀ ਬਣ ਜਾਂਦਾ ਹੈ।

ਕੰਮ-ਵੰਡ ਦੀ ਇਹ ਪ੍ਰਕਿਰਿਆ ਬੇਕਿਰਕ ਰੂਪ 'ਚ ਸਰਲ ਹੈ: ਰਾਜ ਦੀ ਨੀਤੀ ਆਦਿਵਾਸੀ ਭਾਈਚਾਰਿਆਂ ਨੂੰ ਜੋੜਨ ਵਾਲੇ ਭਾਈਚਾਰਕ ਸੰਬੰਧਾਂ ਨੂੰ ਤੋੜਦੀ ਹੈ ਅਤੇ ਉਨ੍ਹਾਂ ਦੀ ਜਗਾ?ਹ ਰਾਤੋ-ਰਾਤ ਇੱਕ ਅਜਿਹਾ ਭੂਗੋਲਿਕ ਇਲਾਕਾ ਬਣਾਉਂਦੀ ਹੈ ਜਿੱਥੇ ਉਨ੍ਹਾਂ ਨੂੰ ਇੱਕ ਦੂਜੇ ਨੂੰ ਮਾਰਨ ਲਈ ਸਿਖਲਾਈ ਅਤੇ ਹੱਲਾਸ਼ੇਰੀ ਦਿੱਤੀ ਜਾਂਦੀ ਹੈ।

ਇਹ ਸਲਵਾ ਜੁਡਮ ਦੇ ਪ੍ਰੇਤ ਨੂੰ ਮੁੜ ਜਿਉਂਦਾ ਕਰਦਾ ਹੈ – ਰਾਜ ਦੀ ਸਰਪ੍ਰਸਤੀ ਵਾਲੀ ਉਹ ਸੋਇਮ ਸੇਵਕ ਫੌਜ ਜਿਸਨੇ 2005 ਤੋਂ ਲੈ ਕੇ ਬਸਤਰ ਵਿਚ ਦਹਿਸ਼ਤ ਫੈਲਾਈ, ਜਦੋਂ ਤੱਕ ਸੁਪਰੀਮ ਕੋਰਟ ਨੇ 2011 ਵਿੱਚ ਇਸਨੂੰ ਗੈਰ-ਸੰਵਿਧਾਨਕ ਕਰਾਰ ਨਹੀਂ ਦਿੱਤਾ, ਪਰ ਜੋ ਹੁਣ ਨੌਕਰਸ਼ਾਹ ਭੇਸ ਵਿੱਚ ਦੁਬਾਰਾ ਸਾਹਮਣੇ ਆਈ ਹੈ। ਨੌਕਰੀਆਂ ਦੀ ਅਣਹੋਂਦ, ਜਾਂ ਅਕਸਰ ਮਾਮੂਲੀ ਅਪਰਾਧਾਂ ਦੀ ਮੁਕੱਦਮੇਬਾਜ਼ੀ ਤੋਂ ਜਾਂ ਤੰਗ-ਪ੍ਰੇਸ਼ਾਨ ਕੀਤੇ ਜਾਣ ਤੋਂ ਬਚਣ ਖ਼ਾਤਰ, ਜਾਂ ਜੁਡਮ ਮੈਂਬਰ ਹੁੰਦਿਆਂ ਕੀਤੇ ਗਏ ਅਪਰਾਧਾਂ ਦੀਆਂ ਬਦਲਾ-ਲਊ ਸਜ਼ਾਵਾਂ ਤੋਂ ਬਚਣ ਲਈ, ਆਦਿਵਾਸੀ ਪਿੰਡ ਵਾਸੀ 'ਆਤਮ-ਸਮਰਪਣ' ਕਰਦੇ ਹਨ।

ਫਿਰ ਵੀ, 2021 ਦੀਆਂ ਮੀਡੀਆ ਰਿਪੋਰਟਾਂ ਅਨੁਸਾਰ, ਛੱਤੀਸਗੜ੍ਹ ਵਿੱਚ 'ਆਤਮ-ਸਮਰਪਣ' ਕੀਤੇ ਨਕਸਲੀਆਂ ਵਿੱਚੋਂ ਸਿਰਫ਼ 3% ਨੂੰ ਹੀ ਰਾਜ ਦੀ ਆਪਣੀ ਸਕ੍ਰੀਨਿੰਗ ਕਮੇਟੀ ਦੁਆਰਾ ਪੁਨਰਵਾਸ ਲਾਭਾਂ ਲਈ ਯੋਗ ਮੰਨਿਆ ਗਿਆ। ਮਨੁੱਖੀ ਅਧਿਕਾਰ ਕਾਰਕੁਨ ਸਵਾਲ ਉਠਾਉਂਦੇ ਹਨ ਕਿ ਕੀ ਇਹ ਆਤਮ-ਸਮਰਪਣ ਸਿਰਫ਼ ਨਕਲੀ ਸਨ: ਅਜਿਹੇ ਪੇਂਡੂ ਜਿਨ੍ਹਾਂ ਨੂੰ ਇੱਧਰੋਂ-ਉੱਧਰੋਂ ਗਿਰਫਤਾਰ ਕੀਤਾ ਗਿਆ ਅਤੇ ਫਿਰ ਜੇਲ੍ਹ ਜਾਂ 'ਆਤਮ-ਸਮਰਪਣ' 'ਚੋਂ ਇਕ ਨੂੰ ਚੁਣਨ ਲਈ ਮਜਬੂਰ ਕੀਤਾ ਗਿਆ?

ਆਤਮ-ਸਮਰਪਣ ਕਰਨ ਵਾਲਾ ਨਕਸਲੀ ਇਸ ਹਿੰਸਾ ਦੇ ਚੱਕਰ ਤੋਂ ਬਚ ਨਹੀਂ ਸਕਦਾ: ਪਹਿਲਾਂ ਉਹ ਰਾਜ ਦਾ ਬਾਗ਼ੀ ਸੀ, ਹੁਣ ਇਸ ਦੇ ਲਈ ਭਾੜੇ ਦਾ ਸਿਪਾਹੀ, ਉਹ ਖ਼ੂਨਖਰਾਬੇ ਦੇ ਇਸ ਲਗਾਤਾਰ ਚੱਲਦੇ ਰਹਿਣ ਵਾਲੇ ਤਾੜੇ ਵਿੱਚ ਫਸਿਆ ਹੋਇਆ ਹੈ।

ਇਹ ਕੁਚੱਕਰ ਉਸੇ ਖਣਿਜ-ਭਰਪੂਰ ਖੇਤਰ ਵਿੱਚ ਵਾਪਰ ਰਿਹਾ ਹੈ ਜਿਸਦੀ ਖਣਨ ਸਮਰੱਥਾ ਦੇਖਕੇ ਕਾਰਪੋਰੇਸ਼ਨਾਂ ਦੇ ਮੂੰਹ 'ਚੋਂ ਰਾਲਾਂ ਡਿਗ ਰਹੀਆਂ ਹਨ। ਇਹ ਸੰਯੋਗ ਨਹੀਂ ਹੈ ਕਿ ਓਪਰੇਸ਼ਨ ਕਗਾਰ ਦੀ ਤੀਬਰਤਾ ਉਨ੍ਹਾਂ ਭੂ-ਵਿਗਿਆਨਕ ਸਰਵੇਖਣਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ ਜਿਨ੍ਹਾਂ ਵਿਚ ਖਣਿਜ ਭੰਡਾਰਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ।

ਜਦੋਂ ਛੱਤੀਸਗੜ੍ਹ ਸਰਕਾਰ 'ਮਾਓਵਾਦ-ਮੁਕਤ' ਪੰਚਾਇਤਾਂ ਵਿੱਚ 'ਥੋਕ ਆਤਮ-ਸਮਰਪਣ' ਬਦਲੇ ਲਾਲਚ ਦੇ ਰਹੀ ਹੈ, ਜਿਸ ਵਿੱਚ 1 ਕਰੋੜ ਰੁਪਏ ਦੇ ਨਿਰਮਾਣ ਠੇਕੇ ਵੀ ਸ਼ਾਮਲ ਹਨ – ਤਾਂ ਇਸ ਅਧਿਕਾਰਕ ਬਿਰਤਾਂਤ ਦਾ ਵਿਰੋਧ ਕਰਨਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਇਹ ਬਗ਼ਾਵਤ-ਵਿਰੋਧੀ ਆਦਮਖ਼ੋਰ ਮੰਡੀ ਵਿੱਚ ਇਨਸਾਨਾਂ ਨੂੰ ਵਸਤੂਆਂ ਵਿੱਚ ਬਦਲਣ ਬਰਾਬਰ ਹੈ। ਦਰਅਸਲ, ਓਪਰੇਸ਼ਨ ਕਗਾਰ ਬਗਾਵਤ-ਵਿਰੋਧੀ ਮੁਹਿੰਮ ਨਹੀਂ ਹੈ, ਬਲਕਿ ਖਣਿਜਾਂ ਨਾਲ ਭਰਪੂਰ ਖੇਤਰਾਂ ਦੀ ਕਾਰਪੋਰੇਟ ਲੁੱਟਮਾਰ ਦਾ ਰਾਹ ਪੱਧਰਾ ਕਰਨ ਲਈ ਆਦਿਵਾਸੀ ਹੋਂਦ ਨੂੰ ਵਿਉਂਤਬੱਧ ਤਰੀਕੇ ਨਾਲ ਮਿਟਾਉਣ ਦਾ ਮਨਸੂਬਾ ਹੈ।

ਛੱਤੀਸਗੜ੍ਹ ਦੀ ਸਾਲਾਨਾ ਖਣਿਜ ਪੈਦਾਵਾਰ 25,000–30,000 ਕਰੋੜ ਰੁਪਏ ਹੈ। ਮੁਲਕ ਦੇ ਲੋਹੇ ਅਤੇ ਟਿਨ ਦੇ ਇਕ-ਤਿਹਾਈ ਭੰਡਾਰ ਇਸੇ ਰਾਜ ਵਿਚ ਹਨ ਅਤੇ ਮੁਲਕ ਦਾ ਲੱਗਭੱਗ ਚੌਥਾ ਹਿੱਸਾ ਸਟੀਲ ਅਤੇ ਸੀਮਿੰਟ ਵੀ ਇੱਥੇ ਬਣਦਾ ਹੈ। ਮੁਲਕ ਦੇ ਕੋਲੇ ਦੇ ਭੰਡਾਰਾਂ ਦਾ ਲੱਗਭੱਗ ਪੰਜਵਾਂ ਹਿੱਸਾ ਇਸੇ ਰਾਜ ਵਿੱਚ ਸਥਿਤ ਹੈ, ਜੋ ਮੁਲਕ ਦੀ ਖਣਿਜਾਂ ਤੋਂ ਕੁਲ ਕਮਾਈ ਦਾ 15% ਹੈ। ਫਿਰ ਵੀ, ਮਨੁੱਖੀ ਵਿਕਾਸ ਸੂਚਕ-ਅੰਕ ਵਿੱਚ ਇਹ ਰਾਜ 28 ਰਾਜਾਂ ਵਿੱਚੋਂ 26ਵੇਂ ਸਥਾਨ 'ਤੇ ਹੈ; ਇਸਦੇ ਸਿਰਫ਼ ਤੀਜਾ ਹਿੱਸਾ ਘਰਾਂ ਨੂੰ ਹੀ ਪੀਣ ਵਾਲਾ ਸਾਫ਼ ਪਾਣੀ ਉਪਲਬਦ ਹੈ, ਅਤੇ ਇਸਦੀ ਗਰੀਬੀ ਦਰ ਕੌਮੀ ਔਸਤ ਤੋਂ ਦੁੱਗਣੀ ਹੈ।

ਛੱਤੀਸਗੜ੍ਹ ਦੇ ਬੱਚੇ — ਜੋ ਇਸ ਕਾਰਪੋਰੇਟ ਲੁੱਟਮਾਰ ਵਿਚ 'ਗੈਰਉਪਯੋਗੀ' ਚੀਜ਼ ਹਨ — ਉਨ੍ਹਾਂ ਦੇ ਅਵਿਕਸਿਤ ਸਰੀਰ ਸ਼ੋਸ਼ਣ ਦੀ ਗਵਾਹੀ ਦਿੰਦੇ ਹਨ: ਹਰ ਤੀਜਾ ਬੱਚਾ ਪੜ੍ਹਾਈ ਛੱਡ ਚੁੱਕਾ ਹੈ, ਅਜਿਹੇ ਪ੍ਰਬੰਧ ਦੁਆਰਾ ਤਿਆਗਿਆ ਹੋਇਆ ਜਿਸਨੂੰ ਪੜ੍ਹੇ-ਲਿਖੇ ਆਦਿਵਾਸੀ ਨਹੀਂ ਚਾਹੀਦੇ; ਅਤੇ ਲੱਗਭੱਗ 40% ਬੱਚੇ ਅਵਿਕਸਿਤ ਅਤੇ ਕੁਪੋਸ਼ਣ ਮਾਰੇ ਸਰੀਰਾਂ ਦਾ ਬੋਝ ਢੋਅ ਰਹੇ ਹਨ, ਜਦੋਂ ਕਿ ਉਨ੍ਹਾਂ ਦੀ ਧਰਤੀ ਦੀ ਖਣਿਜ-ਦੌਲਤ ਰੇਲਗੱਡੀਆਂ ਭਰ-ਭਰ ਕੇ ਕਿਤੇ ਹੋਰ ਢੋਈ ਜਾ ਰਹੀ ਹੈ।

ਇਹ ਉੱਘੜਵਾਂ ਵਿਰੋਧਾਭਾਸ ਹੈ ਜਿਸਨੂੰ ਅਰਥਸ਼ਾਸਤਰੀ ਮਾਂਜੀ-ਸੰਵਾਰੀ ਭਾਸ਼ਾ 'ਚ ਵਸੀਲਿਆਂ ਦੇ ਸਰਾਪ ਵਜੋਂ ਪ੍ਰੀਭਾਸ਼ਤ ਕਰਦੇ ਹਨ: ਛੱਤੀਸਗੜ੍ਹ ਦੀ ਖਣਿਜ-ਦੌਲਤ ਧਾੜਵੀ ਕਾਰਪੋਰੇਸ਼ਨਾਂ ਲਈ ਭਾਰੀ ਮੁਨਾਫ਼ਿਆਂ ਅਤੇ ਜੋਟੀਦਾਰ ਰਾਜ ਲਈ ਕਮਾਈ ਦੀ ਖਾਣ ਹੈ। ਇਸ ਦੌਰਾਨ, ਇਸ ਧਰਤੀ ਦੇ ਮੂਲ-ਨਿਵਾਸੀ ਆਦਿਵਾਸੀਆਂ, ਜਿਨ੍ਹਾਂ ਦੀਆਂ ਜ਼ਮੀਨਾਂ ਹੇਠ ਇਨ੍ਹਾਂ ਮਾਲ-ਖਜ਼ਾਨਿਆਂ ਦੇ ਭੰਡਾਰ ਹਨ, ਨੂੰ ਸਿਲਸਿਲੇਵਾਰ ਤਰੀਕੇ ਨਾਲ ਭੁੱਖੇ ਮਾਰ ਕੇ ਨਿਤਾਣੇ ਬਣਾਇਆ ਅਤੇ ਡਰਾਕੇ ਚੁੱਪ ਕਰਾਇਆ ਜਾ ਰਿਹਾ ਹੈ।

ਪਰ ਖਣਿਜਾਂ ਦੀ ਇਸ ਲੁੱਟਮਾਰ ਲਈ ਸਭ ਤੋਂ ਖ਼ਤਰਨਾਕ ਵਿਰੋਧ ਹਥਿਆਰਬੰਦ ਬਾਗ਼ੀ ਦਾ ਨਹੀਂ, ਸਗੋਂ ਸੰਵਿਧਾਨਕ ਜਾਣਕਾਰੀ ਨਾਲ ਲੈਸ ਸ਼ਾਂਤੀਪੂਰਨ ਅੰਦੋਲਨਕਾਰੀ ਦਾ ਹੈ। ਆਦਿਵਾਸੀਆਂ ਦੇ ਜਨਤਕ ਅੰਦੋਲਨਾਂ - ਸ਼ਾਂਤੀਪੂਰਣ, ਜਮਹੂਰੀ, ਅਤੇ ਸਿਰਫ਼ ਸੰਵਿਧਾਨਕ ਅਧਿਕਾਰਾਂ ਦੀ ਮੰਗ ਕਰਨ ਵਾਲਿਆਂ - ਨੂੰ ਬੇਕਿਰਕੀ ਨਾਲ ਅਪਰਾਧੀ ਐਲਾਨ ਦਿੱਤਾ ਗਿਆ ਹੈ।

ਮੂਲਵਾਸੀ ਬਚਾਓ ਮੰਚ (ਐੱਮ.ਬੀ.ਐੱਮ.), ਜੋ ਗੈਰ-ਅਦਾਲਤੀ ਹੱਤਿਆਵਾਂ ਅਤੇ ਪੰਜਵੀਂ ਅਨੁਸੂਚੀ ਖੇਤਰਾਂ ਵਿੱਚ ਬਣਾਏ ਗੈਰ-ਕਾਨੂੰਨੀ ਕੈਂਪਾਂ ਦੇ ਖਿਲਾਫ਼ ਸੰਘਰਸ਼ ਕਰ ਰਿਹਾ ਹੈ, ਰਾਜ ਦਾ ਨਵਾਂ ਨਿਸ਼ਾਨਾ ਬਣ ਗਿਆ ਹੈ। ਸਿਲਗੇਰ ਕਤਲੇਆਮ ਦੇ ਵਿਰੋਧ ਤੋਂ ਲੈ ਕੇ ਪਿੰਡਾਂ ਉੱਪਰ ਬੰਬਾਰੀ ਦੀ ਨਿੰਦਾ ਕਰਨ ਅਤੇ ਮੁਟਵੇਂਡੀ ਵਿੱਚ 6 ਮਹੀਨੇ ਦੀ ਬੱਚੀ ਦੇ ਮਾਰੇ ਜਾਣ ਦਾ ਸੋਗ ਮਨਾਉਣ ਤੱਕ ਕੰਮ ਕਰਨ ਵਾਲੀ ਇਸ ਜਥੇਬੰਦੀ ਦਾ ਮੂਲ ਗੁਨਾਹ ਜੋ ਰਾਜ ਨੂੰ ਨਾਮਨਜ਼ੂਰ ਹੈ, ਉਹ ਹੈ ਖ਼ੁਦ ਦੀ ਹੋਂਦ ਮਿਟਾਉਣ ਦੀ ਸਰਕਾਰੀ ਯੋਜਨਾ ਦਾ ਹਿੱਸਾ ਬਣਨ ਤੋਂ ਇਨਕਾਰ। ਛੱਤੀਸਗੜ੍ਹ ਸਰਕਾਰ ਨੇ 30 ਸਤੰਬਰ 2024 ਨੂੰ ਇਸ ਉੱਪਰ ਪਾਬੰਦੀ ਲਗਾਉਣ ਦੇ ਆਪਣੇ ਨੋਟੀਫਿਕੇਸ਼ਨ ਵਿੱਚ ਸਾਫ਼ ਲਿਖਿਆ ਹੈ: ਉਹ 'ਵਿਕਾਸ ਕਾਰਜਾਂ ਦਾ ਵਿਰੋਧ ਕਰਦੇ ਹਨ' ਅਤੇ 'ਸੁਰੱਖਿਆ ਕੈਂਪਾਂ ਦਾ ਵਿਰੋਧ ਕਰਦੇ ਹਨ'।

ਇਸ ਨੌਕਰਸ਼ਾਹ ਭਾਸ਼ਾ ਦੇ ਥੱਲੇ ਵਧੇਰੇ ਡੂੰਘੀ ਸੱਚਾਈ ਦੱਬੀ ਹੋਈ ਹੈ: ਐੱਮ.ਬੀ.ਐੱਮ ਉੱਪਰ ਪਾਬੰਦੀ ਸੰਵਿਧਾਨਕ ਵਾਅਦਿਆਂ ਅਤੇ ਸਰਮਾਏਦਾਰਾ ਜ਼ਰੂਰਤਾਂ ਦਰਮਿਆਨ ਦਵੰਦਮਈ ਵਿਰੋਧਤਾਈ ਨੂੰ ਦਰਸਾਉਂਦੀ ਹੈ। ਜਿਸਦਾ ਮਤਲਬ ਇਹ ਹੈ: ਅਸੀਂ ਕਿਸੇ ਨੂੰ

ਵੀ ਬਰਦਾਸ਼ਤ ਨਹੀਂ ਕਰਾਂਗੇ ਜੋ ਸਰਕਾਰ ਦੀ 'ਵਿਕਾਸ' ਦੀ ਪਰਿਭਾਸ਼ਾ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ। ਉਨ੍ਹਾਂ ਨੇ ਆਦਿਵਾਸੀ ਖੇਤਰਾਂ ਦੇ ਅੰਦਰੂਨੀ ਬਸਤੀਵਾਦ ਦਾ ਵਿਰੋਧ ਕਰਨ ਦੀ ਹਿੰਮਤ ਕਿਵੇਂ ਕੀਤੀ? ਉਨ੍ਹਾਂ ਨੇ ਸੰਵਿਧਾਨ ਦੁਆਰਾ ਪਹਿਲਾਂ ਹੀ ਗਾਰੰਟੀ ਦਿੱਤੀ ਚੀਜ਼ - ਜ਼ਮੀਨ ਐਕਵਾਇਰ ਕਰਨ ਲਈ ਗ੍ਰਾਮ ਸਭਾਵਾਂ ਦੀ ਸਹਿਮਤੀ ਲੈਣ ਦਾ ਅਧਿਕਾਰ - ਮੰਗਣ ਦੀ ਹਿੰਮਤ ਕਿਵੇਂ ਕੀਤੀ?

ਮਈ 2022 'ਚ ਮੈਂ ਸਿਲਗੇਰ ਵਿੱਚ ਸੁਨੀਤਾ ਪੋਟਮ ਅਤੇ ਰਘੂ ਮਿੜਿਆਮੀ ਨੂੰ ਮਿਲੀ ਸੀ - ਆਦਿਵਾਸੀ ਅੰਦੋਲਨ ਦੀ ਅਗਵਾਈ ਕਰ ਰਹੇ 20ਵਿਆਂ ਦੀ ਉਮਰ ਦੇ ਹੋਣਹਾਰ ਨੌਜਵਾਨ। ਉਨ੍ਹਾਂ ਦੇ ਬੋਲਾਂ ਦੀ ਤਾਕਤ ਤੋਂ ਰਾਜ ਭੈਭੀਤ ਹੋ ਗਿਆ। ਦੋ ਸਾਲ ਬਾਅਦ, ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਨਕਸਲੀ ਦਾ ਠੱਪਾ ਲਗਾ ਦਿੱਤਾ ਗਿਆ ਹੈ।

ਸਰਕਾਰ ਦਾ 'ਸ਼ਾਂਤੀ ਚਾਹੁਣ' ਦਾ ਹੇਜ ਅਜਿਹੇ ਅੰਦੋਲਨਕਾਰੀ ਨੌਜਵਾਨਾਂ ਨਾਲ ਕੀਤੇ ਵਰਤਾਓ ਨਾਲ ਬੇਨਕਾਬ ਹੋ ਜਾਂਦਾ ਹੈ। ਜੇਕਰ ਸੱਚਮੁੱਚ ਉਦੇਸ਼ ਸ਼ਾਂਤੀ ਹੁੰਦਾ, ਨਾ ਕਿ ਜਬਰ ਅਤੇ ਮਾਲ-ਖ਼ਜ਼ਾਨਿਆਂ ਉੱਪਰ ਕਬਜ਼ੇ ਨਾਲ ਸੰਬੰਧਾਂ ਨੂੰ ਲੁਕੋਣ ਲਈ ਪਾਇਆ ਮਖੌਟਾ, ਤਾਂ ਉਨ੍ਹਾਂ ਨੂੰ ਅਪਰਾਧੀ ਕਿਉਂ ਠਹਿਰਾਇਆ ਜਾਂਦਾ ਅਤੇ ਸਤਾਇਆ ਕਿਉਂ ਜਾਂਦਾ ਜਿਨ੍ਹਾਂ ਦੇ ਹਥਿਆਰ ਸਿਰਫ਼ ਤਖ਼ਤੀਆਂ ਸਨ ਅਤੇ ਜਿਨ੍ਹਾਂ ਦੀ 'ਬਗਾਵਤ' ਬਸ ਜ਼ਮੀਨ 'ਤੇ ਬੈਠ ਕੇ ਵਿਰੋਧ ਕਰਨਾ ਸੀ?

ਇਹ ਵਿਰੋਧਤਾਈ ਰਾਜ ਦੇ ਅਸਲ ਖ਼ਾਸੇ ਨੂੰ ਨੰਗਾ ਕਰਦੀ ਹੈ। ਪੰਚਾਇਤਾਂ ਦਾ



(ਅਨੁਸੂਚਿਤ ਖੇਤਰਾਂ ਵਿੱਚ ਵਿਸਤਾਰ) ਐਕਟ, 1996 ਅਤੇ ਵਣ ਅਧਿਕਾਰ ਐਕਟ, 2006 - ਜੋ ਇਤਿਹਾਸਕ ਸੰਘਰਸ਼ ਦੁਆਰਾ ਰਾਜ ਤੋਂ ਖੋਹੇ ਗਏ ਸਨ - ਪੰਜਵੀਂ ਅਨੁਸੂਚੀ ਖੇਤਰਾਂ ਵਿੱਚ ਗ੍ਰਾਮ ਸਭਾ ਦੀ ਸਹਿਮਤੀ ਨੂੰ ਸਪੱਸ਼ਟ ਤੌਰ 'ਤੇ ਲਾਜ਼ਮੀ ਬਣਾਉਂਦੇ ਹਨ, ਪਰ ਹੁਣ ਇਨ੍ਹਾਂ ਸੰਵਿਧਾਨਕ ਵਿਵਸਥਾਵਾਂ ਨੂੰ ਲਾਗੂ ਕਰਨਾ ਹੀ ਦੇਸ਼ਧੋ?ਰਹ ਬਣਾ ਦਿੱਤਾ ਗਿਆ ਹੈ।

ਰਾਜ ਨੇ ਆਦਿਵਾਸੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦਾ ਹਰ ਕਾਨੂੰਨੀ ਰਸਤਾ ਸਿਲਸਿਲੇਵਾਰ ਤਰੀਕੇ ਨਾਲ ਬੰਦ ਕਰ ਦਿੱਤਾ ਹੈ ਅਤੇ ਇੱਕ ਝੂਠਾ ਵਿਕਲਪ-ਜੁੱਟ ਘੜ ਲਿਆ ਹੈ: ਜਾਂ ਤਾਂ ਚੁੱਪਚਾਪ ਲੁੱਟਮਾਰ ਸਵੀਕਾਰ ਕਰ ਲਓ ਜਾਂ ਮਾਓਵਾਦੀ ਦੇ ਰੂਪ 'ਚ ਅਪਰਾਧੀ ਕਰਾਰ ਦਿੱਤੇ ਜਾਣ ਲਈ ਤਿਆਰ ਰਹੋ। ਇਸ ਦੌਰਾਨ, ਉਹ ਜੰਗਲ ਜੋ ਹਜ਼ਾਰਾਂ ਸਾਲਾਂ ਤੋਂ ਆਦਿਵਾਸੀ ਹੋਂਦ ਦਾ ਪਾਲਣ-ਪੋਸ਼ਣ ਕਰ ਰਹੇ ਹਨ, ਉਨ੍ਹਾਂ ਨੂੰ ਵਿਕਾਸ ਦੇ ਨਾਂ 'ਤੇ ਉਜਾੜਿਆ ਅਤੇ ਲੁੱਟਿਆ ਜਾ ਰਿਹਾ ਹੈ। ਮੁਲਕ ਦੇ ਅੰਦਰ ਅਤੇ ਆਸ-ਪਾਸ ਦੀਆਂ ਬਗਾਵਤ-ਵਿਰੋਧੀ ਮੁਹਿੰਮਾਂ ਦਾ ਅਧਿਐਨ ਕਰਨ ਵਾਲੇ ਇੱਕ ਚੋਟੀ ਦੇ ਸੁਰੱਖਿਆ ਵਿਸ਼ਲੇਸ਼ਕ ਨੇ ਇਸ ਰਿਪੋਰਟਰ ਨੂੰ ਗ਼ੈਰਰਸਮੀਂ ਤੌਰ 'ਤੇ ਕਿਹਾ: 'ਜਿੱਤ ਦਾ ਐਲਾਨ ਕਰਨਾ ਖ਼ਤਰਨਾਕ ਹੁੰਦਾ ਹੈ - ਚਿਦੰਬਰਮ [ਸਾਬਕਾ ਗ੍ਰਹਿ ਮੰਤਰੀ] ਨੇ ਇਹ ਸਬਕ ਮੁਸ਼ਕਲ ਨਾਲ ਸਿੱਖਿਆ ਸੀ; ਇਹ ਅਮਿਤ ਸ਼ਾਹ ਵੀ ਸਿੱਖੇਗਾ। ਸਿਰਫ਼ ਕਤਲ ਕਰਨ ਨਾਲ ਮਾਓਵਾਦੀਆਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।'

31 ਮਾਰਚ 2026 ਤੱਕ ਮੁਲਕ ਨੂੰ 'ਨਕਸਲ-ਮੁਕਤ' ਬਣਾਉਣ ਦੀ ਅਮਿਤ ਸ਼ਾਹ ਦੀ ਮਨਮਾਨੀ ਸਮਾਂ-ਸੀਮਾ ਸਿਰਫ਼ ਗ਼ੈਰਵਿਹਾਰਕ ਨਹੀਂ ਹੈ, ਸਗੋਂ ਇਹ ਯੁੱਧਨੀਤੀ ਦੇ ਭੇਖ 'ਚ ਰਾਜਨੀਤਕ ਤਮਾਸ਼ਾ ਹੈ। ਇਹ ਹਵਾ 'ਚੋਂ ਚੁਣੀ ਗਈ ਤਾਰੀਕ ਹੈ, ਜਿਸਦਾ ਮਕਸਦ ਫ਼ੌਜੀ ਸਫ਼ਲਤਾ ਨਹੀਂ ਸਗੋਂ ਚੋਣ ਗੇੜਾਂ ਅਤੇ ਮੀਡੀਆ ਸੁਰਖ਼ੀਆਂ ਦਾ ਪ੍ਰਬੰਧਨ ਕਰਨਾ ਹੈ।

ਜਦੋਂ ਮਾਓਵਾਦੀਆਂ ਨੇ ਆਪਣੀ ਸਮੁੱਚੀ ਹੋਂਦ ਹੀ 'ਲਮਕਵੇਂ ਯੁੱਧ' ਦੇ ਸਿਧਾਂਤ ਉੱਪਰ ਬਣਾਈ ਹੋਈ ਹੈ, ਸਬਰ ਜੋ ਸਰਕਾਰਾਂ ਤੋਂ ਵੱਧ ਟਿਕਾਊ ਹੈ ਅਤੇ ਜੋ ਰਾਜ ਦੀਆਂ ਤਾਕਤਾਂ ਨੂੰ ਉਸੇ ਤਰ੍ਹਾਂ ਖੋਰ ਰਿਹਾ ਹੈ ਜਿਵੇਂ ਪਾਣੀ ਪੱਥਰ ਨੂੰ ਖੋਰਦਾ ਹੈ - ਤਾਂ ਕੌਣ ਸੋਚ ਸਕਦਾ ਹੈ ਕਿ 'ਅਚਿੰਤੇ ਬਾਜ ਪੈਣ' ਵਰਗੀ ਕਾਰਵਾਈ ਆਮ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਤੋਂ ਸਿਵਾਏ ਕੁਝ ਹੋਰ ਕਰੇਗੀ?

ਇਸ ਦਾ ਜਵਾਬ ਦੁਖਦਾਈ ਤੌਰ 'ਤੇ ਸਪੱਸ਼ਟ ਹੈ: ਆਖਰੀ ਤਾਰੀਕ ਦਾ ਮਕਸਦ ਕਦੇ ਵੀ ਬਗਾਵਤ ਨੂੰ ਖ਼ਤਮ ਕਰਨਾ ਨਹੀਂ ਸੀ, ਇਹ ਅਮਿਤ ਸ਼ਾਹ ਦੀ ਸਮਰੱਥਾ ਬਾਰੇ ਉੱਠਦੇ ਸਵਾਲਾਂ ਨੂੰ ਖਤਮ ਕਰਨ ਲਈ ਘੜੀ ਗਈ ਸੀ। ਇਸ ਲਈ ਹਰ ਆਦਿਵਾਸੀ ਸਰੀਰ ਪ੍ਰਚਾਰ ਅਤੇ ਜਨਤਕ ਧਾਰਨਾ ਨੂੰ ਆਪਣੇ ਅਨੁਸਾਰ ਘੜਨ ਦਾ ਸੰਦ ਹੈ, ਇਸ ਦਾ ਸਬੂਤ ਕਿ ਗ੍ਰਹਿ ਮੰਤਰੀ 'ਦਹਿਸ਼ਤਵਾਦ ਵਿਰੁੱਧ ਸਖ਼ਤ' ਹੈ, ਜਦੋਂ ਕਿ ਜੰਗਲ ਬੇਕਸੂਰਾਂ ਦੇ ਖ਼ੂਨ ਨਾਲ ਲਹੂ-ਲੁਹਾਣ ਹੋ ਰਹੇ ਹਨ। ਇਸ ਦਾ ਇੱਕੋਇਕ ਉਦੇਸ਼ ਇਸ ਖੇਤਰ ਵਿਚ ਖਣਨ ਨੂੰ ਹੋਰ ਤੇਜ਼ ਕਰਨ ਲਈ ਫ਼ੌਜੀਕਰਨ ਦੀ ਮੁਹਿੰਮ ਨੂੰ ਤੇਜ਼ ਕਰਨ ਦਾ ਰਾਹ ਖੋਲ੍ਹਣਾ ਹੈ।

ਖ਼ਬਰਾਂ ਅਨੁਸਾਰ, ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਵਰਗੀਆਂ ਨੀਮ-ਫ਼ੌਜੀ ਤਾਕਤਾਂ ਨੇ ਛੱਤੀਸਗੜ੍ਹ ਦੇ ਬਸਤਰ ਖੇਤਰ ਵਿੱਚ 182 ਫਾਰਵਰਡ ਓਪਰੇਟਿੰਗ ਬੇਸ (ਮੁਹਿੰਮ ਨੂੰ ਅੱਗੇ ਵਧਾਉਣ ਲਈ ਆਧਾਰ ਕੈਂਪ - ਐੱਫਓਬੀ) ਸਥਾਪਤ ਕਰ ਲਏ ਹਨ। ਇਨ੍ਹਾਂ ਕੈਂਪਾਂ ਦੀ ਗਿਣਤੀ ਭਿਆਨਕ ਰਫ਼ਤਾਰ ਨਾਲ ਵਧ ਰਹੀ ਹੈ - ਪਹਿਲਾਂ ਜਿੱਥੇ ਸਾਲਾਨਾ ਔਸਤਨ 15 ਕੈਂਪ ਬਣਾਏ ਜਾਂਦੇ ਸਨ, ਹੁਣ ਸਿਰਫ਼ 2024 ਵਿੱਚ ਹੀ 30 ਨਵੇਂ ਕੈਂਪ ਬਣਾ ਲਏ ਗਏ ਹਨ। ਇਹ ਫਾਰਵਰਡ ਬੇਸ ਆਦਿਵਾਸੀ ਵਸੋਂ ਦੁਆਲੇ 5 ਕਿਲੋਮੀਟਰ ਦਾ ਦਮ ਘੋਟੂ ਸੁਰੱਖਿਆ ਜਾਲ ਬਣਾ ਰਹੇ ਹਨ, ਜਿਸਦਾ ਸ਼ਿਕੰਜਾ ਆਦਿਵਾਸੀ ਵਸੋਂ ਦੁਆਲੇ ਹੋਰ ਕੱਸਦਾ ਜਾ ਰਿਹਾ ਹੈ।

ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ ਰਾਜ ਦੀ ਇਨ੍ਹਾਂ ਅਸਥਾਈ ਫ਼ੌਜੀ ਚੌਕੀਆਂ ਨੂੰ ਪੱਕੇ 'ਇੰਟਿਗ੍ਰੇਟਡ ਡਿਵੈਲਪਮੈਂਟ ਸੈਂਟਰਾਂ' (ਆਈ.ਡੀ.ਸੀ.) ਵਿੱਚ ਬਦਲਣ ਦੀ ਧੁੱਸ - ਇਹ ਉਨ੍ਹਾਂ ਮਨਹੂਸ ਚੌਕੀਆਂ ਲਈ ਘੱਟ ਚੁੱਭਵਾਂ ਸ਼ਬਦ ਹੈ ਜੋ ਅਸਲ ਵਿੱਚ ਖੁੱਲ੍ਹੇ ਆਸਮਾਨ ਹੇਠ ਬਣਾਏ ਨਜ਼ਰਬੰਦੀ ਕੈਂਪਾਂ ਤੋਂ ਸਿਵਾਏ ਕੁਝ ਨਹੀਂ ਹਨ।

ਇਹ ਜੁੜਵੇਂ ਵਿਕਾਸ ਕੇਂਦਰ ਨਾਗਰਿਕ ਜੀਵਨ ਦੇ ਮੁਕੰਮਲ ਫ਼ੌਜੀਕਰਨ ਦੇ ਸੂਚਕ ਹਨ, ਜਿਨ੍ਹਾਂ ਨੂੰ ਚਲਾਕੀ ਨਾਲ ਗੋਂਡੀ ਭਾਸ਼ਾ ਵਿੱਚ 'ਮਨਵਾ ਨਵੋਂ ਨਾਰ' (ਸਾਡਾ ਨਵਾਂ ਪਿੰਡ) ਦਾ ਨਾਂ ਦੇ ਕੇ ਪ੍ਰਚਾਰਿਆ ਜਾ ਰਿਹਾ ਹੈ - ਇਹ ਕਰੂਰ ਭਾਸ਼ਾਈ ਚਲਾਕੀ ਹੈ ਜੋ ਇਨ੍ਹਾਂ ਦੇ ਅਸਲ ਮਕਸਦ ਨੂੰ ਲੁਕੋਂਦੀ ਹੈ। ਸਕੂਲਾਂ, ਹਸਪਤਾਲਾਂ, ਬੈਂਕਾਂ ਅਤੇ ਜਨਤਕ ਵੰਡ ਪ੍ਰਣਾਲੀਆਂ ਨੂੰ ਬੇਹੱਦ ਮਜ਼ਬੂਤ ਫ਼ੌਜੀ ਕੰਪਲੈਕਸਾਂ ਦੇ ਅੰਦਰ ਕੇਂਦ੍ਰਿਤ ਕਰਨਾ ਵਿਕਾਸ ਨਹੀਂ ਹੈ; ਇਹ ਕੰਕਰੀਟ ਦੀਆਂ ਕੰਧਾਂ ਪਿੱਛੇ ਚਲਾਇਆ ਜਾ ਰਿਹਾ ਯੁੱਧਨੀਤਕ ਨਿਗਰਾਨੀ-ਤੰਤਰ ਹੈ।

ਐੱਮ.ਬੀ.ਐੱਮ. ਦੇ ਸਾਬਕਾ ਪ੍ਰਧਾਨ ਰਘੂ ਮਿੜਿਆਮੀ ਨੇ ਮਈ 2022 ਵਿੱਚ ਸਿਲਗੇਰ ਵਿੱਚ ਇਸ ਪੱਤਰਕਾਰ ਨੂੰ ਦੱਸਿਆ ਸੀ: 'ਉਹ ਕਹਿੰਦੇ ਹਨ ਕਿ ਕੈਂਪ ਆਉਣਗੇ ਤਾਂ ਉਨ੍ਹਾਂ ਦੇ ਨਾਲ ਸਾਨੂੰ ਸਕੂਲ ਅਤੇ ਹਸਪਤਾਲ ਮਿਲਣਗੇ। ਪਰ ਜਦੋਂ ਵੀ ਕੋਈ ਕੈਂਪ ਆਉਂਦਾ ਹੈ, ਉਸ ਖੇਤਰ ਦੇ ਲੋਕ ਸੰਤਾਪ ਝੱਲਦੇ ਹਨ। ਉਹ ਇੱਧਰ-ਉੱਧਰ ਨਹੀਂ ਜਾ ਸਕਦੇ, ਜੰਗਲ ਵਿੱਚ ਨਹੀਂ ਜਾ ਸਕਦੇ, ਪਿੰਡਾਂ ਦੇ ਬਾਜ਼ਾਰ ਵਿੱਚ ਨਹੀਂ ਜਾ ਸਕਦੇ, ਜੰਗਲਾਂ ਤੋਂ ਖਾਣ ਦੀਆਂ ਚੀਜ਼ਾਂ ਵੀ ਨਹੀਂ ਲੈ ਸਕਦੇ। ਜੇਕਰ ਕੋਈ ਔਰਤ ਇਕੱਲੀ ਜਾਂਦੀ ਹੈ, ਤਾਂ ਉਸਨੂੰ ਪੁਲਿਸ ਫੜ ਲੈਂਦੀ ਹੈ ਅਤੇ ਆਪਣਾ ਸ਼ਿਕਾਰ ਬਣਾਉਂਦੀ ਹੈ।'

ਨਾਗਰਿਕ-ਰਾਜ ਦਰਮਿਆਨ ਇਹ ਫ਼ੌਜੀਕ੍ਰਿਤ ਰਿਸ਼ਤਾ ਇੱਕ ਅਜਿਹਾ ਫੰਦਾ ਸਿਰਜਦਾ ਹੈ ਜਿਸ 'ਚੋਂ ਬਾਹਰ ਨਿੱਕਲਣਾ ਅਸੰਭਵ ਹੈ। ਮਿੜਿਆਮੀ ਨੇ ਫਰਵਰੀ 2025 ਵਿੱਚ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਇਹ ਗੱਲ ਕਹੀ ਸੀ: 'ਨੀਮ-ਫ਼ੌਜੀ ਤਾਕਤਾਂ ਦੇ ਗ਼ੈਰਹਕੀਕੀ ਟੀਚੇ ਸਿਰਫ਼ ਜੰਗਲਾਂ ਵਿੱਚ ਜਾ ਕੇ ਪੂਰੇ ਨਹੀਂ ਕੀਤੇ ਜਾ ਸਕਦੇ। ਉਹ ਹਰ ਤਰ੍ਹਾਂ ਦੀ ਸਹੂਲਤ ਵਾਲੇ ਕੈਂਪ ਬਣਾਉਂਦੇ ਹਨ ਤਾਂ ਜੋ ਆਦਿਵਾਸੀ ਕਿਸੇ ਨਾ ਕਿਸੇ ਮਜਬੂਰੀ ਵੱਸ ਉਨ੍ਹਾਂ ਦੇ ਅੰਦਰ ਲਾਜ਼ਮੀ ਜਾਣ। ਉਹ ਆਦਿਵਾਸੀ ਲੋਕਾਂ ਨੂੰ ਇਸ ਤਰ੍ਹਾਂ ਫੜਦੇ ਹਨ।'

ਜ਼ਿਲ੍ਹਾ ਅਧਿਕਾਰੀ, ਪੁਲਿਸ, ਨੀਮ-ਫ਼ੌਜ, ਵਣ ਅਧਿਕਾਰੀ - ਜਦੋਂ ਇੱਕ ਹੀ ਫੌਜੀ ਕਮਾਂਡ ਹੇਠ ਆ ਜਾਂਦੇ ਹਨ ਤਾਂ ਜੋ ਹੋਰ ਕਿੱਧਰੇ ਨਾਗਰਿਕ ਜੀਵਨ ਦੀ ਸਧਾਰਨ ਪ੍ਰਕਿਰਿਆ ਹੁੰਦੀ ਹੈ, ਉਹ ਬਸਤਰ ਵਿਚ ਸੋਚਿਆ-ਸਮਝਿਆ ਜੋਖ਼ਮ ਬਣ ਜਾਂਦੀ ਹੈ। ਬਸਤਰ ਵਿੱਚ, ਸਿਹਤ ਕੇਂਦਰ ਜਾਣਾ ਜਾਂ ਰਾਸ਼ਨ ਲੈਣ ਜਾਣਾ ਰਾਜ ਮਸ਼ੀਨਰੀ ਦੇ ਪਤਾਲ਼ ਵਿੱਚ ਗੁੰਮ ਹੋ ਜਾਣ ਦੇ ਖ਼ਤਰੇ ਨੂੰ ਦਰਸਾਉਂਦਾ ਹੈ।

ਬਸਤਰ ਦਾ ਫ਼ੌਜੀਕਰਨ ਮਹਿਜ਼ ਇੱਕ ਘਰੇਲੂ ਸੁਰੱਖਿਆ ਮੁਹਿੰਮ ਨਹੀਂ ਹੈ - ਇਹ ਉਹ ਪ੍ਰਯੋਗਸ਼ਾਲਾ ਹੈ ਜਿੱਥੇ ਵਿਸ਼ਵ ਪੱਧਰ ਦੀਆਂ ਬਗਾਵਤ-ਵਿਰੋਧੀ ਤਕਨੀਕਾਂ ਦੀ ਪਰਖ਼ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀਆਂ ਗੰਭੀਰ ਅੰਤਰਰਾਸ਼ਟਰੀ ਅਰਥ-ਸੰਭਾਵਨਾਵਾਂ ਹਨ।

ਐੱਫ.ਓ.ਬੀ. ਅਤਿ-ਆਧੁਨਿਕ ਹਥਿਆਰਾਂ ਨਾਲ ਲੈਸ ਹਨ ਜਿਨ੍ਹਾਂ ਵਿਚ ਨੇਤਰਾ-3 ਅਤੇ ਭਾਰਤ ਡਰੋਨ ਸ਼ਾਮਲ ਹਨ, ਜੋ ਇੱਕ ਵਾਰ 5 ਕਿਲੋਮੀਟਰ ਦੇ ਦਾਇਰੇ ਉੱਪਰ 60 ਮਿੰਟ ਲਈ ਨਿਗਰਾਨੀ ਕਰਨ ਦੇ ਸਮਰੱਥ ਹਨ। ਇਹ 'ਆਸਮਾਨੀ ਅੱਖਾਂ' ਕੰਪੈਕਟ ਲਾਂਚ ਪੈਡਾਂ ਤੋਂ ਵਾਸਤਵਿਕ ਸਮੇਂ ਦੀਆਂ (ਰੀਅਲ-ਟਾਈਮ) ਤਸਵੀਰਾਂ ਭੇਜਦੀਆਂ ਹਨ ਜਿਨ੍ਹਾਂ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ 'ਮਨੁੱਖਾਂ ਨੂੰ ਜਾਨਵਰਾਂ ਤੋਂ ਵੱਖ ਕਰਕੇ ਦਿਖਾ ਸਕਦੀਆਂ ਹਨ'। ਹੁਣ ਸੋਚਿਆ ਜਾਵੇ ਤਾਂ ਇਹ ਕਿੰਨਾ ਭਿਆਨਕ ਵਖਰੇਵਾਂ ਹੈ: ਕੋਈ ਵੀ ਡਰੋਨ ਜੰਗਲੀ ਉਪਜ ਇਕੱਠੀ ਕਰ ਰਹੇ ਆਦਿਵਾਸੀ ਅਤੇ ਇਕ ਕਥਿਤ ਨਕਸਲੀ ਵਿੱਚ ਕੀ ਵਖਰੇਵਾਂ ਕਰ ਸਕਦਾ ਹੈ?

ਇਸ ਤੋਂ ਵੀ ਚਿੰਤਾਜਨਕ ਹੈ ਬਸਤਰ ਵਿੱਚ ਬਿਨਾਂ ਪਾਈਲਟ ਹੇਰੋਨ ਡਰੋਨਾਂ ਦੀ ਤਾਇਨਾਤੀ। ਇਹ ਡਰੋਨ ਇਜ਼ਰਾਈਲ ਏਅਰੋਸਪੇਸ ਇੰਡਸਟਰੀਜ਼ (ਆਈਏਆਈ) ਦੁਆਰਾ ਬਣਾਏ ਗਏ ਹਨ। ਇਹ ਸਰਕਾਰੀ ਕੰਪਨੀ ਹੈ ਜੋ ਗਾਜ਼ਾ ਵਿੱਚ ਜਾਰੀ ਕਤਲੇਆਮ ਵਿੱਚ ਆਪਣੀ 'ਨਿਰਣਾਇਕ ਭੂਮਿਕਾ' ਦਾ ਜਸ਼ਨ ਮਨਾਉਂਦੀ ਹੋਈ ਆਪਣੇ ਰਿਕਾਰਡ ਮੁਨਾਫ਼ਿਆਂ 'ਤੇ ਮਾਣ ਕਰਦੀ ਹੈ। ਭਾਰਤੀ ਫ਼ੌਜੀ ਤਾਕਤਾਂ ਇਨ੍ਹਾਂ ਡਰੋਨਾਂ ਦੀ ਵਰਤੋਂ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਕਰ ਰਹੀਆਂ ਹਨ, ਉਦੋਂ ਇਹ ਬਿਨਾਂ ਹਥਿਆਰਾਂ ਦੇ ਨਿਗਰਾਨੀ ਕਰਨ ਵਾਲੇ ਡਰੋਨ ਹੁੰਦੇ ਸਨ। ਫਿਰ, ਸਭ ਕਾਸੇ ਨੂੰ ਘਾਤਕ ਸਮਰੱਥਾ ਨਾਲ ਲੈਸ ਕਰ ਦਿੱਤਾ ਗਿਆ।

ਹੇਰੋਨ ਦੇ ਨਵੇਂ ਮਾਡਲ ਮਹਿਜ਼ ਨਿਰਪੱਖ ਨਿਗਰਾਨੀ ਦੇ ਸੰਦ ਨਹੀਂ ਹਨ; ਜਦੋਂ ਇਨ੍ਹਾਂ 'ਚ ਚੱਕਰ ਲਾਉਂਦੇ ਹੋਏ ਹਮਲਾ ਕਰਨ ਵਾਲੇ ਹਥਿਆਰ (ਲੋਇਟਰਿੰਗ ਮਿਊਨੀਸ਼ਨ) ਫਿੱਟ ਕਰ ਦਿੱਤੇ ਜਾਂਦੇ ਹਨ, ਤਾਂ ਇਹ ਕਤਲੇਆਮ ਕਰਨ ਵਾਲੀਆਂ ਬੇਕਿਰਕ ਮਸ਼ੀਨਾਂ ਬਣ ਜਾਂਦੇ ਹਨ। ਆਈਏਆਈ ਆਪਣੀ ਵੈੱਬਸਾਈਟ ਉੱਪਰ ਹੇਰੋਨ ਨੂੰ 'ਯੁੱਧ ਵਿਚ ਪਰਖਿਆ' ਦੇ ਤੌਰ 'ਤੇ ਪੇਸ਼ ਕਰਦੀ ਹੈ - ਇਸ ਸੰਕੇਤਕ ਐਲਾਨ ਦਾ ਭਾਵ ਇਹ ਹੈ ਕਿ ਇਹ ਹਥਿਆਰ ਮਜ਼ਲੂਮ ਫ਼ਲਸਤੀਨੀਆਂ ਉੱਪਰ ਪਰਖਿਆ ਜਾ ਚੁੱਕਾ ਹੈ। 2008-09 ਦੇ ਓਪਰੇਸ਼ਨ ਕਾਸਟ ਲੀਡ ਤੋਂ ਬਾਅਦ, ਹਿਊਮਨ ਰਾਈਟਸ ਵਾਚ ਨੇ ਇਨ੍ਹਾਂ ਡਰੋਨਾਂ ਤੋਂ ਦਾਗ਼ੀਆਂ ਗਈਆਂ ਮਿਜ਼ਾਈਲਾਂ ਨਾਲ ਦਰਜਨਾਂ ਗਾਜ਼ਾ ਵਾਸੀਆਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਦੇ ਵੇਰਵੇ ਦੇ ਕੇ ਰਿਪੋਰਟ




ਜਾਰੀ ਕੀਤੀ ਸੀ। 2013 'ਚ ਭਾਰਤੀ ਮੀਡੀਆ ਨੇ ਇਹ ਕਹਿਣ ਦੀ ਹਿੰਮਤ ਦਿਖਾਈ ਸੀ ਕਿ ਹੇਰੋਨ ਡਰੋਨ ਬੇਕਾਰ ਸਾਬਤ ਹੋ ਰਹੇ ਸਨ - ਇਹ ਆਦਿਵਾਸੀ ਝੁੱਗੀਆਂ ਦੀਆਂ ਤਸਵੀਰਾਂ ਲੈ ਰਹੇ ਹਨ ਨਾ ਕਿ ਨਕਸਲੀ ਕੈਂਪਾਂ ਦੀਆਂ।

ਇਹ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਦੀ ਗੱਲ ਹੈ, ਉਸ ਸਮੇਂ ਦੀ ਜਦੋਂ ਕੌਮੀ ਮੀਡੀਆ, ਮੁਹਿੰਮ ਵਿੱਚ ਸ਼ਾਮਲ ਕਿਸੇ ਬੇਨਾਮ ਅਧਿਕਾਰੀ ਦਾ ਇਹ ਹਵਾਲਾ ਦੇਣ ਦੀ ਹਿੰਮਤ ਕਰ ਸਕਦਾ ਸੀ: 'ਤੁਸੀਂ ਜੰਗਲ ਵਿੱਚ ਡਰੋਨ ਦੁਆਰਾ ਦੇਖੀ ਗਈ ਹਰ ਚੀਜ਼ 'ਤੇ ਗੋਲੀ ਨਹੀਂ ਚਲਾ ਸਕਦੇ। ਇਹ ਸਾਡਾ ਆਪਣਾ ਮੁਲਕ ਹੈ; ਅਸੀਂ ਅਫ਼ਗਾਨਿਸਤਾਨ ਵਿੱਚ ਅਮਰੀਕਨ ਨਹੀਂ ਹਾਂ।'

ਅੱਜ ਜੀ-ਹਜ਼ੂਰ ਮੀਡੀਆ ਹੁੱਬ-ਹੁੱਬ ਕੇ ਰਿਪੋਰਟ ਕਰਦਾ ਹੈ ਕਿ ਕਿਵੇਂ ਜ਼ੁਲਮ ਦਾ ਸੰਦ ਸਿੱਧ ਹੋ ਚੁੱਕੇ ਇਹ ਯੰਤਰ ਦੰਡਕਾਰਣੀਆ ਉੱਪਰ 35,000 ਫੁੱਟ ਦੀ ਉਚਾਈ 'ਤੇ 10-10 ਘੰਟੇ ਲਗਾਤਾਰ ਚੱਕਰ ਲਾਉਂਦੇ ਹਨ, ਤਸਵੀਰਾਂ ਲੈਂਦੇ ਹਨ ਅਤੇ ਵਾਇਰਲੈੱਸ ਤੇ ਮੋਬਾਈਲ ਫੋਨਾਂ 'ਤੇ ਹੋ ਰਹੀ ਗੱਲਬਾਤ ਨੂੰ ਸੁਣਦੇ ਹਨ। ਜਦੋਂ ਸੁਰੱਖਿਆ ਅਧਿਕਾਰੀ ਇਹ ਦਾਅਵਾ ਕਰਦੇ ਹਨ ਕਿ 'ਕਿਸੇ ਬੇਅਬਾਦ ਜਗਾ?ਹ ਤੋਂ ਕੋਈ ਗੱਲਬਾਤ, ਕੋਈ ਫੋਨ ਕਾਲ, ਜਾਂ ਅੱਗ ਦਾ ਧੂੰਆਂ ਨਿਕਲਣਾ ਬਾਗ਼ੀਆਂ ਦੀ ਮੌਜੂਦਗੀ ਦਾ ਸੰਕੇਤ ਹੈ', ਤਾਂ ਉਹ ਜੰਗਲ ਵਿੱਚ ਲਏ ਗਏ ਹਰ ਅਣ-ਅਧਿਕਾਰਤ ਸਾਹ ਲਈ ਮੌਤ ਦੀ ਸਜ਼ਾ ਸੁਣਾ ਰਹੇ ਹੁੰਦੇ ਹਨ।

ਕੇਂਦਰ ਸਰਕਾਰ ਜਿਸ ਸਪਸ਼ਟ ਸੱਚਾਈ ਨੂੰ ਮੰਨਣ ਤੋਂ ਇਨਕਾਰੀ ਹੈ - ਅਤੇ ਜਿਸਨੂੰ ਅਖ਼ਬਾਰ ਤਕਨੀਕੀ ਵਿਸਥਾਰਾਂ ਅਤੇ ਵਧਾਈ ਸੰਦੇਸ਼ਾਂ ਥੱਲੇ ਦਬਾ ਦਿੰਦੇ ਹਨ - ਉਹ ਇਹ ਹੈ ਕਿ ਗਾਜ਼ਾ ਵਿੱਚ ਅਜ਼ਮਾਏ ਗਏ ਹਥਿਆਰਾਂ ਨੂੰ ਆਪਣੇ ਹੀ ਨਾਗਰਿਕਾਂ ਵਿਰੁੱਧ ਵਰਤਣਾ ਬਗਾਵਤ ਵਿਰੋਧੀ ਮੁਹਿੰਮ (ਕਾਊਂਟਰ-ਇਨਸਰਜੰਸੀ) ਨਹੀਂ ਹੈ। ਇਹ ਆਦਿਵਾਸੀਆਂ ਵਿਰੁੱਧ ਖੁੱਲ੍ਹੇਆਮ ਯੁੱਧ ਦਾ ਐਲਾਨ ਕਰਨਾ ਹੈ। ਰਾਜ ਨੇ ਇਜ਼ਰਾਈਲ ਦੀ ਯੁੱਧਨੀਤੀ ਆਤਮਸਾਤ ਕਰ ਲਈ ਹੈ, ਜਿਸ ਵਿਚ ਇਸ ਧਰਤੀ ਦੇ ਮੂਲ ਵਾਸੀਆਂ ਨੂੰ ਅੰਦਰੂਨੀ ਦੁਸ਼ਮਣ 'ਚ ਬਦਲ ਦਿੱਤਾ ਗਿਆ ਹੈ ਜਿਸ ਦੀ ਨਿਗਰਾਨੀ ਕਰਨੀ, ਜਿਸ ਨੂੰ ਕਾਬੂ ਕਰਨਾ ਅਤੇ ਭੈਅ ਦੇ ਸਾਮਰਾਜ ਨੂੰ ਸਥਾਈ ਬਣਾਉਣ ਲਈ ਜਿਸ ਦਾ ਖ਼ਾਤਮਾ ਕਰਨਾ ਜ਼ਰੂਰੀ ਹੈ।

ਇਸ ਨਸਲਕੁਸ਼ੀ ਦੀ ਮੁਹਿੰਮ ਦੇ ਰੂਪ 'ਚ, ਜਿਸ ਨੂੰ ਕੌਮੀ ਸੁਰੱਖਿਆ ਦਾ ਲਿਬਾਸ ਪਹਿਨਾ ਕੇ ਚਲਾਇਆ ਜਾ ਰਿਹਾ ਹੈ, ਅਮਿਤ ਸ਼ਾਹ ਨੇ ਆਪਣੀ ਮਾਸਟਰ ਪਲਾਨ ਪੇਸ਼ ਕੀਤੀ ਹੈ। ਕੋਈ ਵੀ ਰਾਜਨੀਤਕ ਵਿਸ਼ਲੇਸ਼ਕ ਦੱਸ ਸਕਦਾ ਹੈ ਕਿ ਇਹ ਸਿਰਫ਼ ਮਾਓਵਾਦੀਆਂ ਨੂੰ ਕੁਚਲਣ ਲਈ ਨਹੀਂ ਹੈ, ਬਲਕਿ ਇਹ ਅਮਿਤ ਸ਼ਾਹ ਵੱਲੋਂ ਆਪਣਾ ਜਾਨਸ਼ੀਨ ਵਾਲਾ ਬਿਰਤਾਂਤ ਘੜਨ ਦਾ ਸੰਦ ਹੈ। ਗ੍ਰਹਿ ਮੰਤਰੀ ਸਹਿਜੇ-ਸਹਿਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲੱਠਮਾਰ ਤੋਂ ਉਸ ਦਾ ਸਪੱਸ਼ਟ ਜਾਨਸ਼ੀਨ ਬਣਨ ਦੀ ਦਿਸ਼ਾ 'ਚ ਵਧ ਰਿਹਾ ਹੈ, ਮੁਲਕ ਨੂੰ ਇਸਦੇ ਅੰਦਰੂਨੀ ਦੁਸ਼ਮਣਾਂ ਤੋਂ ਬਚਾਉਣ ਵਾਲੇ ਰਾਜਨੇਤਾ ਦੇ ਰੂਪ 'ਚ।

ਦੂਜੀ ਗੱਲ, ਇਹ ਬੇਭਰੋਸਗੀ ਵਾਲੀ ਸਮਾਂ-ਸੀਮਾ ਅਤੇ ਗਿਣਤੀ ਪੂਰੇ ਮੁਲਕ ਦੇ ਫ਼ੌਜੀਕਰਨ ਨੂੰ ਯੋਜਨਾਬੱਧ ਰੂਪ 'ਚ ਅੰਜਾਮ ਦੇਣ ਦੀ ਇਜਾਜ਼ਤ ਵੀ ਦਿੰਦੀ ਹੈ। ਬੇਰੋਕ-ਟੋਕ ਤਾਕਤ ਦੀ ਵਰਤੋਂ, ਮੁਹਿੰਮਾਂ ਦੀ ਜਲਦਬਾਜ਼ੀ, ਨਿਗਰਾਨੀ ਦਾ ਸ਼ਿਕੰਜਾ ਜਿਸ ਤੋਂ ਕੋਈ ਵੀ ਬਚ ਨਹੀਂ ਸਕਦਾ - ਇਹ ਸਭ ਕੁਝ ਸਾਡਾ ਵੀ ਇੰਤਜ਼ਾਰ ਕਰ ਰਿਹਾ ਹੈ।

ਤੀਜੀ ਗੱਲ, ਇਹ ਸੱਜੇਪੱਖੀ ਧਿਰ ਦੇ ਦੁਸ਼ਮਣ ਨੂੰ ਪਰਿਭਾਸ਼ਿਤ ਕਰਨ ਦੇ ਪ੍ਰੋਜੈਕਟ ਨੂੰ ਖੁਰਾਕ ਦਿੰਦਾ ਹੈ। ਮਾਓਵਾਦੀ ਖ਼ਤਰੇ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਨਾਲ 'ਅਰਬਨ ਨਕਸਲ' ਵਰਗੇ ਸ਼ਬਦ ਨਾਅਰਾ ਅਤੇ ਤਕੀਆ-ਕਲਾਮ ਬਣਕੇ ਪ੍ਰਚਲਤ ਹੋ ਜਾਂਦੇ ਹਨ। ਹਰ ਗ੍ਰਿਫ਼ਤਾਰੀ, ਆਦਿਵਾਸੀ ਜਨ-ਅੰਦੋਲਨਾਂ ਉੱਪਰ ਹਰ ਪਾਬੰਦੀ ਇਹ ਸੰਦੇਸ਼ ਦਿੰਦੀ ਹੈ: ਕਿਸੇ ਵੀ ਰੂਪ 'ਚ ਵਿਰੋਧ/ਟਾਕਰੇ ਨੂੰ ਅਪਰਾਧ ਮੰਨਿਆ ਜਾਵੇਗਾ। ਇੱਥੋਂ ਤੱਕ ਕਿ ਟਰੇਡ ਯੂਨੀਅਨਾਂ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।

ਚੌਥੀ ਅਤੇ ਆਖ਼ਰੀ ਗੱਲ, ਓਪਰੇਸ਼ਨ ਕਗਾਰ ਮੁਹਿੰਮ ਕਾਰਪੋਰੇਟ-ਰਾਜ ਦੇ ਗੰਢ-ਚਿਤਰਾਵੇ ਨੂੰ ਮੁਕੰਮਲ ਕਰਦੀ ਹੈ। ਦਸਤੇ ਬਣਾ ਕੇ ਘੁੰਮਦੇ ਹਥਿਆਰਬੰਦ ਛਾਪਾਮਾਰ ਭਲੇ ਹੀ ਖ਼ਤਰਾ ਨਾ ਹੋਣ, ਫਿਰ ਵੀ ਉਹ ਐਸਾ ਝਮੇਲਾ ਹਨ ਜਿਸ ਤੋਂ ਕੰਪਨੀਆਂ ਛੁਟਕਾਰਾ ਪਾਉਣਾ ਚਾਹੁਣਗੀਆਂ।

ਖਣਨ ਕੰਪਨੀਆਂ ਨੂੰ ਵਸੋਂ ਰਹਿਤ ਜ਼ਮੀਨ ਚਾਹੀਦੀ ਹੈ; ਰਾਜ, ਭਾੜੇ ਦੇ ਫ਼ੌਜੀ ਦੀ ਤਰ੍ਹਾਂ, ਇਸ ਕੰਮ ਲਈ ਰਾਸ਼ਟਰਵਾਦ ਦਾ ਲਿਬਾਸ ਪਹਿਨਾ ਕੇ ਦਸਤੇ ਮੁਹੱਈਆ ਕਰਾਉਂਦਾ ਹੈ। ਅੰਤਰਰਾਸ਼ਟਰੀ ਸਰਮਾਏ ਨੂੰ ਕੁਦਰਤੀ ਦੌਲਤ ਦੀ ਬੇਰੋਕ-ਟੋਕ ਲੁੱਟਮਾਰ ਚਾਹੀਦੀ ਹੈ; ਅਮਿਤ ਸ਼ਾਹ ਇਸ ਨੂੰ ਉਨ੍ਹਾਂ ਫ਼ੌਜੀ ਛਾਉਣੀ ਬਣਾਏ ਖੇਤਰਾਂ ਦੇ ਰੂਪ 'ਚ ਯਕੀਨੀ ਬਣਾਉਂਦਾ ਹੈ ਜਿੱਥੇ ਕੋਈ ਪੁੱਛਣ ਵਾਲਾ ਨਹੀਂ ਹੈ। ਇਨ੍ਹਾਂ ਕਤਲਗਾਹਾਂ ਦੇ ਰੰਗ-ਮੰਚ ਵਿਚ, ਬਗਾਵਤ-ਵਿਰੋਧੀ ਮੁਹਿੰਮ ਮਹਿਜ਼ ਇਕ ਪਿੱਠਭੂਮੀ ਹੈ - ਅਸਲੀ ਯੋਗਤਾ-ਪ੍ਰਦਰਸ਼ਨ ਤਾਂ ਸੱਤਾ ਲਈ ਹੋ ਰਿਹਾ ਹੈ। ਜਦੋਂ ਕਿ ਮਾਓਵਾਦੀਆਂ ਨੂੰ ਤਾਂ ਸਹੂਲਤ ਲਈ ਖ਼ਤਰੇ ਦੇ ਰੂਪ 'ਚ ਪੇਸ਼ ਕੀਤਾ ਜਾਂਦਾ ਹੈ, ਅਮਿਤ ਸ਼ਾਹ ਦਾ ਅਸਲ ਨਿਸ਼ਾਨਾ ਜਮਹੂਰੀ ਸਪੇਸ ਹੈ, ਜਿਸਨੂੰ ਸਿਲਸਿਲੇਵਾਰ ਤਰੀਕੇ ਨਾਲ ਇਸ ਤਰ੍ਹਾਂ ਸੁੰਗੇੜਿਆ ਜਾ ਰਿਹਾ ਹੈ ਕਿ ਅੰਤ 'ਚ ਸਿਰਫ਼ ਵਫ਼ਾਦਾਰੀ ਅਤੇ ਚੁੱਪ ਹੀ ਬਾਕੀ ਬਚੇ।

ਇਸ ਦੌਰਾਨ, ਬਸਤਰ ਅੰਦਰ ਸਰਕਾਰੀ ਮੁਰਦਾ ਘਰਾਂ ਅਤੇ ਬੇਪਛਾਣ ਕਬਰਾਂ ਵਿੱਚ ਆਦਿਵਾਸੀਆਂ ਦੀਆਂ ਲਾਸ਼ਾਂ ਦੇ ਢੇਰ ਲੱਗ ਰਹੇ ਹਨ, ਜਦੋਂ ਕਿ ਨੀਮ-ਫ਼ੌਜੀ ਤਾਕਤਾਂ ਇਨ੍ਹਾਂ ਕਤਲਾਂ ਬਦਲੇ ਆਪਣੇ ਇਨਾਮ ਅਤੇ ਤਰੱਕੀਆਂ ਬਟੋਰ ਰਹੀਆਂ ਹਨ। ਇਸ ਘੇਰਾਬੰਦੀ ਦੇ ਮਾਹੌਲ ਵਿੱਚ ਬੱਚੇ ਯੁੱਧ ਦੇ ਲਾਜ਼ਮੀ ਨੁਕਸਾਨ ਵਜੋਂ ਮਾਰੇ ਜਾ ਰਹੇ ਹਨ, ਅਤੇ ਆਦਿਵਾਸੀ ਔਰਤਾਂ ਗੋਲੀਆਂ ਨਾਲ ਮਰਨ ਨੂੰ ਤਰਜ਼ੀਹ ਦਿੰਦੀਆਂ ਹਨ ਕਿਉਂਕਿ ਉਹ ਬਲਾਤਕਾਰ ਬਰਦਾਸ਼ਤ ਨਹੀਂ ਕਰ ਸਕਦੀਆਂ - ਇਹ ਸ਼ਬਦ ਸਿਰਫ਼ ਵਿਅਕਤੀਗਤ ਸੈਨਿਕਾਂ ਨੂੰ ਨਹੀਂ, ਦਰਅਸਲ ਲੋਕਤੰਤਰ ਦੀ ਜਨਣੀ ਕਹਾਉਣ ਵਾਲੇ ਇਸ ਪ੍ਰਬੰਧ ਅੰਦਰ ਵਿਆਪਕ ਕਬਜ਼ੇ ਅਤੇ ਰਾਜਕੀ ਹਿੰਸਾ ਦੇ ਢਾਂਚੇ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਹਨ।

ਦੰਡਕਾਰਣੀਆ ਹੁਣ ਸਮੂਹਿਕ ਸਜ਼ਾ ਦਾ ਜੰਗਲ ਬਣ ਚੁੱਕਾ ਹੈ, ਸਾਡੀਆਂ ਅੱਖਾਂ ਸਾਹਮਣੇ ਵਾਪਰ ਰਿਹਾ ਜੰਗੀ ਜੁਰਮ। ਜਦੋਂ ਇਨ੍ਹਾਂ ਜ਼ੁਲਮਾਂ ਨੂੰ ਸਾਡੀਆਂ ਅੱਖਾਂ ਸਾਹਮਣੇ ਅੰਜਾਮ ਦਿੱਤਾ ਜਾ ਰਿਹਾ ਹੈ ਤਾਂ ਚੁੱਪ ਰਹਿਣਾ ਉਸ ਹਿੰਸਾ ਵਿੱਚ ਭਾਈਵਾਲ ਬਣਨਾ ਹੈ ਜਿਸ ਨੂੰ ਉਦੋਂ ਤੱਕ ਭੜਕਾ ਕੇ ਰੱਖਿਆ ਜਾਵੇਗਾ ਜਦੋਂ ਤੱਕ ਇਹ ਸਾਰਿਆਂ ਨੂੰ ਲਪੇਟ 'ਚ ਲੈਣ ਵਾਲੀ ਅੱਗ ਵਿੱਚ ਨਹੀਂ ਬਦਲ ਜਾਂਦੀ।

**(ਫਰੰਟਲਾਈਨ, 30 ਅਪ੍ਰੈਲ 2025 ਦੇ ਧੰਨਵਾਦ ਸਹਿਤ)**

# ਸਿੱਖਿਆ ਦਾ ਡਿਜੀਟਲੀਕਰਨ ਕਿਤੇ ਤਬਾਹੀ ਦਾ ਕਾਰਨ ਤਾਂ ਨਹੀਂ



ਤਰਸੇਮ ਲਾਲ
94632-18707
tarsemgoyal.54@gmail.com



ਇਤਿਹਾਸਕ ਤੌਰ 'ਤੇ ਰਸਮੀ ਸਿੱਖਿਆ ਉਚੀਆਂ ਜਾਤੀਆਂ/ਜਮਾਤਾਂ ਦਾ ਏਕਾਧਿਕਾਰ ਰਿਹਾ ਹੈ। ਪ੍ਰਾਚੀਨ ਧਾਰਮਿਕ ਗ੍ਰੰਥ ਮਨੂਸਮ੍ਰਿਤੀ ਸ਼ੂਦਰਾਂ ਅਤੇ ਔਰਤਾਂ ਦੀ ਸਿੱਖਿਆ ਦੀ ਮਨਾਹੀ ਕਰਦੀ ਹੈ। ਇਥੋਂ ਤੱਕ ਗਲਤੀ ਨਾਲ ਸਿੱਖਿਆ ਦੇ ਸ਼ਬਦ ਕੰਨੀ ਪੈ ਜਾਣਾ ਵੀ ਅਪਰਾਧ ਮੰਨਿਆ ਜਾਂਦਾ ਰਿਹਾ ਹੈ। ਪ੍ਰੰਤੂ ਅੱਜ ਦੀ ਵਿਵਸਥਾ ਸਭ ਲਈ ਸਿੱਖਿਆ ਦੇ ਸਿਧਾਂਤ ਦੀ ਪ੍ਰੌੜਤਾ ਕਰਦੀ ਹੈ।

ਯੂਰੋਪ ਵਿਚ 19ਵੀਂ ਸਦੀ ਵਿਚ ਫੈਕਟਰੀਆਂ ਲੱਗਣ ਤੋਂ ਬਾਅਦ ਸਿੱਖਿਆ ਦੀ ਲੋੜ ਸਮਝੀ ਗਈ "ਸਿੱਖਿਆ, ਫੈਕਟਰੀ ਕਾਮਿਆਂ ਨੂੰ ਸਮੇਂ ਦੀ ਕਦਰ, ਆਗਿਆ ਪਾਲਣ ਅਤੇ ਕੰਮ ਦੀ ਕਦਰ ਕਰਨਾ ਸਿਖਾਉਂਦੀ ਸੀ।" ਫੈਕਟਰੀ ਮਾਲਕ ਮੁਢਲੀ ਸਿੱਖਿਆ ਐਕਟ 1870 ਦੇ ਚੈਂਪੀਅਨ ਬਣੇ। ਕਿਉਂਕਿ ਉਨ੍ਹਾਂ ਨੂੰ ਸਾਊ ਸੁਭਾਅ ਵਾਲੀ ਮਜ਼ਦੂਰ ਜਮਾਤ ਮਿਲ ਰਹੀ ਸੀ। ਅਜਿਹੀ ਸਿੱਖਿਆ ਰਾਹੀਂ ਤਕਨੀਕੀ ਗੁਰ ਨਹੀਂ ਸਿਖਾਏ ਜਾਂਦੇ ਸਨ। ਪ੍ਰੰਤੂ ਹੌਲੀ-ਹੌਲੀ ਜਿਵੇਂ ਜਿਵੇਂ ਕਿਰਤੀ ਜਮਾਤ ਨੂੰ ਆਪਣੇ ਹੱਕਾਂ ਬਾਰੇ ਜਾਗਰੂਕਤਾ ਜਾਗੀ, ਉਹ ਸਿੱਖਿਆ ਨੂੰ ਆਪਣੇ ਅਧਿਕਾਰਾਂ ਅਤੇ ਆਪਣੀ ਇੱਜ਼ਤ ਬਹਾਲੀ ਲਈ ਵਰਤਣ ਲੱਗ ਪਏ। ਉਹ ਬਾਲ ਮਜ਼ਦੂਰੀ ਦਾ ਵਿਰੋਧ ਕਰਨ ਲੱਗੇ।

ਅਜਿਹਾ ਭੁਲੇਖਾ ਪੈਦਾ ਕੀਤਾ ਜਾ ਰਿਹਾ ਹੈ ਕਿ ਇਕ ਸਦੀ ਤੋਂ ਸਿੱਖਿਆ ਮਨੁੱਖੀ ਵਿਕਾਸ ਦਾ ਮਹੱਤਵਪੂਰਨ ਸੂਚਕ ਗਿਣੀ ਜਾ ਰਹੀ ਹੈ। ਇੰਗਲੈਂਡ ਦੀ ਜੀਡੀਪੀ ਟੱਪ ਕੇ ਭਾਰਤ ਦੁਨੀਆਂ ਦੀ ਪੰਜਵੀਂ ਆਰਥਿਕ ਸ਼ਕਤੀ, ਚੌਥਾ ਦੇਸ਼ ਜੋ ਚੰਦਰਮਾ 'ਤੇ ਯਾਤਰਾ ਕਰਨ ਜਾ ਰਿਹਾ ਹੈ, ਇਸ ਨੂੰ 21ਵੀਂ ਸਦੀ ਦੀ ਸੁਪਰ ਵਾਪਰ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਇਸ ਦੀ ਜਨ ਸੰਖਿਆ 2023 ਵਿਚ ਚੀਨ ਤੋਂ ਵੱਧ ਗਈ, ਅੱਧੀ ਜਨ ਸੰਖਿਆ 30 ਸਾਲ ਤੋਂ ਘੱਟ ਦੀ ਹੈ ਜਿਸ ਕਾਰਨ ਇਸ ਨੂੰ ਜਨਸੰਖਿਆ ਦਾ ਪ੍ਰਤੀਫਲ ਮਿਲਣ ਤੋਂ ਕੋਈ ਨਹੀਂ ਰੋਕ ਸਕਦਾ।

ਇਸ ਦੇ ਕੋਪੋਸ਼ਿਤ ਅਵਿਕਸਿਤ ਬੱਚੇ ਜਿਨ੍ਹਾਂ ਦੀ ਸੀਮਤ ਸ਼ਾਖਰਤਾ ਹੈ, ਉਹ ਇਸ ਦੇ ਇਸ ਉਦਮ ਵਿਚ ਭਾਗੀਦਾਰ ਬਣਨ ਤੋਂ ਅਸਮਰੱਥ ਹਨ। ਇਸ ਦੀ ਮਨੁੱਖੀ ਵਿਕਾਸ ਦਰ ਦੀ ਰੈਂਕਿੰਗ ਦਰ 134ਵੇਂ ਸਥਾਨ 'ਤੇ ਹੋਣਾ ਉਪਰੋਕਤ ਦਾਅਵਿਆਂ ਦੀ ਖਿੱਲੀ ਉਡਾਉਂਦਾ ਹੈ। ਦੇਸ਼ ਦੇ ਹਾਕਮ 75 ਸਾਲਾਂ ਤੋਂ ਲਾਗੂ ਤਬਾਹ ਕੂਟਨੀਤੀਆਂ ਨਿਗੂਣੀ ਰਕਮ ਸਿੱਖਿਆ 'ਤੇ ਖਰਚ ਕਰਕੇ "ਕ੍ਰਾਂਤੀਕਾਰੀ ਤਬਦੀਲੀਅ" ਰਾਹੀਂ ਸਮੁੱਚੀ ਸਿੱਖਿਆ ਦਾ ਨਿੱਜੀਕਰਨ ਅਤੇ ਡਿਜੀਟਲੀਕਰਨ ਕਰਕੇ ਸਿੱਖਿਆ ਦੇ ਖੇਤਰਵਿਚ 'ਮਹਾਨ' ਤਬਦੀਲੀਆਂ ਕਰਨ ਦਾ ਦਮ ਭਰ ਰਹੇ ਹਨ। ਇਸ ਵੇਲੇ ਅਸੀਂ ਚਰਚਾ ਨੂੰ ਸਕੂਲੀ ਸਿੱਖਿਆ ਦੁਆਲੇ ਕੇਂਦਰਿਤ ਰੱਖਾਂਗੇ। ਅਸੀਂ ਮੌਜੂਦਾ ਸਕੂਲ ਪ੍ਰਬੰਧ ਅੰਦਰ ਸਰਕਾਰ ਵਲੋਂ ਡਿਜੀਟਲੀਕਰਨ, ਨਿੱਜੀ ਖੇਤਰ ਅਤੇ ਸਵੈ ਸੇਵੀ ਸੰਸਥਾਵਾਂ ਦੇ ਦਖ਼ਲ ਨਾਲ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ ਅਤੇ ਹੋਰਾਂ ਨੂੰ ਪ੍ਰਭਾਵਿਤ ਕਰਨ 'ਤੇ ਜ਼ੋਰ ਹੈ।

ਭਾਰਤ ਅੰਦਰ 4-17 ਉਮਰ ਗੁੱਟ ਦੇ 37 ਕਰੋੜ ਬੱਚੇ ਹਨ। 26 ਕਰੋੜ ਬੱਚੇ ਪ੍ਰੀ-ਪ੍ਰਾਇਮਰੀ ਤੋਂ ਸੈਕੰਡਰੀ ਲੈਵਲ ਤੱਕ ਸਕੂਲਾਂ ਵਿਚ ਦਾਖਲ ਹਨ। ਸਕੂਲੀ ਪੱਧਰ ਦੀ ਸਿੱਖਿਆ ਨੂੰ ਦੋ ਕੈਟਾਗਰੀਆਂ, ਰਸਮੀ ਸਿੱਖਿਆ ਅਤੇ ਗੈਰ ਰਸਮੀ ਸਿੱਖਿਆ ਵਿਚ ਵੰਡ ਸਕਦੇ ਹਾਂ। ਰਸਮੀ ਸਿੱਖਿਆ ਵਿਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਦਾਖਲ ਬੱਚੇ ਅਤੇ ਗੈਰ ਰਸਮੀ ਵਿਚ ਪਲੇ ਸਕੂਲ, ਆਂਗਨਵਾੜੀ, ਪ੍ਰਾਈਵੇਟ ਕੋਚਿੰਗ ਅਤੇ ਟਿਊਸ਼ਨ ਆਨਲਾਈਨ ਅਤੇ ਆਫ਼ਲਾਈਨ ਵਾਲੇ ਬੱਚੇ ਨ। 14.9 ਲੱਖ ਸਕੂਲਾਂ ਵਿਚ 25.6 ਕਰੋੜ ਬੱਚੇ ਦਾਖਲ ਹਨ। ਇਨ੍ਹਾਂ ਵਿਚੋਂ 10 ਲੱਖ ਸਕੂਲ (70%) ਸਰਕਾਰੀ ਅਤੇ 3.36 ਲੱਖ ਪ੍ਰਾਈਵੇਟ ਸਕੂਲ ਹਨ। 82000 ਸਕੂਲ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ ਹਨ। ਪਿਛਲੇ ਤਿੰਨ ਦਹਾਕਿਆਂ ਵਿਚ ਨਿੱਜੀ ਸਕੂਲਾਂ ਦੀ ਗਿਣਤੀ ਰਿਕਾਰਡ ਪੱਧਰ ਨਾਲ ਵਧੀ ਹੈ। 1978 ਵਿਚ 3.4% ਬੱਚੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨੇ ਸਨ। 75% ਬੱਚੇ ਸਰਕਾਰੀ ਸਕੂਲਾਂ ਵਿਚ ਸਨ। ਅੱਜ 50% ਬੱਚੇ ਸਰਕਾਰੀ ਅਤੇ 50% ਬੱਚੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਹਨ।

ਇਕ ਆਮ ਧਾਰਨਾ ਹੈ ਕਿ ਨਿੱਜੀ ਸਕੂਲ ਵਧੀਆ ਸਿੱਖਿਆ ਦਿੰਦੇ ਹਨ। 27% ਪੇਂਡੂ ਬੱਚੇ ਅਤੇ 70% ਸ਼ਹਿਰੀ ਬੱਚੇ ਨਿੱਜੀ ਸਕੂਲਾਂ ਨੂੰ ਤਰਜੀਹ ਦਿੰਦੇ ਹਨ। ਉਹ ਦੇਸ਼ ਜਿਥੇ ਵੱਡੀ ਆਬਾਦੀ ਮੁਢਲੇ ਜੀਵਨ ਆਧਾਰ ਦੀਆਂ ਜ਼ਰੂਰਤਾਂ ਮੁਸ਼ਕਲਾਂ ਨਾਲ ਪੂਰੀਆਂ ਕਰਦੀ ਹੈ, ਦੇ ਬੱਚੇ ਨਿੱਜੀ ਸਕੂਲਾਂ ਨੂੰ ਪਸੰਦ ਕਰਦੇ ਹਨ।

ਨਿੱਜੀ ਸਕੂਲਾਂ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਪਿਛਲੇ ਤਿੰਨ ਦਹਾਕਿਆਂ ਤੋਂ ਕੀਤੀ ਜਾ ਰਹੀ ਹੈ। ਖਾਸ ਤੌਰ 'ਤੇ 1991 ਤੋਂ ਆਰਥਿਕ ਉਦਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਤੋਂ ਬਾਅਦ ਨਿੱਜੀ ਖੇਤਰ, ਸਵੈ ਸੇਵੀ ਸੰਸਥਾਵਾਂ, ਪ੍ਰਭਾਵਸ਼ਾਲੀ ਸੰਸਥਾਵਾਂ, ਜ਼ਹੀਨ ਦਿਮਾਗ, ਸਿੱਖਿਆ ਸ਼ਾਸ਼ਤਰੀਆਂ ਅਤੇ ਹੋਰਾਂ ਨੇ ਸਰਕਾਰੀ ਸਕੂਲ ਪ੍ਰਬੰਧ ਦੀ ਬਦਨਾਮੀ ਕਰਕੇ ਨਿੱਜੀ ਖੇਤਰ ਲਈ ਰਾਹ ਪੱਧਰਾ ਕਰ ਦਿੱਤਾ। ਸੰਸਾਰ ਬੈਂਕ ਵਲੋਂ ਜੋਮਤੀਅਨ ਸਮਝੌਤਾ 1990 ਕਰਕੇ, 18 ਰਾਜਾਂ ਵਿਚ ਡਿਸਟਰਕਟ ਪ੍ਰਾਇਮਰੀ ਐਜੂਕੇਸ਼ਨ ਪ੍ਰੋਗਰਾਮ (ਡੀ.ਪੀ.ਈ.ਪੀ.) ਲਾਗੂ ਕਰਕੇ 2002 ਵਿਚ ਸਰਵ ਸਿੱਖਿਆ ਅਭਿਆਨ (ਐਸ ਐਸ ਏ) ਲਾਗੂ ਕਰਕੇ ਸਮੁੱਚੇ ਦੇਸ਼ ਦੀ ਮੁਢਲੀ ਸਿੱਖਿਆ ਵਿਚ ਬੇਲੋੜੀ ਦਖ਼ਲ ਅੰਦਾਜ਼ੀ ਕਰਦੇ, ਚੱਲ ਰਹੇ ਸਿੱਖਿਆ ਢਾਂਚੇ ਨੂੰ ਲੀਹੋਂ ਲਾਹ ਕੇ, ਨਿੱਜੀ ਖੇਤਰ ਲਈ ਰਾਹ ਪੱਧਰਾ ਕਰ ਦਿੱਤਾ। (ਜਦੋਂਕਿ ਸੰਸਾਰ ਬੈਂਕ ਦਾ ਸਿੱਖਿਆ ਖੇਤਰ ਵਿਚ ਆਰਥਿਕ ਯੋਗਦਾਨ ਕੁੱਲ ਬਜਟ ਦਾ 2% ਹੀ ਹੈ।)

ਵੱਧ ਰਹੇ ਬਜਟ ਘਾਟੇ ਕਾਰਨ ਕੇਂਦਰ ਅਤੇ ਰਾਜ ਸਰਕਾਰ ਸਿੱਖਿਆ ਲਈ ਵਧੇਰੇ ਫੰਡ ਜੁਟਾਉਣ ਲਈ ਆਈ.ਐਮ.ਐਫ. ਸੰਸਾਰ ਬੈਂਕ ਅਤੇ ਹੋਰ ਅੰਤਰ ਰਾਸ਼ਟਰੀ ਏਜੰਸੀਆਂ ਵੱਲ ਦੇਖ ਰਹੀਆਂ ਹਨ ਜੋ ਰਾਜ ਨੂੰ ਸਾਰੇ ਸਮਾਜ ਭਲਾਈ ਦੇ ਖੇਤਰਾਂ ਵਿਚੋਂ ਬਾਹਰ ਆਉਣ ਲਈ ਅਤੇ ਸੰਰਜਨਾ ਢਾਂਚੇ ਵਿਚ ਤਬਦੀਲੀਆਂ (SAP) ਕਰਨ ਲਈ ਕਹਿ ਰਹੇ ਹਨ।

ਸਿੱਖਿਆ ਦੇ ਪਸਾਰ ਨਾਲ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਅੰਤਰ ਰਾਸ਼ਟਰੀ ਸੰਸਥਾਵਾਂ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ ਅਧਿਆਪਕਾਂ ਨੂੰ ਵੱਖ-ਵੱਖ ਨਾਵਾਂ ਹੇਠ ਠੇਕੇ 'ਤੇ ਭਰਤੀ ਕੀਤਾ ਜਾ ਰਿਹਾ ਹੈ। ਸਕੂਲ ਪ੍ਰਬੰਧ ਵਿਚੋਂ ਪ੍ਰਤੀਰੋਧ ਦੀ ਆਵਾਜ਼ ਬੰਦ ਕਰਨ ਲਈ 'ਸਸਤੀਆਂ' ਨਿੱਜੀ ਵਿਦਿਅਕ ਸੰਸਥਾਵਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ।

ਸਿੱਖਿਆ ਸ਼ਾਸਤਰੀਆਂ, ਵਿਦਵਾਨਾਂ, ਚੇਤਨ ਕਾਰਕੁੰਨਾਂ ਅਤੇ ਸਿੱਖਿਆ ਲਈ ਫਿਕਰਮੰਦ ਵਿਅਕਤੀਆਂ ਵਲੋਂ ਸਿੱਖਿਆ ਦਾ ਅਧਿਕਾਰ, ਸਭ ਲਈ ਬਿਨਾਂ ਭੇਦ ਭਾਵ ਦੇ ਮਿਆਰੀ ਸਿੱਖਿਆ, ਸਿੱਖਿਆ ਅਧਿਕਾਰ ਕਾਨੂੰਨ-2009 ਲਾਗੂ ਕਰਵਾਉਣ ਲਈ ਯਤਨ ਕੀਤੇ ਜਾ ਰਹੇ ਹਨ। ਪ੍ਰੰਤੂ ਭਾਰਤ ਸਮਾਜ ਵਿਚਲੀ ਨਾਬਰਾਬਰੀ ਨੇ ਸਿੱਖਿਆ ਪ੍ਰਬੰਧ ਨੂੰ ਵੀ ਬਹੁਪਰਤੀ ਬਣਾ ਦਿੱਤਾ ਹੈ।

ਸਿੱਖਿਆ ਅਧਿਕਾਰ ਕਾਨੂੰਨ 2009 ਜੋ ਨਿੱਜੀ ਸੰਸਥਾਵਾ ਅੰਦਰ 25% ਸੀਟਾਂ ਆਰਥਿਕ ਤੌਰ 'ਤੇ ਪਛੜੇ ਬੱਚਿਆ ਲਈ ਰਾਖਵਾਂਕਰਨ ਦੀ ਗੱਲ ਕਰਦਾ ਹੈ, ਉਹ ਦਰਸ਼ਨੀ ਘੋੜਾ ਸਾਬਤ ਹੋ ਰਿਹਾ ਹੈ।

2017 ਵਿਚ ਭਾਰਤ ਸਰਕਾਰ ਦੇ ਨੀਤੀ ਅਯੋਗ ਨੇ "ਤਿੰਨ ਸਾਲਾਂ ਏਜੰਡਾ" ਜਾਰੀ ਕਰਦੇ ਹੋਏ ਤਿੱਖੇ ਸੁਧਾਰਾਂ ਦੀ ਗੱਲ ਕੀਤੀ ਹੈ। ਇਸ ਅਨੁਸਾਰ ਘਟੀਆ ਕਾਰਗੁਜ਼ਾਰੀ ਵਾਲੇ, ਖੋਖਲੇ ਸਕੂਲਾਂ ਨੂੰ ਨਿੱਜੀ ਖੇਤਰ ਦੇ ਨਿੱਜੀ ਸਰਕਾਰੀ ਭਾਈਵਾਲੀ (PPP) ਮਾਡਲ ਰਾਹੀਂ ਚਲਾਉਣ ਦੀ ਹਦਾਇਤ ਦਿੱਤੀ ਹੈ। ਨਿੱਜੀ ਅਦਾਰੇ ਸੰਸਥਾ ਚਲਾਉਣਗੇ ਅਤੇ ਸਰਕਾਰ ਉਨ੍ਹਾਂ ਨੂੰ ਫੰਡ ਜੁਟਾਵੇਗੀ। ਜੋ ਪ੍ਰਤੀ ਵਿਦਿਆਰਥੀ ਰਹੇ ਖਰਚੇ ਅਨੁਸਾਰ ਤਹਿ ਕੀਤੇ ਗਏ ਹਨ।

ਸਰਕਾਰ ਅਨੁਸਾਰ ਸਰਕਾਰੀ ਸਕੂਲਾਂ ਦੀ ਮਾੜੀ ਕਾਰਗੁਜ਼ਾਰੀ ਕਾਰਨ 2010 ਤੋਂ 2014 ਤੱਕ ਸਰਕਾਰੀ ਸਕੂਲਾਂ ਦੇ ਦਾਖਲੇ 1.13 ਕਰੋੜ ਘੱਟੇ ਹਨ, ਅਤੇ ਨਿੱਜੀ ਸਕੂਲਾਂਅੰਦਰ ਦਾਖਲੇ 1.85 ਕਰੋੜ ਵਧੇ ਹਨ। ਨੀਤੀ ਅਯੋਗ ਇਸ ਦਾ ਸਾਰਾ ਦੋਸ਼ ਅਧਿਆਪਕਾਂ ਸਿਰ ਮੜ੍ਹਦਾ ਹੈ। ਅਧਿਆਪਕ ਦੀ ਗੈਰ ਹਾਜ਼ਰੀ, ਘੱਟ ਸਮਾਂ ਪੜ੍ਹਾਉਣਾ, ਮਿਆਰੀ ਸਿੱਖਿਆ ਨਾ ਦੇਣਾ, ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿਚੋਂ ਬਾਹਰ ਕਰ ਰਿਹਾ ਹੈ। 3.7 ਲੱਖ ਸਰਕਾਰੀ ਸਕੂਲ ਜਿਨ੍ਹਾਂ ਵਿਚ 50 ਤੋਂ ਘੱਟ ਬੱਚੇ ਹਨ। (2014-15) ਔਸਤ 29 ਬੱਚੇ ਹਨ। ਪ੍ਰਤੀ ਬੱਚਾ 40,800 ਰੁਪਏ ਖਰਚ ਆਉਂਦਾ ਹੈ ਜਦੋਂਕਿ ਅਧਿਆਪਕਾਂ ਦੀ ਤਨਖਾਹ ਦਾ ਬਿੱਲ 41,630 ਕਰੋੜ ਰੁਪਏ ਸਲਾਨਾ ਹੈ।

ਇਕ ਖੋਜ ਪੱਤਰ ਰਾਹੀਂ (ਗੀਤਾ ਕਿੰਗਡਨ) ਉਨ੍ਹਾਂ ਦੇਖਿਆ ਕਿ ਨਿੱਜੀ ਸਕੂਲ, ਸਰਕਾਰੀ ਸਕੂਲਾਂ ਨਾਲੋਂ ਦੁੱਗਣੇ ਤੇ ਕਈ ਰਾਜਾਂ ਵਿਚ 12 ਗੁਣਾਂ ਤੱਕ ਸਸਤੇ ਹਨ ਅਤੇ ਬੱਚਿਆਂ ਨੂੰ ਇੰਨੇ ਗੁਣਾਂ ਹੀ ਕੀਮਤ (ਪੜ੍ਹਾਈ ਦੇ ਰੂਪ ਵਿਚ) ਵਾਪਸ ਕਰਦੇ ਹਨ। ਇਹ ਅਧਿਆਪਕਾਂ ਦੀਆਂ ਤਨਖਾਹਾਂ ਦੇ ਅੰਤਰ ਕਾਰਨ ਹੀ ਹੁੰਦਾ ਹੈ। 2014 ਵਿਚ ਸਰਕਾਰੀ ਸਕੂਲ ਅਧਿਆਪਕ ਦੀ ਔਸਤ ਤਨਖਾਹ 59,654 ਪ੍ਰਤੀ ਮਹੀਨਾ ਅਤੇ ਨਿੱਜੀ ਸਕੂਲਾਂ ਦੇ ਅਧਿਆਪਕਾਂ ਦੀ ਔਸਤ ਨਖਾਹ 1925 ਰੁਪਏ ਪ੍ਰਤੀ ਮਹੀਨਾ (3.2%) ਹੀ ਹੈ। ਪੇਪਰ ਅਨੁਸਾਰ ਅੰਤਰ ਰਾਸ਼ਟਰੀ ਪੱਧਰ 'ਤੇ ਤੁਲਨਾ ਕਰਨ 'ਤੇ ਵੀ ਭਾਰਤੀ ਅਧਿਆਪਕ ਚੀਨੀ ਅਧਿਆਪਕਾਂ ਨਾਲੋਂ ਵਧੇਰੇ ਔਸਤ ਆਮਦਨ ਦਾ ਹਿੱਸਾ ਪ੍ਰਾਪਤ ਕਰਦੇ ਹਨ ਜਦੋਂਕਿ ਚੀਨੀ ਅਧਿਆਪਕ ਸੰਸਾਰ ਪੱਧਰ 'ਤੇ ਦੂਜਾ ਸਥਾਨ ਰੱਖਦੇ ਹਨ। ਭਾਰਤ ਦਾ 73ਵਾਂ ਸਥਾਨ ਹੈ। (74 ਦੇਸ਼ਾਂ ਵਿਚੋਂ) ਇਨ੍ਹਾਂ ਪੱਤਰਾਂ ਵਿਚ ਨਿੱਜੀ ਸਕੂਲਾਂ ਦੇ ਅਧਿਆਪਕਾਂ ਦੀ ਤਨਖਾਹ ਵਿਚ ਸੁਧਾਰ ਦੀ ਕੋਈ ਗੱਲ ਨਹੀਂ ਕੀਤੀ ਗਈ। ਇਸੇ ਤਰ੍ਹਾਂ ਸੈਂਟਰ ਸੁਕੇਅਰ ਫਾਉਂਡੇਸ਼ਨ (CSF) ਅਤੇ ਉਮੀਡਿਆਰ ਨੈਟਵਰਕ ਇੰਡੀਆ (ONI) ਪ੍ਰਭਾਵਸ਼ਾਲੀ ਸਵੈ ਸੇਵੀ ਸੰਸਥਾਵਾਂ ਵਲੋਂ ਇਸ ਵਿਸ਼ੇ 'ਤੇ ਰਿਪੋਰਟਾਂ ਜਾਰੀ ਕਰਦੇ ਹੋਏ ਸਿੱਟਾ ਕੱਢਿਆ ਹੈ ਕਿ ਤਨਖਾਹ ਵਾਧੇ ਦਾ ਪੜ੍ਹਾਈ ਦੀ ਗੁਣਵੱਤਾ ਨਾਲ ਬਹੁਤਾ ਸੰਬੰਧ ਨਹੀਂ ਹੈ। ਇਸ ਲਈ ਨਿੱਜੀ ਸਕੂਲਾਂ ਦੇ ਅਧਿਆਪਕਾਂ ਦੀ ਤਨਖਾਹ ਦੀ ਤੁਲਨਾ ਸਰਕਾਰੀ ਸਕੂਲ ਅਧਿਆਪਕ ਨਾਲ ਨਹੀਂ ਕਰਨੀ ਚਾਹੀਦੀ। ਸਰਕਾਰੀ ਸਕੂਲਾਂ ਵਿਚ ਵੀ ਠੇਕਾ ਭਰਤੀ ਰਾਹੀਂ ਬਹੁਤ ਹੀ ਘੱਟ ਤੇ ਉਕਾ ਪੁੱਕਾ ਤਨਖਾਹ ਤੇ ਭਰਤੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਐਨ.ਈ.ਪੀ. 2020 ਵਿਚ ਵੱਡੀ ਗਿਣਤੀ ਅਧਿਆਪਕ ਭਰਤੀ ਕਰਨ ਦੀ ਸਿਫਾਰਸ਼ ਹੈ, ਪ੍ਰੰਤੂ ਭਰਤੀ ਠੇਕੇ 'ਤੇ ਹੀ ਹੋਵੇਗੀ। ਕਿਉਂਕਿ ਸਭ ਲਈ ਸਮਾਨ ਸੇਵਾ ਸ਼ਰਤਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਪ੍ਰਧਾਨ ਮੰਤਰੀ ਦੇ ਨਾਹਰੇ ਸਭ ਕਾ ਸਾਥ, ਸਭ ਕਾ ਵਿਕਾਸ ਅਤੇ ਸਭ ਕਾ ਪਰਿਆਸ ਤਹਿਤ ਨਿੱਜੀ ਖੇਤਰ ਨੂੰ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਕਰਨ ਦਾ ਸੱਦਾ ਦਿੱਤਾ ਗਿਆ ਹੈ। ਵੱਖ-ਵੱਖ ਰਾਜ ਸਰਕਾਰਾਂ, ਸਰਕਾਰੀ ਸਕੂਲਾਂ ਨੂੰ ਨਿੱਜੀ ਅਦਾਰਿਆਂ ਦੇ ਸਪੁਰਦ ਕਰਨ ਲਈ ਯਤਨਸ਼ੀਲ ਹਨ। 2018-19 ਦਰਮਿਆਨ 51000 ਸਰਕਾਰੀ ਸਕੂਲ ਬੰਦ ਕਰ ਦਿੱਤੇ ਗਏ ਜਿਸ ਕਾਰਨ ਸਰਕਾਰੀ ਸਕੂਲਾਂ ਦੀ ਗਿਣਤੀ 10,83,678 ਤੋਂ ਘਟ ਕੇ 10,32,570 'ਤੇ ਪਹੁੰਚ ਗਈ।

ਅਸਰ ਦੀਆਂ ਰਿਪੋਰਟਾਂ ਸਰਕਾਰੀ ਸਕੂਲਾਂ ਦੇ ਬੱਚਿਆਂ ਦੀ ਪ੍ਰਾਪਤੀ ਅਤੇ ਗੁਣਵੱਤਾ ਤੇ ਲਗਾਤਾਰ ਸਵਾਲ ਉਠਾ ਰਹੀਆਂ ਹਨ।

2022-23 ਦੇ ਆਰਥਿਕ ਸਰਵੇ ਅਨੁਸਾਰ ਭਾਰਤ ਜੀ.ਡੀ.ਪੀ. ਦਾ 8% ਹਿਸਾ ਕੁੱਲ ਸਮਾਜਿਕ ਭਲਾਈ ਲਈ ਖਰਚਦਾ ਹੈ ਅਤੇ ਸਿੱਖਿਆ ਲਈ ਕੇਵਲ 2.9% ਰੱਖਿਆ ਜਾਂਦਾ ਹੈ। ਇਹ ਪ੍ਰਤੀ ਵਿਦਿਆਰਥੀ 1047 ਰੁਪਏ ਸਲਾਨਾ ਅਤੇ 3.90 ਪ੍ਰਤੀ ਦਿਨ ਬੈਠਦਾ ਹੈ। 7.5 ਲੱਖ ਕਰੋੜ ਦੇ ਕੁੱਲ ਬਜਟ ਦਾ ਵੱਡਾ ਹਿਸਾ ਰਾਜ ਸਹਿਣ ਕਰਦੇ ਹਨ। ਕੇਂਦਰ ਕੇਵਲ 1.0 ਲੱਖ ਕਰੋੜ ਹੀ ਦਿੰਦਾ ਹੈ। ਇਸ ਦਾ 70-90% ਹਿਸਾ ਅਧਿਆਪਕਾਂ ਦੀਆਂ ਤਨਖਾਹ 'ਤੇ ਖਰਚ ਆ ਜਾਂਦਾ ਹੈ ਅਤੇ ਸਿੱਖਿਆ ਦੀ ਭਲਾਈ ਲਈ ਕੁਝ ਨਹੀਂ ਬਚਦਾ।

**ਸਿੱਖਿਆ ਤੇ ਘਰੇਲੂ ਖਰਚ** : ਇਕਨੌਮਿਕ ਟਾਈਮ ਵਲੋਂ ਕੀਤੇ ਸਰਵੇ ਅਨੁਸਾਰ ਵੱਡੇ ਸ਼ਹਿਰਾਂ ਵਿਚ ਇਕ ਬੱਚੇ ਦੀ ਸਕੂਲੀ ਸਿੱਖਿਆ ਦਾ ਖਰਚ 30 ਲੱਖ ਅਤੇ ਪੂਰੀ ਸਿੱਖਿਆ 'ਤੇ ਖਰਚਾ 1 ਕਰੋੜ ਰੁਪਏ ਆ ਜਾਂਦਾ ਹੈ। ਇਕ ਹੋਰ ਅਧਿਐਨ ਤੋਂ ਸਾਫ਼ ਹੁੰਦਾ ਹੈ ਕਿ ਸ਼ਹਿਰੀ ਦਿਹਾੜੀਦਾਰ ਕਾਮੇ ਦੀ ਕੁੱਲ ਉਜਰਤ ਦਾ 40% ਬੱਚਿਆਂ ਦੀ ਪੜ੍ਹਾਈ 'ਤੇ ਖਰਚ ਹੁੰਦਾ ਹੈ।

ਵਿਸ਼ਵ ਗੁਰੂ ਬਣਨ ਵਾਲੀ ਸੁਪਰ ਪਾਵਰ ਅਰਥ ਵਿਵਸਥਾ 2030 ਤੱਕ ਵੱਡੇ ਸੁਧਾਰ ਕਰਕੇ ਸਿੱਖਿਆ ਲਈ ਵੱਡੀਆਂ ਪ੍ਰਾਪਤੀਆਂ ਦਾ ਦਾਅਵਾ ਕਰਦੀ ਹੈ ਪ੍ਰੰਤੂ ਸਿੱਖਿਆ ਲਈ ਬਜਟ ਜੀ.ਡੀ.ਪੀ. ਦਾ 2.2% ਹੀ ਰੱਖਿਆ ਗਿਆ ਹੈ।

ਰਾਜ ਅਤੇ ਇਸਦੀਆਂ ਏਜੰਸੀਆਂ ਜੋ ਸਿੱਖਿਆ ਖੇਤਰ ਵਿਚ ਸਰਗਰਮ ਹਨ ਉਹ ਨਿੱਜੀਕਰਨ ਅਤੇ ਐਡਟੈਕ (ਸਿੱਖਅਾ ਲਈ ਡਿਜੀਟਲ ਤਕਨੀਕ ਦੀ ਵਰਤੋਂ) ਤੇ ਵਧੇਰੇ ਜ਼ੋਰ ਦਿੰਦੀਆਂ ਹਨ। ਉਹ ਐਡਟੈਕ ਨੂੰ ਸਾਰੀਆਂ ਬਿਮਾਰੀਆਂ ਦਾ ਟਾਨਿਕ (ਰਾਮ ਬਾਨ) ਸਮਝਦੀਆਂ ਹਨ। ਇਸੇ ਲਈ 60 ਪੇਜਾਂ ਵਾਲੀ ਸਿੱਖਿਆ ਨੀਤੀ ਵਿਚ 50 ਵਾਰੀ ਆਨਲਾਈਨ ਅਤੇ 38 ਵਾਰੀ ਡਿਜੀਟਲ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਤੀਜੇ ਪਾਰਟ ਵਿਚ ਮਹੱਤਤਾ ਦੇ ਮੁੱਦੇ ਵਿਚ ਤਕਨੀਕ ਦੀ ਵਰਤੋਂ ਰਾਹੀਂ ਸਭ ਕਿਸਮ ਦੀ ਸਿੱਖਿਆ, ਵੋਕੇਸ਼ਨਲ ਅਤੇ ਵਿਗਿਆਨ ਦੀ ਸਿੱਖਿਆ ਡਿਜੀਟਲ ਮੋਡ ਰਾਹੀਂ ਪ੍ਰਦਾਨ ਕੀਤੇ ਜਾਣ 'ਤੇ ਜ਼ੋਰ ਹੈ।

ਕੁਝ ਨੁਕਤੇ ਸਿੱਖ ਕੇ ਚੰਗੀ ਤਨਖਾਹ ਵਾਲੀ, ਨੌਕਰੀ ਪ੍ਰਾਪਤ ਕਰੋ। ਜੇ ਪ੍ਰਯੋਗਸ਼ਾਲਾ ਨਹੀਂ ਅਧਿਆਪਕ ਨਹੀਂ, ਪੁਸਤਕਾਂ ਨਹੀਂ, ਕੋਈ ਚਿੰਤਾ ਨਹੀਂ। ਇੰਟਰਨੈਟ ਕੁਨੈਕਸ਼ਨ ਤੇ ਮੋਬਾਇਲ ਹੈ ਤਾਂ ਮਨਸੂਈ ਪ੍ਰਯੋਗਸ਼ਾਲਾ ਰਾਹੀਂ ਮਨਸੂਈ ਪ੍ਰਯੋਗ ਮਨਸੂਈ ਸਿੱਖਿਆ ਪ੍ਰਾਪਤ ਕਰੋ। ਸਰਟੀਫਿਕੇਟ ਲਓ ਅਤੇ ਨੌਕਰੀਆਂ ਪ੍ਰਾਪਤ ਕਰੋ। ਕੋਈ ਡੂੰਘੇ ਗਿਆਨ ਪ੍ਰਾਪਤ ਕਰਨ ਦੀ, ਕੋਈ ਸਵਾਲ ਕਰਨ ਦੀ ਲੋੜ ਨਹੀਂ। ਸਿੱਖਿਆ ਨੀਤੀ 2020 ਤੋਂ ਸਾਫ਼ ਹੁੰਦਾ ਹੈ ਕਿ ਸ਼ਾਸਕ ਪੂਰੀ ਤਰ੍ਹਾਂ ਸਪਸ਼ਟ ਹਨ ਕਿ ਮਨ ਲੁਭਾਊ ਮੁਹਾਵਰੇ FLN, NIPUN, DISHA Bharat Mission ਆਦਿ ਦੇ ਕੇ ਸਾਨੂੰ ਕੁਝ ਵਾਕ ਪੜ੍ਹਨ ਅਤੇ ਗਣਿਤ ਦੀਆਂ ਮੁਢਲੀਆਂ ਗਤੀਵਿਧੀਆਂ ਸਿੱਖਣ ਤੋਂ ਵੱਧ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਜੋ ਐਡਟੈਕ ਰਾਹੀਂ ਸੰਭਵ ਹੈ।

2021-22 ਦੀ ਯੂ ਡਾਈਸ ਦੀ ਰਿਪੋਰਟ ਅਨੁਸਾਰ ਪਹਿਲੇ ਅੱਠ ਸਾਲ ਤੱਕ ਦਾਖਲਾ ਦਰ 100%, 89% ਸਕੂਲਾਂ ਵਿਚ ਬਿਜਲੀ ਕੁਨੈਕਸ਼ਨ, 98%, ਪੀਣ ਵਾਲਾ ਪਾਣੀ, 99% ਟਾਇਲੈਟ ਅਤੇ 77% ਵਿਚ ਖੇਡਾਂ ਦੇ ਮੈਦਾਨ ਹਨ। ਕੇਵਲ ਕੰਪਿਊਟਰ 47.5% ਅਤੇ ਇੰਟਰਨੈਟ 34% ਸਕੂਲਾਂ ਵਿਚ ਹੈ। ਸਰਕਾਰ ਮੰਨਦੀ ਹੈ ਕਿ ਸਭ ਮਰਜ਼ਾਂ ਦਾ ਇਲਾਜ ਐਡਟੈਕ ਹੈ। ਸਕੂਲਾਂ ਦੀ ਨਿਗਰਾਨੀ ਪੜ੍ਹਾਈ, ਨਿਰੀਖਨ ਸਭ ਐਡ ਟੈਕ ਰਾਹੀਂ ਸੰਭਵ ਹੈ। ਬਿਨਾਂ ਕਿਸੇ ਵੀ ਵਰਗ ਦੀ ਸਲਾਹ ਤੋਂ ਸਿੱਖਿਆ ਨਾਲ ਸਬੰਧਤ ਤਿੰਨੇ ਕਾਰਕ ਵਿਦਿਆਰਥੀ, ਅਧਿਆਪਕ ਅਤੇ ਮਾਪਿਆਂ ਦੀਆਂ ਸਾਰੀਆਂ ਸਮੱਸਿਆਵਾਂ ਐਡ ਟੈਕ ਰਾਹੀਂ ਕਰਨ ਦੇ ਸਮਰੱਥ ਹੈ।

ਵਰਲਡ ਇਕਨੌਮਿਕ ਫੋਰਮ, ਯੂਨੀਸੈਫ ਅਤੇ ਯੂਵਾਹ ਦੀ ਰਿਪੋਰਟ 2021 ਅਨੁਸਾਰ ਪ੍ਰਾਇਮਰੀ ਤੱਕ ਦੇ ਅੱਧੇ ਬੱਚੇ ਆਪਣੇ ਮਿਆਰ ਮੁਤਾਬਕ ਖਰੇ ਨਹੀਂ ਉਤਰੇ। ਇਹ 21ਵੀਂ ਸਦੀ ਦੇ ਚੌਥੀ ਉਦਯੋਗਿਕ ਕ੍ਰਾਂਤੀ ਦੇ ਹਾਣ ਦੇ ਨਹੀਂ ਬਣ ਸਕੇ।

Kindle (Knowledge Information Network for Digital Learning and Education) ਦੀ ਮਦਦ ਨਾਲ ਉਪਰੋਕਤ ਏਜੰਸੀਆਂ ਸਿੱਖਿਆ ਵਿਚਲੇ ਖੱਪਿਆਂ ਦੀ ਪੂਰਤੀ ਕਰਨ ਅਤੇ ਸਭ ਲਈ ਸਿੱਖਿਆ ਵਾਸਤੇ ਯਤਨਸ਼ੀਲ ਹਨ ਤਾਂ ਜੋ ਸਿੱਖਿਆ ਨੀਤੀ 2020 ਅਤੇ ਨੈਸ਼ਨਲ ਡਿਜੀਟਲ ਐਜੂਕੇਸ਼ਨ ਆਰਕੀਟੈਕਚਰ ਦੇ ਟੀਚਿਆਂ ਦੀ ਪੂਰਤੀ ਲਈ ਸਹਾਇਤਾ ਦਿੱਤੀ ਜਾ ਸਕੇ।

ਐਡ ਟੈਕ ਰਾਹੀਂ ਵਿਦਿਆਰਥੀ ਆਧਾਰਤ ਕਸਦੇ ਮਾਈਜ਼ਡ ਉਚ ਗੁਣਵੱਤਾ ਵਾਲੀ ਸਿੱਖਿਆ ਉਸ ਦੀਆਂ ਲੋੜਾਂ ਅਨੁਸਾਰ ਪ੍ਰਦਾਨ ਕੀਤੀ ਜਾ ਸਕਦੀ ਹੈ।

ਆਓ ਇਕ ਐਡਟੈਕ ਕੰਪਨੀ ਦਾ ਵਿਸ਼ਲੇਸ਼ਨ ਕਰੀਏ। ਬਾਜੀਜੂ (Byju) 2011 ਵਿਚ ਸਥਾਪਤ ਕੀਤੀ ਗਈ ਜਿਸ ਦੀ ਪਿਛਲੇ ਸਾਲ ਤੱਕ ਕੀਮਤ 2200 ਕਰੋੜ ਡਾਲਰ ਸੀ। ਜੇ ਇਸ ਦੇ ਸ਼ੇਅਰ ਸਟਾਕ ਮਾਰਕੀਟ ਵਿਚ ਰਜਿਸਟਰਡ ਹੁੰਦੇ ਤਾਂ ਇਹ ਪਹਿਲੀਆਂ 40 ਕੰਪਨੀਆਂ ਵਿਚ ਟਾਟਾ ਸਟੀਲ ਅਤੇ ਇੰਡੀਅਨ ਆਇਲ ਦੇ ਨਾਲ ਖੜ੍ਹੀ ਹੁੰਦੀ। ਕੰਪਨੀ ਹਰਮਨਪਿਆਰੀ ਕੋਚਿੰਗ ਕੰਪਨੀ ਦੇ ਰੂਪ ਵਿਚ ਬਾਈਜ਼ ਰਵਿੰਦਰਨ ਵਲੋਂ ਖੜ੍ਹੀ ਕੀਤੀ ਗਈ। ਪਿਛਲੇ ਸਾਲ ਤੱਕ ਇਸ ਦੇ 55000 ਮੁਲਾਜ਼ਮ ਅਤੇ 10 ਕਰੋੜ ਰਜਿਸਟਰਡ ਵਿਦਿਆਰਥੀ ਸਨ ਜੋ ਸਲਾਨਾ 65 ਲੱਖ ਰੁਪਏ ਫੀਸਾਂ ਦਿੰਦੇ ਸਨ। ਇਸ ਨੂੰ ਬਹੁਤ ਸਾਰੀਆਂ ਕੰਪਨੀਆਂ ਨੂੰ ਆਪਣੇ ਵਿਚ ਰਲਾ ਲਿਆ। ਜੇਈਈ ਅਤੇ ਨੀਟ ਦੀ ਕੋਚਿੰਗ ਲਈ ਇਸ ਦਾ ਬੋਲਬਾਲਾ ਸੀ। ਇਸ ਦੀਆਂ ਸ਼ਾਖਾਵਾਂ ਭਾਰਤ ਤੋਂ ਇਲਾਵਾ ਉਤਰੀ ਅਮਰੀਕਾ, ਯੂਰੋਪ, ਮੱਧ ਪੂਰਬ ਵਿਚ ਸਥਾਪਤ ਸਨ। ਇਸ ਨੇ 30 ਕਰੋੜ ਡਾਲਰ ਵਾਲੀ ਵਾਈਟ ਹੱਟ ਜੂਨੀਅਤ ਨੂੰ ਆਪਣੇ ਵਿਚ ਸਮਿਲਤ ਕਰ ਲਿਆ ਜੋ ਸਕੂਲੀ ਬੱਚਿਆਂ ਨੂੰ ਕੋਚਿੰਗ ਅਤੇ ਐਨੀਮੇਸ਼ਨ ਸਿਖਾਉਂਦੀ ਸੀ। ਇਸ ਨੇ 100 ਕਰੋੜ ਡਾਲਰ ਵਾਲੀ ਅਕਾਸ਼ ਕੋਚਿੰਗ ਨੂੰ ਵੀ ਰਲਾ ਲਿਆ।

2021-22 ਵਿਚ ਇਸ ਨੇ ਏ.ਆਈ., ਸਿੱਖਿਆ ਗੇਮਜ਼ ਕੰਪਨੀਆਂ ਨੂੰ ਵੀ ਆਪਣੇ ਵਿਚ ਸ਼ਾਮਲ ਕਰ ਲਿਆ। ਇਸ ਨੂੰ ਵੀ ਸੀ ਫੰਡਜ਼, ਸੋਵਿਰਨ ਫੰਡਜ਼, ਸੀਕੋਨੀਆਂ, ਟਾਈਗਜ ਗਲੋਬਲ, ਬਲੈਕ ਰਾਕ ਅਤੇ ਚਾਨ ਜੁਕਰਬਰਗ ਫੰਡ ਮੁਹੱਈਆ ਕਰਦੇ ਸਨ। ਕੋਵਿਡ ਸਮੇਂ ਬਾਈਜੂ ਨੂੰ 240 ਕਰੋੜ ਡਾਲਰ ਦੀ ਸਹਾਇਤਾ ਮਿਲੀ ਜਿਸ ਵਿਚੋਂ 180 ਕਰੋੜ ਡਾਲਰ 5 ਕੰਪਨੀਆਂ ਨੂੰ ਆਪਣੇ ਵਿਚ ਸ਼ਾਮਲ ਕਰਨ ਲਈ ਮਿਲੇ। ਬਾਈਜੂ ਦੀ 2021 ਵਿਚ 81% ਆਮਦਨ ਹਾਰਡਵੇਅਰ ਦੀ ਵਿਕਰੀ ਤੋਂ ਪ੍ਰਾਪਤ ਹੁੰਦੀ ਸੀ। ਜਿਸ ਵਿਚ ਰਿਕਾਰਡ ਕੀਤੇ ਕੋਰਸ, ਟੇਬਲਟ, ਐਸਡੀ ਕਾਰਡ ਸ਼ਾਮਲ ਸਨ। ਇਸ ਸਾਰੇ ਕੁਝ ਦੇ ਬਾਵਜੂਦ ਬਾਈਜੂ ਨੂੰ ਵੱਡੇ ਪੱਧਰ 'ਤੇ ਘਾਟਾ ਪੈ ਰਿਹਾ ਸੀ। 2021 ਵਿਚ ਕੋਵਿਡ ਵਾਲੇ ਸਾਲ ਇਸ ਨੂੰ 4000 ਕਰੋੜ ਦਾ ਘਾਟਾ ਪਿਆ। ਖਰਚੇ ਆਮਦਨ ਨਾਲੋਂ ਤਿੰਨ ਗੁਣਾਂ ਵੱਧ ਸਨ। ਤੀਜਾ ਹਿੱਸਾ ਖਰਚੇ ਇਸ਼ਤਿਹਾਰਬਾਜ਼ੀ ਅਤੇ ਸੇਲ ਪ੍ਰਮੋਸ਼ਨ 'ਤੇ ਹੁੰਦੇ ਸਨ। ਇਸ ਨੇ ਕ੍ਰਿਕਟ ਪ੍ਰਮਸੋਸ਼ਨ, ਫੀਫਾ ਕੱਪ, ਸ਼ਾਹਰੁਖ ਖਾਨ, ਲਿਓਨ ਪੈਸ਼ੀ ਆਦਿ ਨੂੰ ਬਰਾਂਡ ਪ੍ਰਮੋਸ਼ਨ ਲਈ ਖਰਚੇ।

ਮੁਲਾਜ਼ਮਾਂ ਨਾਲ ਚੰਗਾ ਵਰਤਾਓ ਨਹੀਂ ਕਰਦੇ ਸਨ, ਘੱਟ ਤਨਖਾਹਾਂ ਦਿੰਦੇ ਸਨ, ਜ਼ਿਆਦਾ ਕੰਮ ਲੈਂਦੇ ਸਨ, ਗਾਹਕਾਂ ਨੂੰ ਝੂਠੇ ਵਾਅਦੇ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਕਿਤਾਬੀ ਹਿਸਾਬ ਕਿਤਾਬ ਵਿਚ ਵੱਡੇ ਹੇਰਫੇਰ ਸਨ। ਨੌਕਰੀ ਲਈ ਹੋਰ ਮੌਕੇ ਨਾ ਹੋਣ ਦੇ ਬਾਵਜੂਦ ਮੁਲਾਜ਼ਮ ਨੌਕਰੀਆਂ ਛੱਡ ਰਹੇ ਸਨ। ਮੁਲਾਜ਼ਮਾਂ ਨੂੰ ਗਾਹਕਾਂ ਦਾ ਆਰਥਿਕ ਸ਼ੋਸ਼ਣ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ।

ਮੁਲਾਜ਼ਮਾਂ ਨੂੰ ਹਦਾਇਤਾਂ ਸਨ ਕਿ ਕਿੰਨੇ ਗਾਹਕ ਰੋਜ਼ਾਨਾ ਫਸਾਉਣੇ ਹਨ। ਕਿੰਨਾ ਸਮਾਨ ਵੇਚਣਾ ਹੈ। ਕਈ ਮੁਲਾਜ਼ਮ ਗਾਹਕਾਂ ਦੇ ਇਸ ਤਰ੍ਹਾਂ ਹੋ ਰਹੇ ਸੋਸ਼ਣ ਤੋਂ ਮਾਨਸਿਕ ਤੌਰ 'ਤੇ ਪੀੜਤ ਸਨ। ਇਕ ਮੁਲਾਜ਼ਮ ਦੇ ਦੱਸਣ ਅਨੁਸਾਰ ਇਕ ਡਰਾਈਵਰ ਨੂੰ ਉਸ ਨੇ ਫਸਾ ਲਿਆ। ਉਸਦੇ ਮਾਲਕ ਨੇ ਉਸ ਨੂੰ ਹੁਣੇ ਫੋਨ ਗਿਫਟ ਕੀਤਾ ਸੀ। ਉਸ ਦੇ ਖਾਤੇ ਵਿਚ ਕੇਵਲ 700 ਰੁਪਏ ਸਨ, ਜਦੋਂ ਉਸਨੇ ਆਪਣੇ ਇਕਲੌਤੇ ਪੁੱਤਰ ਲਈ ਫੀਸ ਭਰਨ ਲਈ ਰਜ਼ਾਮੰਦੀ ਜ਼ਾਹਿਰ ਕਰ ਦਿੱਤੀ। ਉਸਦੇ ਬੋਸ ਨੇ ਉਸ ਦੀ ਫੀਸ ਭਰੀ, ਜੋ ਉਸਦੀ ਮਾਸਿਕ ਤਨਖਾਹ ਵਿਚ ਕਿਸ਼ਤ ਦੇ ਰੂਪ ਵਿਚ ਕੱਟੀ ਜਾਣੀ ਸੀ। ਉਸਦੀ ਪਤਨੀ 24 ਘੰਟੇ ਸੱਤੋ ਦਿਨ ਕੰਮ ਕਰਦੀ ਸੀ ਤਾਂ ਜੋ ਬੱਚਾ 'ਚੰਗੀ' ਸਿੱਖਿਆ ਪ੍ਰਾਪਤ ਕਰ ਸਕੇ। ਮੈਂ ਅਜਿਹੇ ਸੋਸ਼ਣ ਨੂੰ ਬਰਦਾਸ਼ਤ ਨਾ ਕਰ ਸਕਿਆ ਅਤੇ ਅਸਤੀਫ਼ਾ ਦੇ ਦਿੱਤਾ। ਤੁਹਾਨੂੰ ਸਾਰੀ ਸ਼ਰਮ ਲਾਹ ਕੇ ਆਪਣੀ ਆਤਮਾ ਨੂੰ ਮਾਰ ਕੇ ਲੋਕਾਂ ਨੂੰ ਝੂਠੇ ਵਾਅਦੇ ਕਰਕੇ ਕੋਰਸ ਖਰੀਦਣ ਲਈ ਮਜ਼ਬੂਰ ਕਰਨਾ ਪੈਂਦਾ ਸੀ। ਅਜਿਹਾ ਕਰਦੇ ਹੋਏ ਕਈ ਵੇਰ ਇੰਨੀ ਸ਼ਰਮਿੰਦਗੀ ਆਉਂਦੀ ਸੀ ਕਿ ਰਾਤ ਭਰ ਸੌਂ ਨਹੀਂ ਸੀ ਸਕਦੇ। ਬਾਈਜੂ ਵਾਲੇ ਵਿਦਿਆਰਥੀਆਂ ਨੂੰ ਵਿੱਤੋਂ ਬਾਹਰੇ ਕਰਜ਼ੇ ਦਿਵਾ ਕੇ ਕੋਰਸ ਖਰੀਦਣ ਲਈ ਮਜ਼ਬੂਰ ਕਰਨ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਸਨ ਕਰਦੇ। ਇਕ ਵੇਰ ਮਾਪੇ ਉਸ ਫਿਨਟੈਰ ਕੰਪਨੀ ਦੇ ਜਾਲ ਵਿਚ ਫਸ ਜਾਂਦੇ ਤਾਂ ਕਿਸ਼ਤਾਂ ਕੱਟਣ, ਨਾ ਦੇਣ ਤੇ ਧਮਕੀਆਂ ਦੇਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਉਨ੍ਹਾਂ ਨੂੰ ਪੂਰਾ ਜ਼ਲੀਲ ਕੀਤਾ ਜਾਂਦਾ।

ਬੇਹੱਦ ਗੈਰ ਜ਼ਿੰਮੇਵਾਰ ਇਸ਼ਤਿਹਾਰ ਦੇ ਕੇ ਵਿਦਿਆਰਥੀਆਂ ਨੂੰ ਭਰਮਾਇਆ ਜਾਂਦਾ ਸੀ। 7 ਸਾਲ ਦਾ ਬੱਚਾ TEDX ਸਪੀਕਰ ਐਪ ਡਿਵੈਲਪਰ, 12 ਸਾਲ ਦੇ ਬੱਚੇ ਦਾ ਇਕ ਕਰੋੜ ਦਾ ਪੈਕੇਜ ਆਦਿ ਝੂਠੇ ਸੁਪਨੇ ਦਿਖਾਏ ਜਾਂਦੇ ਸਨ।

ਕੰਪਨੀ ਆਪਣੀ ਬੇਲੈਂਸ ਸੀਟ ਵੀ ਜਾਰੀ ਨਹੀਂ ਸੀ ਕਰ ਰਹੀ ਜਾਂ ਬਹੁਤ ਦੇਰ ਨਾਲ ਜਾਰੀ ਕੀਤੀ ਜਾਂਦੀ ਸੀ। ਸਟਾਰਟ ਅਪ ਦੇ ਇਸ ਪੋਸਟਰ ਬੁਆਏ ਦੀ ਗਿਰਾਵਟ ਵੀ ਉਸੇ ਤੇਜ਼ੀ ਨਾਲ ਹੋਈ ਜਿਸ ਤੇਜ਼ੀ ਨਾਲ ਚੜ੍ਹਾਈ ਹੋਈ ਸੀ। ਇਸ ਦੀ ਚਾਲੂ ਸਾਲ ਵਿਚ ਕੀਮਤ 2200 ਕਰੋੜ ਡਾਲਰ ਤੋਂ 300 ਕਰੋੜ ਡਾਲਰ ਤੱਕ ਗਿਰ ਗਈ। ਮੁਲਾਜ਼ਮਾਂ ਦੀ ਗਿਣਤੀ ਅੱਧੀ ਕਰ ਦਿੱਤੀ ਗਈ। ਇਹ ਆਪਣੀਆਂ ਬਹੁਤ ਸਾਰੀਆਂ ਕੰਪਨੀਆਂ ਸੇਲ 'ਤੇ ਲਾ ਦਿੱਤੀਆਂ ਹਨ। ਇਸੇ ਆਡੀਟਰ ਡੀਲੋਆਈਟ ਅਤੇ ਤਿੰਨ ਗੈਰ ਪਰਿਵਾਰਕ ਮੈਂਬਰਾਂ ਨੇ ਅਸਤੀਫ਼ਾ ਦੇ ਦਿੱਤਾ ਹੈ। ਹੁਣ ਕੇਵਲ ਪਰਿਵਾਰ ਦੇ ਤਿੰਨ ਮੈਂਬਰ ਹੀ ਬੋਰਡ ਵਿਚ ਸ਼ਾਮਲ ਹਨ। ਇਹ ਐਡਟੈਕ ਸੈਕਟਕ ਦੀ ਤ੍ਰਾਸਦੀ ਦਾ ਟ੍ਰੇਲਰ ਹੈ।

**ਗੈਰ ਲਾਭਆਰਥੀ ਕਾਰਪੋਰੇਟ ਅਦਾਰਿਆਂ ਦਾ ਦਖ਼ਲ** : ਬਿਲ ਐਂਡ ਗੇਟਸ, ਨੰਦਨ, ਰੋਹਿਨੀ ਨਿਲਕੇਨੀ ਆਦਿ ਆਪਣੇ ਫੰਡਜ਼ ਮਿਲਿੰਦਾ ਰਾਹੀਂ ਪ੍ਰਵਾਨ, ਸੈਂਟਰਲ ਸੁਕੇਅਰ ਫਾਊਂਡੇਸ਼ਨ, ਲੈਂਗੂਏਜ਼ ਐਂਡ ਲਰਨਿੰਗ ਫਾਊਂਡੇਸ਼ਨ ਸਥਾਪਤ ਕਰਕੇ ਆਪਣੇ ਆਪ ਨੂੰ ਸਕੂਲੀ ਸਿੱਖਿਆ ਅੰਦਰ ਆਖਰੀ ਸ਼ਬਦ ਦੇ ਤੌਰ 'ਤੇ ਆਪਣੀ ਧੌਂਸ ਜਮ੍ਹਾ ਰਹੀ ਹੈ। ਇਹ ਡਿਜੀਟਲਾਈਸਨ ਅਤੇ ਸਕੂਲੀ ਸਿੱਖਿਆ ਦਾ ਧੁਰਾ ਬਣ ਗਈਆਂ ਹਨ। ਉਹ ਪਬਲਿਕ ਸੈਕਟਰ ਦੇ ਸਿੱਖਿਆ ਪ੍ਰਬੰਧ ਵਿਚੋਂ ਨਿਕਲਣ ਸਮੇਂ ਪਏ ਗੈਪ ਭਰ ਰਹੀਆਂ ਸਨ ਅਤੇ ਨਿੱਜੀਕਰਨ ਦਾ ਰਸਤਾ ਪੱਧਰਾ ਕਰ ਰਹੀਆਂ ਹਨ। ਉਨ੍ਹਾਂ ਦੇ ਸਿੱਖਿਆ ਅੰਦਰ ਨੀਤੀਗਤ ਨਿਰਣੇ ਕਰਨ ਦੀ ਖੁੱਲ੍ਹ ਨੇ ਪੂਰੇ ਸਿੱਖਿਆ ਤੰਤਰ ਨੂੰ ਉਨ੍ਹਾਂ ਦੇ ਸਪੁਰਦ ਕਰ ਦਿੱਤਾ। ਅਜ਼ੀਮ ਪ੍ਰੇਮਜੀ ਫਾਊਂਡੇਸ਼ਨ ਜੋ ਨਵੀਂ ਸਿੱਖਿਆ ਨੀਤੀ ਘਾੜਿਆਂ ਵਿਚ ਸ਼ਾਮਲ ਹੈ, ਅਨੁਸਾਰ ਫਾਊਂਡੇਸ਼ਨ ਸਕੂਲੀ ਸਿੱਖਿਆ ਵਿਚ ਸੁਧਾਰ ਕਰਨ ਲਈ ਦੂਰ ਦੁਰਾਡੇ ਦੇ ਗੈਰ ਲਾਭਵੰਦ ਇਲਾਕਿਆਂ ਤੱਕ ਪਹੁੰਚ ਲਈ, ਨੀਤੀ ਅਤੇ ਪਾਠਕ੍ਰਮ ਵਿਚਲੇ ਸੁਧਾਰਾਂ ਲਈ ਯਤਨ ਕਰੇਗੀ।

ਇਹ ਸਾਰੇ ਸਵੈਸੇਵੀ ਸੰਗਠਨਾਂ ਅਤੇ ਕਾਰਪੋਰੇਟ ਲਈ ਸਕੂਲੀ ਸਿੱਖਿਆ ਦੀਆਂ ਸਾਰੀਆਂ ਬੀਮਾਰੀਆਂ ਦਾ ਇਲਾਜ ਡਿਜੀਟਲੀਕਰਨ ਹੈ। ਇਨ੍ਹਾਂ ਸੰਸਥਾਵਾਂ ਦੀ ਅਗਵਾਈ ਸਾਬਕਾ ਬਿਊਰੋਕਰੇਟ ਅਤੇ ਸਾਬਕਾ ਕਾਰਪੋਰੇਟ ਜਿਵੇਂ ਮਕਿਨਜੇ ਨੀਲਕਨੀ, ਗੇਟਸ ਦੇ ਗਰੁੱਪ ਵਿਚੋਂ ਹਨ ਜਿਨ੍ਹਾਂ ਕੋਲ 'ਤਕਨੀਕੀ ਮੁਹਾਰਤ' ਪ੍ਰਾਪਤ ਹੈ। ਉਹ ਫਿਲਿਥਰੋਪੀ ਦਾ ਚੋਗਾ ਪਾ ਕੇ ਸਕੂਲੀ ਸਿੱਖਿਆ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਲਈ ਉਤਾਵਲੇ ਹਨ।

ਸੈਂਟਰ ਸੁਕੇਅਰ ਫਾਊਂਡੇਸ਼ਨ (CSF) ਸਕੂਲਾਂ ਵਿਚ ਚੰਗੀ ਗੁਣਵੱਤਾ ਵਾਲੀ ਸਿੱਖਿਆ ਖਾਸ ਤੌਰ 'ਤੇ ਗਰੀਬ ਵਿਦਿਆਰਥੀਆਂ ਨੂੰ ਦੇਣ ਲਈ ਯਤਨਸ਼ੀਲ ਹੈ। ਇਸ ਦੇ ਕੇਂਦਰ ਅਤੇ ਰਾਜ ਸਰਕਾਰਾਂ ਨਾਲ ਸਿੱਧੇ ਸਮਝੌਤੇ ਹਨ। ਮੁਹਾਵਰੇਬਾਜ਼ੀ ਵਿਚ ਗਲਤਾਨ ਸਿੱਖਿਆ ਪ੍ਰਬੰਧ FLN, ECCE, Edtech, Scalable, Sustainable ਅਤੇ Effective ਦੇ ਨਾਹਰੇ ਦੇ ਕੇ ਸਮੁੱਚੇ ਸਿੱਖਿਆ ਪ੍ਰਬੰਧ 'ਤੇ ਹਾਵੀ ਹੈ। ਅਜ਼ਾਦੀ ਤੋਂ ਬਾਅਦ ਲਗਭਗ ਅੱਠ ਦਹਾਕੇ ਲੰਘਣ 'ਤੇ ਵੀ ਸਿੱਖਿਆ ਪੂਰੀ ਤਰ੍ਹਾਂ ਵਿਖਰਾਓ ਦੀ ਸਥਿਤੀ ਵਿਚ ਹੈ। ਭਾਵੇਂ ਸਕੂਲਾਂ ਵਿਚ ਦਾਖਲੇ ਵਧੇ ਹਨ ਪ੍ਰੰਤੂ ਸਿੱਖਿਆ ਦਾ ਪੱਧਰ ਨਹੀਂ ਵਧਿਆ। ਇਸ ਲਈ ਵਧੇਰੇ ਵਿੱਤੀ ਸਾਧਨ ਜੁਟਾਉਣ ਦੀ ਥਾਂ ਡਿਜੀਟਲੀਕਰਨ ਨੂੰ ਇਸ ਦਾ ਹੱਲ ਸਮਝਿਆ ਜਾ ਰਿਹਾ ਹੈ। ਇਹ ਘੱਟ ਖਰਚਾ ਕਰਕੇ ਵੱਡੇ ਲਾਭ ਕਮਾਉਣ ਦੀ ਕਾਰਪੋਰੇਟ ਦੀ ਚਾਲ ਹੈ।

ਉਨ੍ਹਾਂ ਦਾ ਏਜੰਡਾ ਸਿੱਖਿਅਤ ਰੋਬੋਟ ਦੇ ਰੂਪ ਵਿਚ ਬੱਚਿਆਂ ਦੀ ਨਵੀਂ ਕੌਮ ਖੜ੍ਹੀ ਕਰਨ ਦਾ ਹੈ ਜੋ ਸੋਚ ਨਾ ਸਕੇ, ਸਵਾਲ ਨਾ ਪੁੱਛ ਸਕੇ, ਸੁਪਨਾ ਨਾ ਲੈ ਸਕੇ, ਨਵਾਂ ਸਿਰਜ ਨਾ ਸਕੇ ਆਪਣੇ ਆਪ ਨੂੰ ਹਾਲਤਾਂ ਅਨੁਸਾਰ ਢਾਲ ਕੇ ਉਨ੍ਹਾਂ ਦੀ ਰਜਾ ਵਿਚ ਰਹੇ।

ਜ਼ਰੂਰੀ ਨਹੀਂ ਹਾਕਮਾਂ ਦੀਆਂ ਆਸਾਵਾ ਸਫ਼ਲ ਹੋਣ ਕਿਰਤੀ ਲੋਕਾਂ ਦੀ ਚੁੱਪ ਵਿਚ ਨਵੀਂ ਕ੍ਰਾਂਤੀ ਦੇ ਬੀਜ ਵੀ ਪੁੰਗਰ ਸਕਦੇ ਹਨ।

**Aspects Of Indian Economy Vol. 83, 84 Part-11 ਤੋਂ ਧੰਨਵਾਦ ਸਹਿਤ**

# ਮੱਧ ਭਾਰਤ ਦੇ ਆਦਿਵਾਸੀਆਂ ਦੀ ਉਮੀਦ ਅਤੇ ਜੰਗਲਾਂ ਦਾ ਰਾਖਾ - ਹਿੜਮਾ

*[ਮੀਡੀਆ ਰਿਪੋਰਟਾਂ ਅਨੁਸਾਰ ਅਪ੍ਰੈਲ ਮਹੀਨੇ 'ਚ ਭਾਰਤੀ ਰਾਜ ਦੇ 24 ਹਜ਼ਾਰ ਦੇ ਕਰੀਬ ਸੁਰੱਖਿਆ ਬਲਾਂ ਨੇ ਛੱਤੀਸਗੜ੍ਹ-ਤੇਲੰਗਾਨਾ ਸਰਹੱਦ ਉੱਪਰ ਕਰੇਗੁੱਟਾ ਪਹਾੜੀਆਂ ਨੂੰ ਘੇਰ ਕੇ 21 ਦਿਨ ਲੰਮਾ ਓਪਰੇਸ਼ਨ ਚਲਾਇਆ ਗਿਆ। ਇਹ ਕਿਹਾ ਗਿਆ ਕਿ ਉੱਥੇ ਪ੍ਰਮੁੱਖ ਮਾਓਵਾਦੀ ਛਾਪਾਮਾਰ ਕਮਾਂਡਰ ਹਿੜਮਾ, ਦੇਵਾ, ਦਮੋਦਰ ਆਦਿ ਸਮੇਤ 1000 ਦੇ ਕਰੀਬ ਮਾਓਵਾਦੀ ਛਾਪਾਮਾਰ ਲੁਕੇ ਹੋਏ ਹਨ ਅਤੇ ਸੁਰੱਖਿਆ ਬਲ ਉਨ੍ਹਾਂ ਦਾ ਸਫ਼ਾਇਆ ਕਰਕੇ ਮਾਰਚ 2026 ਤੱਕ ਮੋਦੀ ਸਰਕਾਰ ਦੇ ਮਾਓਵਾਦ ਮੁਕਤ ਬਸਤਰ ਦੇ ਟੀਚੇ ਨੂੰ ਅੰਜਾਮ ਦੇਣ ਲਈ ਦਿ੍ਰੜ ਹਨ। ਆਦਿਵਾਸੀਆਂ ਸੰਘਰਸ਼ ਦੇ ਡੂੰਘੇ ਭੇਤੀ ਉੱਘੇ ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਨੇ ਇਸ ਕਰੂਰ ਵਰਤਾਰੇ ਬਾਰੇ ਬਹੁਤ ਹੀ ਭਾਵਪੂਰਤ ਟਿੱਪਣੀ ਲਿਖੀ ਹੈ ਜੋ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ 'ਓਪਰੇਸ਼ਨ ਕਗਾਰ' ਦੇ ਅਸਲ ਮਨੋਰਥ ਅਤੇ ਆਦਿਵਾਸੀਆਂ ਵੱਲੋਂ ਇਸ ਵਿਰੁੱਧ ਲੜੇ ਜਾ ਰਹੇ ਹਥਿਆਰਬੰਦ ਟਾਕਰੇ ਨੂੰ ਬਖ਼ੂਬੀ ਪੇਸ਼ ਕਰਦੀ ਹੈ। ਜ਼ਮੀਨੀ ਹਕੀਕਤ ਦੀ ਤਸਵੀਰ ਦੇ ਮਹੱਤਵ ਦੇ ਮੱਦੇਨਜ਼ਰ ਹਿਮਾਂਸ਼ੂ ਕੁਮਾਰ ਜੀ ਦੀ ਟਿੱਪਣੀ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*

**-ਹਿਮਾਂਸ਼ੂ ਕੁਮਾਰ**
**ਅਨੁ. : ਬੂਟਾ ਸਿੰਘ ਮਹਿਮੂਦਪੁਰ**

ਮੈਂ ਇਕ ਆਦਿਵਾਸੀ ਸੰਮੇਲਨ ਵਿਚ ਗਿਆ ਸੀ। ਸੰਮੇਲਨ ਕਰਵਾਉਣ ਵਾਲੀ ਸੰਸਥਾ ਦੇ ਪ੍ਰਧਾਨ ਇਕ ਗਾਂਧੀਵਾਦੀ ਬਜ਼ੁਰਗ ਸਨ। ਉਹ ਭਾਸ਼ਣ ਦੇਂਦੇ ਦੇਂਦੇ ਰੋਣ ਲੱਗ ਪਏ ਤੇ ਕਹਿਣ ਲੱਗੇ ਕਿ ਅਸੀਂ ਆਦਿਵਾਸੀ ਮਨੁੱਖੀ ਅਧਿਕਾਰ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਭਰਨ ਵਾਲੇ ਕਰੂਰ ਪੁਲਿਸ ਅਧਿਕਾਰੀ ਦਾ ਕੁਝ ਵੀ ਨਹੀਂ ਵਿਗਾੜ ਸਕੇ।

ਮੈਂ ਸੰਮੇਲਨ ਹਾਲ ਵਿਚ ਬੈਠਾ ਉਨ੍ਹਾਂ ਨੂੰ ਦੇਖ ਰਿਹਾ ਸੀ ਅਤੇ ਮੇਰੇ ਮਨ ਵਿਚ ਬਸਤਰ ਦਾ ਆਦਿਵਾਸੀ ਬਾਗ਼ੀ ਨੌਜਵਾਨ ਹਿੜਮਾ ਘੁੰਮਣ ਲੱਗਾ। ਮੇਰਾ ਮਨ ਆਪਣੇ ਆਪ ਹੀ ਇਸ ਗਾਂਧੀਵਾਦੀ ਕਾਰਕੁਨ ਅਤੇ ਹਿੜਮਾ ਵਿਚਕਾਰ ਤੁਲਨਾ ਕਰਨ ਲੱਗ ਪਿਆ। ਇਹ ਗਾਂਧੀਵਾਦੀ ਕਾਰਕੁਨ ਆਪਣੀ ਬੇਵਸੀ ਉੱਪਰ ਰੋ ਰਿਹਾ ਸੀ।

ਦੂਜੇ ਪਾਸੇ ਬਸਤਰ ਦਾ ਉਹ ਆਦਿਵਾਸੀ ਨੌਜਵਾਨ ਹਿੜਮਾ ਹੈ। ਸਰਕਾਰ ਹਿੜਮਾ ਨੂੰ ਨਕਸਲੀ ਕਹਿੰਦੀ ਹੈ। ਹੁਣ ਅਮਿਤ ਸ਼ਾਹ ਨੇ ਹਿੜਮਾ ਨੂੰ ਕਤਲ ਕਰਨ ਲਈ ਇਕ ਮੁਹਿੰਮ ਚਲਾਈ ਹੋਈ ਹੈ। ਹੁਣੇ ਖ਼ਬਰ ਆਈ ਸੀ ਕਿ ਫ਼ੌਜ ਨੇ ਹਿੜਮਾ ਨੂੰ ਘੇਰ ਲਿਆ ਹੈ। ਅਤੇ ਇਹ ਡਰ ਜ਼ਾਹਿਰ ਕੀਤਾ ਜਾ ਰਿਹਾ ਸੀ ਕਿ ਹੁਣ ਹਿੜਮਾ ਮਾਰਿਆ ਜਾਵੇਗਾ।

ਹਾਲ ਹੀ ਵਿਚ ਬਸਤਰ ਦੀ ਮਨੁੱਖੀ ਅਧਿਕਾਰ ਕਾਰਕੁਨ ਸੋਨੀ ਸੋਰੀ ਨੇ ਮੈਨੂੰ ਫ਼ੋਨ ਕੀਤਾ ਸੀ। ਉਹ ਦੱਸ ਰਹੀ ਸੀ ਕਿ ਉਸ ਨੂੰ ਕਈ ਲੋਕਾਂ ਨੇ, ਜਿਨ੍ਹਾਂ ਵਿਚ ਕਈ ਪੁਲਿਸ ਦੇ ਹੇਠਲੇ ਰੈਂਕ ਦੇ ਆਦਿਵਾਸੀ ਸਿਪਾਹੀ ਵੀ ਸਨ, ਨੇ ਕਿਹਾ ਕਿ "ਦੀਦੀ, ਹਿੜਮਾ ਮਰਨਾ ਨਹੀਂ ਚਾਹੀਦਾ।

ਅਮਿਤ ਸ਼ਾਹ ਜੋ ਵੱਡੇ ਸਰਮਾਏਦਾਰਾਂ ਦਾ ਦਲਾਲ ਹੈ, ਉਸ ਦੇ ਹੁਕਮ 'ਤੇ ਪੁਲਿਸ ਨੇ ਹਿੜਮਾ ਨੂੰ ਪੰਜ ਦਿਨ ਤੱਕ ਜੰਗਲ ਵਿਚ ਘੇਰ ਕੇ ਰੱਖਿਆ। ਸਾਰਿਆਂ ਨੂੰ ਉਮੀਦ ਸੀ ਕਿ ਹੁਣ ਹਿੜਮਾ ਮਾਰਿਆ ਜਾਵੇਗਾ। ਪਰ ਹਿੜਮਾ ਜੰਗਲੀ ਚੀਤੇ ਵਾਂਗ ਪੁਲਿਸ ਦੇ ਘੇਰੇ ਵਿੱਚੋਂ ਬਚ ਕੇ ਨਿਕਲ ਗਿਆ।



ਮੈਂ ਆਪਣੇ ਆਪ 'ਤੇ ਹੈਰਾਨ ਹਾਂ ਕਿ ਇਕ ਅਜਿਹੇ ਆਦਿਵਾਸੀ ਦੇ ਬਚ ਨਿਕਲਣ 'ਤੇ ਮੈਂ ਖੁਸ਼ ਕਿਉਂ ਹਾਂ ਜਿਸ ਨੂੰ ਸਰਕਾਰ ਨਕਸਲੀ ਕਹਿੰਦੀ ਹੈ? ਅਸਲ ਵਿਚ ਮੈਂ ਉਹ ਵਿਅਕਤੀ ਹਾਂ ਜਿਸ ਦਾ ਬਸਤਰ ਨਾਲ 35 ਸਾਲਾਂ ਤੋਂ ਵੱਧ ਸਮੇਂ ਤੋਂ ਵਾਹ ਹੈ।

ਮੈਂ ਬਸਤਰ ਵਿਚ ਆਦਿਵਾਸੀ ਔਰਤਾਂ ਨਾਲ ਭਾਰਤੀ ਰਾਜ ਦੇ ਸਿਪਾਹੀਆਂ ਵਲੋਂ ਕੀਤੇ ਗਏ ਬਲਾਤਕਾਰ ਦੇਖੇ ਹਨ। ਮੈਂ ਆਦਿਵਾਸੀ ਬੱਚਿਆਂ ਦੀਆਂ ਲਾਸ਼ਾਂ ਦੇਖੀਆਂ ਹਨ। ਮੈਂ ਆਪਣੀ ਸਰਕਾਰ ਦੇ ਭਿਆਨਕ ਕਰੂਰ ਕਾਰੇ ਦੇਖੇ ਹਨ। ਮੇਰੀ ਆਪਣੀ ਸਰਕਾਰ ਨੇ ਇਹ ਸਭ ਵੱਡੇ ਸਰਮਾਏਦਾਰਾਂ ਨੂੰ ਲਾਭ ਪਹੁੰਚਾਉਣ ਲਈ ਕੀਤਾ।

ਮੈਂ ਬਸਤਰ ਵਿਚ 18 ਸਾਲ ਗੁਜ਼ਾਰੇ ਹਨ ਅਤੇ ਮੈਂ ਜਾਣਦਾ ਹਾਂ ਕਿ ਇਕ ਸਮਾਂ ਸੀ ਜਦੋਂ ਬਸਤਰ ਦੇ ਜੰਗਲ ਦੇ ਹਰ ਰੁੱਖ, ਹਰ ਪੱਤੇ ਤੋਂ ਭਾਰਤ ਸਰਕਾਰ ਡਰਦੀ ਸੀ।

ਮੈਂ ਸੋਚ ਕੇ ਕਈ ਵਾਰੀ ਨੀਂਦ ਵਿਚ ਜਾਗ ਜਾਂਦਾ ਹਾਂ ਅਤੇ ਡਰ ਜਾਂਦਾ ਹਾਂ ਕਿ ਉਹ ਜੰਗਲ ਕਿਹੋ ਜਿਹਾ ਹੋਵੇਗਾ ਜਿੱਥੇ ਸਰਕਾਰ ਦੇ ਸਿਪਾਹੀ ਸਰਮਾਏਦਾਰਾਂ ਲਈ ਜੰਗਲ ਵਿਚ ਘੁਸ ਕੇ ਕਬਜ਼ਾ ਕਰਨ ਖ਼ਾਤਰ ਆਦਿਵਾਸੀ ਔਰਤਾਂ ਦੀਆਂ ਇੱਜ਼ਤਾਂ ਲੁੱਟਣਗੇ ਅਤੇ ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਹੋਵੇਗਾ।

ਹਿੜਮਾ ਮਾਰਿਆ ਜਾਵੇਗਾ, ਉਸ ਦਾ ਜੋ ਖ਼ੌਫ਼ ਸਰਕਾਰੀ ਲੁਟੇਰਿਆਂ ਦੇ ਦਿਲ ਵਿਚ ਸੀ, ਉਹ ਖ਼ਤਮ ਹੋ ਜਾਵੇਗਾ।

ਜਿਵੇਂ ਲੋਕ ਮੰਦਰ ਵਿਚ ਜਾਣ ਤੋਂ ਪਹਿਲਾਂ ਆਪਣੀ ਜੁੱਤੀ ਲਾਹੁੰਦੇ ਹਨ, ਸਰਕਾਰ ਜੰਗਲ ਵਿਚ ਘੁੱਸਣ ਤੋਂ ਪਹਿਲਾਂ ਡਰਕੇ ਆਪਣੀ ਜੁੱਤੀ ਲਾਹ ਦਿੰਦੀ ਸੀ। ਜੰਗਲ ਪਵਿੱਤਰ ਸੀ ਕਿਉਂਕਿ ਉੱਥੇ ਹਿੜਮਾ ਸੀ। ਹਿੜਮਾ ਮਰ ਜਾਵੇਗਾ ਤਾਂ ਇਹ ਸਰਕਾਰ ਜੰਗਲ ਨੂੰ ਅਪਵਿੱਤਰ ਕਰ ਦੇਵੇਗੀ ਅਤੇ ਉਸ ਨੂੰ ਰੋਕਣ ਵਾਲਾ ਕੋਈ ਨਹੀਂ ਬਚੇਗਾ।

ਹਿੜਮਾ ਦੇ ਹੋਣ ਕਰਕੇ ਜੰਗਲ ਨੂੰ ਇਕ ਮਾਣ ਮਿਲਿਆ ਹੋਇਆ ਸੀ। ਉਹ ਜੰਗਲ ਕਿਹੋ ਜਿਹਾ ਹੋਵੇਗਾ ਜਿਸਦਾ ਕੋਈ ਮਾਣ-ਸਨਮਾਨ ਨਹੀਂ ਹੋਵੇਗਾ, ਜਿਸ ਉੱਪਰ ਸਰਕਾਰ ਆਪਣੇ ਸਿਪਾਹੀ ਭੇਜ ਕੇ ਕਬਜ਼ਾ ਕਰੇਗੀ, ਔਰਤਾਂ ਨਾਲ ਬਲਾਤਕਾਰ ਹੋਣਗੇ, ਨੌਜਵਾਨ ਮਾਰੇ ਜਾਣਗੇ ਅਤੇ ਉਨ੍ਹਾਂ ਨੂੰ ਰੋਕਣ ਵਾਲਾ ਹਿੜਮਾ ਨਹੀਂ ਬਚੇਗਾ।

ਅੱਜ ਤੋਂ 50 ਸਾਲ ਬਾਅਦ ਇਤਿਹਾਸ ਵਿਚ ਲਿਖਿਆ ਜਾਵੇਗਾ ਕਿ ਬਸਤਰ ਦਾ ਇਕ ਬਾਗ਼ੀ ਸੀ ਜਿਸ ਨੂੰ ਇਕ ਤੜੀਪਾਰ ਗੁੰਡੇ ਨੇ ਆਪਣੀ ਸੱਤਾ ਦੀ ਤਾਕਤ ਦੇ ਆਧਾਰ 'ਤੇ ਮਾਰ ਦਿੱਤਾ ਤਾਂ ਜੋ ਮੁਨਾਫ਼ਾਖ਼ੋਰ ਲੋਭੀਆਂ ਨੂੰ ਫ਼ਾਇਦਾ ਪਹੁੰਚਾਇਆ ਜਾ ਸਕੇ।

ਬਿਰਸਾ ਮੁੰਡਾ ਅਤੇ ਗੁੰਡਾਧੁਰ ਵਾਂਗ ਹਿੜਮਾ ਇਤਿਹਾਸ ਦੀਆਂ ਕਿਤਾਬਾਂ ਵਿਚ ਅਮਰ ਹੋ ਜਾਵੇਗਾ। ਅਤੇ ਅਸੀਂ ਇਤਿਹਾਸ ਵਿਚ ਕਾਇਰ ਦੇ ਰੂਪ ਵਿਚ ਦਰਜ ਹੋਵਾਂਗੇ ਜੋ ਆਪਣੀਆਂ ਅੱਖਾਂ ਸਾਹਮਣੇ ਹੋ ਰਹੇ ਐਨੇ ਵੱਡੇ ਅਨਿਆਂ ਨੂੰ ਦੇਖਕੇ ਚੁੱਪ ਰਹੇ।




ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।



Lash Extension Service
Looking for lash extensions in Calgary? I offer classic, hybrid and volume sets at reasonable price. Located in Cornerstone, NE.


Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Balloon House by Gurpreet
Gurpreet Gill
Founder
(403) 408-6566









For Birthday - Anniversary - Baby Shower - Shower
@balloonhousebygurpreet

ਜਥੇਬੰਦਕ ਧਰਮਾਂ ਦਾ ਮਾਇਆ ਜਾਲ

18

# ਹੀਣ-ਭਾਵਨਾ ਅਧਾਰਿਤ ਨਕਲੀ ਧਰਮ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਦੁਨੀਆਂ ਭਰ ਦੇ ਸਭ ਜਥੇਬੰਦਕ ਛੋਟੇ-ਵੱਡੇ ਧਰਮਾਂ ਵਿੱਚ ਅਨੇਕਾਂ ਨਕਲੀ ਧਰਮ, ਪੁਜਾਰੀਆਂ ਤੇ ਧਰਮ ਸੰਚਾਲਕਾਂ ਦੀ ਦੇਖ-ਰੇਖ ਹੇਠ ਪ੍ਰਚਲਤ ਹਨ, ਜਿਨ੍ਹਾਂ ਦੀ ਚਰਚਾ ਅਸੀਂ ਇਸ ਲੇਖ ਲੜੀ ਵਿੱਚ ਕਰ ਰਹੇ ਹਾਂ, ਜਿਸਦਾ ਮਕਸਦ ਆਮ ਸ਼ਰਧਾਲੂ ਨੂੰ ਇਹ ਜਾਣਕਾਰੀ ਦੇਣਾ ਹੈ ਕਿ ਉਹ ਸੋਚੇ ਕਿ ਜਿਸਨੂੰ ਉਹ ਅਸਲੀ ਧਰਮ ਸਮਝ ਕੇ ਆਪਣਾ ਤਨ, ਮਨ, ਧਨ ਤੇ ਸਮਾਂ ਕੁਰਬਾਨ ਕਰ ਰਿਹਾ ਹੈ, ਕੀ ਉਹ ਸੱਚਮੁੱਚ ਵਿੱਚ ਅਸਲੀ ਧਰਮ ਹੈ? ਕੀ ਇਹ ਪੁਜਾਰੀਆਂ ਤੇ ਧਰਮ ਸੰਚਾਲਕਾਂ ਵਲੋਂ ਰਾਜਨੀਤਕ ਲੋਕਾਂ ਦੀ ਛਤਰ ਛਾਇਆ ਹੇਠ ਧਰਮ ਦੇ ਨਾਮ ਤੇ ਚਲਾਈ ਜਾ ਰਹੀ ਮਹਿਜ ਦੁਕਾਨਦਾਰੀ ਤੇ ਨਹੀਂ? ਇਸ ਵਿਚਾਰ ਚਰਚਾ ਦਾ ਇੱਕ ਮਕਸਦ ਆਮ ਸ਼ਰਧਾਲੂ ਮਨੁੱਖ ਨੂੰ ਕੁਝ ਸੋਚਣ ਲਾਉਣਾ ਵੀ ਹੈ ਕਿ ਉਹ ਅਸਲੀ ਤੇ ਨਕਲੀ ਦੀ ਪਛਾਣ ਕਰਨ ਦੇ ਰਾਹੇ ਪੈ ਸਕੇ, ਕਿਉਂਕਿ ਨਕਲੀ ਧਰਮਾਂ ਨੇ ਮਨੁੱਖ ਨੂੰ ਅਜਿਹੀ ਪੱਟੀ ਪੜ੍ਹਾ ਦਿੱਤੀ ਹੈ ਕਿ ਉਸਨੂੰ ਹੁਣ ਸੋਚਣ, ਵਿਚਾਰਨ, ਕਰਨ ਦੀ ਕੁਝ ਲੋੜ ਨਹੀਂ, ਸਾਰਾ ਕੁਝ ਬਹੁਤ ਸਮਾਂ ਪਹਿਲਾਂ ਸੋਚਿਆ, ਵਿਚਾਰਿਆ ਤੇ ਕੀਤਾ ਜਾ ਚੁੱਕਾ ਹੈ, ਤੁਹਾਡੀਆਂ ਪਿਛਲੀਆਂ, ਮੌਜੂਦਾ ਤੇ ਆਉਣ ਵਾਲੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਪਹਿਲਾਂ ਹੀ ਸਾਡੀ ਧਰਮ ਪੁਸਤਕ ਵਿੱਚ ਕਲਮਬੱਧ ਕੀਤਾ ਜਾ ਚੁੱਕਾ ਹੈ। ਕੁਦਰਤ ਬਾਰੇ, ਮਨ ਬਾਰੇ, ਆਤਮਾ ਬਾਰੇ, ਸ੍ਰਿਸ਼ਟੀ ਬਾਰੇ, ਸਰੀਰ ਬਾਰੇ, ਮਨੁੱਖਤਾ ਬਾਰੇ, ਕਿਸੇ ਫਿਕਰ ਦੀ ਲੋੜ ਨਹੀਂ, ਕੁਝ ਸੋਚਣ ਦੀ ਲੋੜ ਨਹੀਂ, ਕੁਝ ਕਰਨ ਦੀ ਲੋੜ ਨਹੀਂ, ਸਭ ਸਮੱਸਿਆਵਾਂ ਦਾ ਇੱਕੋ ਤੇ ਆਖਰੀ, ਸ਼ਰਤੀਆ ਇਲਾਜ ਕੀਤਾ ਜਾ ਚੁੱਕਾ ਹੈ? ਸਾਇੰਸਦਾਨਾਂ ਵਲੋਂ ਜੋ ਖੋਜਾਂ ਅੱਜ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਬਾਰੇ ਹਜ਼ਾਰਾਂ ਸਾਲ ਪਹਿਲਾਂ ਸਾਡੇ ਧਰਮ ਗ੍ਰੰਥਾਂ ਵਿੱਚ ਲਿਖ ਦਿੱਤਾ ਗਿਆ ਸੀ। ਪੁਜਾਰੀਆਂ ਵਲੋਂ ਗੱਲ ਇਥੇ ਹੀ ਖਤਮ ਨਹੀਂ ਕੀਤੀ ਜਾ ਰਹੀ, ਅੰਧ-ਵਿਸ਼ਵਾਸ਼ੀ ਸ਼ਰਧਾਲੂਆਂ ਦੇ ਮਨਾਂ ਵਿੱਚ ਇਹ ਵੀ ਪੱਕਾ ਕੀਤਾ ਜਾਂਦਾ ਹੈ ਕਿ ਸਾਇੰਸਦਾਨ ਜੋ ਕੁਝ ਹਜਾਰਾਂ ਸਾਲਾਂ ਬਾਅਦ ਸੋਚਣਗੇ ਜਾਂ ਖੋਜਾਂ ਕਰਨਗੇ, ਉਹ ਵੀ ਸਾਡੇ ਧਰਮ ਗ੍ਰੰਥਾਂ ਵਿੱਚ ਹਜਾਰਾਂ ਸਾਲ ਪਹਿਲਾਂ ਲਿਖ ਦਿੱਤਾ ਗਿਆ ਸੀ? ਉਨ੍ਹਾਂ ਅਨੁਸਾਰ ਸਾਇੰਸਦਾਨ ਤੇ ਐਵੇਂ ਝੱਖ ਮਾਰਦੇ ਫਿਰਦੇ ਹਨ? ਕਈ ਵਾਰ ਤੇ ਸਾਇੰਸਦਾਨਾਂ ਦੀ ਅਨੇਕਾਂ ਸਾਲਾਂ ਦੀ ਮਿਹਨਤ ਨੂੰ ਇਹ ਕਹਿ ਕਿ ਨਕਾਰ ਦਿੱਤਾ ਜਾਂਦਾ ਹੈ ਕਿ ਇਹ ਤਾਂ ਸਾਡੇ ਗ੍ਰੰਥ ਵਿੱਚ ਪਹਿਲਾਂ ਹੀ ਲਿਖਿਆ ਹੋਇਆ ਸੀ? ਪਰ ਕੋਈ ਸ਼ਰਧਾਲੂ ਇਨ੍ਹਾਂ ਪੁਜਾਰੀਆਂ ਨੂੰ ਇਹ ਪੁੱਛਣ ਦੀ ਕਦੇ ਜ਼ੁਰਅਤ ਨਹੀਂ ਕਰ ਸਕਿਆ ਕਿ ਜੇ ਇਹ ਸਭ ਕੁਝ ਹਜ਼ਾਰਾਂ ਸਾਲ ਪਹਿਲਾਂ ਲਿਖਿਆ ਜਾ ਚੁੱਕਾ ਸੀ ਤਾਂ ਫਿਰ ਜੋ ਇਸ ਖੋਜ ਨਾਲ ਮਨੁੱਖਤਾ ਨੂੰ ਲਾਭ ਹੁਣ ਹੋਣਾ ਸ਼ੁਰੂ ਹੋਇਆ ਹੈ, ਉਹ ਤੁਸੀਂ ਹਜਾਰਾਂ ਸਾਲ ਪਹਿਲਾਂ ਕਿਉਂ ਨਹੀਂ ਦਿੱਤਾ? ਪਰ ਨਹੀਂ, ਸਾਨੂੰ ਤੇ ਵਾਰ ਵਾਰ ਇਹੀ ਮੁਹਾਰਨੀ ਪੜ੍ਹਾਈ ਜਾਂਦੀ ਹੈ ਕਿ ਇਹ ਸਭ ਕੁਝ ਸਾਡੇ ਰਹਿਬਰਾਂ, ਗੁਰੂਆਂ, ਪੀਰਾਂ, ਪੈਗੰਬਰਾਂ ਨੂੰ ਰੱਬ ਵਲੋਂ ਮਿਲੇ ਸਿੱਧੇ, ਨਿਰੋਲ ਤੇ ਖਾਲਸ ਗਿਆਨ ਰਾਹੀਂ ਬੋਲ ਕਿ ਕਹਿ ਦਿੱਤਾ ਗਿਆ ਸੀ, ਗ੍ਰੰਥਾਂ ਵਿੱਚ ਲਿਖ ਦਿੱਤਾ ਗਿਆ ਸੀ, ਸਾਡੀ ਮਰਿਯਾਦਾ ਰਾਹੀਂ ਪਰਗਟ ਕਰ ਦਿੱਤਾ ਗਿਆ ਸੀ, ਉਸ ਰੱਬੀ ਗਿਆਨ ਨੂੰ ਤੁਸੀਂ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਸੱਚੋ-ਸੱਚ ਤੇ ਆਖਰੀ ਗਿਆਨ ਸਮਝ ਕੇ, ਅੱਖਾਂ ਮੀਟ ਕੇ ਮੰਨ ਲਵੋ। ਜੋ ਵਿਅਕਤੀ ਸ਼ਰਧਾ ਨਾਲ, ਅੱਖਾਂ ਮੀਟ ਕੇ, ਸਿਰ ਸੁੱਟ ਕੇ, ਬਿਨਾਂ ਕਿਸੇ ਕਿੰਤੂ ਪ੍ਰੰਤੂ, ਸੁਆਲ ਜੁਆਬ ਦੇ ਮੰਨਦਾ ਹੈ, ਉਸ ਉਪਰ ਹੀ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ ਤੇ ਉਸਦੀਆਂ ਸਭ ਪਾਸੇ ਪੌਂ ਬਾਰਾਂ ਹੁੰਦੀਆਂ ਹਨ। ਉਸ ਉਪਰ ਹੀ ਰੱਬੀ ਬਖਸ਼ਿਸ਼ਾਂ ਦੀ ਬਾਰਸ਼ ਹੁੰਦੀ ਹੈ। ਨੌਂ ਨਿਧੀਆਂ ਤੇ ਬਾਰਾਂ ਸਿੱਧੀਆਂ ਉਸਦੇ ਅੱਗੇ ਪਿਛੇ ਦਾਸੀਆਂ ਬਣ ਕੇ ਭੱਜੀਆਂ ਫਿਰਦੀਆਂ ਹਨ। ਸ਼ਰਧਾਲੂ ਮਨੁੱਖ ਪੁਜਾਰੀ ਦੇ ਇਸ ਲੁਭਾਵਣੇ ਮਾਇਆ ਜਾਲ ਵਿੱਚ ਫਸਿਆ ਸਾਰੀ ਉਮਰ ਸਾਰੀ ਸ੍ਰਿਸ਼ਟੀ ਨੂੰ ਰੱਬ ਦਾ ਘਰ ਸਮਝਣ ਦੀ ਥਾਂ ਪੁਜਾਰੀਆਂ ਦੀਆਂ ਧਰਮ ਦੇ ਨਾਮ ਤੇ ਬਣਾਈਆਂ ਦੁਕਾਨਾਂ (ਧਰਮ ਅਸਥਾਨਾਂ) ਤੇ ਮੱਥੇ ਰਗੜਦਾ ਹੈ, ਪੁਜਾਰੀ ਦੇ ਬਣਾਏ ਕਰਾਮਾਤੀ ਪਾਣੀ ਦੇ ਸਰੋਵਰਾਂ ਵਿੱਚ ਆਪਣੇ ਪਾਪ ਲਾਹੁਣ ਜਾਂ ਮਨੋ ਇੱਛਤ ਫਲ ਪਾਉਣ ਲਈ ਸ਼ਰਧਾ ਨਾਲ ਖਾਸ ਮੌਕਿਆਂ ਤੇ ਇਸ਼ਨਾਨ ਕਰਦਾ ਹੈ, ਪੁਜਾਰੀਆਂ ਵਲੋਂ ਸ਼ਹੀਦਾਂ, ਪੀਰਾਂ, ਗੁਰੂਆਂ, ਪੈਗੰਬਰਾਂ ਦੇ ਨਾਮ ਤੇ ਬਣਾਏ ਕਰਾਮਾਤੀ ਧਰਮ ਅਸਥਾਨਾਂ, ਮੂਰਤੀਆਂ ਅੱਗੇ ਆਪਣੀਆਂ ਮਨੋ ਕਾਮਨਾਵਾਂ ਦੀ ਪੂਰਤੀ ਲਈ ਬੜੀ ਸ਼ਰਧਾ ਨਾਲ ਪੁਜਾਰੀ ਦੀ ਦੱਸੀ ਮਰਿਯਾਦਾ ਅਨੁਸਾਰ ਵਿਧੀ ਵਾਲੇ ਮੰਤਰ ਪਾਠ ਕਰਾਉਂਦਾ ਹੈ, ਸੁੱਖਣਾ ਸੁੱਖਦਾ ਹੈ, ਸੋਨੇ ਚੜ੍ਹਾਉਂਦਾ ਹੈ, ਗਰੀਬਾਂ ਨੂੰ ਦਾਨ ਦਿੰਦਾ ਹੈ ਤਾਂ ਕਿ ਰੱਬ ਉਸਨੂੰ ਖੁਸ਼ੀਆਂ ਬਖਸ਼ੇ, ਦੁੱਖ ਦਲਿਦਰ ਦੂਰ ਕਰੇ, ਉਸਦੀ ਕਮਾਈ ਵਿੱਚ ਬਰਕਤ ਪਾਵੇ, ਉਸਨੂੰ ਇਸ ਦਾਨ ਬਦਲੇ ਲੱਖਾਂ ਗੁਣਾਂ ਵੱਧ ਮਿਲੇ। ਉਸਨੂੰ ਕਦੇ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਹੋਵੇ।

ਨਕਲੀ ਧਰਮਾਂ ਦੀ ਇਸ ਲੇਖ ਲੜੀ ਦੇ ਹਥਲੇ ਲੇਖ ਵਿੱਚ ਅਸੀਂ ਹੀਣ ਭਾਵਨਾ ਅਧਾਰਿਤ ਨਕਲੀ ਧਰਮ ਦੀ ਚਰਚਾ ਕਰਾਂਗੇ ਕਿਉਂਕਿ ਨਕਲੀ ਧਰਮਾਂ ਵਿੱਚ ਸ਼ਰਧਾਲੂ ਨੂੰ ਅੰਧ ਵਿਸ਼ਵਾਸ਼ੀ ਬਣਾਈ ਰੱਖਣ ਲਈ ਉਸ ਵਿੱਚ ਹੀਣ ਭਾਵਨਾ, ਆਤਮ ਗਿਲਾਨੀ, ਆਪਣੇ ਆਪ ਨੂੰ ਪਾਪੀ ਸਮਝਣ ਦੀ ਭਾਵਨਾ ਆਦਿ ਦਾ ਅਹਿਸਾਸ ਪੈਦਾ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਮਾਨਸਿਕ ਤੌਰ 'ਤੇ ਬਲਵਾਨ ਤੇ ਆਤਮ ਵਿਸ਼ਵਾਸ਼ੀ ਵਿਅਕਤੀ ਨੂੰ ਬਹੁਤਾ ਚਿਰ ਮੂਰਖ ਬਣਾ ਕੇ ਰੱਖਣਾ ਸੌਖਾ ਨਹੀਂ ਹੁੰਦਾ। ਜਿਸ ਤਰ੍ਹਾਂ ਇਸ ਲੇਖ ਲੜੀ ਵਿੱਚ ਪਹਿਲਾਂ ਵੀ ਕਈ ਵਾਰ ਜ਼ਿਕਰ ਆਇਆ ਹੈ ਕਿ ਤਕਰੀਬਨ ਸਾਰੇ ਜਥੇਬੰਧਕ ਧਰਮ ਡਰ, ਲਾਲਚ ਤੇ ਸ਼ਰਧਾ ਰੂਪੀ ਤਿੰਨ ਪਿੱਲਰਾਂ ਸਹਾਰੇ ਖੜੇ ਹਨ, ਜੇ ਇਨ੍ਹਾਂ ਤਿੰਨਾਂ ਵਿਚੋਂ ਇੱਕ ਵੀ ਕਮਜ਼ੋਰ ਹੁੰਦਾ ਹੈ ਤਾਂ ਧਰਮ ਮਹੱਲ ਦੀਆਂ ਨੀਹਾਂ ਹਿੱਲ ਜਾਂਦੀਆਂ ਹਨ। ਇਹੀ ਵਜ੍ਹਾ ਹੈ ਕਿ ਹਰ ਧਰਮ ਪੁਜਾਰੀ, ਹਰ ਹਾਲਤ ਵਿੱਚ ਮਨੁੱਖ ਅੰਦਰ ਰੱਬ ਜਾਂ ਗੈਬੀ ਸ਼ਕਤੀਆਂ ਦਾ ਡਰ ਪਾ ਕੇ ਰੱਖਣ ਦੇ ਨਾਲ-ਨਾਲ, ਇਨ੍ਹਾਂ ਗੈਬੀ ਸ਼ਕਤੀਆਂ ਤੋਂ ਮਿਲਣ ਵਾਲੇ ਲਾਭ ਦਾ ਲਾਲਚ ਪਾਈ ਰੱਖਦਾ ਹੈ। ਮਨੁੱਖ ਵਿੱਚ ਡਰ ਤੇ ਲਾਲਚ ਦੀ ਬਿਰਤੀ ਕਾਇਮ ਰੱਖਣ ਲਈ ਫਿਰ ਪੁਜਾਰੀ ਸ਼ਰਧਾ ਦਾ ਸਹਾਰਾ ਲੈਂਦਾ ਹੈ। ਉਹ ਇਹ ਹਮੇਸ਼ਾਂ ਯਕੀਨੀ ਬਣਾ ਕੇ ਰੱਖਦਾ ਹੈ ਕਿ ਸ਼ਰਧਾਲੂ ਅੱਖਾਂ ਮੀਟ ਕੇ, ਸਿਰ ਸੁੱਟ ਕੇ ਤੁਰਿਆ ਰਹੇ। ਉਹ ਇਹ ਯਕੀਨ ਕਰੀ ਰੱਖੇ ਕਿ ਜੋ ਧਰਮ ਗ੍ਰੰਥਾਂ ਵਿੱਚ ਲਿਖਿਆ ਜਾ ਚੁੱਕਾ ਹੈ ਤੇ ਮਰਿਯਾਦਾ ਰੂਪ ਵਿੱਚ ਪ੍ਰਚਲਤ ਹੈ, ਉਹ ਆਖਰੀ ਸੱਚ ਹੈ, ਉਸਤੇ ਕਿਸੇ ਕਿੰਤੂ ਪ੍ਰੰਤੂ, ਸੁਆਲ-ਜੁਆਬ, ਵਿਚਾਰ ਚਰਚਾ ਦੀ ਕੋਈ ਗੁੰਜ਼ਾਇਸ਼ ਨਹੀਂ ਕਿਉਂਕਿ ਇਹ ਸਭ ਰੱਬੀ ਗਿਆਨ ਹੈ, ਜੋ ਸਿੱਧਾ ਰੱਬ ਤੋਂ ਸਾਡੇ ਕੋਲ ਆਇਆ ਹੈ। ਇਹ ਸਾਰਾ ਅਡੰਬਰ ਇਸ ਲਈ ਕੀਤਾ ਜਾਂਦਾ ਹੈ ਕਿ ਤਾਂ ਕਿ ਸ਼ਰਧਾਲੂ ਮਾਨਸਿਕ ਤੌਰ 'ਤੇ ਬਲਵਾਨ ਨਾ ਹੋ ਸਕੇ। ਧਰਮ ਬਾਰੇ ਉਹ ਆਪਣੀ ਸੋਚ ਸਮਝ ਅਨੁਸਾਰ ਫੈਸਲਾ ਨਾ ਲੈ ਸਕੇ। ਉਸਦਾ ਆਤਮ ਵਿਸ਼ਵਾਸ਼ ਹਮੇਸ਼ਾਂ ਲਈ ਖਤਮ ਹੋ ਜਾਵੇ, ਜੇ ਲੋੜ ਪਵੇ ਤਾਂ ਧਰਮ ਲਈ ਆਪਣੀ ਜਾਨ ਤੱਕ ਦੇਣ ਲਈ ਤਿਆਰ ਰਹੇ। ਉਹ ਆਤਮ ਗਿਲਾਨੀ ਨਾਲ ਭਰਿਆ ਹਮੇਸ਼ਾਂ ਆਪਣੇ ਇਸਟ ਅੱਗੇ ਜੋੜੀ ਖੜਾ ਰਹੇ। ਉਹ ਆਪਣੇ ਆਪ ਨੂੰ ਪਿਛਲੇ ਜਨਮਾਂ ਦੇ ਕਰਮਾਂ ਦੇ ਪਾਪ ਭੋਗਦਾ ਸਮਝਦਾ ਰਹੇ ਤੇ ਸਮੇਂ ਦੇ ਹਾਕਮਾਂ ਵਲੋਂ ਖੜੇ ਕੀਤੇ ਪੱਖਪਾਤੀ, ਵਿਤਕਰਿਆਂ ਤੇ ਅਨਿਆਂ ਭਰਪੂਰ ਸਿਸਟਮ ਵਿਰੁੱਧ ਲੜਨ ਦੀ ਜ਼ੁਰਅਤ ਨਾ ਕਰ ਸਕੇ। ਉਹ ਹੀਣ ਭਾਵਨਾ ਤੇ ਆਤਮ ਗਿਲਾਨੀ ਦਾ ਜੀਵਨ ਜੀਣਾ ਸਿੱਖ ਲਵੇ। ਉਸਨੂੰ ਹਮੇਸ਼ਾਂ ਇਹ ਅਹਿਸਾਸ ਹੋਵੇ ਕਿ ਉਹ ਕੁਝ ਵੀ ਕਰਨ ਦੇ ਸਮਰੱਥ ਨਹੀਂ। ਉਸਦੇ ਹੱਥ ਪੱਲੇ ਕੁਝ ਵੀ ਨਹੀਂ ਹੈ? ਉਹ ਉਸ ਐਕਟਰ ਵਾਂਗ ਹੈ, ਜੋ ਸਾਹਮਣੇ ਪਰਦੇ ਤੇ ਚਲਦੀ ਆਪੇ ਬਣਾਈ ਫਿਲਮ, ਆਪ ਹੀ ਦੇਖ ਰਿਹਾ ਹੈ। ਇਸ ਧਰਤੀ ਤੇ ਜਨਮ ਲੈਣ ਸਮੇਂ ਹੀ ਉਸਦਾ ਰੋਲ ਖਤਮ ਹੋ ਜਾਂਦਾ ਹੈ, ਉਹ ਇੱਕ ਦਰਸ਼ਕ ਵਾਂਗ ਆਪਣੇ ਜੀਵਨ ਦੀ ਖੇਡ ਸਿਰਫ ਦੇਖ ਹੀ ਸਕਦਾ ਹੈ। ਉਸਦਾ ਰੋਲ ਖਤਮ ਹੋ ਚੁੱਕਾ ਹੈ, ਉਹ ਆਪਣਾ ਰੋਲ ਪਹਿਲਾਂ ਹੀ ਨਿਭਾਅ ਚੁੱਕਾ ਹੈ? ਉਸਦੇ ਨਾ ਪਹਿਲਾਂ ਕੁਝ ਹੱਥ ਵਿੱਚ ਸੀ ਤੇ ਨਾ ਹੀ ਹੁਣ ਕੁਝ ਹੱਥ ਹੈ? ਹੁਣ ਜ਼ਿੰਦਗੀ ਦੀ ਇਸ ਸ੍ਰਿਸ਼ਟੀ ਵਿੱਚ ਚੱਲ ਰਹੀ ਖੇਡ ਵਿੱਚ ਜੇ ਕੁਝ ਹੋ ਸਕਦਾ ਹੈ, ਕੁਝ ਬਦਲ ਸਕਦਾ ਹੈ ਤਾਂ ਫਿਰ ਮਨੁੱਖ ਕੋਲ ਇੱਕ ਹੀ ਰਸਤਾ ਹੈ ਕਿ ਉਹ ਪੁਜਾਰੀਆਂ ਦੇ ਰੱਬ ਅੱਗੇ ਆਪਾ ਸਮਰਪਨ ਕਰ ਦੇਵੇ ਜਾਂ ਰੱਬ ਦੇ ਵਿਚੋਲੇ ਪੁਜਾਰੀਆਂ ਦੀ ਦੱਸੀ ਮਰਿਯਾਦਾ ਅਨੁਸਾਰ ਪੂਜਾ-ਪਾਠ, ਭਜਨ-ਬੰਦਗੀ, ਸੇਵਾ-ਸਿਮਰਨ, ਦਾਨ-ਦੱਸ਼ਣਾ ਆਦਿ ਨਾਲ ਹੀ ਸੰਭਵ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੁਜਾਰੀ ਮਨੁੱਖ ਅੰਦਰ ਬਚਪਨ ਤੋਂ ਡਰ, ਲਾਲਚ, ਕਰਾਮਾਤ, ਸ਼ਰਧਾ, ਪੁੰਨ-ਪਾਪ, ਵਿਸ਼ਵਾਸ਼, ਅੰਧ-ਵਿਸ਼ਵਾਸ਼, ਜੰਤਰ-ਮੰਤਰ, ਵਹਿਮ-ਭਰਮ, ਅਰਦਾਸ ਆਦਿ ਦੇ ਬੀਜ ਬੀਜਦਾ ਹੈ। ਜਿਨ੍ਹਾਂ ਨੂੰ ਉਸਦੇ ਮਾਪੇ ਉਸਦੇ ਹੋਸ਼ ਸੰਭਾਲਣ ਤੱਕ, ਪੂਜਾ-ਪਾਠ ਦਾ ਪਾਣੀ ਦਿੰਦੇ ਹਨ। ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਜਦੋਂ ਵਿਅਕਤੀ ਬਚਪਨ ਵਿਚੋਂ ਨਿਕਲ ਕੇ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਕਰਨ ਦੀ ਉਮਰ ਤੇ ਪਹੁੰਚਦਾ ਹੈ ਤਾਂ ਉਸਦੀ ਇਤਨੀ ਕੰਡੀਸ਼ਨਿੰਗ ਹੋ ਚੁੱਕੀ ਹੁੰਦੀ ਹੈ ਕਿ ਉਹ ਧਰਮ ਬਾਰੇ ਕੁਝ ਸੋਚਣ ਸਮਝਣ ਦੀ ਥਾਂ ਉਹੀ ਪਾਠ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੰਦਾ ਹੈ। ਜਿਸ ਨਾਲ ਵਿਅਕਤੀ ਬਚਪਨ ਤੋਂ ਮਿਲੀ ਗੁੜ੍ਹਤੀ ਨਾਲ ਇਤਨੀ ਹੀਣ ਭਾਵਨਾ ਦਾ ਸ਼ਿਕਾਰ ਹੁੰਦਾ ਹੈ ਕਿ ਉਹ ਧਰਮ ਦੇ ਮਾਮਲੇ ਵਿੱਚ ਕਦੇ ਵੀ ਆਜ਼ਾਦ ਹੋ ਕੇ ਸੋਚਣ ਦੇ ਸਮਰੱਥ ਨਹੀਂ ਰਹਿੰਦਾ। ਜੇ ਕਦੇ ਉਹ ਥੋੜਾ ਬਹੁਤ ਸੋਚਦਾ ਹੈ, ਉਸਦੇ ਮਨ ਅੰਦਰ ਗਲਤ ਧਾਰਨਾਵਾਂ ਵਿਰੁੱਧ ਸੰਘਰਸ਼ ਚਲਦਾ ਹੈ, ਪਰ ਬਾਹਰ, ਪਰਿਵਾਰ ਜਾਂ ਸਮਾਜ ਦੇ ਡਰ ਜਾਂ ਪ੍ਰੈਸ਼ਰ ਅਧੀਨ ਚੁੱਪ ਕਰਕੇ ਬੈਠ ਜਾਂਦਾ ਹੈ, ਉਹ ਸੋਚਦਾ ਹੈ ਕਿ ਧਰਮ ਪੁਜਾਰੀ ਤੇ ਸਮਾਜ ਦੇ ਬੰਧਨ ਇਤਨੇ ਮਜਬੂਤ ਹਨ ਕਿ ਇਨ੍ਹਾਂ ਨੂੰ ਤੋੜਨਾ ਜਾਂ ਬਦਲਨਾ ਜਾਂ ਇਨ੍ਹਾਂ ਬਾਰੇ ਚਰਚਾ ਕਰਨੀ ਵੀ ਉਸਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਇਸ ਤਰ੍ਹਾਂ ਫਿਰ ਉਹ ਜਾਂ ਤੇ ਭੀੜ ਦਾ ਹਿੱਸਾ ਬਣ ਜਾਂਦਾ ਹੈ ਤੇ ਜਾਂ ਫਿਰ ਬਗਾਬਤ ਕਰ ਕੇ ਪਾਸੇ ਹੋ ਜਾਂਦਾ ਹੈ। ਪੁਜਾਰੀਆਂ ਨੂੰ ਦੋਨੇ ਪਾਸੇ ਲਾਭ ਹੈ। ਮਨੁੱਖ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂ ਬਣ ਕੇ ਤੁਰ ਪੈਣ ਨਾਲ ਉਸ ਨੂੰ ਸਿੱਧਾ ਲਾਭ ਹੈ ਤੇ ਦੂਜੇ ਪਾਸੇ ਬਗਾਵਤ ਕਰਨ ਨਾਲ ਉਸਤੇ ਨਾਸਤਿਕ ਜਾਂ ਧਰਮ ਵਿਰੋਧੀ ਹੋਣ ਦਾ ਲੇਬਲ ਲਾ ਕੇ ਲਾਂਭੇ ਕਰ ਦਿੰਦਾ ਹੈ। ਜਿਸ ਨਾਲ ਧਰਮ ਵਿਰੁੱਧ ਕੋਈ ਵੀ ਬਗਾਬਤ ਸਫਲ ਨਹੀਂ ਹੁੰਦੀ। ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿਚ ਬਹੁਤ ਥੋੜੇ ਵਿਅਕਤੀ ਅਜਿਹੇ ਹੋਏ ਹਨ, ਜੋ ਨਾ ਤੇ ਪੁਜਾਰੀ ਅੱਗੇ ਝੁਕੇ ਅਤੇ ਨਾ ਹੀ ਬਗਾਬਤ ਕਰਕੇ ਲਾਂਭੇ ਹੋਏ, ਸਗੋਂ ਧਰਮ ਤੇ ਸਮਾਜ ਵਿਚ ਰਹਿ ਕੇ ਸੱਚ ਦੇ ਰਾਹ ਦਸੇਰੇ ਬਣੇ। ਉਨ੍ਹਾਂ ਵਿਅਕਤੀਆਂ ਨੂੰ ਹੀ ਇਤਿਹਾਸ ਵਿਚ ਗੁਰੂ ਜਾਂ ਪੈਗੰਬਰੀ ਪੁਰਸ਼ ਕਿਹਾ ਗਿਆ। ਪਰ ਸਮੇਂ ਨਾਲ ਉਨ੍ਹਾਂ ਨਾਲ ਵੀ ਅਜਿਹਾ ਭਾਣਾ ਵਾਪਰਦਾ ਰਿਹਾ ਹੈ ਕਿ ਉਨ੍ਹਾਂ ਦੇ ਇਸ ਜਹਾਨ ਤੋਂ ਤੁਰ ਜਾਣ ਬਾਅਦ, ਉਨ੍ਹਾਂ ਨਾਲ ਤੁਰੇ ਲੋਕਾਂ ਨੂੰ ਪੁਜਾਰੀ ਫਿਰ ਨਵੇਂ ਰੂਪ ਵਿਚ ਆ ਕੇ ਗੁੰਮਰਾਹ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਤੇ ਧਰਮ ਰੂਪੀ ਇਕ ਹੋਰ ਨਵਾਂ ਫਿਰਕਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਕੁਝ ਸਮੇਂ ਬਾਅਦ ਮਨੁੱਖ ਫਿਰ ਉਸੇ ਥਾਂ ਪਹੁੰਚਾ ਦਿੱਤਾ ਜਾਂਦਾ ਹੈ, ਜਿੱਥੋਂ ਕੱਢਣ ਲਈ ਪੈਗੰਬਰੀ ਪੁਰਸ਼ ਸਾਰੀ ਉਮਰ ਸੰਘਰਸ਼ ਕਰਦੇ ਰਹੇ ਸਨ। ਇਹੀ ਕੁਝ ਪਿਛਲੇ 5-6 ਹਜ਼ਾਰ ਸਾਲ ਤੋਂ ਵਾਪਰ ਰਿਹਾ ਹੈ। ਇਹੀ ਵਜ੍ਹਾ ਹੈ ਕਿ ਵੱਖ ਵੱਖ ਸਮੇਂ ਵੱਖ-ਵੱਖ ਧਰਮਾਂ ਵਿਚ ਪੈਦਾ ਹੋਏ ਇਨਕਲਾਬੀ ਮਹਾਂਪੁਰਸ਼ਾਂ ਦਾ ਸੰਦੇਸ਼ ਕੁਝ ਕੁ ਲੋਕਾਂ ਨੂੰ ਥੋੜੇ ਸਮੇਂ ਲਈ ਪ੍ਰਭਾਵਤ ਕਰ ਸਕਿਆ। ਸਮਾਂ ਪਾ ਕੇ ਸਮਾਜ ਉੱਥੇ ਹੀ ਵਾਪਸ ਜਾ ਖੜਦਾ ਹੈ। ਅੱਜ ਧਰਮ ਦੇ ਨਾਂ ਤੇ ਪੁਜਾਰੀਆਂ ਦੇ ਬਣਾਏ ਹੋਏ ਵੱਖ-ਵੱਖ ਜਥੇਬੰਦਕ ਫਿਰਕੇ ਪਹਿਲੇ ਸਮਿਆਂ ਨਾਲੋਂ ਵੱਧ ਜਥੇਬੰਦ ਹਨ, ਉਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਦੀ ਸ਼ਹਿ ਦੇ ਨਾਲ-ਨਾਲ ਸੰਵਿਧਾਨਕ ਮਾਨਤਾ ਵੀ ਮਿਲ ਚੁੱਕੀ ਹੈ। ਉਨ੍ਹਾਂ ਦੇ ਸਾਰੇ ਹੱਕ ਹੁਣ ਸੰਵਿਧਾਨਾਂ ਵਿੱਚ ਮਹਿਫੂਜ਼ ਹਨ। ਪਹਿਲੇ ਸਮਿਆਂ ਦੇ ਮੁਕਾਬਲੇ ਅੱਜ ਮਨੁੱਖੀ ਅਧਿਕਾਰਾਂ ਜਾਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਮ ਤੇ ਪੁਜਾਰੀ ਕੋਈ ਵੀ ਫਿਰਕਿਆਂ ਵਿਰੋਧੀ ਅਵਾਜ ਆਸਾਨੀ ਨਾਲ ਦਬਾ ਸਕਦੇ ਹਨ। ਜਿਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਆਮ ਵਿਅਕਤੀ ਜਾਂ ਤੇ ਧਰਮ ਨੂੰ ਛੱਡ ਕੇ ਪਾਸੇ ਹੋ ਰਿਹਾ ਹੈ ਜਾਂ ਫਿਰ ਦੀਨ ਬਣ ਕੇ ਮੰਨਣ ਵਿਚ ਹੀ ਆਪਣਾ ਭਲਾ ਸਮਝਦਾ ਹੈ। ਪਿਛਲੇ ਸਮੇਂ ਵਿਚ ਵੱਖ-ਵੱਖ ਦੇਸ਼ਾਂ ਦੇ ਮਰਦਮਸ਼ੁਮਾਰੀ ਅੰਕੜਿਆਂ ਵਿਚ ਹਰ ਦੇਸ਼ ਵਿਚ ਵੱਡੀ ਗਿਣਤੀ ਲੋਕ ਆਪਣਾ ਕੋਈ ਧਰਮ ਨਹੀਂ ਲਿਖਾਉਂਦੇ। ਭਾਵੇਂ ਕਿ ਉਨ੍ਹਾਂ ਵਿਚੋਂ ਬਹੁਤ ਆਪਣੇ ਆਪ ਨੂੰ ਨਾਸਤਿਕ ਵੀ ਨਹੀਂ ਅਖਵਾਉਂਦੇ। ਜਿਸ ਦਾ ਭਾਵ ਹੈ ਕਿ ਉਨ੍ਹਾਂ ਨੂੰ ਪੁਜਾਰੀਆਂ ਵਲੋਂ ਮਾਨਸਿਕ ਤੌਰ 'ਤੇ ਇਤਨੇ ਹੀਣੇ ਬਣਾ ਦਿੱਤਾ ਗਿਆ ਹੈ ਕਿ ਉਨ੍ਹਾਂ ਵਿਚ ਧਰਮ ਦੇ ਨਾਂ ਤੇ ਮਨੁੱਖ ਦੇ ਸਰੀਰਕ, ਮਾਨਸਿਕ, ਆਰਥਿਕ, ਸਮਾਜਿਕ, ਰਾਜਨੀਤਕ ਸੋਸ਼ਣ ਖਿਲਾਫ ਲੜਨ ਦੀ ਸਮਰੱਥਾ ਤੇ ਨਹੀਂ ਸੀ, ਪਰ ਉਹ ਸਮਾਜ ਵਿਚ ਰਹਿ ਕੇ ਲੜਨ ਦੀ ਥਾਂ ਪਾਸੇ ਹੋ ਗਏ। ਜਿਹੜੇ ਕੁਝ ਲੋਕ ਬੌਧਿਕ ਤੌਰ 'ਤੇ ਲੜਨ ਦੇ ਸਮਰੱਥ ਸਨ, ਉਹ ਬਗਾਵਤ ਕਰਕੇ ਨਾਸਤਿਕ ਹੋ ਗਏ। ਜਿਸ ਨਾਲ ਅੱਜ ਦੇ ਮਨੁੱਖ ਦਾ ਧਰਮ ਦੇ ਨਾਂ ਤੇ ਵੱਡੀ ਪੱਧਰ ਤੇ ਸੋਸ਼ਣ ਹੋ ਰਿਹਾ ਹੈ। ਅੱਜ ਹਰ ਜਥੇਬੰਦਕ ਧਰਮ ਇੱਕ ਵੱਡਾ ਬਿਜਨੈਸ ਬਣ ਚੁੱਕਾ ਹੈ।

ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਧਰਮ ਮਨੁੱਖ ਨੂੰ ਹੀਣ ਕਿਉਂ ਬਣਾਉਂਦਾ ਹੈ ਤੇ ਮਨੁੱਖ ਹੀਣ ਕਿਉਂ ਬਣਦਾ ਹੈ? ਜੇ ਅਸੀਂ ਇਹ ਗੱਲ ਸਮਝ ਲਈਏ ਤਾਂ ਨਾ ਸਿਰਫ ਅਸੀਂ ਆਪ ਧਰਮ ਦੇ ਨਾਮ ਤੇ ਹੋ ਰਹੇ ਸੋਸ਼ਣ ਤੋਂ ਬਚ ਸਕਦੇ ਹਾਂ, ਸਗੋਂ ਹੋਰਨਾਂ ਨੂੰ ਵੀ ਬਚਾ ਸਕਦੇ ਹਾਂ। ਮਨੁੱਖੀ ਮਨ ਦੀਆਂ ਵੱਡੀਆਂ ਕੁਦਰਤੀ ਕਮਜ਼ੋਰੀਆਂ ਲੋਭ, ਮੋਹ, ਹੰਕਾਰ, ਕਾਮ, ਕ੍ਰੋਧ, ਡਰ, ਈਰਖਾ, ਨਫਰਤ ਆਦਿ ਨੂੰ ਪੁਜਾਰੀ ਇਸ ਢੰਗ ਨਾਲ ਵਰਤਦਾ ਹੈ ਕਿ ਸ਼ਰਧਾਲੂ ਨੂੰ ਬਾਹਰੀ ਤੌਰ ਤੇ ਇਸ ਤਰ੍ਹਾਂ ਲਗਦਾ ਹੈ ਕਿ ਜਿਸ ਤਰ੍ਹਾਂ ਮਨੁੱਖ ਨੂੰ ਇਨ੍ਹਾਂ ਤੋਂ ਬਚਾ ਕੇ ਉਸ ਨੂੰ ਚੰਗਾ ਇਨਸਾਨ ਬਣਾਉਣ ਦੇ ਰਾਹ ਤੋਰਿਆ ਜਾ ਰਿਹਾ ਹੈ, ਪਰ ਅਸਲ ਵਿੱਚ ਉਹ ਬੜੇ ਤਰੀਕੇ ਨਾਲ ਮਨੁੱਖ ਨੂੰ ਇਨ੍ਹਾਂ ਦੀ ਦਲਦਲ ਵਿਚ ਫਸਾਈ ਤੁਰਿਆ ਜਾਂਦਾ ਹੈ। ਜਿਸ ਤਰ੍ਹਾਂ ਕਿ ਉਹ ਰੱਬੀ ਨਿਯਮਾਂ ਦੀ ਅਟੱਲ ਸਚਾਈ ਦੱਸ ਕੇ ਵਿਅਕਤੀ ਨੂੰ ਕੁਦਰਤ ਦੇ ਨਿਯਮਾਂ ਵਿਚ ਰਹਿਣ ਜੀਵਨ ਜਾਚ ਦੱਸਣ ਦੀ ਥਾਂ ਮਨੁੱਖ ਅੰਦਰ ਕੁਦਰਤ ਦੀਆਂ ਗੈਬੀ ਸ਼ਕਤੀਆਂ, ਭੂਤਾਂ-ਪ੍ਰੇਤਾਂ, ਭੈੜੀਆਂ ਰੂਹਾਂ, ਜਾਦੂ ਟੂਣਿਆਂ, ਜੰਤਰਾਂ ਮੰਤਰਾਂ ਦਾ ਡਰ ਪਾਉਂਦਾ ਹੈ ਤੇ ਫਿਰ ਇਨ੍ਹਾਂ ਤੋਂ ਬਚਣ ਦੇ ਉਪਾਅ ਦੱਸਦਾ ਹੈ। ਇਸੇ ਤਰ੍ਹਾਂ ਮਨੁੱਖ ਨੂੰ ਇਹ ਦੱਸਣ ਦੀ ਥਾਂ ਕਿ ਦੁਨਿਆਵੀ ਵਸਤਾਂ ਪ੍ਰਾਪਤੀ ਜਾਂ ਦੁਨਿਆਵੀ ਤਰੱਕੀ ਕੁਦਰਤ ਦੇ ਨਿਯਮਾਂ ਅਨੁਸਾਰ ਮਿਹਨਤ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਦੀ ਥਾਂ ਉਸ ਨੂੰ ਰੱਬ ਅੱਗੇ ਅਰਦਾਸਾਂ ਕਰਨ ਜਾਂ ਪੂਜਾ ਪਾਠ ਕਰਨ ਦੇ ਤਰੀਕੇ ਦੱਸਦਾ ਹੈ। ਜਦਕਿ ਉਸਨੂੰ ਪਤਾ ਹੁੰਦਾ ਹੈ ਕਿ ਇਸ ਸ੍ਰਿਸ਼ਟੀ ਵਿੱਚ ਸਭ ਕੁਝ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਹੀ ਵਾਪਰਦਾ ਹੈ। ਇਸ ਤਰ੍ਹਾਂ ਹਰ ਪੁਜਾਰੀ, ਹਰ ਹੀਲੇ ਅਜਿਹੀ ਸਿੱਖਿਆ

ਦਿੰਦਾ ਹੈ ਕਿ ਸ਼ਰਧਾਲੂ ਮਾਨਸਿਕ, ਸਰੀਰਕ, ਸਮਾਜਿਕ, ਆਰਥਿਕ ਤੌਰ ਤੇ ਹੀਣਾ ਬਣਿਆ ਰਹੇ।

ਬੇਸ਼ੱਕ ਬਹੁਤ ਸਾਰੇ ਧਰਮ ਇਹ ਦਾਅਵੇ ਕਰਦੇ ਹਨ ਕਿ ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚ ਬਹੁਤ ਕੁਝ ਅਜਿਹਾ ਲਿਖਿਆ ਮਿਲਦਾ ਹੈ, ਜੋ ਮਨੁੱਖ ਦਾ ਮਾਨਸਿਕ ਵਿਕਾਸ ਕਰਕੇ ਉਸਨੂੰ ਇੱਕ ਉੱਚੇ ਆਦਰਸ਼ ਵਾਲਾ ਇਨਸਾਨ ਬਣਾਉਣ ਦੇ ਸਮਰੱਥ ਹੈ। ਪਰ ਉਸ ਸੱਚ ਤੱਕ ਪਹੁੰਚ ਕਿਸਦੀ ਹੈ? ਆਮ ਇਨਸਾਨ ਦੇ ਰਸਤੇ ਵਿਚ ਤਾਂ ਪੁਜਾਰੀ ਵੱਡੇ ਦੈਂਤ ਦਾ ਰੂਪ ਧਾਰੀ ਬੈਠਾ ਹੈ, ਜੋ ਉਸਨੂੰ ਮਾਨਸਿਕ ਤੌਰ ’ਤੇ ਰਸਤੇ ਵਿਚ ਹੀ ਖਾ ਜਾਂਦਾ ਹੈ। ਦੂਜਾ ਕਿਸੇ ਵੀ ਧਰਮ ਦੀ ਸੋਚ ਸਾਂਝੀਵਾਲਤਾ ਵਾਲੀ ਨਹੀਂ ਹੈ। ਉਨ੍ਹਾਂ ਦੀ ਸਾਂਝੀਵਾਲਤਾ ਦਾ ਮਤਲਬ ਹੈ ਕਿ ਤੁਸੀਂ ਆਪਣਾ ਫਿਰਕਾ ਛੱਡ ਕੇ ਸਾਡੇ ਫਿਰਕੇ ਦੇ ਅਨੁਯਾਈ ਬਣ ਜਾਉ। ਜੋ ਕਿ ਆਮ ਤੌਰ ’ਤੇ ਖੂਹ ਵਿਚੋਂ ਨਿਕਲ ਕੇ ਖੱਡੇ ਵਿੱਚ ਛਾਲ ਮਾਰਨ ਵਾਲੀ ਗੱਲ ਹੁੰਦੀ ਹੈ। ਜਾਂ ਫਿਰ ਪੁਜਾਰੀ ਕਹਿੰਦੇ ਹਨ ਕਿ ਜੇ ਤੁਸੀਂ ਸਾਡੇ ਫਿਰਕੇ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਤਾਂ ਕੋਈ ਗੱਲ ਨਹੀਂ, ਫਿਰ ਸਾਡੀ ਸਾਂਝੀਵਾਲਤਾ ਦਾ ਮਤਲਬ ਹੈ, ਤੁਸੀਂ ਆਪਣੇ ਫਿਰਕੇ ਦੀ ਦੁਕਾਨ ਤੇ ਸ਼ਰਧਾਲੂਆਂ ਨੂੰ ਲੁੱਟੋ ਤੇ ਅਸੀਂ ਆਪਣੀ ਤੇ ਲੁੱਟਦੇ ਹਾਂ। ਅਸੀਂ ਇੱਕ ਦੂਜੇ ਦੇ ਕੰਮਾਂ ਵਿਚ ਦਖਲ ਨਹੀਂ ਦੇਵਾਂਗੇ। ਜੇ ਤੁਸੀਂ ਦਖਲ ਦਿਉਗੇ ਤਾਂ ਸਾਡੀਆਂ ਧਾਰਮਿਕ ਭਾਵਨਾਵਾਂ ਭੜਕ ਸਕਦੀਆਂ ਹਨ। ਧਰਮ ਵਿਚ ਦਖਲ ਅੰਦਾਜ਼ੀ ਦਾ ਮਸਲਾ ਖੜ੍ਹਾ ਹੋ ਸਕਦਾ, ਧਰਮ ਨੂੰ ਖਤਰੇ ਦਾ ਰੌਲਾ ਪੈ ਸਕਦਾ ਹੈ। ਅੱਜ ਕਿਸੇ ਵੀ ਧਰਮ ਵਿੱਚ ਕਿਸੇ ਨਵੇਂ ਵਿਚਾਰ, ਕਿਸੇ ਨਵੀਂ ਸੋਚ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ। ਹਰ ਨਵੀਂ ਸੋਚ ਨੂੰ ਧਰਮ ਵਿਰੋਧੀ ਹੋਣ ਦਾ ਫਤਵਾ ਜਾਰੀ ਕਰ ਦਿੱਤਾ ਜਾਂਦਾ ਹੈ। ਅੱਜ ਦੇ ਜਥੇਬੰਦਕ ਧਰਮ ਉਤਨਾ ਚਿਰ ਕਾਇਮ ਰਹਿਣਗੇ ਜਾਂ ਆਪਣਾ ਫਿਰਕਾ ਕਾਇਮ ਰੱਖਣਗੇ, ਜਿੰਨਾ ਚਿਰ ਉਹ ਅਜਿਹੀ ਸੋਚ ਦੇ ਧਾਰਨੀ ਹਨ। ਜਿਸ ਦਿਨ ਉਹ ਸਾਂਝੀਵਾਲਤਾ ਦੀ ਗੱਲ ਕਰਨਗੇ ਜਾਂ ਫਿਰ ਉਨ੍ਹਾਂ ਨੂੰ ਸਾਰੇ ਵਿਅਕਤੀ ਰੱਬ ਦੇ ਬਣਾਏ ਇਨਸਾਨ ਦਿਸਣਗੇ, ਉਸ ਦਿਨ ਫਿਰਕਿਆਂ ਰੂਪੀ ਧਰਮ ਨਹੀਂ ਰਹਿਣਗੇ ਤੇ ਇਨਸਾਨੀਅਤ ਹੀ ਮਨੁੱਖਤਾ ਧਰਮ ਹੋਵੇਗਾ। ਅਜਿਹਾ ਪੁਜਾਰੀ ਕਦੇ ਨਹੀਂ ਚਾਹੁੰਦੇ। ਇਸ ਲਈ ਪੁਜਾਰੀਆਂ ਦਾ ਹਿੱਤ ਇਸ ਵਿੱਚ ਹੀ ਹੈ ਕਿ ਮਨੁੱਖ ਮਾਨਸਿਕ ਤੌਰ ਤੇ ਹੀਣੇ ਅਤੇ ਕਮਜ਼ੋਰ ਬਣੇ ਰਹਿਣ। ਉਹ ਚਾਹੁੰਦੇ ਹਨ ਕਿ ਆਮ ਵਿਅਕਤੀ ਧਰਮ ਤੇ ਸਮਾਜ ਦੀਆਂ ਮਰਿਯਾਦਾਵਾਂ, ਪ੍ਰੰਪਰਾਵਾਂ, ਮਾਨਤਾਵਾਂ, ਬੰਧਨਾਂ ਦੇ ਸੰਗਲ ਆਪਣੇ ਗਲ ਵਿਚ ਪਾ ਕੇ ਰੱਖਣ। ਸ਼ਰਧਾਲੂ ਆਪਣੇ ਫਿਰਕੇ ਦੇ ਖੂੰਟੇ ਨਾਲ ਮਰਿਯਾਦਾ ਦੇ ਸੰਗਲ ਵਿਚ ਬੱਝਾ ਹੋਇਆ ਵੀ ਆਪਣੇ ਆਪ ਨੂੰ ਆਜ਼ਾਦ ਹੋਣ ਦਾ ਭਰਮ ਪਾਲਦਾ ਰਹੇ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਪੁਜਾਰੀਆਂ ਦੇ ਨਕਲੀ ਧਰਮਾਂ ਦੀ ਫਿਰਕਾਵਾਦੀ ਸੋਚ ਵਿਚੋਂ ਨਿਕਲ ਕੇ ਸਰਬੱਤ ਦੇ ਭਲੇ ਦੀ ਸੋਚ ਦੇ ਮਾਨਸਿਕ ਤੌਰ ’ਤੇ ਵਿਕਸਤ ਅਤੇ ਆਜ਼ਾਦ ਪੂਰਨ ਮਨੁੱਖ ਬਣਨਾ ਤਾਂ ਫਿਰ ਸਾਨੂੰ ਡਰ, ਲਾਲਚ ਤੇ ਸ਼ਰਧਾ ਦੇ ਸੰਗਲਾਂ ਵਿਚ ਜਕੜਨ ਵਾਲੇ ਇਨ੍ਹਾਂ ਨਕਲੀ ਧਰਮਾਂ ਨੂੰ ਛੱਡਣਾ ਪਵੇਗਾ। ਉਨ੍ਹਾਂ ਦੀਆਂ ਡਰ, ਲਾਲਚ, ਸ਼ਰਧਾ ਅਧਾਰਿਤ ਮਰਿਯਾਦਾਵਾਂ ਨੂੰ ਤੋੜਨਾ ਪਵੇਗਾ। ਰੱਬ ਦੇ ਨਾਮ ਤੇ ਫਿਰਕਿਆਂ ਰੂਪੀ ਸੋਚ ਨੂੰ ਨਕਾਰ ਕੇ ਸਰਬੱਤ ਦੇ ਭਲੇ ਦੀ ਸੋਚ ਅਪਨਾਉਣੀ ਪਵੇਗੀ। ਸਾਨੂੰ ਖੁੱਲ੍ਹੇ ਮਨ ਨਾਲ ਸਾਰੇ ਬੰਧਨਾਂ ਦੀ ਸੋਚ ਤੋਂ ਆਜ਼ਾਦ ਹੋ ਕੇ ਨਿਰਪੱਖਤਾ ਨਾਲ ਹਰ ਤਰ੍ਹਾਂ ਦੇ ਦੁਨਿਆਵੀ ਤੇ ਰੂਹਾਨੀ ਗਿਆਨ ਹਾਸਲ ਕਰਨੇ ਪੈਣਗੇ ਤਾਂ ਹੀ ਅਸੀਂ ਆਪਣੀ ਆਜ਼ਾਦ ਸੋਚ ਦੇ ਮਾਲਕ ਬਣ ਸਕਾਂਗੇ। ਇਨਸਾਨੀਅਤ ਵਿਚ ਵੰਡੀਆਂ ਪਾਉਣ ਵਾਲੀ ਹਰ ਸੋਚ ਨਕਾਰਨ ਯੋਗ ਹੈ। ਇਹ ਧਰਮ ਦੀ ਸੋਚ ਨਹੀਂ, ਨਾ ਹੀ ਇਹ ਪੈਗੰਬਰੀ ਸੋਚ ਹੈ। ਸਗੋਂ ਇਹ ਪੁਜਾਰੀਆਂ ਦੀ ਖੜ੍ਹੀ ਕੀਤੀ ਨਕਲੀ ਵਿਚਾਰਧਾਰਾ ਹੈ। ਉਹ ਸੋਚ ਹੀ ਅਸਲੀ ਧਾਰਮਿਕ ਸੋਚ ਹੈ, ਜੋ ਮਨੁੱਖ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਅਜਾਦ ਕਰਦੀ ਹੈ ਤੇ ਉਸ ਨੂੰ ਮਾਨਸਿਕ ਤੌਰ ਤੇ ਬਲਵਾਨ ਬਣਾਉਂਦੀ ਹੈ।

# ਖਿੱਚ ਲੈ ਪੰਜਾਬੀਆ, ਖਿੱਚ ਤਿਆਰੀ ਪੇਚਾ ਪੈ ਗਿਆ ਕੇਂਦਰ ਨਾਲ !

ਬੁੱਧ ਸਿੰਘ ਨੀਲੋਂ
9464370823

ਪਿਆਰ, ਜੰਗ ਤੇ ਸਿਆਸਤ ਵਿੱਚ ਕੋਈ ਕਿਸੇ ਦਾ ਪੱਕਾ ਦੁਸ਼ਮਣ ਨਹੀਂ ਹੁੰਦਾ, ਹੁਣ ਧਰਮ ਵੀ ਇਸ ਵਿੱਚ ਸ਼ਾਮਲ ਹੋ ਗਿਆ ਹੈ। ਕਿਉਂਕਿ ਸੰਪਰਦਾਇਕਤਾ ਨੇ ਧਰਮ ਨੂੰ ਜੰਗ ਦਾ ਮੈਦਾਨ ਬਣਾ ਲਿਆ ਹੈ। ਧਾਰਮਿਕ ਸੰਸਥਾਵਾਂ ਉਤੇ ਕਬਜ਼ਾ ਸਿਆਸੀ ਪਾਰਟੀਆਂ ਦੇ ਆਗੂਆਂ ਹੋ ਗਿਆ ਹੈ। ਲੋਕਾਂ ਦੀ ਅੰਨ੍ਹੀ ਸ਼ਰਧਾ ਉਹਨਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਧਰਮ ਦੇ ਨਾਂ ਤੇ ਤੁਸੀਂ ਕੋਈ ਵੀ ਪਖੰਡ ਕਰ ਸਕਦੇ ਹੋ, ਤੁਸੀਂ ਮੁਨਾਫ਼ੇ ਵਿੱਚ ਰਹੋਗੇ। ਜਦੋਂ ਧਰਮ ਮੁਨਾਫ਼ੇ ਦਾ ਧੰਦਾ ਬਣ ਜਾਵੇ ਤਾਂ ਲੋਕਾਂ ਨੂੰ ਸਮਝ ਆਉਣੀ ਚਾਹੀਦੀ ਹੈ ਕਿ ਉਹ ਇਹਨਾਂ ਧਾਰਮਿਕ ਸਥਾਨਾਂ ਤੇ ਆਪਣੀ ਖ਼ੂਨ ਪਸੀਨੇ ਦੀ ਕਮਾਈ ਕਿਉਂ ਲੁਟਾ ਰਹੇ ਹਨ। ਇਹ ਸੱਚ ਹੈ ਮਨੁੱਖ ਨੇ ਬੀਜਿਆ ਹੀ ਵੱਢਣਾ ਹੁੰਦਾ ਹੈ। ਜੰਮਣਾ, ਜਿਉਣਾ ਤੇ ਮਰਨਾ ਇਹ ਜੀਵਨ ਦੀ ਤਿਕੋਣ ਹੈ। ਜਿਉਣਾ ਤੁਹਾਡੇ ਹੱਥ ਵਸ ਹੈ। ਸਮਾਜ ਵਿੱਚ ਆਰਥਿਕ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਕਾਣੀ ਵੰਡ ਨੇ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰ ਦਿੱਤਾ ਹੈ। ਜੁਗਾਂ ਜੁਗਾਂ ਤੋਂ ਬੜੇ ਦਾਨਿਸ਼ਵਰ ਲੋਕ ਆਏ, ਉਹਨਾਂ ਨੇ ਲੋਕਾਈ ਨੂੰ ਜਾਗ੍ਰਿਤ ਕਰਨ ਲਈ ਹਰ ਯਤਨ ਕੀਤਾ ਪਰ ਲੋਕ ਨਹੀਂ ਸਮਝੇ। ਉਹ ਧਰਮ, ਨਸਲ, ਜਾਤਾਂ ਤੇ ਫ਼ਿਰਕਿਆਂ ਵਿੱਚ ਵੰਡੇ ਗਏ। 1947 ਦਾ ਉਜਾੜਾ ਰਾਜਨੀਤਿਕ ਹੋਇਆ ਸੀ, ਕਿਸੇ ਆਮ ਆਦਮੀ ਨੇ ਦੇਸ਼ ਵੰਡ ਦੀ ਮੰਗ ਨਹੀਂ ਕੀਤੀ ਸੀ। ਇਹ ਤਾਂ ਜਿਨਾਹ ਤੇ ਨਹਿਰੂ ਦੀ ਮੰਗ ਸੀ। ਉਹਨਾਂ ਨੇ ਪ੍ਰਧਾਨ ਮੰਤਰੀ ਬਣਨਾ ਸੀ। ਲੋਕ ਉਜੜਦੇ ਹਨ, ਉਜੜ ਜਾਣ। ਦਿੱਲੀ ਤੋਂ ਪਰੇ ਕਿਸੇ ਨੂੰ ਹੁਣ ਤੱਕ ਪਤਾ ਨਹੀਂ ਕਿ ਦੇਸ਼ ਦੀ ਵੰਡ ਹੋਈ ਹੈ ਕਿ ਆਜ਼ਾਦੀ ਆਈ ਹੈ। ਇਹ ਵੰਡ ਨੂੰ ਆਜ਼ਾਦੀ ਆਖੀ ਜਾਂਦੇ ਹਨ। ਹੁਣ ਫੇਰ ਦੋਹਾਂ ਪਾਸਿਆਂ ਦੇ ਹਾਕਮਾਂ ਨੇ ਨੂਰਾ ਕੁਸ਼ਤੀ ਕੀਤੀ। ਦੋਵੇਂ ਪਾਸੇ ਦੇ ਪੰਜਾਬ ਦੇ ਲੋਕਾਂ ਦੇ ਸਾਹ ਸੂਤੇ ਰਹੇ। ਹੁਣ ਇਸ ਨੂਰਾ ਕੁਸ਼ਤੀ ਦਾ ਸੱਚ ਸਾਹਮਣੇ ਆ ਰਿਹਾ ਹੈ। ਹੁਣ ਕੋਈ ਨਵਾਂ ਸ਼ੋਸ਼ਾ ਛੱਡਿਆ ਜਾਵੇਗਾ ਅਤੇ ਪਿਛਲੇ ਨੂੰ ਭੁਲਾਇਆ ਜਾਵੇਗਾ। ਕਿਉਂਕਿ ਅਸੀਂ ਬੜੇ ਭੁਲੱਕੜ ਤੇ ਭੁਮੱਕੜ ਹਾਂ। ਪੰਜਾਬ ਦੇ ਭੁਮੱਕੜਾਂ ਨੂੰ ਨਜ਼ਰਅੰਦਾਜ਼ ਕਰਕੇ ਦਿੱਲੀ ਤੇ ਯੂਪੀ ਦੇ ਹਾਕਮ ਬਣਾ ਦਿੱਤੇ ਹਨ। ਉਧਰ ਪੰਜਾਬ ਵਿਰੋਧੀ ਤਾਕਤਾਂ ਨੇ ਧਰਮ ਦੀ ਮਿਜ਼ਾਇਲ ਚਲਾ ਦਿੱਤੀ ਹੈ। ਤਖਤਾਂ ਨੂੰ ਆਪਸ ਵਿੱਚ ਲੜਾ ਦਿੱਤਾ ਹੈ। ਹੁਣ ਦੋਵੇਂ ਪਾਸਿਓਂ ਸ਼ਬਦਾਂ ਦੀਆਂ ਮਿਜ਼ਾਇਲਾਂ ਦਾਗੀਆਂ ਜਾ ਰਹੀਆਂ ਹਨ। ਆਮ ਲੋਕਾਂ ਦੇ ਮਸਲਿਆਂ ਨੂੰ ਪੈਰਾਂ ਹੇਠ ਰੋਂਦਿਆਂ ਜਾ ਰਿਹਾ ਹੈ। ਆਮ ਲੋਕਾਂ ਨੂੰ ਰੋਟੀ ਦਾ ਫ਼ਿਕਰ ਲੱਗਿਆ ਹੋਇਆ। ਇਹਨਾਂ ਵਿਹਲੜਾਂ ਨੂੰ ਇੱਕ ਦੂਜੇ ਨਾਲ ਲੜਨ ਦਾ ਮੌਕਾ ਮਿਲਿਆ ਹੈ। ਦੁਨੀਆਂ ਵਿੱਚ ਪਹਿਲੀ ਤੇ ਦੂਜੀ ਜੰਗ ਵਿੱਚ ਓਨੇ ਲੋਕ ਨਹੀਂ ਮਰੇ, ਜਿੰਨੇ ਧਰਮ ਦੇ ਨਾਂ ਹੇਠਾਂ ਮਾਰੇ ਗਏ ਹਨ। ਧਰਮ ਲੋਕਾਂ ਦਾ ਨਿੱਜੀ ਮਾਮਲਾ ਹੈ ਪਰ ਇਸ ਧਾਰਮਿਕ ਸੰਪਰਦਾਇਕਾ ਨੇ ਜੰਗ ਦਾ ਮੈਦਾਨ ਬਣਾ ਲਿਆ ਹੈ। ਹੁਣ ਫੇਰ ਉਹੀ ਮਸੰਦ ਧਰਮ ਉਪਰ ਕਬਜ਼ਾ ਕਰ ਕੇ ਬਹਿ ਗਏ ਹਨ, ਜਿਹਨਾਂ ਮਸੰਦਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜੰਡਾਂ ਨਾਲ ਬੰਨ੍ਹ ਕੇ ਫੂਕਿਆ ਸੀ। ਹੁਣ ਪੰਜਾਬ ਨੂੰ ਉਜਾੜਨ ਲਈ ਹਰ ਪਾਸੇ ਤੋਂ ਹਮਲੇ ਹੋ ਰਹੇ ਹਨ। ਇਹਨਾਂ ਹਮਲਿਆਂ ਨੂੰ ਰੋਕਣ ਕ੍ਰਾਂਤੀਕਾਰੀ ਜਥੇਬੰਦੀਆਂ ਲੜਾਈ ਲੜ ਰਹੀਆਂ ਹਨ ਪਰ ਉਹ ਆਪੋ ਆਪਣੀ ਹਾਉਮੈ ਨੂੰ ਵੱਡਾ ਕਰਨ ਲਈ ਆਪਣੇ ਵਰਕਰਾਂ ਨੂੰ



ਗੁੰਮਰਾਹ ਕਰ ਰਹੀਆਂ ਹਨ। ਜਦੋਂ ਦੁਸ਼ਮਣ ਇੱਕ ਹੈ, ਮੰਗਾਂ ਸਾਂਝੀਆਂ ਹਨ ਫੇਰ ਮੋਰਚੇ ਵੱਖੋ ਵੱਖ ਕਿਉਂ ਲਗਾਏ ਹਨ। ਜਿਵੇਂ ਬਾਬੇ ਬਕਾਲੇ ਬਾਈ ਮੰਜੀਆਂ ਲਗਾ ਕੇ ਮਹੰਤ ਤੇ ਮਸੰਦ ਗੁਰੂ ਬਣ ਕੇ ਬਹਿ ਗਏ ਸਨ। ਪੰਜਾਬ ਦੇ ਲੋਕਾਂ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਦੀ ਹਾਲਤ ਇਉਂ ਹੀ ਨਜ਼ਰ ਆਉਂਦੀ ਹੈ। ਦੂਜੇ ਪਾਸੇ ਇਸ ਸਮੇਂ ਪੰਜਾਬ ਨੂੰ ਉਜਾੜਨ ਅਤੇ ਇਸ ਦੀ ਹੋਂਦ ਖ਼ਤਮ ਕਰਨ ਲਈ ਪੰਜਾਬ ਵਿਰੋਧੀ ਸ਼ਕਤੀਆਂ ਨੇ ਨਾਗਵਲ ਪਾ ਲਿਆ ਹੈ। ਸਿਆਸੀ ਪਾਰਟੀਆਂ ਨੂੰ ਉਜਾੜੇ ਨਾਲ ਕੋਈ ਸਰੋਕਾਰ ਨਹੀਂ। ਹਾਕਮਾਂ ਨੇ ਇਸ ਸਮੇਂ ਪੰਜਾਬ ਵਿੱਚ ਭਰਾ ਮਾਰੂ ਜੰਗ ਸ਼ੁਰੂ ਕਰ ਦਿੱਤੀ ਗਈ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਵਿਚੋਂ ਸਭ ਤੋਂ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੇ ਆਪ ਵਿੱਚ ਉਲਝ ਗਈ ਹੈ। ਉਸਨੇ ਸ੍ਰੀ ਆਕਾਲ ਤਖ਼ਤ ਸਾਹਿਬ ਜੀ ਨਾਲ ਮੱਥਾ ਲਗਾ ਲਿਆ ਹੈ। ਸਿੱਖ ਧਰਮ, ਸ੍ਰੀ ਆਕਾਲ ਤਖ਼ਤ ਸਾਹਿਬ ਦੀ ਮਰਿਆਦਾ ਤੇ ਜੱਥੇਦਾਰਾਂ ਦਾ ਧਰਮ ਪ੍ਰਤੀ ਸੁਹਿਰਦਤਾ ਦਾਅ ਉੱਤੇ ਲੱਗ ਗਈ ਹੈ। ਸਿੱਖ ਵਿਰੋਧੀ ਤਾਕਤਾਂ ਸਰਗਰਮ ਹੋ ਗਈਆਂ ਹਨ। ਇੱਕ ਦੂਜੇ ਉਪਰ ਇਲਜ਼ਾਮ ਤਰਾਸ਼ੀ ਕੀਤੀ ਜਾ ਰਹੀ ਹੈ। ਇੱਕ ਦੂਜੇ ਉਪਰ ਚਿੱਕੜ ਸੁੱਟਿਆ ਜਾ ਰਿਹਾ ਹੈ। ਪੰਜਾਬ ਦੀਆਂ ਹੱਕੀ ਮੰਗਾਂ ਉਪਰ ਕਿਸੇ ਵੀ ਸਿਆਸੀ ਪਾਰਟੀ ਦਾ ਧਿਆਨ ਨਹੀਂ। ਪੰਜਾਬ ਨੂੰ ਆਰਥਿਕ ਤੌਰ ਕਮਜ਼ੋਰ ਕਰਨ ਲਈ ਮੰਡੀਆਂ ਵਿੱਚ ਕਿਸਾਨ ਰੋਲਿਆ ਜਾ ਰਿਹਾ। ਬੇਰੁਜ਼ਗਾਰ ਨੌਜਵਾਨਾਂ ਨੂੰ ਸੜਕਾਂ ਉੱਤੇ ਭਜਾ ਭਜਾ ਕੇ ਕੁੱਟਿਆ ਜਾ ਰਿਹਾ ਹੈ। ਪੰਜਾਬ ਵਿੱਚ ਪਹਿਲਾਂ ਦਲਿਤ ਭਾਈਚਾਰੇ ਨੂੰ ਜੱਟਾਂ ਵਿਰੁੱਧ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਹ ਸਫ਼ਲ ਨਾ ਹੋਈ ਤਾਂ ਹੁਣ ਭਈਏ ਤੇ ਪੰਜਾਬੀ ਮੁੱਦਾ ਉਭਾਰ ਦਿੱਤਾ ਹੈ। ਪੰਜਾਬ ਵਿਰੋਧੀ ਤਾਕਤਾਂ ਲਈ ਕੋਈ ਮਰੇ ਤੇ ਜੀਵੇ, ਉਹਨਾਂ ਲਈ ਕੋਈ ਫਰਕ ਨਹੀਂ। ਪਹਿਲਾਂ ਵੀ ਪੰਜਾਬ ਵਿਰੋਧੀ ਤਾਕਤਾਂ ਨੇ ਨੌਜਵਾਨਾਂ ਦਾ ਸ਼ਿਕਾਰ ਪੰਜਾਬ ਦੇ ਸਿਆਸੀ ਆਗੂਆਂ ਨਾਲ ਰਲ ਕੇ ਖੇਡਿਆ ਸੀ। ਪੰਜਾਬ ਦੀ ਸਿਹਤ, ਸਿੱਖਿਆ, ਰੁਜ਼ਗਾਰ, ਵਿਦੇਸ਼ਾਂ ਨੂੰ ਜਾਣ ਵਾਲੀ ਬੌਧਿਕ ਸ਼ਕਤੀ ਤੇ ਸਰਮਾਇਆ ਤੇ ਦਿਨੋਂ ਦਿਨ ਖਰਾਬ ਹੋ ਰਹੀ ਅਮਨ ਕਾਨੂੰਨ ਦੀ ਸਥਿਤੀ ਵੱਲ ਕਿਸੇ ਦਾ ਧਿਆਨ ਨਹੀਂ। ਕਿਸਾਨ, ਮਜ਼ਦੂਰ, ਮੁਲਾਜ਼ਮ, ਸਮਾਜ ਸੇਵੀ ਸੰਸਥਾਵਾਂ ਤੇ ਹੋਰ ਜੱਥੇਬੰਦੀਆਂ ਆਪੋ ਆਪਣਾ ਡੋਰੂ ਵਜਾ ਰਹੀਆਂ ਹਨ। ਲੇਖਕ ਤੇ ਬੁੱਧੀਜੀਵੀ ਲਾਣਾ ਪੁਰਸਕਾਰਾਂ ਦੀ ਭਾਲ ਵਿੱਚ ਨਿਕਲਿਆ ਹੋਇਆ ਹੈ। ਪੰਜਾਬ ਦੀਆਂ ਅਗਾਂਹਵਧੂ ਸੋਚ ਵਾਲੀਆਂ ਜਥੇਬੰਦੀਆਂ ਨੂੰ ਜ਼ਰੂਰ ਸੋਚਣਾ ਪਵੇਗਾ ਕਿ ਉਹਨਾਂ ਨੇ ਲੜਾਈ ਕਿਵੇਂ ਲੜਨੀ ਹੈ। ਇਸ ਸਮੇਂ ਪੰਜਾਬ ਉਜੜ ਗਿਆ ਹੈ। ਪਿੰਡ ਪੰਜਾਬੀਆਂ ਬਿਨਾਂ ਖਾਲੀ ਹੋ ਰਹੇ ਹਨ, ਪੰਜਾਬੀ ਕੌਮ ਕਿਧਰ ਨੂੰ ਜਾ ਰਹੀ ਹੈ ਪਰ ਸੋਚਣਾ ਪਵੇਗਾ। ਪੰਜਾਬ ਕਿਸ ਦਿਸ਼ਾ ਵੱਲ ਵੱਧ ਰਿਹਾ ਹੈ। ਦੋਸਤੋ ਇਸ ਸਮੇਂ ਕਿਸੇ ਗੁਰੂ, ਪੀਰ ਪੈਗੰਬਰ ਤੇ ਗਦਰੀ ਬਾਬਿਆਂ ਨੇ ਨਹੀਂ ਆਉਣਾ ਸਗੋਂ ਸਾਨੂੰ ਖ਼ੁਦ ਗੁਰ ਨਾਨਕ ਤੇ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਨੂੰ ਅਪਣਾਉਣਾ ਪਵੇਗਾ। ਖ਼ੁਦ ਸ਼ਹੀਦ ਭਗਤ ਸਿੰਘ ਬਣਨਾ ਪਵੇਗਾ। ਹੁਣ ਸਾਨੂੰ ਆਪਣੀ ਅੰਦਰਲੀ ਤਾਕਤ ਨੂੰ ਪਛਾਨਣ ਦੀ ਲੋੜ ਹੈ ਤਾਂ ਕਿ ਉਨ੍ਹਾਂ ਤਾਕਤਾਂ ਨੂੰ ਨੱਥ ਪਾਈ ਜਾ ਸਕੇ। ਪੰਜਾਬ ਵਿਰੋਧੀ ਤਾਕਤਾਂ ਦੇ ਪਾਏ ਨਾਗਵਲ ਨੂੰ ਕਿਵੇਂ ਤੋੜਨਾ ਤੇ ਲੋਕਾਂ ਨੂੰ ਕਿਵੇਂ ਜੋੜਨਾ ਹੈ, ਇਸ ਸਬੰਧੀ ਸੁਚੇਤ ਤੇ ਜਾਗਰੂਕ ਧਿਰਾਂ ਨੂੰ ਅੱਗੇ ਲੱਗਣਾ ਪਵੇਗਾ। ਪੰਜਾਬੀਆਂ ਦੀ ਹੋਂਦ ਤੇ ਧਰਤੀ ਖਤਮ ਕਰਨ ਲਈ ਉਹਨਾਂ ਨੇ ਹਰ ਤਰੀਕਾ ਵਰਤਿਆ ਹੈ। ਅਸੀਂ ਅਤੀਤ ਦੇ ਇਤਿਹਾਸ ਉਪਰ ਮਾਣ ਕਰਦੇ ਹਾਂ ਪਰ ਖ਼ੁਦ ਕੀ ਕਰਦੇ ਹਾਂ, ਇਸ ਬਾਰੇ ਕੋਈ ਨਹੀਂ ਸੋਚਦਾ। ਸਾਡੇ ਲਈ ਸੋਸ਼ਲ ਮੀਡੀਆ ਰਾਹੀਂ ਹਰ ਤਰ੍ਹਾਂ ਹਮਲਾ ਕੀਤਾ ਜਾ ਰਿਹਾ ਤੇ ਅਸੀਂ ਆਪਸ ਵਿੱਚ ਉਲਝ ਕੇ ਰਹਿ ਗਏ ਹਾਂ। ਪੰਜਾਬ ਵਿਰੋਧੀ ਤਾਕਤਾਂ ਨੇ ਸੋਸ਼ਲ ਮੀਡੀਏ ਉੱਤੇ ਨਜ਼ਰ ਰੱਖੀ ਹੋਈ ਹੈ, ਉਹ ਨੌਜਵਾਨਾਂ ਨੂੰ ਊਟ ਪਟਾਂਗ ਗੱਲਾਂ ਬਾਤਾਂ ਵਿੱਚ ਉਲਝਾਉਣ ਵਿੱਚ ਲੱਗੇ ਹੋਏ ਹਨ ਅਤੇ ਅਸੀਂ ਉਨ੍ਹਾਂ ਦੇ ਹਰ ਜਾਲ ਵਿੱਚ ਫਸ ਦੇ ਜਾ ਰਹੇ ਹਾਂ। ਉਹਨਾਂ ਨੇ ਸਾਡੇ ਹਰ ਪਾਸੇ ਜ਼ਹਿਰ ਛਿੜਕ ਦਿੱਤੀ ਹੈ। ਉਹਨਾਂ ਸਿਆਸੀ ਆਗੂਆਂ ਦੇ ਹੱਥ ਵਤੀਰਾ ਜਿਹਨਾਂ ਨੇ ਪੰਜਾਬ ਦੀ ਇਹ ਹਾਲਤ ਬਣਾਈ ਐ। ਜੇ ਅਸੀਂ ਹੁਣ ਵੀ ਨਾ ਸੰਭਲੇ ਤੇ ਅੰਦਰਲੀ ਸ਼ਕਤੀ ਨੂੰ ਨ ਜਗਾਇਆ ਤਾਂ ਆਉਣ ਵਾਲੀਆਂ ਨਸਲਾਂ ਤੇ ਫਸਲਾਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ। ਆਓ ਆਪਣੀ ਅਣਖ਼ ਨੂੰ ਜਗਾਈਏ ਤੇ ਪੰਜਾਬ ਨੂੰ ਬੰਜਰ ਤੇ ਖੰਡਰ ਅਤੇ ਜ਼ਹਿਰੀਲਾ ਹੋਣ ਤੋਂ ਬਚਾਈਏ। ਉਠੋ ਤੁਰੋ ਜੁੜੋ ਤੇ ਸਾਂਝੀ ਜੰਗ ਲੜੀਏ ਤੇ ਕੱਲੇ ਕੱਲੇ ਨ ਮਰੀਏ। ਗਲਾਂ ’ਚੋਂ ਫਾਹੇ ਲਾ ਕੇ ਉਹਨਾਂ ਦੇ ਗਲ ਪਾਈਏ ਜਿਹਨਾਂ ਨੇ ਪੰਜਾਬ ਨੂੰ ਬੰਜਰ ਤੇ ਖੰਡਰ ਬਣਾ ਦਿੱਤਾ। ਜਿੱਤ ਤੇ ਜਿਤਾਉਣ ਦੀ ਤਾਕਤ ਲੋਕਾਂ ਦੇ ਸਾਹਮਣੇ ਆ ਰਹੇਗੀ ਹੈ। ਜਾਗੋ ਜਾਗੋ ਜਾਗਣ ਦਾ ਵੇਲਾ ਆ ਗਿਆ ਹੈ। ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹੋਏ ਸ਼ਬਦ ਗੁਰੂ ਨਾਲ ਜੋੜਨ ਲਈ ਤੇ ਲੜਣ ਲਈ ਤਿਆਰ ਹੋਣ ਦਾ ਹੋਕਾ ਦੇਈਏ ਕਿਉਂਕਿ ਜਿਉਣ ਲਈ ਸੰਘਰਸ਼ ਕਰਨ ਦੀ ਲੋੜ ਹੈ। ਆਓ ਆਪਣੀ ਮਰਨ ਗਈ ਸੰਵੇਦਨਾ ਨੂੰ ਜਗਾਈਏ ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਰਾਖੀ ਕਰੀਏ। ਮਰਨਾ ਤਾਂ ਹੈ ਕਿਉਂ ਨਾ ਸੰਘਰਸ਼ ਕਰਦੇ ਹੋਏ ਜਿਉਣ ਦਾ ਰਸਤਾ ਤਲਾਸ਼ ਕਰੀਏ। ਹੁਣ ਲੜਣ ਦੇ ਬਿਨਾਂ ਸਰਨਾ ਨਹੀਂ। ਲੜਣ ਦੀ ਲੋੜ ਐ। ਜਾਗੋ, ਉਠੋ ਤੇ ਸੰਘਰਸ਼ ਕਰੋ। ਜਦੋਂ ਤੱਕ ਹਰ ਪੰਜਾਬੀ ਆਪਣੀ ਹਾਊਮੈਂ ਨੂੰ ਤਿਆਗ ਕੇ ਇੱਕ ਮੰਚ ਤੇ ਇਕੱਠਾ ਨਹੀਂ ਹੁੰਦਾ, ਉਦੋਂ ਤੱਕ ਸਾਡੇ ਕੁੱਟ ਪੈਂਦੀ ਰਹੇਗੀ ਤੇ ਅਸੀਂ ਬਿਨਾਂ ਵਜ੍ਹਾ ਮੌਤ ਮਰਦੇ ਰਹਾਂਗੇ। ਪੰਜਾਬ ਦੇ ਲੋਕਾਂ ਨੇ ਆਪਣੇ ਵਰਤਮਾਨ ਤੇ ਭਵਿੱਖ ਨੂੰ ਕਿਵੇਂ ਬਚਾਉਣਾ ਹੈ ਇਹ ਤਾਂ ਹੁਣ ਉਹਨਾਂ ਨੂੰ ਜ਼ਰੂਰ ਸੋਚਣਾ ਪਵੇਗਾ। ਪੰਜਾਬ ਇੱਕ ਵਾਰ ਫਿਰ ਅੱਸੀਵਿਆਂ ਦੇ ਦਹਾਕੇ ਵੱਲ ਦੌੜ ਪਿਆ ਹੈ। ਹੁਣ ਇਸ ਕਾਲੇ ਦੌਰ ਵਿਚੋਂ ਕਿਵੇਂ ਬਚਣਾ ਹੈ, ਇਸ ਲਈ ਇੱਕਮੁੱਠ ਜਥੇਬੰਦ ਹੋਣਾ ਪਵੇਗਾ। ਆਪਣੀ ਹੋਂਦ ਦੀ ਲੜਾਈ ਸਾਨੂੰ ਖ਼ੁਦ ਲੜਨੀ ਪਵੇਗੀ। ਕਾਲੀਆਂ ਤਾਕਤਾਂ ਦੇ ਟਾਕਰੇ ਲਈ ਸਾਰਥਿਕ ਪਹੁੰਚ ਅਪਣਾਉਣ ਦੀ ਲੋੜ ਹੈ। ਅਗਾਂਹਵਧੂ ਜਥੇਬੰਦੀਆਂ ਨੂੰ ਆਪੋ ਆਪਣੇ ਚੁੱਲ੍ਹੇ ਸਮੇਟ ਕੇ ਗ਼ਦਰ ਪਾਰਟੀ ਦੇ ਵਾਂਗ ਇੱਕ ਚੁੱਲ੍ਹੇ ਉੱਤੇ ਲੰਗਰ ਬਣਾਉਣ ਦੀ ਲੋੜ ਹੈ। ਇਹਨਾਂ ਜਥੇਬੰਦੀਆਂ ਨੂੰ ਗ਼ਦਰ ਲਹਿਰ ਤੋਂ ਸਬਕ ਲੈਣ ਦੀ ਲੋੜ ਹੈ। ਪਰ ਹੰਕਾਰ ਤੇ ਹਾਉਮੈ ਉਹਨਾਂ ਨੂੰ ਇਕੱਠੇ ਨਹੀਂ ਹੋਣ ਦੇ ਰਿਹਾ। ਇਸੇ ਕਰਕੇ ਇਹ ਆਪਣੇ ਕੁੱਝ ਹਾਸਲ ਨਹੀਂ ਹੋ ਸਕਿਆ। ਕਹਿੰਦੇ ਹਨ ਮੱਛੀ ਪੱਥਰ ਨਾਲ ਟਕਰਾ ਕੇ ਵਾਪਸ ਪਰਤ ਦੀ ਹੈ, ਪਰ ਇਹ ਤਾਂ ਪੱਥਰਾਂ ਤੋਂ ਅੱਗੇ ਲੰਘ ਗਏ ਲੱਗਦੇ ਹਨ? ਕੀ ਵਿਚਾਰ ਹੈ ਧਾਰਮਿਕ ਤੇ ਅਗਾਂਹਵਧੂ ਜਥੇਬੰਦੀਆਂ ਦੇ ਸਹਿਯੋਗੀ ਓ?

# ਪੰਜਾਬ ਵਿੱਚ ਸ਼ਰਾਬ ਨਾਲ ਹੋਈਆਂ ਮੌਤਾਂ ਨੇ 'ਆਪ' ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਪੋਲ ਖੋਲ੍ਹੀ

**ਨਵਕਿਰਨ ਸਿੰਘ ਪੱਤੀ**
**98885-44001**





ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਮਜੀਠਾ ਖੇਤਰ ਵਿੱਚ ਨਕਲੀ ਅਤੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ 28 ਮੌਤਾਂ ਅਤੇ ਲੁਧਿਆਣਾ ਵਿਖੇ ਹੋਈਆ ਤਿੰਨ ਮੌਤਾਂ ਨੇ ਪੰਜਾਬ ਸਰਕਾਰ ਦੀ ਨਸ਼ਿਆਂ ਖਿਲਾਫ ਚੱਲ ਰਹੀ ਮੁਹਿੰਮ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸੂਬਾ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਦੇ ਨਾਮ ਹੇਠ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਦਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਦਰਮਿਆਨ ਇਹ ਮੌਤਾਂ ਦਾ ਮਾਮਲਾ ਸਾਹਮਣੇ ਆਇਆ ਹੈ। ਇਹਨਾਂ ਮੌਤਾਂ ਤੋਂ ਇਲਾਵਾਂ ਇਕ ਵਿਅਕਤੀ ਦੀਆਂ ਅੱਖਾਂ ਦੀ ਨਿਗਾ ਚਲੀ ਗਈ ਹੈ ਤੇ ਕਈ ਗੰਭੀਰ ਬਿਮਾਰ ਹਸਪਤਾਲਾਂ ਵਿੱਚ ਇਲਾਜ਼ ਕਰਵਾ ਰਹੇ ਹਨ। ਪੁਲਿਸ ਵੱਲੋਂ ਸਥਾਨਕ ਐਸਐਚਓ ਤੇ ਡੀਐਸਪੀ ਨੂੰ ਸਸਪੈਂਡ ਕਰਕੇ 16 ਦੇ ਕਰੀਬ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਮਾਮਲਾ ਹੱਲ ਕਰਨ ਦਾ ਦਾਅਵਾ ਕਰ ਦਿੱਤਾ ਗਿਆ। ਜੇਕਰ ਮਜੀਠਾ ਖੇਤਰ ਵਿੱਚ ਪੁਖਤਾ ਕਾਰਵਾਈ ਕੀਤੀ ਹੁੰਦੀ ਤਾਂ ਇਕ ਹਫਤੇ ਦਰਮਿਆਨ ਲੁਧਿਆਣਾ ਵਿਖੇ ਤਿੰਨ ਮੌਤਾਂ ਅਤੇ ਕੁਝ ਬਿਮਾਰ ਨਾ ਹੁੰਦੇ। ਬਣਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਘਟਨਾ ਦੀ ਜ਼ਿੰਮੇਵਾਰੀ ਲੈਂਦੇ ਅਤੇ ਘੱਟੋ-ਘੱਟ ਆਬਕਾਰੀ ਮੰਤਰੀ ਤੋਂ ਅਸਤੀਫਾ ਲਿਆ ਜਾਂਦਾ ਪਰ ਮੁੱਖ ਮੰਤਰੀ ਜੀ ਪੀੜਤ ਪਰਿਵਾਰਾਂ ਕੋਲ ਜਾਣ ਅਤੇ ਕੁੱਝ ਰਾਹਤ ਰਾਸ਼ੀ ਦੇਣ ਨੂੰ ਹੀ 'ਜ਼ਿੰਮੇਵਾਰੀ ਨਿਭਾਉਣ' ਵਜੋਂ ਪੇਸ਼ ਕਰ ਰਹੇ ਹਨ।

ਵੈਸੇ ਭਗਵੰਤ ਮਾਨ ਦੀ ਸਰਕਾਰ ਦੇ ਸਾਢੇ ਤਿੰਨ ਸਾਲ ਦੇ ਕਾਰਜ-ਕਾਲ ਦੌਰਾਨ ਨਕਲੀ ਸ਼ਰਾਬ ਨਾਲ ਮਰਨ ਵਾਲਿਆਂ ਦਾ ਇਹ ਦੂਜਾ ਵੱਡਾ ਮਾਮਲਾ ਹੈ। ਇਸ ਤੋਂ ਪਹਿਲਾਂ ਪਿਛਲੇ ਵਰ੍ਹੇ ਜ਼ਿਲ੍ਹਾ ਸੰਗਰੂਰ ਦੇ ਦ੍ਰਿੜਬਾ, ਸੁਨਾਮ ਖੇਤਰ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਕਰੀਬ ਦੋ ਦਰਜ਼ਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸ ਲਈ ਜਦ ਲਗਾਤਾਰ ਦੂਜੀ ਵਾਰ ਮੌਤਾਂ ਦਾ ਕਾਰਨ ਗੈਰ-ਕਾਨੂੰਨੀ ਢੰਗ ਨਾਲ ਸਪਲਾਈ ਕੀਤੀ ਗਈ ਨਕਲੀ ਜਾਂ ਜ਼ਹਿਰੀਲੀ ਸ਼ਰਾਬ ਹੈ ਤਾਂ ਸੂਬਾ ਸਰਕਾਰ ਤੋਂ ਇਹ ਪੁੱਛਿਆ ਹੀ ਜਾਣਾ ਚਾਹੀਦਾ ਹੈ ਕਿ ਸੂਬੇ ਵਿੱਚ ਅਜਿਹਾ ਕਿਹੜਾ 'ਮਾਫੀਆ' ਹੈ ਜੋ ਸਰਕਾਰ ਦੀ ਨਸ਼ਿਆਂ ਖਿਲਾਫ ਮੁਹਿੰਮ ਦੇ ਬਾਵਜੂਦ ਸ਼ਰਾਬ ਦਾ ਗੈਰ-ਕਾਨੂੰਨੀ ਕਾਰੋਬਾਰ ਚਲਾ ਰਿਹਾ ਹੈ। ਪਿਛਲੇ ਸਾਲ ਸੰਗਰੂਰ ਜ਼ਿਲ੍ਹੇ ਵਿੱਚ ਮੌਤਾਂ ਹੋਣ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਏਡੀਜੀਪੀ ਲਾਅ ਐਂਡ ਆਰਡਰ ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਮਾਮਲੇ ਦੀ ਜਾਂਚ ਲਈ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦਾ ਗਠਨ ਕਰ ਦਿੱਤਾ ਗਿਆ ਸੀ, ਜੇਕਰ ਉਸ ਸਮੇਂ ਹੀ ਸ਼ਰਾਬ ਮਾਫੀਆ ਖਿਲਾਫ ਢੁੱਕਵੀਂ ਕਾਰਵਾਈ ਅਮਲ ਵਿੱਚ ਲਿਆਂਦੀ ਹੁੰਦੀ ਤਾਂ ਦੂਜੀ ਵਾਰ ਮਜੀਠਾ ਅਤੇ ਤਿੰਨ ਮੌਤਾਂ ਨਾਲ ਤੀਜੀ ਵਾਰੀ ਲੁਧਿਆਣਾ ਵਿਖੇ ਗਰੀਬ ਘਰਾਂ ਵਿੱਚ ਸੱਥਰ ਨਾ ਵਿਛਦੇ। ਇਹਨਾਂ ਮੌਤਾਂ ਨੇ ਸਰਕਾਰ ਦੀ ਨਸ਼ਿਆਂ ਖਿਲਾਫ ਮੁਹਿੰਮ ਦੀ ਸੁਹਿਰਦਤਾ ਉੱਪਰ ਸਵਾਲ ਖੜ੍ਹੇ ਕੀਤੇ ਹਨ।

ਅਸਲ ਵਿੱਚ ਪੰਜਾਬ ਸਰਕਾਰ ਦੀ ਨਸ਼ਿਆਂ ਖਿਲਾਫ ਮੁਹਿੰਮ ਕਿਸੇ ਵੱਡੇ ਨਸ਼ਾ ਤਸਕਰ ਖਿਲਾਫ ਮਿਸਾਲੀ ਕਾਰਵਾਈ ਕਰਨ ਦੀ ਬਜਾਏ ਥੋੜ੍ਹਾ-ਮੋਟਾ ਨਸ਼ਾ ਵੇਚਣ ਵਾਲੇ ਹੇਠਲੇ ਪੱਧਰ ਦੇ 'ਨਸ਼ੇੜੀਆਂ' ਦੇ ਘਰ ਢਾਹੁਣ ਤੱਕ ਸੀਮਤ ਹੈ। ਬਠਿੰਡਾ ਵਿੱਚ ਨਸ਼ੇ ਸਮੇਤ ਫੜ੍ਹੀ ਗਈ ਮਹਿਲਾ ਪੁਲਿਸ ਮੁਲਾਜ਼ਮ ਦਾ ਥੋੜ੍ਹੇ ਜਿਹੇ ਦਿਨਾਂ ਬਾਅਦ ਜ਼ਮਾਨਤ ਉੱਪਰ ਬਾਹਰ ਆ ਜਾਣਾ ਦਰਸਾਉਂਦਾ ਹੈ ਕਿ ਸਰਕਾਰ ਨਸ਼ਿਆਂ ਖਿਲਾਫ ਮੁਹਿੰਮ ਨੂੰ ਹਕੀਕੀ ਰੂਪ ਵਿੱਚ ਚਲਾਉਣ ਦੀ ਬਜਾਏ ਸਿਰਫ ਮੀਡੀਆ ਖਾਸਕਰ ਸ਼ੋਸ਼ਲ ਮੀਡੀਆ ਉੱਪਰ ਚਲਾਉਣ ਦੀ ਹੀ ਚਾਹਵਾਨ ਹੈ।

ਪੰਜ ਸਾਲ ਦੇ ਵਕਫੇ ਦਰਮਿਆਨ ਮਾਝਾ ਖੇਤਰ ਵਿੱਚ ਵੀ ਮੌਤਾਂ ਦਾ ਇਹ ਦੂਜਾ ਵੱਡਾ ਮਾਮਲਾ ਹੈ ਇਸ ਤੋਂ ਪਹਿਲਾਂ ਅਗਸਤ 2020 ਵਿੱਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿੱਚ ਸ਼ਰਾਬ ਨਾਲ ਹੋਈਆਂ 120 ਦੇ ਕਰੀਬ ਮੌਤਾਂ ਦੇ ਮਾਮਲੇ ਵਿੱਚ ਦੋ ਸਾਲ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ 'ਤੇ ਨਾਖੁਸ਼ੀ ਪ੍ਰਗਟਾਉਂਦਿਆਂ ਸੂਬਾ ਸਰਕਾਰ ਦੀ ਖਿਚਾਈ ਕੀਤੀ ਸੀ। ਫਰਵਰੀ 2023 ਵਿੱਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਨਾਜਾਇਜ਼ ਸ਼ਰਾਬ ਦੇ ਮਾਮਲਿਆਂ 'ਤੇ ਸਖਤ ਟਿੱਪਣੀ ਕੀਤੀ ਸੀ।

ਪਿਛਲੇ ਦੋ ਦਹਾਕਿਆਂ ਦੌਰਾਨ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੇ ਅੰਕੜੇ ਨੂੰ ਘੋਖਦਿਆਂ ਨਜ਼ਰ ਆਉਂਦਾ ਹੈ ਕਿ ਮ੍ਰਿਤਕ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ। ਮਜੀਠਾ ਖੇਤਰ ਵਾਲੇ ਅਤੇ ਇਸਤੋਂ ਪਹਿਲਾਂ ਸੁਨਾਮ, ਦ੍ਰਿੜਬਾ ਖੇਤਰ ਵਿੱਚਲੇ ਮ੍ਰਿਤਕ ਗਰੀਬ ਦਲਿਤ ਪਰਿਵਾਰਾਂ ਨਾਲ ਸਬੰਧਤ ਸਨ ਜੋ ਦਿਹਾੜੀ ਵਗੈਰਾ ਕਰਕੇ ਆਪਣੇ ਘਰ ਦੀ ਰੋਜ਼ੀ-ਰੋਟੀ ਚਲਾ ਰਹੇ ਸਨ। ਮਜੀਠਾ ਤੋਂ ਬਾਅਦ ਲੁਧਿਆਣਾ ਵਿਖੇ ਮਰਨ ਵਾਲੇ ਤਿੰਨੇ ਵਿਅਕਤੀ ਵੀ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ।

ਮਤਲਬ ਸਾਫ ਹੈ ਕਿ ਸਰਕਾਰਾਂ ਦੇ ਮੁਨਾਫੇ ਲਈ ਸ਼ਰਾਬ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋਣ ਕਾਰਨ ਸ਼ਰਾਬ ਮਾਫੀਆਂ ਗਰੀਬ ਵਿਅਕਤੀਆਂ ਨੂੰ ਗੈਰ ਮਿਆਰੀ 'ਜ਼ਹਿਰ' ਵੇਚ ਰਹੇ ਹਨ। ਪੰਜਾਬ ਵਿੱਚ ਸ਼ਰਾਬ ਦੇ ਠੇਕਿਆਂ ਉੱਪਰ ਵਿਕਣ ਵਾਲੀ ਸਸਤੀ ਤੋਂ ਸਸਤੀ ਸ਼ਰਾਬ ਦੀ ਬੋਤਲ ਦੀ ਕੀਮਤ 280 ਰੁਪਏ ਦੀ ਹੈ। ਪੰਜਾਬ ਵਿੱਚ ਸ਼ਰਾਬ ਹਰਿਆਣਾ, ਚੰਡੀਗੜ੍ਹ ਦੇ ਮੁਕਾਬਲੇ ਮਹਿੰਗੀ ਹੈ ਜਿਸ ਕਾਰਨ ਸ਼ਰਾਬ ਦਾ ਗੈਰ ਕਾਨੂੰਨੀ ਧੰਦਾ ਕਰਨ ਵਾਲੇ ਨਕਲੀ ਸ਼ਰਾਬ ਤਿਆਰ ਕਰਕੇ ਜਾਅਲੀ ਮਾਰਕੇ ਲਗਾ ਕੇ ਠੇਕੇ ਦੀ ਸ਼ਰਾਬ ਦੇ ਮੁਕਾਬਲੇ ਘੱਟ ਭਾਅ 'ਤੇ ਵੇਚਦੇ ਹਨ। ਮਜੀਠਾ ਵਿੱਚ ਤਾਂ ਇਹ ਤੱਥਾਂ ਸਾਹਿਤ ਜ਼ਾਹਿਰ ਹੋ ਗਿਆ ਹੈ ਕਿ ਲੋਕਾਂ ਨੂੰ ਸ਼ਰਾਬ ਦੇ ਨਾਮ ਹੇਠ ਮੀਥਾਨੋਲ ਜਿਹਾ ਘਾਤਕ ਜ਼ਹਿਰ ਪਿਲਾਇਆ ਗਿਆ ਜਦਕਿ ਪੂਰੇ ਦੇਸ਼ ਵਿੱਚ ਗੈਰ-ਮਿਆਰੀ ਸ਼ਰਾਬ ਨਾਲ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਅੱਜ ਕਾਂਗਰਸ, ਅਕਾਲੀ ਦਲ, ਭਾਜਪਾ ਵਰਗੀਆਂ ਰਾਜਨੀਤਕ ਪਾਰਟੀਆਂ ਦੇ ਲੀਡਰ ਇਸ ਮਾਮਲੇ 'ਤੇ ਸਿਆਸਤ ਕਰ ਰਹੇ ਹਨ ਪਰ ਹਕੀਕਤ ਇਹ ਹੈ ਕਿ ਜ਼ਹਿਰੀਲੀ ਜਾਂ ਨਕਲੀ ਸ਼ਰਾਬ ਨਾਲ ਮੌਤਾਂ ਦਾ ਇਹ ਪਹਿਲਾ ਮਾਮਲਾ ਨਹੀਂ ਹੈ, ਇਸਤੋਂ ਪਹਿਲਾਂ ਵੀ ਕਈ ਵਾਰ ਇਹਨਾਂ ਹੀ ਪਾਰਟੀਆਂ ਦੀ ਸੱਤਾ ਦੌਰਾਨ ਬਿਲਕੁਲ ਇਸੇ ਤਰ੍ਹਾਂ ਦੇ ਮਾਮਲੇ ਵਾਪਰ ਚੁੱਕੇ ਹਨ। ਹਾਲਾਂਕਿ ਕਾਂਗਰਸ ਪਾਰਟੀ ਦੇ ਅੰਮ੍ਰਿਤਸਰ ਸਾਹਿਬ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸ਼ਰਾਬ ਮਾਫੀਆ ਦੀ 'ਪਹੁੰਚ' ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਕਾਂਗਰਸ, ਅਕਾਲੀ-ਭਾਜਪਾ ਤੇ ਮੌਜੂਦਾ ਭਗਵੰਤ ਮਾਨ ਸਰਕਾਰ ਇਸ ਮਾਫੀਆ ਖਿਲਾਫ ਕਾਰਵਾਈ ਕਰਨ ਤੋਂ ਭੱਜ ਰਹੀ ਹੈ।

ਪਿਛਲੇ ਤੱਥ ਵੀ ਇਹੋ ਬਿਆਨ ਕਰਦੇ ਹਨ ਕਿ ਅਕਾਲੀ-ਭਾਜਪਾ ਸਰਕਾਰ ਸਮੇਂ 2010 ਦੌਰਾਨ ਦਸੂਹਾ ਵਿੱਚ ਇਸੇ ਤਰ੍ਹਾਂ ਦੀ ਸ਼ਰਾਬ ਨਾਲ 16 ਲੋਕਾਂ ਦੀ ਮੌਤ ਹੋਈ ਸੀ ਜਦਕਿ 2012 ਵਿੱਚ ਗੁਰਦਾਸਪੁਰ ਦੇ ਨੰਗਲ ਜੌਹਲ ਅਤੇ ਬੱਲੋਵਾਲ ਪਿੰਡਾਂ ਵਿੱਚ 18 ਲੋਕਾਂ ਦੀ ਮੌਤ ਹੋਈ ਸੀ। ਕਾਂਗਰਸ ਸਰਕਾਰ ਸਮੇਂ 2020 ਵਿੱਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿੱਚ ਸ਼ਰਾਬ ਨਾਲ 120 ਦੇ ਕਰੀਬ ਮੌਤਾਂ ਹੋਈਆਂ ਸਨ। ਭਾਜਪਾ ਦੇ ਸਭ ਤੋਂ ਮਾਡਲ ਕਹੇ ਜਾਂਦੇ ਸੂਬੇ ਗੁਜਰਾਤ ਅੰਦਰ ਜੁਲਾਈ 2022 ਵਿੱਚ 42 ਵਿਅਕਤੀਆਂ ਦੀ ਮੌਤ ਨਕਲੀ ਅਤੇ ਜ਼ਹਿਰੀਲੀ ਪੀਣ ਨਾਲ ਹੋਈ ਸੀ। ਸੋ ਜਿਸ ਵੀ ਪਾਰਟੀ ਦੀ ਸਰਕਾਰ ਬਣੀ ਉਸਨੇ ਸ਼ਰਾਬ ਮਾਫੀਆ ਨੂੰ ਨੱਥ ਪਾਉਣ ਦੀ ਬਜਾਏ ਸ਼ਰਾਬ ਨੂੰ ਕਮਾਈ ਦਾ ਸਾਧਨ ਬਣਾਇਆ ਹੈ।

ਕਈ ਵਾਰ ਤਾਂ ਸਾਡੇ ਦੇਸ਼ ਦੇ ਹੁਕਮਰਾਨਾਂ ਵੱਲੋਂ ਨਕਲੀ ਸ਼ਰਾਬ ਦਾ ਕਾਰੋਬਾਰ ਕਰਨ ਵਾਲੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਉਲਟਾ ਪੀੜਤ ਲੋਕਾਂ ਪ੍ਰਤੀ ਮੰਦਾ ਵਿਵਹਾਰ ਕੀਤਾ ਜਾਂਦਾ ਹੈ। ਪਿੱਛੇ ਜਿਹੇ ਬਿਹਾਰ ਦੇ ਸਾਰਨ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 39 ਲੋਕਾਂ ਦੀ ਮੌਤ ਦੇ ਮਾਮਲੇ ਵਿੱਚ ਜਦ ਬਿਹਾਰ ਸਰਕਾਰ ਵੱਲ ਉਂਗਲ ਉੱਠੀ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵਿਧਾਨ ਸਭਾ ਵਿੱਚ ਖੜ੍ਹ ਕੇ ਕਿਹਾ ਸੀ ਕਿ, 'ਜਿਹੜਾ ਨਕਲੀ ਸ਼ਰਾਬ ਪੀਵੇਗਾ, ਉਹ ਤਾਂ ਮਰੇਗਾ ਹੀ; ਲੋਕਾਂ ਨੂੰ ਖੁਦ ਸੁਚੇਤ ਰਹਿਣਾ ਚਾਹੀਦਾ ਹੈ'। ਨਿਤੀਸ਼ ਕੁਮਾਰ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ? ਸੂਬੇ ਵਿੱਚ ਕੋਈ ਲੋਕਾਂ ਨੂੰ 'ਜ਼ਹਿਰ' ਵੇਚ ਰਿਹਾ ਹੈ ਤਾਂ ਕੀ ਸਰਕਾਰ ਬਰਾਬਰ ਦੀ ਜ਼ਿੰਮੇਵਾਰ ਨਹੀਂ ਹੈ। ਸੁਨਾਮ ਖੇਤਰ ਵਿੱਚ ਜਦ ਨਕਲੀ ਸ਼ਰਾਬ ਨਾਲ ਮੌਤਾਂ ਹੋਈਆਂ ਸਨ ਤਾਂ ਨਿਤੀਸ਼ ਕੁਮਾਰ ਦੀ ਤਰ੍ਹਾਂ 'ਆਪ' ਦੇ ਮੌਜੂਦਾ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਸੀ ਕਿ ਜੇਕਰ ਠੇਕੇ ਵਾਲੀ ਸ਼ਰਾਬ ਨਾਲ ਮੌਤਾਂ ਹੋਈਆਂ ਹੁੰਦੀਆਂ ਤਾਂ ਸਰਕਾਰ ਦੀ ਜ਼ਿੰਮੇਵਾਰੀ ਸੀ ਇਹ ਤਾਂ ਗੈਰ-ਕਾਨੂੰਨੀ ਸ਼ਰਾਬ ਨਾਲ ਹੋਈਆਂ ਮੌਤਾਂ ਹਨ ਇਸ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੈ।

ਅਸਲ ਵਿੱਚ ਸ਼ਰਾਬ ਉੱਤੇ ਲੱਗਣ ਵਾਲੀ ਐਕਸਾਈਜ਼ ਡਿਊਟੀ ਸਿੱਧੀ ਸੂਬਾ ਸਰਕਾਰ ਦੇ ਖਾਤੇ ਵਿੱਚ ਜਾਂਦੀ ਹੈ। ਸ਼ਰਾਬ ਅਤੇ ਇਸ ਨਾਲ ਜੁੜੇ ਕਾਰੋਬਾਰ ਉੱਤੇ ਲਗਣ ਵਾਲੀ ਐਕਸਾਈਜ਼ ਡਿਊਟੀ ਸੂਬਿਆਂ ਵਿੱਚ ਸੂਬਾ ਸਰਕਾਰ ਦੇ ਆਪਣੇ ਟੈਕਸ ਰੈਵੇਨਿਊ ਵਿੱਚ ਦੂਜਾ ਜਾਂ ਤੀਜਾ ਸਭ ਤੋਂ ਵੱਡਾ ਹਿੱਸਾ ਬਣਦੀ ਹੈ। ਸ਼ਰਾਬ ਕਾਰੋਬਾਰੀ ਅਤੇ ਸੱਤਾਧਾਰੀ ਧਿਰ ਮਿਲ ਕੇ ਇਸ ਖੇਤਰ ਵਿੱਚੋਂ ਮੋਟਾ ਮੁਨਾਫਾ ਕਮਾਉਂਦੇ ਹਨ ਜਿਸ ਕਾਰਨ ਸ਼ਰਾਬ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਰਿਜ਼ਰਵ ਬੈਂਕ ਦੀ ਇਕ ਰਿਪੋਰਟ ਮੁਤਾਬਕ ਸੂਬਿਆਂ ਦਾ ਔਸਤ ਲਈਏ ਤਾਂ ਸੂਬਿਆਂ ਦੀ ਆਪਣੀ ਟੈਕਸ ਆਮਦਨ ਦਾ 7 ਫ਼ੀਸਦੀ ਹਿੱਸਾ ਸ਼ਰਾਬ ਉੱਤੇ ਲਗਦੇ ਟੈਕਸ ਤੋਂ ਆਉਂਦਾ ਹੈ। ਜੇਕਰ ਇਸ ਵਿੱਚੋਂ ਸ਼ਰਾਬਬੰਦੀ ਵਾਲੇ ਸੂਬਿਆਂ ਗੁਜਰਾਤ, ਬਿਹਾਰ, ਨਾਗਾਲੈਂਡ, ਮਿਜ਼ੋਰਮ, ਲਕਸ਼ਦੀਪ ਛੱਡ ਦੇਈਏ ਅਤੇ ਸ਼ਰਾਬ ਦੇ ਠੇਕਿਆਂ ਵਾਲੇ ਸੂਬਿਆਂ ਦਾ ਔਸਤ ਵੇਖੀਏ ਤਾਂ ਇਹ ਸੂਬੇ ਦੇ ਕੁੱਲ ਟੈਕਸ ਵਿੱਚ 10 ਤੋਂ 15 ਫੀਸਦੀ ਬਣੇਗਾ। ਕਈ ਸੂਬੇ ਅਜਿਹੇ ਵੀ ਹਨ ਜਿਨ੍ਹਾਂ ਦੀ ਟੈਕਸ ਕਮਾਈ ਦਾ 20 ਫ਼ੀਸਦੀ ਤੋਂ ਵੱਧ ਹਿੱਸਾ ਸ਼ਰਾਬ 'ਤੇ ਲੱਗਦੀ ਐਕਸਾਈਜ਼ ਡਿਊਟੀ ਤੋਂ ਆਉਂਦਾ ਹੈ। ਸਥਿਤੀ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਸਮੇਤ ਕਈ ਸੂਬਾ ਸਰਕਾਰਾਂ ਦੀ ਆਰਥਿਕਤਾ ਸ਼ਰਾਬ ਦੀਆਂ ਫਲੌਂੜੀਆਂ 'ਤੇ ਤੁਰਦੀ ਹੈ।

ਦੇਸ਼ ਵਿੱਚ ਸ਼ਰਾਬ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿੱਚ ਗੁਜਰਾਤ ਪਹਿਲੇ ਨੰਬਰ ਉੱਪਰ ਹੈ ਜਦਕਿ ਸਾਡਾ ਪੰਜਾਬ ਦੂਜੇ ਨੰਬਰ ਉੱਪਰ ਆਉਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਜਾਂ 'ਆਪ' ਲੀਡਰ ਨਸ਼ਿਆਂ ਦਾ ਮਾਮਲਾ ਪਿਛਲੀਆਂ ਸਰਕਾਰਾਂ ਉੱਪਰ ਸੁੱਟ ਕੇ ਖੁਦ ਸੁਰਖਰੂ ਨਹੀਂ ਹੋ ਸਕਦੇ ਕਿਉਂਕਿ ਅਕਾਲੀ-ਭਾਜਪਾ, ਕਾਂਗਰਸ ਸਰਕਾਰਾਂ ਦੌਰਾਨ ਵਧੇ-ਫੁੱਲੇ ਡਰੱਗ ਮਾਫੀਆ ਤੋਂ ਅੱਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸੂਬੇ ਦੀ ਸੱਤਾ ਦੀ ਵਾਂਗਡੋਰ ਸੌਂਪੀ ਸੀ। 'ਆਪ' ਵੱਲੋਂ ਦਿੱਤੇ 'ਬਦਲਾਅ' ਦੇ ਨਾਅਰੇ ਨੇ ਲੋਕਾਂ ਦੇ ਮਨ ਵਿੱਚ ਆਸ ਦੀ ਕਿਰਨ ਪੈਦਾ ਕੀਤੀ ਸੀ ਪਰ ਜਦ ਹੁਣ 'ਆਪ' ਸਰਕਾਰ ਦੌਰਾਨ ਵੀ ਪੰਜਾਬ ਵਿੱਚ ਨਕਲੀ ਸ਼ਰਾਬ ਲੋਕਾਂ ਨੂੰ ਵੇਚੀ ਜਾ ਰਹੀ ਹੈ ਤੇ ਸ਼ਰਾਬ ਨਾਲ ਮੌਤਾਂ ਹੋ ਰਹੀਆਂ ਹਨ ਤਾਂ ਸਮਝਿਆ ਜਾ ਸਕਦਾ ਹੈ ਇਸ ਸਰਕਾਰ ਦਾ ਕਿਰਦਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਲੋਕ ਵਿਰੋਧੀ ਹੈ। ਇਹਨਾਂ ਨੇ ਸਾਢੇ ਤਿੰਨ ਸਾਲ ਦੇ ਵਕਫੇ ਦੌਰਾਨ ਇਕ ਵੀ ਅਜਿਹਾ ਕਦਮ ਨਹੀਂ ਚੁੱਕਿਆ ਜਿਸ ਨਾਲ ਨਸ਼ਾ ਤਸਕਰਾਂ ਨੂੰ ਰੋਕਿਆ ਗਿਆ ਹੋਵੇ। ਇਸੇ ਕਾਰਨ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮਜੀਠਾ ਖੇਤਰ ਵਿੱਚ ਹੋਈਆਂ ਮੌਤਾਂ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੈਪਟਨ ਸਰਕਾਰ ਵੇਲੇ ਦਿੱਤਾ ਉਹ ਬਿਆਨ ਚੇਤੇ ਕਰਵਾਇਆ ਹੈ ਜਦ ਭਗਵੰਤ ਮਾਨ ਨੇ ਕਿਹਾ ਸੀ ਕਿ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ਵਿੱਚ "ਮੁੱਖ ਮੰਤਰੀ ਖਿਲਾਫ ਕਤਲ ਦਾ ਕੇਸ ਦਰਜ ਹੋਣਾ ਚਾਹੀਦਾ ਹੈ। ਚਲੋ ਕਤਲ ਕੇਸ ਦਰਜ ਕਰਨਾ ਤਾਂ ਵੱਡੀ ਗੱਲ ਹੈ ਇੱਥੇ ਤਾਂ ਕੋਈ ਜ਼ਿੰਮੇਵਾਰੀ ਮੰਨ ਕੇ ਅਸਤੀਫਾ ਦੇਣ ਨੂੰ ਵੀ ਤਿਆਰ ਨਹੀਂ ਹੈ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ ਪਰ ਸ਼ਰਾਬ ਦੀਆਂ ਕੀਮਤਾਂ ਵਧਾਉਣ ਨਾਲ ਜਾਂ ਸ਼ਰਾਬ 'ਤੇ ਮੁਕੰਮਲ ਪਾਬੰਦੀ ਲਾਉਣ ਨਾਲ ਲੋਕ ਸ਼ਰਾਬ ਪੀਣੀ ਘੱਟ ਨਹੀਂ ਕਰਨਗੇ ਬਲਕਿ ਨਜਾਇਜ਼ ਸ਼ਰਾਬ ਦਾ ਕਾਰੋਬਾਰ ਵਧੇਗਾ। ਨਸ਼ਿਆਂ ਦੀ ਜੜ੍ਹ ਕਿਸੇ ਵੀ ਮੁਲਕ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ ਢਾਂਚੇ ਵਿੱਚ ਪਈ ਹੁੰਦੀ ਹੈ। ਜਦ ਤੱਕ ਲੋਕਾਂ ਦੀਆਂ ਸਮੱਸਿਆਵਾਂ ਬਰਕਰਾਰ ਹਨ ਤਦ ਤੱਕ ਨਸ਼ਿਆਂ ਨੂੰ ਮੁਕੰਮਲ ਰੂਪ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ ਹੈ। ਦੁਨੀਆਂ ਭਰ ਦਾ ਇਤਿਹਾਸ ਦੱਸਦਾ ਹੈ ਕਿ ਕਿਤੇ ਵੀ ਧੱਕੇ ਨਾਲ ਸ਼ਰਾਬਬੰਦੀ ਕਾਮਯਾਬ ਨਹੀਂ ਹੋਈ ਹੈ। ਅਮਰੀਕਾ ਵਿੱਚ 1920 ਤੋਂ 1933 ਤੱਕ ਸ਼ਰਾਬਬੰਦੀ ਰਹੀ ਪਰ ਸ਼ਰਾਬਬੰਦੀ ਦੇ ਇਸ ਦੌਰ ਦੌਰਾਨ ਸ਼ਰਾਬ ਤਾਂ ਬੰਦ ਕੀ ਹੋਣੀ ਸੀ ਬਲਕਿ ਲੋਕਾਂ ਨੂੰ ਚੋਰੀ-ਛੁਪੇ ਸ਼ਰਾਬ ਅਤੇ ਬੀਅਰ ਮੁਹੱਈਆ ਕਰਵਾਉਣ ਲਈ ਕਈ ਵੱਡੇ ਗੈਂਗ ਹੋਂਦ ਵਿਚ ਆਏ ਅਤੇ ਅਮਰੀਕਾ ਵਿੱਚ ਇੱਕ ਵੱਡਾ ਸ਼ਰਾਬ ਮਾਫੀਆ ਪੈਦਾ ਹੋਇਆ ਸੀ।


ਸਰਕਾਰ ਨੇ ਸ਼ਰਾਬ ਦੇ ਮਾਮਲੇ ਵਿੱਚ ਕਦੇ ਵੀ ਲੋਕਾਂ ਨੂੰ ਚੇਤਨ ਨਹੀਂ ਕੀਤਾ ਹੈ। ਸ਼ਰਾਬ ਸਬੰਧੀ ਬਹੁਤ ਸਾਰੀਆਂ ਗਲਤ ਧਾਰਨਾਵਾਂ ਸਾਡੇ ਸਮਾਜ ਵਿੱਚ ਅੱਗੇ ਦੀ ਅੱਗੇ ਚੱਲੀ ਜਾ ਰਹੀਆਂ ਹਨ। ਜਿਵੇਂ ਇਕ ਪੰਜਾਬੀ ਗੀਤ ਬਹੁਤ ਮਕਬੂਲ ਹੋਇਆ ਜਿਸ ਵਿੱਚ ਪਹਿਲੇ ਤੋੜ ਦੀ ਸ਼ਰਾਬ ਨੂੰ ਉਚਿਆਇਆ ਗਿਆ ਸੀ ਹਾਲਾਂਕਿ ਵਿਗਿਆਨਕ ਢੰਗ ਨਾਲ ਵੇਖੀਏ ਤਾਂ ਪਹਿਲੇ ਤੋੜ ਦੀ ਸ਼ਰਾਬ ਮਨੁੱਖੀ ਸਰੀਰ ਲਈ ਹਾਨੀਕਾਰਕ ਹੁੰਦੀ ਹੈ। ਜੇਕਰ ਸਰਕਾਰਾਂ ਨੇ ਸ਼ਰਾਬ ਪ੍ਰਤੀ ਲੋਕਾਂ ਨੂੰ ਚੇਤਨ ਕੀਤਾ ਹੁੰਦਾ ਤਾਂ ਲੋਕ ਮੀਥਾਨੋਲ ਜਾਂ ਸਪਿਰਿਟ ਨਾ ਪੀਂਦੇ।

ਬਣਦਾ ਇਹ ਹੈ ਕਿ ਸਰਕਾਰ ਸ਼ਰਾਬ ਤੋਂ ਮੁਨਾਫਾ ਕਮਾਉਣਾ ਬੰਦ ਕਰੇ। ਨਕਲੀ ਸ਼ਰਾਬ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਪੁਲੀਸ ਕਰਮਚਾਰੀਆਂ ਅਤੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰਕੇ ਸ਼ਰਾਬ ਮਾਫੀਆ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਸਰਕਾਰ ਇਹ ਮੰਨੇ ਕਿ ਜਦ ਕਿਸੇ ਸਮਾਜ ਦਾ ਗਿਨਣਯੋਗ ਹਿੱਸਾ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਵੇ ਤਾਂ ਇਸਦੀ ਜੜ੍ਹ ਸੱਤਾ ਦੀਆਂ ਨੀਤੀਆਂ ਵਿੱਚ ਹੁੰਦੀ ਹੈ। ਹੁਣ ਸਰਕਾਰ ਨੂੰ ਚਾਹੀਦਾ ਹੈ ਕਿ ਨਸ਼ਿਆਂ ਖਿਲਾਫ ਅਖੌਤੀ ਮੁਹਿੰਮ ਦੀ ਥਾਂ ਨੌਜਵਾਨਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕਰਾਵੇ ਤੇ ਸੂਬੇ ਵਿੱਚ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਤਾਂ ਕਿ ਨੌਜਵਾਨਾਂ ਨੂੰ ਜ਼ਿੰਦਗੀ ਦਾ ਮੰਤਵ ਮਿਲ ਸਕੇ।


# ‘ਬੀਵੀਡੀ ਬਰੈਂਪਟਨ ਹਾਫ਼-ਮੈਰਾਥਨ’ ਈਵੈਂਟ ’ਚ ਬਣਿਆ ਮੇਲੇ ਵਾਲਾ ਮਾਹੌਲ

## • 1200 ਤੋਂ ਵਧੇਰੇ ਦੌੜਾਕਾਂ ਤੇ ਵਾੱਕਰਾਂ ਨੇ ਲਿਆ ਹਿੱਸਾ • ਟੀਪੀਏਆਰ ਕਲੱਬ ਦੇ 90 ਮੈਂਬਰਾਂ ਨੇ ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਨਾਲ ਕੀਤੀ ਸ਼ਮੂਲੀਅਤ









ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 25 ਮਈ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਦੇ ਪੂਰਬਲੇ ਪਾਸੇ ਬਰੈਮਲੀ ਰੋਡ ਉੱਪਰ ਕਰਵਾਏ ਗਏ ‘ਬੀਵੀਡੀ ਬਰੈਂਪਟਨ ਹਾਫ਼-ਮੈਰਾਥਨ’ ਵਿੱਚ ਖ਼ੂਬ ਰੌਣਕਾਂ ਲੱਗੀਆਂ ਜਿਸ ਨਾਲ ਉੱਥੇ ਖੇਡ-ਮੇਲੇ ਵਾਲਾ ਪੂਰਾ ਮਾਹੌਲ ਬਣ ਗਿਆ। ਇਸ ਈਵੈਂਟ ਵਿੱਚ 1200 ਤੋਂ ਵਧੇਰੇ ਦੌੜਾਕਾਂ ਤੇ ਵਾੱਕਰਾਂ ਨੇ ਮੁਕਾਬਲੇ ਵਾਲੀਆਂ 5 ਕਿਲੋਮੀਟਰ, 10 ਕਿਲੋਮੀਟਰ ਤੇ ਹਾਫ਼-ਮੈਰਾਥਨ ਦੌੜਾਂ ਤੇ ਕਈ ਹੋਰ ਸ਼ੁਗਲੀਆ ਦੌੜਾਂ ਵਿੱਚ ਭਾਗ ਲਿਆ। ਇਸ ਦੌਰਾਨ ਸੀਨੀਅਰਜ਼ ਲਈ ਮੁਕਾਬਲੇ ਦੀ ਇੱਕ ਕਿਲੋਮੀਟਰ ਦੌੜ ਅਤੇ ਬੱਚਿਆਂ ਲਈ ਇੱਕ ਕਿਲੋਮੀਟਰ ਤੇ ਛੋਟੇ ਬੱਚਿਆਂ ਦੀਆਂ 400 ਮੀਟਰ ਸ਼ੁਗਲੀਆ ਦੌੜਾਂ ਵੀ ਕਰਵਾਈਆਂ ਗਈਆਂ। ਇਸ ਦੌਰਾਨ 200 ਤੋਂ ਵਧੇਰੇ ਵਾਲੰਟੀਅਰਾਂ ਨੇ ਆਪਣੀਆਂ ਡਿਊਟੀਆਂ ਬਾਖ਼ੂਬੀ ਨਿਭਾਈਆਂ।

ਮੁਕਾਬਲੇ ਵਾਲੀਆਂ ਦੌੜਾਂ ’ਚ ਸ਼ਾਮਲ ਹਾਫ਼-ਮੈਰਾਥਨ ਵਿੱਚ 78 ਦੌੜਾਕਾਂ ਨੇ ਭਾਗ ਲਿਆ ਜਿਸ ਵਿੱਚ ਕ੍ਰਿਸਟੋਫ਼ਰ ਜੂਲੀਅਨ ਇਹ ਦੌੜ ਇੱਕ ਘੰਟਾ 32 ਮਿੰਟ 4 ਸਕਿੰਟ ਵਿੱਚ ਲਗਾ ਕੇ ਪਹਿਲੇ ਨੰਬਰ ’ਤੇ ਆਇਆ, ਜਦਕਿ ਜੌਸੈੱਫ਼ ਕੈਂਪਾਨੇਲੀ ਤੇ ਜਸਕਰਨ ਨਾਹਲ ਕ੍ਰਮਵਾਰ ਇੱਕ ਘੰਟਾ 34 ਮਿੰਟ 6 ਸਕਿੰਟ ਤੇ ਇੱਕ ਘੰਟਾ 35 ਮਿੰਟ 24 ਸਕਿੰਟ ਨਾਲ ਦੂਸਰੇ ਤੇ ਤੀਸਰੇ ਨੰਬਰ ਤੇ ਰਹੇ। ਏਸੇ ਤਰ੍ਹਾਂ 10 ਕਿਲੋਮੀਟਰ ਦੌੜ ਵਿੱਚ ਸ਼ਿਵ ਸ਼ਰਮਾ 42 ਮਿੰਟ 44 ਸਕਿੰਟ ਨਾਲ ਪਹਿਲੇ ਨੰਬਰ ’ਤੇ ਆਇਆ, ਜਦ ਕਿ ਰਿਆਨ ਔਜਲਾ 43 ਮਿੰਟ 20 ਸਕਿੰਟ ਤੇ ਮੋਹਿੰਦਰਪਾਲ ਔਜਲਾ 44 ਮਿੰਟ 1 ਸਕਿੰਟ ਨਾਲ ਦੂਸਰੇ ਤੇ ਤੀਸਰੇ ਨੰਬਰ ‘ਤੇ ਆਏ। ਪੰਜ ਕਿਲੋਮੀਟਰ ਦੀ ਦੌੜ ਵਿੱਚ ਬਾਜ ਸਿੰਘ 19 ਮਿੰਟ 23 ਸਕਿੰਟ ਪਹਿਲੇ ਨੰਬਰ ‘ਤੇ ਆਇਆ ਅਤੇ ਵਿਗਨੇਸ਼ ਰਾਮਾਸਵਾਮੀ ਤੇ ਪਵਨਵੀਰ ਸਿੰਘ ਦੋਵੇਂ ਇੱਕੋ ਸਮੇਂ 19 ਮਿੰਟ 27 ਸਕਿੰਟ ਨਾਲ ਦੂਸਰੇ ਤੇ ਤੀਸਰੇ ’ਤੇ ਰਹੇ। ਇਸ ਦੌਰਾਨ ਟੀਪੀਏਆਰ ਕਲੱਬ ਦਾ ਤੇਜ਼-ਤਰਾਰ ਦੌੜਾਕ ਸੁਰਿੰਦਰ ਸਿੰਘ ਨਾਗਰਾ ਇੱਕ ਕਿਲੋਮੀਟਰ ਮੁਕਾਬਲੇ ਦੀ ਦੌੜ 5 ਮਿੰਟ 56 ਸਕਿੰਟ ਵਿੱਚ ਲਗਾ ਕੇ 70 ਸਾਲ ਤੋਂ ਉੱਪਰਲੇ ਉਮਰ-ਵਰਗ ਦੇ 39 ਦੌੜਾਕਾਂ ਵਿੱਚੋਂ ਪਹਿਲੇ ਨੰਬਰ ’ਤੇ ਆਇਆ। ਇਸ ਤਰ੍ਹਾਂ ਇਸ ਈਵੈਂਟ ਵਿੱਚ ਪੰਜਾਬੀਆਂ ਤੋਂ ਇਲਾਵਾ ਹੋਰ ਕਮਿਊਨਿਟੀਆਂ ਦੇ ਦੌੜਾਕਾਂ ਨੇ ਵੀ ਬੜੇ ਪ੍ਰੋਫ਼ੈਸ਼ਨਲ ਢੰਗ ਨਾਲ ਭਾਗ ਲਿਆ। ਇਸ ਮੌਕੇ ਜੇਤੂਆਂ ਨੂੰ ਪ੍ਰਬੰਧਕਾਂ ਵੱਲੋਂ ਟਰਾਫ਼ੀਆਂ, ਨਕਦ ਤੇ ਕਈ ਹੋਰ ਇਨਾਮ ਦਿੱਤੇ ਗਏ।

ਪਿਛਲੇ ਸਾਲ ਨਾਲੋਂ ਇਸ ਸਾਲ ਲੋਕਾਂ ਵਿੱਚ ਹੋਰ ਵੀ ਵਧੇਰੇ ਉਤਸ਼ਾਹ ਦਿਖਾਈ ਦੇ ਰਿਹਾ ਸੀ। ਦੂਰ ਨੇੜੇ ਦੇ ਕਈ ਸ਼ਹਿਰਾਂ ਤੇ ਕਸਬਿਆਂ ਤੋਂ ਲੋਕ ਵੱਡੀ ਗਿਣਤੀ ਵਿੱਚ ਇਸ ਵਿੱਚ ਸ਼ਾਮਲ ਹੋਣ ਲਈ ਪਹੁੰਚੇ। ਉਹ ਦੌੜਾਕਾਂ ਦੀ ਹੌਸਲਾ-ਅਫ਼ਜ਼ਾਈ ਲਈ ਬਰੈਮਲੀ ਰੋਡ ਦੇ ਦੋਹਾਂ ਕਿਨਾਰਿਆਂ ’ਤੇ ਖੜੇ ਹੋ ਕੇ ਤਾੜੀਆਂ ਦੇ ਨਾਲ ਉੱਚੀ-ਉੱਚੀ ਆਵਾਜ਼ਾਂ ਨਾਲ ਉਨ੍ਹਾਂ ਦਾ ਸੁਆਗਤ ਕਰ ਰਹੇ ਸਨ ਜਿਸ ਤੋਂ ਲੱਗ ਰਿਹਾ ਸੀ ਕਿ ਇਹ ਈਵੈਂਟ ਹੁਣ ਬਰੈਂਪਟਨ ਸ਼ਹਿਰ ਤੱਕ ਹੀ ਸੀਮਤ ਨਹੀਂ ਰਿਹਾ ਹੈ, ਬਲਕਿ ਪੂਰੇ ਪੀਲ ਰੀਜਨ ਅਤੇ ਹੋਰ ਸ਼ਹਿਰਾਂ ਤੇ ਕਸਬਿਆਂ ਵਿੱਚ ਵੀ ਆਪਣੇ ਪੈਰ ਪਸਾਰ ਰਿਹਾ ਹੈ।

ਇਹ ਈਵੈਂਟ ਛੇ ਸਥਾਨਕ ਚੈਰਿਟੀਆਂ ਦੀ ਸਾਂਝੀ ਸੰਸਥਾ ‘ਇੰਸਪੀਰੇਸ਼ਨਲ ਸਟੈੱਪਸ’ ਵੱਲੋਂ ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ‘ਐੱਨਲਾਈਟ ਕਿੱਡਜ਼’, ‘ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ’, ‘ਸਹਾਇਤਾ’, ‘ਪਿੰਗਲਵਾੜਾ’, ‘ਡਰੱਗ ਅਵੇਅਰਨੈੱਸ ਸੋਸਾਇਟੀ ਆਫ਼ ਟੋਰਾਂਟੋ’ ਅਤੇ ‘ਤਰਕਸ਼ੀਲ ਸੋਸਾਇਟੀ’ ਸ਼ਾਮਲ ਹਨ। ਇਨ੍ਹਾਂ ਦਾ ਸਾਂਝਾ ਮੰਤਵ ਲੋਕਾਂ ਵਿੱਚ ਚੰਗੀ ਸਿਹਤ ਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਹੈ, ਸਗੋਂ ਇਸ ਦੇ ਨਾਲ-ਨਾਲ ਸਿਹਤ ਪ੍ਰਤੀ ਜਾਗਰੂਕਤਾ ਨੂੰ ਫ਼ੈਲਾਉਣਾ ਹੈ।

ਇਸ ਵਾਰ ਸਥਾਨਕ ‘ਟੈਰੀ ਫ਼ੌਕਸ ਸਿੰਨਥੈਟਿਕ ਸਟੇਡੀਅਮ’ ਉਪਲੱਭਧ ਨਾ ਹੋਣ ਕਾਰਨ ਇਸ ਈਵੈਂਟ ਲਈ ਮੇਨ-ਸਟੇਜ ਅਤੇ ਵੱਖ-ਵੱਖ ਸਟਾਲਾਂ ਦਾ ਪ੍ਰਬੰਧ ਟੈਂਟ ਬਰੈਮਲੀ ਰੋਡ ਤੇ ਗੁੱਡਵੁੱਡ ਰੋਡ ਨੇੜਲੀ ਪਾਰਕਿੰਗ ਵਿੱਚ ਕੀਤਾ ਗਿਆ ਜਿੱਥੇ ਵੱਖ-ਵੱਖ ਤਰ੍ਹਾਂ ਦੇ ਸਨੈਕਸ, ਚਾਹ-ਪਾਣੀ ਤੇ ਖਾਣ-ਪੀਣ ਦੀਆਂ ਹੋਰ ਕਈ ਆਈਟਮਾਂ ਦਾ ਬਹੁਤ ਵਧੀਆ ਇੰਤਜ਼ਾਮ ਸੀ। ਇੱਕ ਸਟਾਲ ਦੇ ਸਾਹਮਣੇ ਲੋਕ ਸਵੇਰੇ ਅੱਠ ਵਜੇ ਵੇਸਣ ਤੇ ਸਮੋਸਿਆਂ ਨਾਲ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ। ਨਾਲ ਲੱਗਦੇ ਫ਼ਰੂਟ ਵਾਲੇ ਸਟਾਲ ਵਿੱਚ ਸੇਬਾਂ ਤੇ ਕੇਲਿਆਂ ਦੀ ਭਰਮਾਰ ਸੀ। ਥੋੜ੍ਹੇ ਚਿਰ ਬਾਅਦ ਨਾਲ ਲੱਗਦੇ ‘ਸਿੰਘ ਪੀਜ਼ਾ’ ਵਾਲਿਆਂ ਦੇ ਸਟਾਲ ਵਿੱਚ ਗਰਮਾ-ਗਰਮ ਪੀਜ਼ਿਆਂ ਦੇ ਡੱਬੇ ਆ ਗਏ ਅਤੇ ਉਸ ਦੇ ਨੇੜਲੇ ਇਕ ਹੋਰ ਸਟਾਲ ਵਿੱਚ ਚਾਵਲ, ਰੋਟੀਆਂ, ਦਾਲ ਤੇ ਮਟਰ ਪਨੀਰ ਦੀ ਸੁਆਦਲੀ ਸਬਜ਼ੀ ਵਾਲਾ ਲੰਗਰ ਵੀ ਪਹੁੰਚ ਗਿਆ। ਦੌੜਾਕਾਂ ਤੇ ਦਰਸ਼ਕਾਂ ਨੇ ਇਹ ਸੱਭ ਬੜੇ ਪ੍ਰੇਮ-ਪਿਆਰ ਤੇ ਸਤਿਕਾਰ ਨਾਲ ਲੰਗਰ ਛਕਿਆ। ਹਾਫ਼-ਮੈਰਾਥਨ ਦੌੜ ਸਵੇਰੇ 7.30 ਵਜੇ ਹੀ ਆਰੰਭ ਹੋ ਗਈ, ਜਦ ਕਿ 10 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਕ੍ਰਮਵਾਰ 8.15 ਵਜੇ ਤੇ 8.45 ਵਜੇ ਸ਼ੁਰੂ ਕਰਵਾਈਆਂ ਗਈਆਂ। ਇਨ੍ਹਾਂ ਸਾਰੀਆਂ ਦੌੜਾਂ ਦਾ ਸ਼ਾਨਦਾਰ ਆਰੰਭਿਕ (‘ਸਟਾਰਟਿੰਗ ਪੁਆਇੰਟ’) ਅਤੇ ਆਖ਼ਰੀ ਪੁਆਇੰਟ (‘ਫਿਨਿਸ਼ ਪੁਆਇੰਟ’) ਬਰੈਮਲੀ ਰੋਡ ਉੱਪਰ ਕੁਈਨਜ਼ ਸਟਰੀਟ ਤੋਂ ਲੱਗਭੱਗ 250 ਗਜ਼ ਉੱਤਰ ਵਾਲੇ ਪਾਸੇ ਬਣਾਇਆ ਗਿਆ। ਵੱਖ-ਵੱਖ ਦੌੜਾਂ ਦੀ ਦੂਰੀ ਨੂੰ ਮੁੱਖ ਰੱਖਦਿਆਂ ਹੋਇਆਂ ਦੌੜਾਕਾਂ ਨੂੰ ਇੱਥੋਂ ਆਰੰਭਿਕ ਪੁਆਇੰਟ ਤੋਂ ਸ਼ੁਰੂ ਹੋ ਕੇ ਬਰੈਮਲੀ ਰੋਡ ਉੱਪਰ ਵਿਲੀਅਮ ਪਾਰਕਵੇਅ ਨੂੰ ਪਾਰ ਕਰਕੇ ਅੱਗੋਂ ਨੌਰਥ ਪਾਰਕ ਤੋਂ ਥੋੜ੍ਹਾ ਜਿਹਾ ਉਰਿਊਂ ਵਾਪਸ ਮੁੜਨਾ ਸੀ। ਹਾਫ਼-ਮੈਰਾਥਨ ਲਈ ਦੌੜਾਕ ਇਸ ਦੂਰੀ ਦੇ ਅੱਠ ਚੱਕਰ, 10 ਕਿਲੋਮੀਟਰ ਦੌੜ ਵਾਲੇ ਚਾਰ ਚੱਕਰ ਅਤੇ 5 ਕਿਲੋਮੀਟਰ ਵਾਲੇ ਦੋ ਚੱਕਰ ਲਗਾ ਕੇ ‘ਫਿਨਿਸ਼ ਪੁਆਇੰਟ’ ‘ਤੇ ਵਾਪਸ ਆਏ। ਉਨ੍ਹਾਂ ਦੀ ਸਹਾਇਤਾ ਲਈ ਅਤੇ ਵਾਟਰ ਸਟੇਸ਼ਨਾਂ ‘ਤੇ ਪਾਣੀ ਪਿਆਉਣ ਲਈ ਰਸਤੇ ਵਿੱਚ ਕਈ ਥਾਵਾਂ ‘ਤੇ ਪ੍ਰਬੰਧਕਾਂ ਵੱਲੋਂ ਵਾਲੰਟੀਅਰ ਤਾਇਨਾਤ ਕੀਤੇ ਗਏ ਸਨ।

ਇੱਥੇ ਇਹ ਜ਼ਿਕਰਯੋਗ ਹੈ ਕਿ ‘ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ’ (ਟੀਪੀਏਆਰ ਕਲੱਬ) ਦੇ 90 ਮੈਂਬਰਾਂ ਨੇ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਵਿੱਚ ਇਸ ਈਵੈਂਟ ਦੀਆਂ ਵੱਖ-ਵੱਖ ਦੌੜਾਂ ਵਿੱਚ ਭਾਗ ਲਿਆ। ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਨਾਲ ਉਹ ਦੌੜ ਦੇ ਇਸ ਈਵੈਂਟ ਵਿੱਚ ਵੱਖਰੀ ਹੀ ਦਿੱਖ ਨਾਲ ਦੂਰੋਂ ਹੀ ਪਛਾਣੇ ਜਾ ਰਹੇ ਸਨ। ਇਹ ਵੀ ਵਰਨਣਯੋਗ ਹੈ ਕਿ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ ਵਿੱਚ ਇਸ ਕਲੱਬ ਦੇ ਦੋ ਮੈਂਬਰ ਸਿੱਧੂ ਪਰਿਵਾਰ ਵੱਲੋਂ ਆਪਣੀ ਮਾਤਾ ਕਿਸ਼ਨ ਕੌਰ ਦੀ ਯਾਦ ਵਿੱਚ ਤਿਆਰ ਕੀਤਾ ਗਿਆ ‘ਚਲੰਤ ਯਾਦਗਾਰੀ ਕੱਪ’ ਜੋ ਹਰ ਸਾਲ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ੈਂਡਰੇਸ਼ਨ ਵੱਲੋਂ ਜੇਤੂਆਂ ਨੂੰ ਦਿੱਤਾ ਜਾਂਦਾ ਹੈ, ਦੇ ਪਿਛਲੇ ਚਾਰ ਸਾਲ ਤੋਂ ਜੇਤੂ ਹਨ। ਪਹਿਲਾਂ ਦੋ ਸਾਲ ਇਹ ਕੱਪ ਇਸ ਕਲੱਬ ਦੇ ਜੇਤੂ ਮੈਂਬਰ ਸੋਢੀ ਕੰਗ ਕੋਲ ਰਿਹਾ ਅਤੇ ਹੁਣ ਇਹ ਪਿਛਲੇ ਸਾਲ ਤੋਂ ਇਹ ਕਲੱਬ ਦੇ ਮੈਂਬਰ ਨੌਨਿਹਾਲ ਚੀਮਾ ਕੋਲ ਹੈ। ਮਿਸਟਰ ਚੀਮਾ ਇਹ ਕੱਪ ਇਸ ਖੇਡ ਮੇਲੇ ਵਿੱਚ ਲੈ ਕੇ ਆਏ ਅਤੇ ਕਲੱਬ ਦੇ ਮੈਂਬਰਾਂ ਨੇ ਇਹ ਕੱਪ ਅਸਮਾਨ ਵਿੱਚ ਉੱਚਾ ਲਹਿਰਾਅ ਕੇ ਇਸ ਦੇ ਨਾਲ ਆਪਣੀ ਗਰੁੱਪ ਫ਼ੋਟੋ ਕਰਵਾਈ।

ਇਸ ਦੌਰਾਨ ‘ਬਰੈਂਪਟਨ ਬੈਂਡਰਜ਼ ਰੱਨਿੰਗ ਕਲੱਬ’ ਦੇ ਮੈਂਬਰਾਂ ਨੇ ਇਸ ਵਿੱਚ ਦੌੜਨ ਦੇ ਨਾਲ ਨਾਲ ਲੌਜਿਸਟਿਕ ਸਹਾਇਤਾ ਵਿੱਚ ਵੀ ਬੜੀ ਮਦਦ ਕੀਤੀ। ‘ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ’ ਅਤੇ ‘ਰੱਨ ਫ਼ਾਰ ਵੈਟਰਨਜ਼’ ਦੇ ਸੀਨੀਅਰ ਮੈਂਬਰਾਂ ਨੇ ਇਸ ਵਾਰ ਵੀ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਤਰ੍ਹਾਂ ਇਹ ‘ਬੀਵੀਡੀ ਗਰੁੱਪ ਹਾਫ਼-ਮੈਰਾਥਨ ਈਵੈਂਟ’ ਯਾਦਗਾਰੀ ਹੋ ਨਿਬੜਿਆ। ਸਮੂਹ ਦੌੜਾਕ, ਪ੍ਰਬੰਧਕ, ਵਾਲੰਟੀਅਰ ਤੇ ਦਰਸ਼ਕ ਇਸ ਅਤੀ ਸਫ਼ਲ ਤੇ ਸ਼ਾਨਦਾਰ ਈਵੈਂਟ ਲਈ ਵਧਾਈ ਦੇ ਹੱਕਦਾਰ ਹਨ।

"Congratulations on your incredible success! ...on behalf of prominent newspaper Sarokaran Di Awaz

CIBC

Introducing your local CIBC Mobile Mortgage Advisor

Start your home buying journey on the right foot

I Will provide personalized advice to help you choose the mortgage solution that's right for you, at a great rate

Contact me Today



Vicky Dhillon
Mobile Mortgage Advisor
416-528-6200
1 833-814-0151
vicky.dhillon1@cibc.com

All mortgages are subject to credit approval. Certain conditions and restrictions apply.
The CiBC logo is a trademark of CIBC.
CG00102T




TANGERINE DEVELOPMENTS LTD

Channi Makkar
Vice President, Construction

Mobile : 604-783-0745
Office : 604-652-2733

channi@tangerinedevelopments.com
tangerinedevelopments.com

203 - 15350 Croydon Drive
Surrey, BC V2Z 0Z5



ਗੋਰਕੀ ਪ੍ਰਕਾਸ਼ਨ, ਲੁਧਿਆਣਾ
ਦੀਆਂ ਪ੍ਰਕਾਸ਼ਨਾਵਾਂ




ਆਪਣੀ ਕਿਤਾਬ ਛਪਵਾਉਣ ਲਈ ਸੰਪਰਕ ਕਰੋ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਲੁਧਿਆਣਾ
ਦੁਕਾਨ ਨੰ. 7, ਪੰਜਾਬੀ ਭਵਨ, ਭਾਰਤ ਨਗਰ ਚੌਂਕ
ਲੁਧਿਆਣਾ, ਪੰਜਾਬ-141001, ਫੋਨ. - 9417642785
# 164 Saddle Crest Circle NE, Calgary (AB)
Canada 403-455-4220

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis




Paul Dosanjh
Sales Representative

Dri: 416-254-7573, Off.: 905-793-5777
Email : pdosanjh2005@yahoo.com

### ਪੁਰਜ਼ਾ ਪੁਰਜ਼ਾ ਕੱਟ ਮਰੇ ਕੱਬਹੂ ਨਾ ਛਾਡੇ ਖੇਤ

# ਨਕਸਲਬਾੜੀ ਲਹਿਰ ਦੇ ਮਹਾਨ ਸ਼ਹੀਦ ਕਾਮਰੇਡ ਤਰਸੇਮ ਬਾਵਾ ਦੇ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਨੂੰ ਯਾਦ ਕਰਦਿਆਂ

ਲਹੂ ਦੀ ਲੋਅ ਦਾ ਨਾਇਕ ਮਾਸਟਰ ਵੇਦ, ਨਕਸਲਬਾੜੀ ਲਹਿਰ ਦੇ ਸ਼ਹੀਦ ਕਾਮਰੇਡ ਤਰਸੇਮ ਬਾਵੇ ਉੱਪਰ ਉਸ ਸਮੇਂ ਦੀ ਬਾਦਲ ਹਕੂਮਤ ਦੇ ਪੁਲਿਸ ਜਬਰ ਨੇ, ਮੁਗਲ ਹਕੂਮਤ ਵੱਲੋਂ ਭਾਈ ਮਨੀ ਸਿੰਘ ਦੀ ਬੰਦ-ਬੰਦ ਕੱਟ ਕੇ ਕੀਤੀ ਸ਼ਹਾਦਤ ਨੂੰ ਮੁੜ ਦੁਹਰਾਅ ਦਿੱਤਾ। ਨਕਸਲਬਾੜੀ ਲਹਿਰ ਦੀ ਸਤਿਕਾਰਯੋਗ ਸ਼ਖ਼ਸੀਅਤ ਕਾਮਰੇਡ ਤਰਸੇਮ ਬਾਵਾ ਪਿੰਡ ਦੋਰਾਹੇ ਜਨਮਿਆਂ ਉਹ ਪੜ੍ਹ ਲਿਖ ਕੇ ਅਧਿਆਪਕ ਬਣਿਆ ਪਰ ਸੰਨ 47 ਦੀ ਅਖੌਤੀ ਅਜ਼ਾਦੀ ਤੋਂ ਬਾਅਦ ਵੀ ਕਿਰਤੀ ਕਾਮਿਆਂ ਦੇ ਮੰਦੇ ਹਾਲ ਤੇ ਉਹ ਚਿੰਤਤ ਸਨ, ਉਹ ਮਨੁੱਖਤਾ ਦੀ ਅਜ਼ਾਦੀ ਤੇ ਖ਼ੁਸ਼ਹਾਲੀ ਲਈ ਤੱਤਪਰ ਰਹਿੰਦੇ, ਇਸੇ ਜਜ਼ਬੇ ਤੇ ਚਿੰਤਨ ਤਹਿਤ ਉਹ ਨਕਸਲਬਾੜੀ ਲਹਿਰ ਵਿੱਚ ਸ਼ਾਮਿਲ ਹੋਏ, ਨਕਸਲਬਾੜੀ ਪਾਰਟੀ ਦੇ ਪੰਜਾਬ ਸਕੱਤਰ ਤੇ ਵਾਰੰਟਡ ਸਾਥੀ ਦਿਆ ਸਿੰਘ ਤੇ ਪੁਰਾਣੇ ਅਜ਼ਾਦੀ ਘੁਲਾਟੀਏ ਬਾਬਾ ਹਰੀ ਸਿੰਘ ਮਰਗਿੰਦਪੁਰੀ ਗੁਪਤ ਟਿਕਾਣੇ ਤਹਿਤ ਉਨ੍ਹਾਂ ਕੋਲ ਆਉਣ ਜਾਣ ਲੱਗੇ। ਕਾਮਰੇਡ ਤਰਸੇਮ ਬਾਵਾ ਅਧਿਆਪਕ ਦੇ ਤੌਰ ਤੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਡੂੰਗੀਆਂ ਦੇ ਸਕੂਲ ਵਿੱਚ ਨਿਯੁਕਤ ਸਨ, ਆਪਣੇ ਪਿੰਡ ਦੋਰਾਹੇ ਤੋਂ ਡੂੰਗੀਆਂ ਸਕੂਲ ਦੂਰ ਹੋਣ ਕਰਕੇ ਉਹ ਇਸ ਪਿੰਡ ਵਿੱਚ ਹੀ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗੇ। ਕਿਸੇ ਪੁਲਿਸ ਮੁਖ਼ਬਰ ਨੇ ਕਾਮਰੇਡ ਦਿਆ ਸਿੰਘ ਤੇ ਬਾਬਾ ਹਰੀ ਸਿੰਘ ਮਰਗਿੰਦਪੁਰੀ ਦੇ ਮਾਸਟਰ ਤਰਸੇਮ ਬਾਵੇ ਕੋਲ ਆਉਣ ਜਾਣ ਦੀ ਸੂਹ ਦੇ ਦਿੱਤੀ। ਇਸੇ ਮੁਖਬਰੀ ਤਹਿਤ 27 ਮਾਰਚ 1970 ਨੂੰ ਜਦੋਂ ਮਾਸਟਰ ਤਰਸੇਮ ਬਾਵਾ ਆਪਣੇ ਪਿੰਡ ਗਏ ਹੋਏ ਸਨ, ਇਸ ਮਕਾਨ ਵਿੱਚੋਂ ਪੁਲਿਸ ਨੇ ਰਾਤ ਕੱਟਣ ਆਏ ਕਾਮਰੇਡ ਦਿਆ ਸਿੰਘ ਤੇ ਹਰੀ ਸਿੰਘ ਮਰਗਿੰਦਪੁਰੀ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਨੂੰ ਘੋਰ ਪੁਲਿਸ ਤਸ਼ੱਦਦ ਤੋਂ ਬਾਅਦ ਉਗਨੀ ਪਿੰਡ ਕੋਲ ਲਿਜਾ ਕੇ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ। ਮਾਸਟਰ ਤਰਸੇਮ ਬਾਵਾ ਨੂੰ ਜਦੋਂ ਇਸ ਮਾੜੀ ਘਟਨਾ ਦੀ ਖ਼ਬਰ ਮਿਲੀ ਤਾਂ ਉਹ ਅਧਿਆਪਕ ਦੀ ਨੌਕਰੀ ਨੂੰ ਲੱਤ ਮਾਰ ਕੇ ਨਕਸਲਬਾੜੀ ਲਹਿਰ ਵਿੱਚ ਕੁੱਲਵਕਤੀ ਹੋ ਗਏ। ਉਨ੍ਹਾਂ ਪਾਰਟੀ ਦੇ ਜ਼ਾਬਤੇ ਤਹਿਤ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਲਾਇਨ ਮੁਤਾਬਿਕ ਕਈ ਸਫ਼ਲ ਐਕਸ਼ਨ ਕੀਤੇ। ਇਸ ਕਾਰਨ ਉਨ੍ਹਾਂ ਦੇ ਮਾਤਾ-ਪਿਤਾ, ਭੈਣ-ਭਰਾਵਾਂ ਅਤੇ ਸਾਰੇ ਰਿਸ਼ਤੇਦਾਰਾਂ ਨੂੰ ਪੁਲਿਸ



ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਪਰ ਉਹ ਅਡੋਲ ਰਹੇ। ਲੋਕ ਮੁਕਤੀ ਲਈ ਬਸੰਤ ਦੀ ਗ਼ਰਜ਼ ਬਣ ਕੇ ਉੱਠੀ ਨਕਸਲਬਾੜੀ ਦੇ ਨਿੱਧੜਕ ਆਗੂ ਕਾਮਰੇਡ ਤਰਸੇਮ ਬਾਵਾ ਨੇ ਜਿੱਥੇ ਮਨੁੱਖਤਾ ਦੀ ਅਜ਼ਾਦੀ ਅਤੇ ਖ਼ੁਸ਼ਹਾਲੀ ਲਈ ਬੰਦ-ਬੰਦ ਕੱਟਵਾ ਕੇ ਸ਼ਹਾਦਤ ਦਾ ਜਾਮ ਪੀਤਾ ਉੱਥੇ ਇਸ ਕਾਰਨ ਉਨ੍ਹਾਂ ਦੀ ਇੱਕ ਛੋਟੀ ਭੈਣ ਅਤੇ ਉਨ੍ਹਾਂ ਦੇ ਵੱਡੇ ਜੀਜੇ ਪ੍ਰੀਤਮ ਦਾਸ ਕਕਰਾਲਾ ਨੇ ਵੀ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਦੇ ਹੋਏ ਲੋਕ ਮੁਕਤੀ ਲਈ ਜ਼ਿੰਦਗੀ ਨਿਸ਼ਾਵਰ ਕੀਤੀ। ਸਮੇਂ ਦੀ ਬਾਦਲ ਹਕੂਮਤ ਨੇ ਨਕਸਲੀ ਕਾਮਰੇਡ ਤਰਸੇਮ ਬਾਵੇ ਦਾ ਘਰ ਢਹਿ ਢੇਰੀ ਕਰਕੇ ਉਸ ਦੀ ਛੋਟੀ ਭੈਣ ਨੂੰ ਹਿਰਾਸਮੈਂਟ ਕੀਤਾ ਜਿਸ ਕਰਕੇ ਉਸ ਦੀ ਮੌਤ ਹੋ ਗਈ ਸੀ, ਫਿਰ 17 ਅਪ੍ਰੈਲ 1971 ਨੂੰ ਉਨ੍ਹਾਂ ਦੇ ਵੱਡੇ ਜੀਜੇ ਸ੍ਰੀ ਪ੍ਰੀਤਮ ਦਾਸ ਕਕਰਾਲਾ ਨੂੰ ਘਰੋਂ ਗ੍ਰਿਫ਼ਤਾਰ ਕਰਕੇ ਨਹਿਰ 'ਚ ਡੋਬ ਕੇ ਸ਼ਹੀਦ ਕੀਤਾ ਗਿਆ। ਇਸ ਤੋਂ 39 ਦਿਨ ਬਾਅਦ 25 ਮਈ 1971 ਨੂੰ ਕਦੋਂ ਦੇ ਬਲਬੀਰੇ ਮੁਖ਼ਬਰ ਨੇ ਲੁਧਿਆਣੇ ਦੇ ਬੱਸ ਸਟੈਂਡ ਤੋਂ ਕਾਮਰੇਡ ਤਰਸੇਮ ਬਾਵੇ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਪੁਲਿਸ ਨੇ ਕਾਮਰੇਡ ਤਰਸੇਮ ਬਾਵੇ ਨੂੰ ਗਿਰਫ਼ਤਾਰ ਕਰਕੇ ਘੋਰ ਤਸ਼ੱਦਦ ਕਰਦਿਆਂ ਉਨ੍ਹਾਂ ਦੀਆਂ ਅੱਖਾਂ ਕੱਢ ਦਿੱਤੀਆਂ, ਜਿਸਮ ਮੋਮਬੱਤੀਆਂ ਨਾਲ ਜਲਾ ਕੇ ਤੱਤੇ ਸਰੀਏ ਲਾਉਣ ਤੋਂ ਬਾਅਦ ਲੱਤਾਂ-ਬਾਹਾਂ ਟੋਕੇ ਨਾਲ ਕੱਟਣ ਅਤੇ ਅਣਮਨੁੱਖੀ ਪੁਲਿਸ ਤਸ਼ੱਦਦ ਤੋਂ ਬਾਅਦ ਲਗਭਗ ਰਾਤ ਦੇ 12 ਵਜੇ ਖੰਨਾ ਨੇੜੇ ਜਰਗ-ਸਿਹੋੜਾ ਦੇ ਵਿਚਕਾਰ ਜਰਗੜੀ ਦੇ ਪੁੱਲ ਤੇ ਲਿਜਾ ਕੇ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ। ਕਾਮਰੇਡ ਤਰਸੇਮ ਬਾਵਾ ਦੀ ਸ਼ਹਾਦਤ ਸਦਾ ਸਲਾਮਤ ਰਹੇਗੀ।

# ਸਰਾਭੇ ਦੇ ਸਿਰ ਤੇ ਪੱਗ ਕਿਵੇਂ ਆਈ..

**ਸਰਬਜੀਤ ਸੋਹੀ**

ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਸੂਰਮਿਆਂ ਲਈ ਆਪਣੀ ਜਾਤ, ਖ਼ਿੱਤਾ ਅਤੇ ਧਰਮ ਆਦਿ ਦੀ ਕੋਈ ਬਹੁਤੀ ਅਹਿਮੀਅਤ ਨਹੀਂ ਸੀ। ਉਨ੍ਹਾਂ ਦੀ ਆਪਸੀ ਸਾਂਝ ਦਾ ਸੂਤਰ ਸਿਰਫ਼ ਵਤਨ ਪ੍ਰੇਮ ਸੀ। ਇਸ ਕਰਕੇ ਹੀ 'ਬੱਬਰ ਅਕਾਲੀ' ਵਰਗੀ ਨਿਰੋਲ ਸਿੱਖ ਲਹਿਰ ਵਿਚ ਮੁਸਲਮਾਨ ਵੀ ਸ਼ਾਮਿਲ ਸਨ। ਗ਼ਦਰ ਲਹਿਰ ਵਿਚ ਭਾਵੇਂ ਸਿੱਖ/ਪੰਜਾਬੀ ਵੱਡੀ ਗਿਣਤੀ ਵਿਚ ਸਨ, ਪਰ ਇਹ ਹਿੰਦੂ-ਸਿੱਖ-ਮੁਸਲਮਾਨ ਸਾਂਝ ਤੇ ਹੀ ਉਸਾਰੀ ਗਈ ਧਾਰਮਿਕ ਪਹਿਚਾਣ ਰਹਿਤ ਪਾਰਟੀ ਸੀ। ਆਜ਼ਾਦੀ ਤੋਂ ਬਾਅਦ ਸੰਘੀਆਂ ਨੇ ਸਾਵਰਕਾਰ ਨੂੰ ਹਿੰਦੂ ਵੀਰ ਵਜੋਂ ਉਚਿਆਉਣ ਦੀ ਪੂਰੀ ਕੋਸ਼ਿਸ਼ ਕਰੀ, ਕਾਂਗਰਸ ਨੇ ਅਜ਼ਾਦੀ ਲਈ ਹੋਈ ਜਦੋ-ਜਹਿਦ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਇਤਿਹਾਸ ਨੂੰ ਆਪੇ ਤਰੀਕੇ ਨਾਲ ਲਿਖਵਾਇਆ ਅਤੇ ਪੜਾਇਆ। ਪੰਜਾਬ ਕੇਸਰੀ/ਲੋਹ ਪੁਰਸ਼ ਆਦਿ ਲਕਬ ਸਕੂਲੀ ਪਾਠਕ੍ਰਮ ਰਾਹੀਂ ਪੱਕੇ ਕੀਤੇ ਗਏ। ਇਸੇ ਹੀ ਰੁਝਾਣ ਤਹਿਤ ਊਧਮ ਸਿੰਘ ਦੁਆਰਾ ਵਰਤੇ ਗਏ ਨਾਮ ਮੁਹੰਮਦ ਸਿੰਘ ਆਜ਼ਾਦ ਦੇ ਅੱਗੇ ਰਾਮ ਲਾਇਆ ਗਿਆ। ਭਗਤ ਸਿੰਘ ਦੀ ਪੱਗ ਵਾਲੀ ਪਹਿਚਾਣ ਖਤਮ ਕਰਨ ਲਈ ਉਸ ਨੂੰ ਆਰੀਆ ਸਮਾਜੀ ਅਤੇ ਟੋਪਧਾਰੀ ਬਣਾਉਣ ਲਈ ਇਕ ਮੁਹਿੰਮ ਚਲਾਈ ਗਈ। ਹਿੰਦੂਤਵੀ ਅਤੇ ਸਰਕਾਰੀ ਕੋਸ਼ਿਸ਼ਾਂ ਦੇ ਪੈਰਲਲ ਸਿੱਖਾਂ ਵਿਚ ਵੀ ਅਜਿਹੀ ਇਕ ਲਾਬੀ ਪੈਦਾ ਹੋ ਗਈ ਜੋ ਸ਼ਹੀਦਾਂ ਨੂੰ ਸਿੱਖ ਪਹਿਚਾਣ ਦੇਣ ਲਈ ਵਿਚਾਰਾਂ ਦੀ ਬਜਾਏ ਬਾਹਰੀ ਦਿੱਖ ਅਤੇ ਚਿੰਨ੍ਹਾਂ ਨੂੰ ਆਧਾਰ ਬਣਾ ਕੇ ਇਤਿਹਾਸ ਨੂੰ ਧਾਰਮਿਕ ਰੰਗਤ ਦੇਣ ਲੱਗ ਪਈ।

ਵਰਤਮਾਨ ਵਿਚ ਮੋਨੇ/ਸਿੱਖ ਵਾਲੀ ਖੇਡ ਸਰਾਭੇ ਬਾਰੇ ਵੀ ਚੱਲ ਰਹੀ ਹੈ। ਦੁੱਖ ਦੀ ਗੱਲ ਹੈ ਕਿ ਇਹ ਕੋਸ਼ਿਸ਼ ਕੁੱਝ ਪੜ੍ਹੇ ਲਿਖੇ ਕੱਟੜ ਸਿੱਖਾਂ ਵੱਲੋਂ ਕੀਤੀ ਜਾ ਰਹੀ ਹੈ ਅਤੇ ਸਾਧਾਰਨ ਸਿੱਖ ਇਸ ਧਾਰਨਾ ਨੂੰ ਅੱਗੇ ਫੈਲਾਉਣ ਵਿਚ ਲੱਗੇ ਹੋਏ ਹਨ। ਮੂਲਵਾਦੀ ਆਪਣੇ ਅੰਦਰਲੇ ਉਲਾਰ ਮੁਤਾਬਕ ਸਰਾਭੇ ਦੀ ਦਿੱਖ ਦੀ ਕਲਪਨਾ ਤੇ ਵਕਾਲਤ ਕਰ ਰਹੇ ਹਨ, ਜਦ ਕਿ ਇਸਦਾ ਉਸਦੇ ਵਿਚਾਰਾਂ ਅਤੇ ਅਮਲ ਨਾਲ ਕੋਈ ਵਾਸਤਾ ਹੀ ਨਹੀਂ ਹੈ। ਇਸ ਨਾਲ ਸ਼ਹੀਦਾਂ ਦੀ ਵੰਡ ਹੀ ਨਹੀਂ ਪੈ ਰਹੀ, ਸਗੋਂ ਉਨ੍ਹਾਂ ਦੀ ਕਿਰਦਾਰਕੁਸ਼ੀ ਵੀ ਹੋ ਰਹੀ ਹੈ। ਗ਼ਦਰੀਆਂ ਵੱਲੋਂ ਜੋ ਇਤਿਹਾਸ



ਆਪ ਲਿਖਿਆ ਹੈ, ਉਹਦੇ ਵਿਚੋਂ ਇਹੋ ਵਿਚਾਰ ਉਜਾਗਰ ਹੁੰਦੇ ਨੇ ਕਿ ਉਨ੍ਹਾਂ ਦੀ ਪਹਿਚਾਣ ਹਿੰਦੁਸਤਾਨੀ ਹੈ। ਉਹਨਾਂ ਦੇ ਅਜਿਹੇ ਸਰੋਤਾਂ ਦੀ ਹੋਂਦ ਵਿਚ ਅਸੀਂ ਕੌਣ ਹਾਂ, ਉਹਨਾਂ ਨੂੰ ਸਿੱਖ, ਹਿੰਦੂ, ਮੁਸਲਮਾਨ ਜਾਂ ਆਸਤਿਕ-ਨਾਸਤਿਕ ਬਣਾਉਣ ਵਾਲੇ ਜਿਹੜੇ ਸੱਜਣ ਗ਼ਦਰੀਆਂ ਨੂੰ ਸਿੱਖ ਸਾਬਤ ਕਰ ਕੇ ਜਾਂ ਸਰਾਭੇ ਦੇ ਸਿਰ 'ਤੇ ਪੱਗ ਸਜਾ ਕੇ, ਇਹੋ ਜਹੇ ਸਬੂਤਾਂ ਦੇ ਆਧਾਰ 'ਤੇ ਗ਼ਦਰੀਆਂ ਦੀ ਲੜਾਈ ਨੂੰ 'ਸਿੱਖ ਲੜਾਈ' ਬਣਾ ਕੇ ਪੇਸ਼ ਕਰਨਾ ਚਾਹੁੰਦੇ ਨੇ ਉਹ ਕਦੀ ਇਹ ਬਿੰਬ ਸਥਾਪਿਤ ਨਹੀਂ ਕਰ ਸਕਣਗੇ। ਨੋਟ ਕੀਤਾ ਜਾਵੇ ਕਿ 'ਸਰਾਭੇ' ਦੀ ਇੱਕੋ ਹੀ ਫੋਟੋ ਮਿਲਦੀ ਏ ਤੇ ਉਹ ਮੋਨੇ ਸਿਰ ਵਾਲੀ ਹੈ। ਜੇ ਸੋਭਾ ਸਿੰਘ ਸਰਾਭੇ ਦੀ ਫੋਟੋ ਬਣਾਉਂਦਿਆਂ ਉਸ ਦੇ ਸਿਰ ਤੇ ਆਪਣੇ ਕੋਲੋਂ ਪੱਗ ਰੱਖ ਵੀ ਦਿੱਤੀ ਤਾਂ ਵੀ ਇਹ ਇਤਿਹਾਸ ਨਹੀਂ ਬਣ ਸਕਦਾ। ਅਸੀਂ ਇਹ ਵੀ ਨਹੀਂ ਕਹਿੰਦੇ ਕਿ ਸਰਾਭੇ ਨੇ ਕਦੀ ਪੱਗ ਨਹੀਂ ਬੰਨ੍ਹੀ ਹੋਵੇਗੀ। ਪਰ ਪੱਗ ਵਾਲੀ ਅਸਲੀ ਫੋਟੋ ਕੋਈ ਹੈ ਨਹੀਂ, ਸਭ ਫੋਟੋ ਬਣਾਈਆਂ ਹੋਈਆਂ ਹਨ। ਪੱਗ ਸਾਡੇ ਸਭਿਆਚਾਰ ਸਾਡੀ ਵਿਰਾਸਤ ਦਾ ਪ੍ਰਤੀਕ ਹੈ। ਗ਼ਦਰੀਆਂ ਨੇ ਜੇਲ੍ਹਾਂ ਵਿਚ ਪੱਗ ਬੰਨ੍ਹਣ ਦੇ ਹੱਕ ਲਈ ਸੰਘਰਸ਼ ਵੀ ਕੀਤੇ, ਭੁੱਖ ਹੜਤਾਲਾਂ ਕੀਤੀਆਂ ਤੇ ਇਸ ਸਭਿਆਚਾਰਕ ਚਿੰਨ੍ਹ ਦੀ ਬਹਾਲੀ ਲਈ ਇਹਨਾਂ ਭੁੱਖ-ਹੜਤਾਲਾਂ ਵਿਚ ਹਿੰਦੂ ਆਖੇ ਜਾਂਦੇ ਗ਼ਦਰੀਆਂ ਨੇ ਵੀ ਹਿੱਸਾ ਲਿਆ ਸੀ। ਜੇ ਬਾਕੀ ਸਾਰੇ ਗ਼ਦਰੀ ਪੱਗ ਬੰਨ੍ਹਦੇ ਸਨ ਤਾਂ ਸਰਾਭੇ ਦੀ ਪੱਗ ਤੋਂ ਸਾਨੂੰ-ਤੁਹਾਨੂੰ ਕੀ ਤਕਲੀਫ਼ ਹੋਣੀ ਸੀ। ਤਕਲੀਫ਼ ਤਾਂ ਇਸ ਗੱਲ ਦੀ ਹੈ ਕਿ ਅੱਜ ਸਰਾਭੇ ਨੂੰ ਪੱਗ ਵਾਲਾ ਸਾਬਤ ਕਰ ਕੇ ਉਹਨੂੰ ਖ਼ਾਸ ਕਿਸਮ ਦਾ ਸਿੱਖ ਬਨਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਉਂਜ ਕੇਸ ਤਾਂ ਬਾਬੇ ਸੋਹਣ ਸਿੰਘ ਭਕਨੇ ਨੇ ਵੀ ਅਮਰੀਕਾ ਜਾ ਕੇ ਮੁਨਾ ਲਏ ਸਨ। ਇਹ ਸਭ ਉਨ੍ਹਾਂ ਦੀ ਕੁਰਬਾਨੀ ਅਤੇ ਵਿਚਾਰਧਾਰਾ ਤੋਂ ਬਾਹਰੀਆਂ ਗੱਲਾਂ ਹਨ।

ਸਰਕਾਰੀ ਦਸਤਾਵੇਜ਼ਾਂ ਵਿਚ ਵੀ ਕਰਤਾਰ ਸਿੰਘ ਸਰਾਭੇ ਦਾ ਐੱਸ ਐੱਸ ਸਾਈਬੇਰੀਆ ਸ਼ਿਪ ਵਿਚ ਸਵਾਰ ਹੋ ਕੇ ਅਮਰੀਕਾ ਜਾਣ ਲਈ ਖ਼ੁਦ ਭਰਿਆ ਗਿਆ ਹਲਫ਼ੀਆ ਬਿਆਨ ਵੀ ਇਨ੍ਹਾਂ ਅਖੌਤੀ ਦਾਵਿਆਂ ਨੂੰ ਖ਼ਾਰਜ ਕਰਦਾ ਹੈ। ਉਸ ਵਿਚ ਸਰਾਭੇ ਨੇ ਖ਼ੁਦ ਆਪਣੇ ਆਪ ਨੂੰ ਸਿੱਖ ਦੀ ਬਜਾਏ ਹਿੰਦੂ ਲਿਖਵਾਇਆ ਹੈ। ਨੋਟ ਕੀਤਾ ਜਾਵੇ ਕਿ ਇੱਥੇ (ਹਿੰਦੂ) ਦਾ ਮਤਲਬ ਹਿੰਦੋਸਤਾਨੀ ਹੈ। ਉਦੋਂ ਭਾਰਤੀਆਂ ਲਈ ਹਿੰਦੂ ਸ਼ਬਦ ਵਰਤਿਆ ਜਾਂਦਾ ਸੀ। ਅੱਜ ਸਾਨੂੰ ਸਰਾਭੇ ਦੀ ਦਿੱਖ, ਧਰਮ ਅਤੇ ਪਹਿਚਾਣ ਆਦਿ ਦੀ ਨਿਸ਼ਾਨਦੇਹੀ ਕਰਨ ਦੀ ਬਜਾਏ ਉਸ ਦੀ ਸੋਚ ਅਤੇ ਅਮਲ ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਸਰਾਭੇ ਦੇ ਸਿਰ ਤੇ ਪੱਗ ਰੱਖਣ ਦੀ ਬਜਾਏ ਉਸ ਪੱਗ ਥੱਲੇ ਮੌਜੂਦ ਨਾਬਰ ਸਿਰ ਤੇ ਉਸ ਸਿਰ ਵਿੱਚ ਮੌਜੂਦ ਰੌਸ਼ਨ ਦਿਮਾਗ ਵਿੱਚੋਂ ਨਿਕਲੇ ਸ਼ਬਦਾਂ ਨੂੰ ਸਨਮੁੱਖ ਰੱਖਣਾ ਪਵੇਗਾ। ਕੱਟੇ ਹੋਏ ਵਾਲਾਂ ਵਾਲਾ ਕਰਤਾਰ ਸਿੰਘ ਸਰਾਭਾ ਤੂਫ਼ਾਨਾਂ ਦਾ ਸ਼ਾਹ ਅਸਵਾਰ ਸੀ, ਆਓ ਉਸ ਨੂੰ ਉਸ ਦੇ ਉਸੇ ਹੀ ਰੂਪ ਵਿਚ ਚਿਤਵਦੇ ਹੋਏ ਅੱਜ ਉਸ ਦੇ ਜਨਮ ਦਿਨ ਤੇ ਉਸ ਨੂੰ ਨਮਨ ਕਰੀਏ!













# ਟਰੰਪ ਵਪਾਰ ਯੁੱਧ, ਕੈਨੇਡੀਅਨ ਕਾਮਿਆਂ ਤੇ ਹਮਲਾ

*(ਵਿਕਾਸ, ਲੋਕਤੰਤਰ ਅਤੇ ਮਜ਼ਦੂਰ ਜਮਾਤਾਂ ਦੀ ਭੂਮਿਕਾ ਲਈ, ਸਾਡੇ ਕੋਲ ਅਮਰੀਕਾ ਅਤੇ ਕੈਨੇਡੀਅਨ ਪੂੰਜੀਪਤੀਆਂ ਅਤੇ ਰਾਜਨੀਤਿਕ ਕੁਲੀਨ ਦੋਵਾਂ ਨਾਲੋਂ ਵੱਖਰਾ ਦ੍ਰਿਸ਼ਟੀਕੋਣ ਹੈ । ਕੈਨੇਡਾ ਵਿਚ ਅਜਿਹੇ ਏਜੰਡੇ ਨੂੰ ਅੱਗੇ ਵਧਾਉਣ ਲਈ ਅਮਰੀਕਾ ਨਾਲ ਮੌਜੂਦਾ ਸਬੰਧ ਰੁਕਾਵਟ ਹਨ । ਇਸ ਰੁਕਾਵਟ ਨੂੰ ਦੂਰ ਕਰਨ ਲਈ ਵਪਾਰ, ਵਿਕਾਸ ਅਤੇ ਵਾਤਾਵਰਣ ਦੀਆਂ ਤਰਜੀਹਾਂ ਦੇ ਵਿਆਪਕ ਪੁਨਰਗਠਨ ਦੀ ਲੋੜ ਹੋਵੇਗੀ, ਮਜ਼ਦੂਰ ਜਮਾਤ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਕਿਊਬਿਕ ਅਤੇ ਫਸਟ ਨੇਸ਼ਨਜ਼ ਦੇ ਵਿਚਾਰਾਂ ਅਤੇ ਇੱਛਾਵਾਂ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਹੋਏਗੀ । ਅਸੀਂ ਪੂੰਜੀਵਾਦੀ ਸਮਾਜ ਦੇ ਮੁਕਾਬਲੇ ਇੱਕ ਲੋਕਤੰਤਰੀ ਸਮਾਜ ਦਾ ਬਦਲ ਚਾਹੁੰਦੇ ਹਾਂ, ਜੋ ਮਜ਼ਦੂਰ ਜਮਾਤ ਦੇ ਲੋਕਾਂ ਦੁਆਰਾ ਸੰਗਠਿਤ ਅਤੇ ਚਲਾਇਆ ਜਾਂਦਾ ਹੈ– ਸ਼ੋਸ਼ਲਿਸਟ ਪ੍ਰੋਜੈਕਟ)*

**ਸ਼ੋਸ਼ਲਿਸਟ ਪ੍ਰੋਜੈਕਟ (ਟੋਰਾਂਟੋ)**
**ਅਨੁਵਾਦ: ਡਾ: ਹਰਦੀਪ ਸਿੰਘ**

ਡੋਨਾਲਡ ਟਰੰਪ ਦੇ ਅਮਰੀਕੀ ਪ੍ਰਸ਼ਾਸਨ ਵੱਲੋਂ ਕੈਨੇਡਾ ਅਤੇ ਮੈਕਸੀਕੋ ਤੋਂ ਨਿਰਯਾਤ 'ਤੇ ਲਗਾਏ ਗਏ 25% ਟੈਰਿਫ ਕੈਨੇਡਾ ਦੇ ਪ੍ਰਮੁੱਖ ਉਦਯੋਗਾਂ ਦੀ ਹੋਂਦ ਲਈ ਖਤਰੇ ਦਾ ਸਵਾਲ ਹੈ ਅਤੇ ਕੈਨੇਡੀਅਨ ਕਿਰਤੀ ਲੋਕਾਂ ਦੀ ਰੋਜ਼ੀ–ਰੋਟੀ 'ਤੇ ਸਿੱਧਾ ਹਮਲਾ ਹੈ। ਪਿਛਲੇ ਸਮੇਂ ਤੋਂ ਹੀ ਅਮਰੀਕਾ ਵਿੱਚ ਟਰੰਪ ਨੇ ਸੱਤਾ ਵਿੱਚ ਆਉਂਦੇ ਹੀ, ਆਪਣੇ ਗਵਾਂਢੀ ਦੇਸ਼ਾਂ ਅਮਰੀਕਾ–ਮੈਕਸੀਕੋ–ਕੈਨੇਡਾ ਤਿੰਨਾਂ ਦੇਸ਼ਾਂ ਵਿਚਾਲੇ (ਯੂ.ਐੱਸ.ਐੱਮ.ਸੀ.ਏ.) ਵਪਾਰ ਸੰਧੀ ਜਿਸ ਵਿੱਚ ਅਮਰੀਕਾ ਨੂੰ ਕੁੱਲ ਕੈਨੇਡੀਅਨ ਨਿਰਯਾਤ ਦਾ ਲਗਭਗ 40% ਹੈ, ਦੇ ਅਧੀਨ ਆਉਣ ਵਾਲੇ ਵਪਾਰ–ਖੇਤਰਾਂ ਵਿਚ ਕੁਝ ਆਟੋ ਅਤੇ ਹੋਰ ਟੈਰਿਫ ਮੁਲਤਵੀ ਕਰ ਦਿੱਤੇ ਹਨ। ਐਲੂਮੀਨੀਅਮ ਅਤੇ ਸਟੀਲ (25% ਦੇ ਪੱਧਰ ਤੋਂ ਵੱਧ) 'ਤੇ ਹੋਰ ਟੈਰਿਫ 50% ਤੱਕ ਹੋਣ ਦੀ ਧਮਕੀ ਦਿੱਤੀ ਗਈ ਹੈ, ਟਰੰਪ ਨੇ ਕੈਨੇਡੀਅਨ ਆਟੋ ਉਦਯੋਗ ਨੂੰ "ਬੰਦ" ਕਰਨ ਦੀ ਧਮਕੀ ਵੀ ਦਿੱਤੀ ਹੈ।

ਟਰੰਪ ਨੇ ਟੈਰਿਫ ਦੇ ਪੱਧਰਾਂ ਨੂੰ ਵਧਾਉਣ ਅਤੇ ਉਨ੍ਹਾਂ ਦੇ ਦਾਇਰੇ ਦਾ ਵਿਸਥਾਰ ਕਰਨ ਦੀਆਂ ਕੋਸ਼ਿਸ਼ਾਂ, ਕੈਨੇਡੀਅਨ ਸਰਕਾਰਾਂ ਨੂੰ ਆਪਣੇ ਅੱਗੇ–ਪਿੱਛੇ ਭੱਜਣ ਲਾ ਦਿੱਤਾ ਹੈ ਅਤੇ ਕੈਨੇਡੀਅਨ ਕਾਮਿਆਂ ਨੂੰ ਕਿਸੇ ਸੰਭਾਵੀ ਖਤਰੇ ਲਈ ਚੌਕਸ ਕਰ ਦਿੱਤਾ ਹੈ। ਕੈਨੇਡੀਅਨ ਫੈਡਰਲ ਸਰਕਾਰ ਨੇ ਉਸੇ ਦਿਨ ਹੀ ਅਮਰੀਕਾ ਤੋਂ ਦਰਾਮਦ 'ਤੇ 30 ਬਿਲੀਅਨ ਡਾਲਰ ਦੇ ਜਵਾਬੀ ਟੈਰਿਫ ਦੁਆਰਾ ਜਵਾਬ ਦਿੱਤਾ ਅਤੇ ਅਮਰੀਕਾ–ਕੈਨੇਡਾ ਸਰਹੱਦ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਸਰਹੱਦੀ ਯੋਜਨਾ ਨੂੰ ਤੁਰੰਤ ਲਾਗੂ ਕੀਤਾ। ਇਸ ਸਰਹੱਦੀ ਯੋਜਨਾ ਵਿੱਚ ਖਾਸ ਤੌਰ 'ਤੇ ਕੈਨੇਡਾ ਤੋਂ ਫੈਂਟਾਨਿਲ ਦੇ ਲਗਭਗ ਗੈਰ–ਮੌਜੂਦ ਵਪਾਰ ਨੂੰ ਸੀਮਤ ਕਰਨ ਲਈ (ਖਾਸ ਕਰਕੇ ਜਦੋਂ ਅਮਰੀਕਾ ਤੋਂ ਕੈਨੇਡਾ ਵਿੱਚ ਨਸ਼ਿਆਂ ਅਤੇ ਬੰਦੂਕਾਂ ਦੀ ਤਸਕਰੀ ਦੀ ਤੁਲਨਾ ਕੀਤੀ ਜਾਂਦੀ ਹੈ) ਅਤੇ ਇਸੇ ਤਰ੍ਹਾਂ ਅਮਰੀਕਾ ਵਿੱਚ 'ਗੈਰ–ਕਾਨੂੰਨੀ' ਸਰਹੱਦ ਪਾਰ ਇਮੀਗ੍ਰੇਸ਼ਨ ਨੂੰ ਕਾਬੂ ਕਰਨਾ ਸ਼ਾਮਿਲ ਹੈ। ਟਰੰਪ ਪ੍ਰਸ਼ਾਸਨ ਕੈਨੇਡੀਅਨ ਰਾਜ ਤੋਂ ਹੋਰ ਰਿਆਇਤਾਂ ਪ੍ਰਾਪਤ ਕਰਨ ਲਈ ਟੈਰਿਫ ਦਾ ਲਾਭ ਉਠਾ ਰਿਹਾ ਹੈ - ਜਿਵੇਂ ਕਿ ਕੈਨੇਡਾ ਵਿਚ ਦੁਰਲੱਭ ਧਰਤੀ ਤੱਕ ਪਹੁੰਚ, ਉੱਤਰੀ ਅਮਰੀਕਾ ਦੇ ਕਿਲ੍ਹੇ ਦੀ ਹੋਰ ਬੈਰੀਕੇਡਿੰਗ ਵਿਚ ਆਰਕਟਿਕ ਅਤੇ ਤੱਟੀ ਪਾਣੀਆਂ ਦਾ ਫੌਜੀਕਰਨ, ਕੈਨੇਡੀਅਨ ਫੌਜੀ ਖਰਚ ਵਿਚ ਵਾਧਾ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਸਰਹੱਦ ਪਾਰ ਪਾਣੀ ਬਦਲਣ ਦੇ ਪ੍ਰਾਜੈਕਟਾਂ ਨੂੰ ਦੁਬਾਰਾ ਖੋਲ੍ਹਣਾ ਆਦਿ ਹਨ।

**ਹਜ਼ਾਰਾਂ ਮਜ਼ਦੂਰਾਂ 'ਤੇ ਬੇਰਹਿਮੀ ਨਾਲ ਹਮਲਾ** : ਇਹ ਟੈਰਿਫ ਕੈਨੇਡਾ ਵਿੱਚ ਆਟੋ, ਸਟੀਲ, ਐਲੂਮੀਨੀਅਮ ਅਤੇ ਕੁਦਰਤੀ ਸਰੋਤਾਂ ਵਰਗੇ ਖੇਤਰਾਂ ਵਿੱਚ ਹਜ਼ਾਰਾਂ ਕਾਮਿਆਂ 'ਤੇ ਅਚਾਨਕ ਅਤੇ ਬੇਰਹਿਮ ਹਮਲਾ ਹੈ। ਟੈਰਿਫ ਖਾਸ ਤੌਰ 'ਤੇ ਅਰਥ–ਵਿਵਸਥਾ ਦੇ ਕੁਝ ਸਭ ਤੋਂ ਉੱਨਤ ਖੇਤਰਾਂ ਦੇ ਹੁਨਰਮੰਦ ਕਾਮਿਆਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਮਜ਼ਦੂਰ ਜਮਾਤ ਦੇ ਉਨ੍ਹਾਂ ਹਿੱਸਿਆਂ 'ਤੇ ਵੀ ਤੇਜ਼ੀ ਨਾਲ ਹਮਲਾ ਕਰਨਗੇ ਜੋ ਆਰਥਿਕ ਮੰਦੀ ਲਈ ਸਭ ਤੋਂ ਅਸੁੱਰਖਿਅਤ ਅਤੇ ਕਮਜ਼ੋਰ ਕੜੀ ਹਨ। ਕਈ ਅੰਦਾਜ਼ੇ ਦੱਸਦੇ ਹਨ ਕਿ ਟਰੰਪ ਦੀਆਂ 'ਭਿਖਾਰੀ–ਤੁਹਾਡੇ ਗੁਆਂਢੀ' ਟੈਰਿਫ ਨੀਤੀਆਂ ਲੱਖਾਂ ਕਾਮਿਆਂ ਅਤੇ ਉਨ੍ਹਾਂ ਦੇ ਭਾਈਚਾਰਿਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਕਿਉਂਕਿ ਪ੍ਰਮੁੱਖ ਨਿਰਮਾਣ ਖੇਤਰਾਂ ਨੂੰ ਓਂਟਾਰੀਓ ਵਿੱਚ ਆਟੋ ਅਤੇ ਸਟੀਲ, ਕਿਊਬਿਕ ਵਿੱਚ ਐਲੂਮੀਨੀਅਮ ਕਾਮਿਆਂ ਅਤੇ ਪੱਛਮੀ ਅਤੇ ਐਟਲਾਂਟਿਕ ਕੈਨੇਡਾ ਵਿੱਚ ਖੇਤੀਬਾੜੀ ਅਤੇ ਸਰੋਤ ਨਿਰਯਾਤ ਦੇ ਬਾਜ਼ਾਰਾਂ ਦੇ ਨੁਕਸਾਨ ਦਾ ਖਤਰਾ ਹੈ।

ਅਮਰੀਕਾ ਤੋਂ ਟੈਰਿਫ ਯੁੱਧ ਦਾ ਖਤਰਾ ਅਤੇ ਪ੍ਰਭਾਵ ਜ਼ਲਦੀ ਹੀ ਵਿਖਾਈ ਦੇਣਗੇ। ਇਹ ਆਸਾਨੀ ਨਾਲ ਜਵਾਬੀ ਕਾਰਵਾਈ ਦੇ ਸਜ਼ਾ ਦੇਣ ਵਾਲੇ ਗੇੜਾਂ ਵਿੱਚ ਬਦਲ ਸਕਦਾ ਹੈ ਜੋਕਿ ਰਾਜਨੀਤਿਕ ਲਾਭ ਨਾਲ ਪ੍ਰਭੁਸਤਾ ਸ਼ਕਤੀ ਦੇ ਪੱਖ ਵਿੱਚ ਹੋਣਗੇ, ਇਸ ਨਾਲ ਸਰਹੱਦ ਦੇ ਦੋਵੇਂ ਪਾਸਿਆਂ ਦੇ ਮਜ਼ਦੂਰਾਂ ਨੂੰ ਆਰਥਿਕ ਅਸਥਿਰਤਾ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ। ਕੈਨੇਡਾ ਅਤੇ ਕੈਨੇਡੀਅਨ ਕਾਮਿਆਂ ਲਈ ਇਹ ਚੁਣੌਤੀ ਡੂੰਘੀ ਅਤੇ ਵੱਡੀ ਹੈ। ਇਸ ਦੀ ਜੜ੍ਹ ਕੈਨੇਡੀਅਨ ਪੂੰਜੀਵਾਦ ਅਤੇ ਰਾਜ ਦੇ ਵਿਕਸਤ ਹੋਣ ਦੇ ਤੌਰ ਤਰੀਕੇ ਨਾਲ ਹੈ, ਜਿਸ ਵਿੱਚ 1989 ਵਿੱਚ ਸ਼ੁਰੂ ਹੋਏ ਮੁਕਤ ਵਪਾਰ ਸਮਝੌਤਿਆਂ (ਐਫ.ਟੀ.ਏ.) ਦੀ ਲੜੀ ਰਾਹੀਂ ਅਮਰੀਕਾ ਨਾਲ ਡੂੰਘੇ ਏਕੀਕਰਣ ਦੀ ਰਣਨੀਤਕ ਗਲਵਕੜੀ ਸ਼ਾਮਿਲ ਹੈ , ਜਿਸਨੂੰ ਕਦੇ 'ਵਿਸ਼ਵਾਸ ਦੀ ਛਾਲ' ਕਿਹਾ ਜਾਂਦਾ ਸੀ। ਇਸ ਨੀਤੀ ਨੇ ਅਮਰੀਕੀ ਬਾਜ਼ਾਰ ਤੱਕ 'ਸੁਰੱਖਿਅਤ ਪਹੁੰਚ' ਅਤੇ ਅਮਰੀਕੀ ਸੁਰੱਖਿਆਵਾਦ ਦੇ ਡਰ ਤੋਂ ਮੁਕਤ ਆਰਥਿਕ ਵਿਕਾਸ ਅਤੇ ਖੁਸ਼ਹਾਲੀ ਦਾ ਵਾਅਦਾ ਕੀਤਾ ਸੀ। ਇਹਨਾਂ ਵਿੱਚੋਂ ਕੋਈ ਵੀ 'ਉੱਤਰੀ ਅਮਰੀਕੀ ਮੁਕਤ ਵਪਾਰ ਸਮਝੌਤੇ' (ਐਫਟੀਏ) ਰਾਹੀਂ ਪ੍ਰਾਪਤ ਹੋ ਸਕਿਆ। ਸਾਲ 1994 ਵਿੱਚ ਮੈਕਸੀਕੋ ਨੂੰ ਇਸ ਵਿੱਚ ਸ਼ਾਮਲ ਕਰਨ ਲਈ ਵਾਧਾ ਕੀਤਾ ਗਿਆ ਸੀ।



ਐਫ.ਟੀ.ਏ. ਸਮਝੌਤੇ ਰਾਹੀਂ ਕਿਰਤੀ ਲੋਕਾਂ ਦੇ ਅਧਿਕਾਰਾਂ ਨੂੰ ਨਵ–ਉਦਾਰਵਾਦੀ ਹਮਲਿਆਂ ਨਾਲ ਹੋਰ ਜੋੜਿਆ ਗਿਆ ਸੀ; ਜਿਵੇਂ ਕਿ ਸਿੱਖਿਆ, ਸਿਹਤ ਸੰਭਾਲ, ਰਿਹਾਇਸ਼ ਸਮੇਤ ਜਨਤਕ ਪ੍ਰਬੰਧਾਂ ਅਤੇ ਸੰਸਥਾਵਾਂ ਦਾ ਨਿੱਜੀਕਰਨ ਅਤੇ ਨਿਯੰਤਰਣ; ਰਾਜ ਵਿੱਚ ਤਬਦੀਲੀਆਂ ਜੋ ਮੁਨਾਫੇ ਅਤੇ ਕਾਰੋਬਾਰੀ ਮੁਕਾਬਲੇਬਾਜ਼ੀ ਨੂੰ ਸੁਵਿਧਾਜਨਕ ਬਣਾਉਂਦੀਆਂ ਹਨ। ਇਸ ਦੇ ਨਤੀਜੇ ਵੱਜੋਂ ਮਜ਼ਦੂਰ ਜਮਾਤ ਆਪਣੇ ਮਾਲਕਾਂ 'ਤੇ ਨਿਰਭਰਤਾ ਹੋਰ ਤੇਜ਼ ਹੋ ਰਹੀ ਹੈ।

ਕੈਨੇਡੀਅਨ ਸਰਮਾਏਦਾਰਾਂ ਨੇ ਥੋੜ੍ਹੀ ਜਿਹੀ ਅਸੰਤੁਸ਼ਟ ਵਿਖਾਈ ਪਰ ਏਕੀਕ੍ਰਿਤ ਤਰੀਕੇ ਨਾਲ ਮੁਕਤ ਵਪਾਰ ਨੂੰ ਚਲਾਇਆ ਅਤੇ ਵੇਚਿਆ। ਉਨ੍ਹਾਂ ਨੂੰ ਵਰਕਰ ਯੂਨੀਅਨਾਂ ਅਤੇ ਸਮਾਜਿਕ ਅਮਦੋਲਨ ਵਾਲੇ ਵਿਆਪਕ ਗੱਠਜੋੜ ਤੋਂ ਵੱਡੇ ਜਨਤਕ ਵਿਰੋਧ ਦਾ ਸਾਹਮਣਾ। 1988 ਦੀਆਂ ਫੈਡਰਲ ਚੋਣਾਂ ਵਿੱਚ ਹਾਲਾਂਕਿ ਜ਼ਿਆਦਾਤਰ ਵੋਟਰਾਂ ਨੇ ਅਮਰੀਕਾ ਨਾਲ ਮੁਕਤ ਵਪਾਰ ਦੇ ਵਿਚਾਰ ਦੇ ਵਿਰੋਧ ਵਿੱਚ ਵੋਟ ਪਾਈ ਸੀ, ਪਰ ਕੈਨੇਡਾ ਦੀ ਪਹਿਲੀ ਪੋਸਟ ਵੋਟਿੰਗ ਪ੍ਰਣਾਲੀ ਦੇ ਢਾਂਚੇ ਨੇ ਬ੍ਰਾਇਨ ਮਲਰੋਨੀ ਦੀ ਅਗਵਾਈ ਵਾਲੀ ਕੰਜ਼ਰਵੇਟਿਵਪਾਰਟੀ ਨੂੰ ਬਹੁਮਤ ਮਿਲਿਆ, ਜਿਸ ਨੇ ਪਹਿਲੇ ਯੂ.ਐਸ.–ਕੈਨੇਡਾ ਐਫਟੀਏ 'ਤੇ ਗੱਲਬਾਤ ਕੀਤੀ ਸੀ।

ਮੁਕਤ ਵਪਾਰ ਉਸ ਨੀਤੀ ਸ਼ਾਸਨ ਦਾ ਅਨਿੱਖੜਵਾਂ ਅੰਗ ਹੈ ਜਿਸ ਨਾਲ ਅਸੀਂ ਚਾਰ ਦਹਾਕਿਆਂ ਤੋਂ ਅਸੀਂ ਰਹਿ ਰਹੇ ਹਾਂ: ਨਿਰਯਾਤ ਨਿਰਭਰਤਾ, ਕਿਫਾਇਤੀ, ਪ੍ਰਮੁੱਖ ਸਮਾਜਿਕ ਪ੍ਰੋਗਰਾਮਾਂ ਵਿੱਚ ਕਟੌਤੀ, ਯੂਨੀਅਨਾਂ ਅਤੇ ਮਜ਼ਦੂਰਾਂ 'ਤੇ ਹਮਲੇ, ਜਿੱਥੇ ਵੀ ਉਹ ਚਾਹੁੰਦੇ ਹਨ ਨਿਵੇਸ਼ ਅਤੇ ਪੂੰਜੀ ਦੇ ਅਧਿਕਾਰ। ਇਸ ਰਾਹੀਂ ਅਮਰੀਕੀ ਸਾਮਰਾਜ ਦੀ ਅਗਵਾਈ ਹੇਠ ਵਿਸ਼ਵ ਬਾਜ਼ਾਰ ਵਿੱਚ ਕੈਨੇਡੀਅਨ ਏਕੀਕਰਣ ਨੂੰ ਡੂੰਘਾ ਕਰਨ ਲਈ ਪੂੰਜੀਵਾਦੀ ਬਾਜ਼ਾਰਾਂ ਨੂੰ ਉਦਾਰ ਬਣਾਉਣ ਲਈ ਹੋਰ ਉਪਾਅ ਪੇਸ਼ ਕੀਤੇ ਅਤੇ ਬਾਜ਼ਾਰਾਂ ਰਾਹੀਂ ਵਾਤਾਵਰਣ ਕਨੂੰਨ ਬਣਾਏ। ਜਿਵੇਂਕਿ ਹੋਰ ਪੂੰਜੀਵਾਦੀ ਕੇਂਦਰ ਵੀ ਅਮਰੀਕੀ ਸਾਮਰਾਜ ਦੇ ਤਾਣੇ–ਬਾਣੇ ਵਿੱਚ ਬੁਣੇ ਹੋਏ ਹਨ, ਕੈਨੇਡਾ ਇੱਕ ਪੂੰਜੀਵਾਦੀ ਦੇਸ਼ ਹੈ ਜੋ ਆਪਣੇ ਖੁਦ ਦੇ ਸਾਮਰਾਜਵਾਦੀ ਏਜੰਡੇ ਵੀ ਚਲਾਉਂਦਾ ਹੈ, ਖਾਸ ਕਰਕੇ ਨਿਕਾਸੀ ਖੇਤਰਾਂ ਵਿੱਚ ਜਿੱਥੇ ਕੈਨੇਡੀਅਨ ਪੂੰਜੀ ਪਹਿਲੇ ਰਾਸ਼ਟਰਾਂ ਦੇ ਸ਼ੋਸ਼ਣ ਦੇ ਇਤਿਹਾਸ ਅਤੇ ਕੈਨੇਡੀਅਨ ਬੈਂਕਾਂ ਦੀਆਂ ਅੰਤਰਰਾਸ਼ਟਰੀ ਗਤੀਵਿਧੀਆਂ ਵਿੱਚ ਬਣਦੀ ਹੈ। ਕੈਨੇਡੀਅਨ ਰਾਜ ਅਤੇ ਪੂੰਜੀ ਦੇ ਏਕੀਕਰਣ ਬਾਰੇ ਵਿਲੱਖਣ ਗੱਲ ਇਹ ਹੈ ਕਿ ਅਮਰੀਕਾ 'ਤੇ ਏਕੀਕਰਣ ਅਤੇ ਨਿਰਭਰਤਾ ਦਾ ਪੱਧਰ ਹੈ। ਕੈਨੇਡੀਅਨ ਆਰਥਿਕਤਾ ਅਮਰੀਕੀ ਪੂੰਜੀਵਾਦੀ ਬਾਜ਼ਾਰਾਂ, ਸਪਲਾਈ ਚੇਨ, ਆਰਥਿਕ ਨੀਤੀ ਅਤੇ ਰੈਗੂਲੇਟਰੀ ਢਾਂਚਿਆਂ ਵਿੱਚ ਵਧੇਰੇ ਡੂੰਘਾਈ ਨਾਲ ਏਕੀਕ੍ਰਿਤ ਹੈ ਅਤੇ ਫੌਜੀ ਅਤੇ ਵਿਦੇਸ਼ ਨੀਤੀ ਵਿੱਚ ਅਮਰੀਕੀ ਸਾਮਰਾਜ ਦਾ ਸਭ ਤੋਂ ਵਫ਼ਾਦਾਰ ਸਹਿਯੋਗੀ ਹੈ।

**ਮਜ਼ਦੂਰਾਂ ਦੇ ਅਧਿਕਾਰਾਂ ਲਈ ਲੋਕਤੰਤਰੀ ਪ੍ਰਭੁਸੱਤਾ ਦੀ ਲੋੜ ਹੁੰਦੀ ਹੈ** : ਕੈਨੇਡੀਅਨ ਕਿਰਤੀ ਲੋਕਾਂ ਦੇ ਸੰਘਰਸ਼ ਜਿਵੇਂ ਕਿ ਬ੍ਰਿਟਿਸ਼ ਕੈਨੇਡਾ, ਕਿਊਬਿਕ ਅਤੇ ਫਸਟ ਨੇਸ਼ਨਜ਼ ਵਿੱਚ, ਮੁਸ਼ਕਲਾਂ ਨੂੰ ਚੁਣੌਤੀ ਦੇਣ ਅਤੇ ਸਮਾਜਿਕ ਤੌਰ 'ਤੇ ਨਿਆਂਪੂਰਨ ਅਤੇ ਵਾਤਾਵਰਣ ਲਈ ਜ਼ਿੰਮੇਵਾਰ ਸਮਾਜ ਪ੍ਰਾਪਤੀ ਲਈ ਲੜਾਈ ਵਾਸਤੇ ਰਾਜਨੀਤਿਕ ਅਤੇ ਆਰਥਿਕ ਫੈਸਲੇ ਲੈਣ ਦੀ ਸ਼ਕਤੀ ਦੀ ਲੋੜ ਹੁੰਦੀ ਹੈ, ਜੋ ਹੁਣ ਅਮਰੀਕੀ ਸਾਮਰਾਜ 'ਤੇ ਕੈਨੇਡੀਅਨ ਪੂੰਜੀ ਦੇ ਏਕੀਕਰਣ ਅਤੇ ਨਿਰਭਰਤਾ ਦੁਆਰਾ ਸੀਮਤ ਹੋ ਚੁੱਕੀ ਹੈ। ਟਰੰਪ ਦੀ ਮਨਮਰਜ਼ੀ ਦਾ ਵਿਰੋਧ ਕਰਣ ਲਈ ਕੈਨੇਡੀਅਨ ਕਾਮਿਆਂ ਦੀ ਕਮਜ਼ੋਰੀ ਇਸ ਨੂੰ ਬਿਲਕੁਲ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ। ਪਰ ਇਹ ਵਿਕਾਸ ਦੇ 'ਪੜਾਵਾਂ' ਦਾ ਮਾਮਲਾ ਨਹੀਂ ਹੈ ਜਿਸ ਨਾਲ ਇੱਕ ਸੁਤੰਤਰ ਰਾਸ਼ਟਰੀ ਪੂੰਜੀਵਾਦੀ ਜਮਾਤ ਦੀ ਸਿਰਜਣਾ ਹੁੰਦੀ ਹੈ। ਸਾਨੂੰ ਲੜਨਾ ਚਾਹੀਦਾ ਹੈ, ਅਮਰੀਕਾ ਤੋਂ 'ਵੱਖ ਹੋਣਾ' ਚਾਹੀਦਾ ਹੈ ਅਤੇ ਬਦਲਵੇਂ ਵਿਕਾਸ ਅਤੇ ਲੋਕਤੰਤਰੀ ਫੈਸਲੇ ਲੈਣ ਲਈ ਅੰਤਰਰਾਸ਼ਟਰੀ ਅਤੇ ਰਾਜਨੀਤਿਕ ਖੁਦਮੁਖਤਿਆਰੀ ਬਣਾਉਣ ਦੇ ਅਰਥਾਂ ਵਿਚ ਲੜਨਾ ਚਾਹੀਦਾ ਹੈ, ਜਦੋਂ ਕਿ ਮਜ਼ਦੂਰ ਜਮਾਤ ਦੀ ਪਛਾਣ, ਸਮਝ ਅਤੇ ਸੰਗਠਿਤ ਕਰਨ ਅਤੇ ਲੜਨ ਦੀ ਸ਼ਕਤੀ ਦਾ ਨਿਰਮਾਣ ਕਰਨਾ ਚਾਹੀਦਾ ਹੈ।

ਕੈਨੇਡੀਅਨ ਸਰਮਾਏਦਾਰ ਜਮਾਤ ਦੇ ਵੱਖ–ਵੱਖ ਹਿੱਸਿਆਂ ਦੀ ਪਹੁੰਚ, ਇਸ ਨਿਰਭਰਤਾ ਅਤੇ ਏਕੀਕਰਣ ਨੂੰ ਤੋੜਨ ਦੀ ਇੱਛਾ ਨਹੀਂ ਹੈ, ਅਤੇ ਨਵ–ਉਦਾਰਵਾਦ ਨੂੰ ਚੁਣੌਤੀ ਦੇਣ ਵਿੱਚ ਘੱਟ ਦਿਲਚਸਪੀ ਹੈ। ਇਸ ਦੇ ਉਲਟ, ਇਸ ਦੇਸ਼ ਦਾ ਬਹੁਤਾ ਵਪਾਰੀ ਵਰਗ ਅਮਰੀਕਾ ਨਾਲ ਏਕੀਕਰਣ ਦੀਆਂ ਰੁਕਾਵਟਾਂ ਨੂੰ ਤੋੜਨ ਲਈ "ਪਹਿਲਾਂ ਦੀ ਸਥਿਤੀ" ਦੇ ਕੁਝ ਰੂਪਾਂ ਦੀ ਉਡੀਕ ਕਰ ਰਹੇ ਹਨ ਜੋ ਟਰੰਪ ਨੇ ਖੜ੍ਹੀਆਂ ਕੀਤੀਆਂ ਹਨ। ਇਹ ਕੈਨੇਡਾ ਵਿਚ, ਅਮਰੀਕੀ ਸੁਰੱਖਿਆਵਾਦ ਅਤੇ ਰਾਜਨੀਤਿਕ ਅਤੇ ਫੌਜੀ ਮੰਗਾਂ ਤੋਂ ਮੁਕਤ, ਅਮਰੀਕੀ ਬਾਜ਼ਾਰਾਂ ਵਿਚ ਪਹੁੰਚ ਨੂੰ ਕਾਇਮ ਰੱਖਣ ਵਿਚ 'ਵਿਸ਼ਵਾਸ ਦੀ ਛਾਲ' ਨੂੰ ਦੁੱਗਣਾ ਕਰਨ ਤੋਂ ਥੋੜ੍ਹਾ ਘੱਟ ਹੈ। ਰਾਜਨੀਤਿਕ ਅਤੇ ਆਰਥਿਕ ਕੁਲੀਨ ਵਰਗ ਦੇ ਹੋਰ ਵਰਗਾਂ ਨੇ, ਦੇਸ਼ਾਂ ਦੇ ਵਿਆਪਕ ਸਮੂਹ 'ਤੇ ਵਪਾਰ ਅਤੇ ਨਿਰਯਾਤ ਨਿਰਭਰਤਾ ਵੱਲ ਤਬਦੀਲ ਹੋਣ ਦਾ ਪ੍ਰਸਤਾਵ ਦਿੱਤਾ ਹੈ, ਜੋ ਅੰਸ਼ਕ ਤੌਰ 'ਤੇ ਕੈਨੇਡੀਅਨ ਮੁਕਾਬਲੇਬਾਜ਼ੀ ਦੇ ਨਾਮ 'ਤੇ ਮਜ਼ਦੂਰ ਜਮਾਤ ਦੀ ਆਮਦਨ ਅਤੇ ਸਮਾਜਿਕ ਸੁਰੱਖਿਆ 'ਤੇ ਡੂੰਘੇ ਹਮਲੇ ਅਪਣਾਉਣ ਦੇ ਯੋਗ ਹੈ।

ਕੈਨੇਡਾ ਵਿੱਚ ਕੁਝ ਪ੍ਰਗਤੀਸ਼ੀਲ ਕਾਰਕੁੰਨ ਰਾਸ਼ਟਰਵਾਦ ਲਈ ਚਿੰਤਾ ਤੋਂ ਸ਼ੁਰੂ ਕਰਦੇ ਹਨ, ਡਰਦੇ ਹਨ ਕਿ ਅਮਰੀਕੀ ਸਾਮਰਾਜ ਨਾਲ ਏਕੀਕਰਣ ਦੀਆਂ ਚੁਣੌਤੀਆਂ ਲਾਜ਼ਮੀ ਤੌਰ 'ਤੇ ਵਪਾਰਕ ਹਿੱਤਾਂ ਨਾਲ ਗੱਠਜੋੜ ਅਤੇ ਅਧੀਨਗੀ ਦਾ ਕਾਰਨ ਬਣਨਗੀਆਂ ਜਾਂ ਸੰਕੇਤ ਦੇਣਗੀਆਂ। ਪਰ ਕੈਨੇਡੀਅਨ ਆਰਥਿਕਤਾ ਅਤੇ ਰਾਜਨੀਤਿਕ ਪ੍ਰਣਾਲੀ ਬਾਰੇ ਫੈਸਲੇ ਲੈਣ ਵਿੱਚ ਪ੍ਰਮੁੱਖ ਰੁਕਾਵਟਾਂ ਨੂੰ, ਲੋਕਤੰਤਰੀ ਢੰਗ ਨਾਲ ਚੁਣੌਤੀ ਦੇਣ ਅਤੇ ਦੂਰ ਕਰਨ ਲਈ ਇੱਕ ਅੰਦੋਲਨ ਬਣਾਉਣ ਲਈ ਕੰਮ ਕਰਨ ਨੂੰ ਪੂੰਜੀ ਨਾਲ ਗੱਠਜੋੜ ਨਹੀਂ ਕਿਹਾ ਜਾ ਸਕਦਾ ਹੈ। ਦਰਅਸਲ, ਅਮਰੀਕਾ ਨਾਲ ਕੈਨੇਡੀਅਨ ਏਕੀਕਰਣ ਨੂੰ ਸਿੱਧੇ ਤੌਰ 'ਤੇ ਚੁਣੌਤੀ ਦੇਣ ਦੀ ਕੋਈ ਵੀ ਲਹਿਰ, ਪੂੰਜੀ ਦੇ ਸਾਰੇ ਵਰਗਾਂ ਲਈ ਸ਼ਰਾਪ ਹੋ ਸਕਦੀ ਹੈ, ਚਾਹੇ ਉਹ ਰਸਮੀ ਕੈਨੇਡੀਅਨ ਕਾਨੂੰਨੀ ਮਾਲਕੀ ਵਿੱਚ ਹੋਵੇ ਜਾਂ ਵਿਦੇਸ਼ੀ ਨਿਯੰਤਰਣ ਵਿੱਚ।

ਸਾਡੇ ਲਈ ਅਮਰੀਕਾ ਨਾਲ ਏਕੀਕਰਣ ਅਤੇ ਨਿਰਭਰਤਾ ਨੂੰ ਸੀਮਤ ਕਰਨ ਲਈ, ਰਾਜ ਨੂੰ ਸੁਧਾਰਨ ਅਤੇ ਬਦਲਣ ਲਈ ਸੰਘਰਸ਼ਾਂ ਨੂੰ ਵੇਖਣਾ ਵੀ ਉਨ੍ਹਾਂ ਲਈ ਮੁਸ਼ਕਲ ਖੜ੍ਹੀ ਕਰਦਾ ਹੈ, ਕਿਉਂਕਿ ਕਿਸੇ ਤਰ੍ਹਾਂ ਮਜ਼ਦੂਰ ਜਮਾਤ ਦੀਆਂ ਪ੍ਰਮੁੱਖ ਮੰਗਾਂ ਲਈ ਲੜਨ ਦੀਆਂ ਸਾਡੀਆਂ ਯੋਗਤਾਵਾਂ ਨੂੰ ਸੀਮਤ ਕਰਨਾ ਲਈ ਰਾਜ ਨੂੰ ਸੁਧਾਰਾਂ ਦੀ ਵੀ ਲੋੜ ਪੈ ਰਹੀ ਹੈ। ਇਸਦਾ ਸਿਰਫ ਵਿਰੋਧ ਕਰਨ ਦੀ ਬਜਾਏ, ਇਨ੍ਹਾਂ ਨੂੰ ਦੋਵਾਂ ਮੋਰਚਿਆਂ 'ਤੇ ਮਜ਼ਦੂਰਾਂ ਨੂੰ ਲੜਨਾ ਚਾਹੀਦਾ ਹੈ। ਕੈਨੇਡਾ ਦੀ ਰਾਜਨੀਤਿਕ ਦਿਸ਼ਾ ਬਾਰੇ ਫੈਸਲਿਆਂ ਨੂੰ ਆਕਾਰ ਦੇਣ ਲਈ ਕੈਨੇਡੀਅਨ ਕਾਮਿਆਂ ਅਤੇ ਪ੍ਰਸਿੱਧ ਅੰਦੋਲਨਾਂ ਦੇ ਅਧਿਕਾਰਾਂ ਦੀ ਮੰਗ ਕਰਨਾ ਹੈ। ਇਹ ਕਾਰੋਬਾਰੀਆਂ 'ਤੇ ਸਾਡੀ ਨਿਰਭਰਤਾ ਦੀ ਪੁਸ਼ਟੀ ਨਹੀਂ ਹੈ, ਸਗੋਂ ਇਹ ਆਰਥਿਕ ਲੋਕਤੰਤਰ ਅਤੇ ਕਾਰਜ ਸਥਾਨਾਂ ਅਤੇ ਭਾਈਚਾਰਿਆਂ ਵਿੱਚ ਪੂੰਜੀ 'ਤੇ ਨਿਯੰਤਰਣ ਲਈ ਸ਼ੁਰੂਆਤੀ ਪੂੰਜੀਵਾਦ ਵਿਰੋਧੀ ਮੰਗ ਹੈ, ਜਿਵੇਂਕਿ ਬਾਜ਼ਾਰ 'ਤੇ ਨਿਰਭਰਤਾ ਨੂੰ ਘਟਾਉਣ ਲਈ ਸਮਾਜਿਕ ਪ੍ਰਬੰਧਾਂ ਦੇ ਵਿਸਥਾਰ ਅਤੇ ਡੀ–ਕਮੋਡੀਫਿਕੇਸ਼ਨ ਲਈ ਸੁਧਾਰ ਜਿੱਤਣਾ ਹੈ।

**ਇੱਕ ਵੱਖਰਾ ਦ੍ਰਿਸ਼ਟੀਕੋਣ, ਨਵੀਆਂ ਸੰਭਾਵਨਾਵਾਂ** : ਵਿਕਾਸ, ਲੋਕਤੰਤਰ ਅਤੇ ਮਜ਼ਦੂਰ ਜਮਾਤਾਂ ਦੀ ਭੂਮਿਕਾ ਲਈ, ਸਾਡੇ ਕੋਲ ਅਮਰੀਕਾ ਅਤੇ ਕੈਨੇਡੀਅਨ ਪੂੰਜੀਪਤੀਆਂ ਅਤੇ ਰਾਜਨੀਤਿਕ ਕੁਲੀਨ ਦੋਵਾਂ ਨਾਲੋਂ ਵੱਖਰਾ ਦ੍ਰਿਸ਼ਟੀਕੋਣ ਹੈ। ਕੈਨੇਡਾ ਵਿਚ ਅਜਿਹੇ ਏਜੰਡੇ ਨੂੰ ਅੱਗੇ ਵਧਾਉਣ ਲਈ ਅਮਰੀਕਾ ਨਾਲ ਮੌਜੂਦਾ ਸਬੰਧ ਰੁਕਾਵਟ ਹਨ। ਇਸ ਰੁਕਾਵਟ ਨੂੰ ਦੂਰ ਕਰਨ ਲਈ ਵਪਾਰ, ਵਿਕਾਸ ਅਤੇ ਵਾਤਾਵਰਣ ਦੀਆਂ ਤਰਜੀਹਾਂ ਦੇ ਵਿਆਪਕ ਪੁਨਰਗਠਨ ਦੀ ਲੋੜ ਹੋਵੇਗੀ, ਮਜ਼ਦੂਰ ਜਮਾਤ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਕਿਊਬਿਕ ਅਤੇ ਫਸਟ ਨੇਸ਼ਨਜ਼ ਦੇ ਵਿਚਾਰਾਂ ਅਤੇ ਇੱਛਾਵਾਂ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਹੋਏਗੀ।

ਇਸ ਲਈ ਲੋਕਤੰਤਰੀ ਯੋਜਨਾਬੰਦੀ ਅਤੇ ਤਾਲਮੇਲ ਸਮਰੱਥਾ ਵਿਕਸਤ ਕਰਨ, ਢਾਂਚਾਗਤ ਤਬਦੀਲੀਆਂ ਜੋ ਇਸ ਨੂੰ ਸੰਭਵ ਬਣਾਉਣਗੀਆਂ ਅਤੇ ਕੈਨੇਡੀਅਨ ਆਰਥਿਕ ਅਤੇ ਰਾਜਨੀਤਿਕ ਕੁਲੀਨ ਵਰਗ ਨਾਲ ਉਨ੍ਹਾਂ ਕਦਰਾਂ ਕੀਮਤਾਂ ਅਤੇ ਟੀਚਿਆਂ ਨੂੰ ਲੈ ਕੇ ਸਮਾਜਿਕ ਸੰਘਰਸ਼ਾਂ ਦੀ ਲੋੜ ਹੋਵੇਗੀ, ਜਿਨ੍ਹਾਂ ਲਈ ਅਸੀਂ ਸੰਘਰਸ਼ ਕਰ ਰਹੇ ਹਾਂ। ਸਮਾਜ ਅਤੇ ਮਜ਼ਦੂਰ ਜਮਾਤ ਦੀ ਭੂਮਿਕਾ ਨੂੰ ਬਦਲਣ ਦਾ ਸੰਘਰਸ਼ ਸਮੂਹਿਕ ਫੈਸਲੇ ਲੈਣ ਦੀ ਸਾਡੀ ਸਮੂਹਿਕ ਸਮਰੱਥਾ ਨੂੰ ਵਿਕਸਤ ਕਰਨ ਲਈ ਲੜਨਾ ਵੀ ਹੈ। ਅਸੀਂ ਹੇਠ ਲਿਖੇ ਉਪਾਵਾਂ ਦੀ ਮੰਗ ਕਰਦੇ ਹਾਂ:

- ਕੈਨੇਡਾ ਨੂੰ ਟਰੰਪ ਤੋਂ ਟੈਰਿਫ ਵਸੂਲੀ ਦਾ ਜਵਾਬ ਦੇਣਾ ਚਾਹੀਦਾ ਹੈ ਅਤੇ ਅਮਰੀਕਾ ਵੱਲੋਂ ਸ਼ੁਰੂ ਕੀਤੇ ਗਏ 'ਭਿਖਾਰੀ–ਆਪਣੇ ਗੁਆਂਢੀ' ਵਪਾਰ ਯੁੱਧ ਨੂੰ ਤੋੜਨਾ ਚਾਹੀਦਾ ਹੈ, ਇਹ ਮੰਨਦੇ ਹੋਏ ਕਿ ਅਜਿਹੀ ਜੰਗ ਕੈਨੇਡੀਅਨ, ਅਮਰੀਕੀ ਅਤੇ ਮੈਕਸੀਕਨ ਕਾਮਿਆਂ ਅਤੇ ਉਨ੍ਹਾਂ ਦੇ ਭਾਈਚਾਰਿਆਂ ਲਈ ਭਾਰੀ ਕੀਮਤ ਚੁੱਕਦੀ ਹੈ।
- ਟੈਰਿਫ ਯੁੱਧ ਤੋਂ ਖਤਰੇ ਅਤੇ ਪ੍ਰਭਾਵਿਤ ਕਾਮਿਆਂ ਅਤੇ ਭਾਈਚਾਰਿਆਂ ਦੀ ਰੱਖਿਆ ਲਈ ਨਿਵੇਸ਼ ਜ਼ਰੂਰੀ ਹੈ ਜਿਵੇਂਕਿ ਟੈਰਿਫ ਅਤੇ ਉਨ੍ਹਾਂ ਦੀ ਰੋਜ਼ੀ–ਰੋਟੀ ਅਤੇ ਸੈਕਟਰਾਂ ਲਈ ਖਤਰਿਆਂ ਦਾ ਵਿਰੋਧ ਕਰਨ ਵਾਲੇ ਕਾਮਿਆਂ ਲਈ ਸਮਰਥਨ ਹੈ। ਕਮਜ਼ੋਰ ਕਾਮਿਆਂ ਦੀ ਰੱਖਿਆ ਲਈ ਬੇਰੁਜ਼ਗਾਰੀ ਬੀਮਾ ਅਤੇ ਹੋਰ ਆਮਦਨ ਸਹਾਇਤਾ ਪ੍ਰੋਗਰਾਮਾਂ ਨੂੰ ਤੁਰੰਤ ਵਧਾਉਣ ਦੀ ਲੋੜ ਹੈ।
- ਖਤਰੇ ਵਿੱਚ ਪਏ ਉਦਯੋਗਾਂ ਦੇ ਕਾਮਿਆਂ ਕੋਲ ਮਹੱਤਵਪੂਰਨ ਹੁਨਰ ਹੁੰਦੇ ਹਨ, ਅਤੇ ਭਾਈਚਾਰੇ ਉਨ੍ਹਾਂ ਨੂੰ ਗੁਆਉਣ ਦਾ ਖ਼ਤਰਾ ਨਹੀਂ ਉਠਾ ਸਕਦੇ। ਕਾਰਜ ਸਥਾਨ ਅਤੇ ਪਲਾਂਟ ਪ੍ਰਮੁੱਖ ਸਰੋਤ ਹਨ ਅਤੇ ਉਨ੍ਹਾਂ ਨੂੰ ਖੁੱਲ੍ਹਾ ਰੱਖਣ ਦੀ ਜ਼ਰੂਰਤ ਹੈ, ਵਾਤਾਵਰਣ ਲਈ ਜ਼ਿੰਮੇਵਾਰ ਵਰਤੋਂ ਲਈ ਉਤਪਾਦਨ ਕਰਨਾ, ਕਾਮਿਆਂ ਅਤੇ ਭਾਈਚਾਰਿਆਂ ਦੁਆਰਾ ਆਕਾਰ ਦੇਣਾ, ਅਤੇ ਜਨਤਕ ਮਾਲਕੀ ਵਾਲੇ।
- ਆਰਕਟਿਕ ਵਿੱਚ ਵਿਸਥਾਰ ਕਰਨ ਲਈ ਅਮਰੀਕੀ ਫੌਜੀ ਕੋਸ਼ਿਸ਼ਾਂ ਤੋਂ ਪਿੱਛੇ ਹਟਣਾ ਜ਼ਰੂਰੀ ਹੈ, ਜਿਵੇਂਕਿ ਨਾਟੋ ਨੂੰ ਕਿਸੇ ਵੀ ਵਧੀ ਹੋਈ ਫੌਜੀ ਖਰਚ ਵਚਨਬੱਧਤਾ ਤੋਂ ਪਿੱਛੇ ਹਟਣਾ ਹੈ।
- ਕੈਨੇਡਾ ਨੂੰ ਨਿਰਯਾਤ, ਖਾਸ ਕਰਕੇ ਕੁਦਰਤੀ ਸਰੋਤਾਂ ਦੀ ਬਰਾਮਦ 'ਤੇ ਆਪਣੀ ਨਿਰਭਰਤਾ ਤੋਂ ਦੂਰ ਜਾਣਾ ਚਾਹੀਦਾ ਹੈ ਅਤੇ ਉਤਪਾਦਨ ਵਿੱਚ ਵਾਤਾਵਰਣ ਪੱਖੋਂ ਜ਼ਿੰਮੇਵਾਰ ਵਾਤਾਵਰਣ ਦੀਆਂ ਜ਼ਰੂਰਤਾਂ ਦੇ ਅਨੁਕੂਲ ਵਧੇਰੇ ਅੰਦਰੂਨੀ–ਮੁਖੀ ਆਰਥਿਕਤਾ ਵੱਲ ਵਧਣਾ ਚਾਹੀਦਾ ਹੈ। ਕੁਦਰਤੀ ਸਰੋਤ ਵਿਕਾਸ ਨੂੰ ਜਲਵਾਯੂ ਤਬਦੀਲੀ ਵਿੱਚ ਕਮੀ ਲਿਆਉਣ ਦੇ ਨਾਲ–ਨਾਲ ਕੈਨੇਡਾ ਦੇ ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਅਤੇ ਲੋੜਾਂ ਦਾ ਆਦਰ ਅਤੇ ਅੱਗੇ ਵਧਣਾ ਚਾਹੀਦਾ ਹੈ।
- ਕੈਨੇਡੀਅਨ ਆਰਥਿਕਤਾ ਦੇ ਪੁਨਰ ਨਿਰਮਾਣ ਦੀਆਂ ਕੋਸ਼ਿਸ਼ਾਂ ਨੂੰ ਜਨਤਕ ਮਾਲਕੀ 'ਤੇ ਅਧਾਰਤ ਰਣਨੀਤੀ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਹੈ ਅਤੇ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨ, ਸਮਾਜਿਕ ਵਿਕਾਸ, ਗੁਣਵੱਤਾ ਵਾਲੇ ਰੁਜ਼ਗਾਰ ਅਤੇ ਗ੍ਰੀਨਹਾਉਸ ਗੈਸਾਂ ਵਿੱਚ ਕਟੌਤੀ ਨੂੰ ਤਰਜੀਹ ਦੇਣ ਦੀ ਲੋੜ ਹੈ।
- ਕੈਨੇਡਾ ਨੂੰ ਮਜ਼ਦੂਰ ਜਮਾਤ ਅਧਾਰਤ ਆਰਥਿਕਤਾ ਦੀ ਵਕਾਲਤ ਕਰਨੀ ਚਾਹੀਦੀ ਹੈ, ਜਿਸ ਲਈ ਮਜ਼ਦੂਰਾਂ ਅਤੇ ਯੂਨੀਅਨ ਦੇ ਅਧਿਕਾਰਾਂ, ਰਿਹਾਇਸ਼, ਸਿੱਖਿਆ, ਸਿਹਤ ਸੰਭਾਲ ਅਤੇ ਜਮਹੂਰੀ ਸ਼ਕਤੀ ਦੀ ਜ਼ਰੂਰਤ ਹੈ ਤਾਂ ਜੋ ਸਾਡੇ ਕੋਲ ਹੁਣ ਨਾਲੋਂ ਵੱਖਰੇ ਲੋਕਤੰਤਰ ਅਤੇ ਆਰਥਿਕਤਾ ਨੂੰ ਆਕਾਰ ਦਿੱਤਾ ਜਾ ਸਕੇ। ਇਸ ਲੋੜ ਨੂੰ ਪੂਰਾ ਕਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ ਅਤੇ ਸੰਗਠਿਤ ਕਰਨਾ ਚਾਹੀਦਾ ਹੈ।
- ਕੈਨੇਡਾ ਨੂੰ ਮੈਕਸੀਕੋ ਅਤੇ ਲਾਤੀਨੀ ਅਮਰੀਕਾ ਅਤੇ ਕੈਰੇਬੀਅਨ ਦੇ ਹੋਰ ਦੇਸ਼ਾਂ ਨਾਲ ਬੇ–ਮੇਚੇ ਅਤੇ ਨਵ–ਬਸਤੀਵਾਦੀ ਸਬੰਧਾਂ ਨੂੰ ਰੱਦ ਕਰਨਾ ਚਾਹੀਦਾ ਹੈ। ਜਲਵਾਯੂ ਤਬਦੀਲੀ ਅਤੇ ਵਿਕਾਸ ਨਾਲ ਨਜਿੱਠਣ ਵਿੱਚ ਕੈਨੇਡਾ ਦੀ ਸਹਾਇਤਾ ਕਰਨ ਦੀਆਂ ਜ਼ਿੰਮੇਵਾਰੀਆਂ ਨੂੰ ਮਾਨਤਾ ਦਿੰਦੇ ਹੋਏ, ਗਲੋਬਲ ਦੱਖਣ ਨਾਲ ਆਪਸੀ ਲਾਭਕਾਰੀ ਵਪਾਰਕ ਅਤੇ ਆਰਥਿਕ ਸਬੰਧ ਵਿਕਸਿਤ ਕਰਨੇ ਚਾਹੀਦੇ ਹਨ।

ਸਮਾਜਵਾਦੀ ਹੋਣ ਦੇ ਨਾਤੇ, ਅਸੀਂ ਪੂੰਜੀਵਾਦੀ ਸਮਾਜ ਦੇ ਮੁਕਾਬਲੇ ਇੱਕ ਲੋਕਤੰਤਰੀ ਸਮਾਜ ਦਾ ਬਦਲ ਚਾਹੁੰਦੇ ਹਾਂ, ਜੋ ਮਜ਼ਦੂਰ ਜਮਾਤ ਦੇ ਲੋਕਾਂ ਦੁਆਰਾ ਸੰਗਠਿਤ ਅਤੇ ਚਲਾਇਆ ਜਾਂਦਾ ਹੈ। ਜਿਸ ਵਿੱਚ ਰਾਜਨੀਤਿਕ ਅਤੇ ਆਰਥਿਕ ਫੈਸਲੇ ਲੈਣ ਦੀ ਸ਼ਕਤੀ ਹੋਵੇ। ਮੌਜੂਦਾ ਸੰਕਟ ਇਨ੍ਹਾਂ ਸਵਾਲਾਂ ਨੂੰ ਸੰਬੋਧਿਤ ਹੋਣ ਦਾ ਮੌਕਾ ਪ੍ਰਦਾਨ ਕਰਦਾ ਹੈ। ਪ੍ਰਗਤੀਸ਼ੀਲ ਕੈਨੇਡੀਅਨ ਅਤੇ ਕਾਮੇ ਆਪਣੀਆਂ ਨੌਕਰੀਆਂ, ਆਰਥਿਕਤਾ ਦੇ ਭਵਿੱਖ, ਵਾਤਾਵਰਣ ਅਤੇ ਉਨ੍ਹਾਂ ਦੇ ਬੱਚਿਆਂ ਅਤੇ ਪਰਿਵਾਰਾਂ ਬਾਰੇ ਚਿੰਤਤ ਹਨ। ਲੋਕ ਆਪਣੀਆਂ ਨੌਕਰੀਆਂ ਬਾਰੇ ਚਿੰਤਤ ਹਨ। ਆਮ ਭਾਈਚਾਰਿਆਂ ਨੂੰ ਇਸ ਖਤਰਨਾਕ ਸਮੇਂ 'ਤੇ ਅੱਗੇ ਵਧਣ ਦੀਆਂ ਸੰਭਾਵਨਾਵਾਂ ਲਈ, ਬਰਾਬਰੀ ਵਾਲੀ, ਵਾਤਾਵਰਣ–ਜ਼ਿੰਮੇਵਾਰ ਵਾਲੀ ਰਾਜਨੀਤੀ ਪ੍ਰਾਪਤੀ ਲਈ ਅੱਗੇ ਆਉਣਾ ਚਾਹੀਦਾ ਹੈ। ਮਿਹਨਤਕਸ਼ ਲੋਕਾਂ ਦੀਆਂ ਸਮਾਜਿਕ ਇੱਛਾਵਾਂ ਨੂੰ ਪ੍ਰਾਪਤ ਕਰਨ ਲਈ ਸਾਡੇ ਵਿਚਾਰ ਵਟਾਂਦਰੇ ਵਿੱਚ ਸ਼ਾਮਲ ਹੋਣ ਦੀ ਜ਼ਰੂਰਤ ਹੈ।

www.socialistproject.ca

# ਕਤਲੇਆਮ ਅਤੇ ਤਬਾਹੀ ਦੁਆਰਾ ਸ਼ਾਂਤੀ ਬਹਾਲ ਕਰ ਰਿਹਾ 'ਲੋਕਤੰਤਰ'

**-ਬੂਟਾ ਸਿੰਘ ਮਹਿਮੂਦਪੁਰ**

21 ਮਈ ਨੂੰ ਆਨ-ਲਾਈਨ ਮੀਡੀਆ ਪਲੈਟਫਾਰਮਾਂ ਉੱਪਰ ਇਹ ਖ਼ਬਰ ਤੇਜ਼ੀ ਨਾਲ ਫਲੈਸ਼ ਹੋਈ ਕਿ ਸੁਰੱਖਿਆ ਦਸਤਿਆਂ ਨੇ ਮਾਓਵਾਦੀ ਪਾਰਟੀ ਦੇ ਜਨਰਲ ਸਕੱਤਰ ਕਾ. ਨੰਬਾਲਾ ਕੇਸ਼ਵ ਰਾਓ ਉਰਫ਼ ਬਸਵਾ ਰਾਜੂ (70 ਸਾਲ) ਨੂੰ 26 ਹੋਰ ਮਾਓਵਾਦੀਆਂ ਸਮੇਤ ਅਬੂਝਮਾੜ ਦੇ ਜੰਗਲਾਂ ਅੰਦਰ 'ਮੁਕਾਬਲੇ' 'ਚ ਮਾਰ ਮੁਕਾਇਆ ਹੈ। ਇਨ੍ਹਾਂ 26 ਮਾਓਵਾਦੀਆਂ ਵਿਚ ਜ਼ਿਆਦਾਤਰ 20 ਤੋਂ 30 ਸਾਲ ਦੇ ਨੌਜਵਾਨ ਆਦਿਵਾਸੀ ਮੁੰਡੇ-ਕੁੜੀਆਂ ਸਨ ਜਿਨ੍ਹਾਂ ਬਾਰੇ ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਬਸਵਾ ਰਾਜੂ ਸਮੇਤ ਇਹ ਸਾਰੇ 50 ਘੰਟਿਆਂ ਤੱਕ ਚੱਲੇ ਮੁਕਾਬਲੇ ਵਿਚ ਮਾਰੇ ਗਏ ਅਤੇ ਇਹ ਸਾਰੇ ਉਸਦੀ ਸੁਰੱਖਿਆ ਟੁਕੜੀ, ਕੰਪਨੀ ਨੰ. 7, ਦੇ ਇਨਾਮੀ ਮਾਓਵਾਦੀ ਸਨ। ਇਸ ਤੋਂ ਕੁਝ ਦਿਨ ਪਹਿਲਾਂ ਹੀ ਕਰੇਗੁੱਟਾ ਪਹਾੜੀਆਂ ਵਿਚ 21 ਦਿਨ ਚੱਲੇ ਵਿਸ਼ੇਸ਼ ਓਪਰੇਸ਼ਨ ਤੋਂ ਬਾਅਦ 31 ਮਾਓਵਾਦੀਆਂ ਦੇ ਮਾਰੇ ਜਾਣ ਦੀ ਰਿਪੋਰਟ ਆਈ ਸੀ। ਜਨਵਰੀ 2024 ਤੋਂ ਲੈ ਕੇ 'ਓਪਰੇਸ਼ਨ ਕਗਾਰ' ਤਹਿਤ ਕਤਲੇਆਮ ਵਿਚ ਖ਼ਾਸ ਤੇਜ਼ੀ ਆਈ ਹੈ ਅਤੇ 2025 ਦੇ ਪਹਿਲੇ ਪੰਜ ਮਹੀਨਿਆਂ ਵਿਚ ਹੀ ਬਸਤਰ ਵਿਚ 200 ਤੋਂ ਵਧੇਰੇ ਮਾਓਵਾਦੀ 'ਮੁਕਾਬਲਿਆਂ' ਵਿਚ ਮਾਰੇ ਗਏ ਹਨ ਜਿਨ੍ਹਾਂ ਵਿਚ ਤੀਜਾ ਹਿੱਸਾ ਨੌਜਵਾਨ ਕੁੜੀਆਂ/ਔਰਤਾਂ ਹਨ। ਮਾਓਵਾਦੀ ਪਾਰਟੀ ਦੀ ਦੰਡਕਾਰਣੀਆ ਸਪੈਸ਼ਲ ਜ਼ੋਨਲ ਕਮੇਟੀ ਦੇ ਬੁਲਾਰੇ ਵਿਕਲਪ ਵੱਲੋਂ ਅਧਿਕਾਰਕ ਪ੍ਰੈੱਸ ਬਿਆਨ ਜਾਰੀ ਕਰਕੇ ਪੁਸ਼ਟੀ ਕੀਤੀ ਗਈ ਹੈ ਕਿ ਬਸਵਾ ਰਾਜੂ ਨੂੰ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਕਤਲ ਗਿਆ।


ਨੀਮ-ਫ਼ੌਜੀ ਓਪਰੇਸ਼ਨਾਂ ਜ਼ਰੀਏ ਮਾਓਵਾਦੀਆਂ ਅਤੇ ਆਦਿਵਾਸੀ ਲੋਕਾਂ ਦੇ ਕਤਲੇਆਮ ਤਹਿਤ ਬਣਾਇਆ ਇਹ 'ਮੁਕਾਬਲਾ' ਦਰਅਸਲ ਅਤਿ ਘਿਣਾਉਣਾ ਰਾਜਨੀਤਕ ਕਤਲੇਆਮ ਹੈ ਜਿਸ ਨੂੰ ਖ਼ੁਦ ਮੋਦੀ ਅਤੇ ਅਮਿਤ ਸ਼ਾਹ ਨੇ ਸੁਰੱਖਿਆ ਤਾਕਤਾਂ ਦੀ 'ਇਤਿਹਾਸਕ ਪ੍ਰਾਪਤੀ' ਕਹਿ ਕੇ ਵਧਾਈ ਦਿੱਤੀ ਹੈ ਕਿ ਉਨ੍ਹਾਂ ਨੇ ਤਿੰਨ ਦਹਾਕਿਆਂ ਵਿਚ ਪਹਿਲੀ ਵਾਰ ਮਾਓਵਾਦੀ ਪਾਰਟੀ ਦੇ ਜਨਰਲ ਸਕੱਤਰ ਨੂੰ ਮਾਰ ਕੇ 'ਇਤਿਹਾਸ ਰਚਿਆ' ਹੈ। ਇਹ ਉਸ ਪ੍ਰਧਾਨ ਮੰਤਰੀ ਵੱਲੋਂ ਆਪਣੀ ਫਾਸ਼ੀਵਾਦੀ ਹਕੂਮਤ ਦੀ ਖ਼ੂੰਖ਼ਾਰ ਖਸਲਤ ਦਾ ਐਲਾਨੀਆ ਇਕਬਾਲ ਹੈ ਜਿਸ ਨੂੰ ਦੁਨੀਆ ਅੱਗੇ ਆਪਣੇ ਲਹੂ ਲਿਬੜੇ ਚਿਹਰੇ ਨੂੰ ਲੁਕੋਣ ਲਈ ਇਹ ਮਖੌਟਾ ਪਾਉਣ ਦੀ ਵਾਰ-ਵਾਰ ਲੋੜ ਪੈਂਦੀ ਹੈ ਕਿ 'ਜਮਹੂਰੀਅਤ ਤਾਂ ਸਾਡੇ ਡੀ.ਐੱਨ.ਏ. ਵਿਚ ਹੈ।'

ਬਸਵਾ ਰਾਜੂ ਦਾ ਕਤਲ ਉਸ ਸਮੇਂ ਕੀਤਾ ਗਿਆ ਹੈ ਜਦੋਂ ਸੀਪੀਆਈ (ਮਾਓਵਾਦੀ) ਵੱਲੋਂ ਇਕਤਰਫ਼ਾ ਯੁੱਧਬੰਦੀ ਦਾ ਐਲਾਨ ਕਰਕੇ ਸ਼ਾਂਤੀ ਵਾਰਤਾਵਾਂ ਲਈ ਮਾਹੌਲ ਬਣਾਉਣ ਦੀ ਮੰਗ ਕਰਦਿਆਂ ਉੱਪਰੋਥਲੀ ਛੇ ਜਨਤਕ ਬਿਆਨ ਜਾਰੀ ਕੀਤੇ ਗਏ ਹਨ। ਕੇਂਦਰ ਸਰਕਾਰ ਅਤੇ ਛੱਤੀਸਗੜ੍ਹ ਸਰਕਾਰ ਵੱਲੋਂ ਗੱਲਬਾਤ ਦੀ ਪੇਸ਼ਕਸ਼ ਨੂੰ ਹੁੰਗਾਰਾ ਦੇਣ ਦੀ ਬਜਾਏ ਸਗੋਂ ਕਰੇਗੁੱਟਾ ਪਹਾੜੀਆਂ ਦੀ ਘੇਰਾਬੰਦੀ ਕਰਕੇ ਕਤਲੇਆਮ ਕਰਨ ਲਈ 24000 ਨੀਮ-ਫ਼ੌਜੀ ਨਫ਼ਰੀ ਝੋਕ ਦਿੱਤੀ ਗਈ। 'ਮੁਕਾਬਲੇ' ਦੀ ਇਹ ਕਹਾਣੀ ਉਸੇ ਤਰਜ਼ ਦੀ ਮਨਘੜਤ ਕਹਾਣੀ ਹੈ, ਜਿਸ ਬੇਹੱਦ ਬਦਨਾਮ ਬਿਰਤਾਂਤ ਦਾ ਸਹਾਰਾ ਭਾਰਤੀ ਹੁਕਮਰਾਨ ਸਟੇਟ ਵਿਰੋਧੀ ਬਾਗ਼ੀ ਲਹਿਰਾਂ ਨੂੰ ਕੁਚਲਣ ਲਈ ਕੀਤੇ ਜਾਂਦੇ ਕਤਲਾਂ ਉੱਪਰ ਪਰਦਾ ਪਾਉਣ ਲਈ ਸੱਤ ਦਹਾਕਿਆਂ ਤੋਂ ਲੈਂਦੇ ਆ ਰਹੇ ਹਨ। ਇਹ ਕਹਾਣੀ ਐਨੀ ਘਿਣਾਉਣੀ ਹੈ ਕਿ 'ਮੁੱਖਧਾਰਾ' ਦੀਆਂ ਸਾਰੀਆਂ ਹੀ ਖੱਬੀਆਂ ਪਾਰਟੀਆਂ ਨੇ ਇਸ ਨੂੰ ਗ਼ੈਰਅਦਾਲਤੀ ਕਤਲ ਕਰਾਰ ਦੇ ਕੇ ਨਿਰਪੱਖ ਜੁਡੀਸ਼ੀਅਲ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਇਸ ਕਤਲੇਆਮ ਵਿਰੁੱਧ ਵੱਖ-ਵੱਖ ਥਾਵਾਂ ਉੱਪਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ।

ਹੋਰ ਵੀ ਸਿਤਮ-ਜ਼ਰੀਫ਼ੀ ਇਹ ਹੈ ਕਿ ਅਧਿਕਾਰੀ ਆਂਧਰਾ-ਤੇਲੰਗਾਨਾ ਤੋਂ ਆਏ ਪਰਿਵਾਰਾਂ ਨੂੰ ਲਾਸ਼ਾਂ ਦੇਣ ਤੋਂ ਲਗਾਤਾਰ ਟਾਲ-ਮਟੋਲ ਕਰਦੇ ਰਹੇ। ਸਰਕਾਰਾਂ ਮਾਓਵਾਦੀਆਂ ਦੇ ਅੰਤਮ-ਸੰਸਕਾਰ ਮੌਕੇ ਹੋਣ ਵਾਲੇ ਵੱਡੇ ਇਕੱਠਾਂ ਹੋਣ ਤੋਂ ਭੈਭੀਤ ਹਨ। ਗਰਮੀ ਦੇ ਮੌਸਮ ਵਿਚ 27 ਲਾਸ਼ਾਂ ਬਿਨਾਂ ਫਰੀਜ਼ਰਾਂ ਤੋਂ, ਖੁੱਲ੍ਹੇ ਸ਼ੈੱਡ ਹੇਠ ਰੱਖਕੇ ਸੜਨ ਦਿੱਤੀਆਂ ਗਈਆਂ। ਆਖਿ ?ਰਕਾਰ ਬਸਵਾ ਰਾਜੂ ਸਮੇਤ 7 ਮਾਓਵਾਦੀਆਂ ਦੀਆਂ ਲਾਸ਼ਾਂ ਵਾਰਿਸਾਂ ਨੂੰ ਦੇਣ ਦੀ ਬਜਾਏ ਪੁਲਿਸ ਨੇ ਧੱਕੇ ਨਾਲ ਨਰਾਇਣਪੁਰ ਵਿਚ ਹੀ ਜਲਾ ਦਿੱਤੀਆਂ। ਬਹਾਨਾ ਇਹ ਬਣਾਇਆ ਗਿਆ ਕਿ ਲਾਸ਼ਾਂ ਲੈਣ ਲਈ ਕੋਈ ਵਾਰਿਸ ਨਹੀਂ ਆਇਆ ਅਤੇ ਲਾਸ਼ਾਂ ਖਰਾਬ ਹੋ ਗਈਆਂ ਸਨ, ਜਦੋਂ ਕਿ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਤੋਂ ਸੰਬੰਧਤ ਪਰਿਵਾਰ ਨਰਾਇਣਪੁਰ ਵਿਚ ਆ ਕੇ ਕਈ ਦਿਨਾਂ ਤੋਂ ਖੱਜਲ-ਖੁਆਰ ਹੋ ਰਹੇ ਸਨ।

ਇਸ 'ਇਤਿਹਾਸਕ ਪ੍ਰਾਪਤੀ' ਉੱਪਰ ਭਾਰਤੀ ਰਾਜ ਦੇ ਸੱਤਾ ਦੇ ਗਲਿਆਰਿਆਂ ਵਿਚ ਜਸ਼ਨਾਂ ਦਾ ਮਾਹੌਲ ਹੈ। ਭਗਵਾ ਹਕੂਮਤ ਜਿੱਤ ਦੇ ਢੋਲ ਵਜਾ ਰਹੀ ਹੈ ਅਤੇ ਗੋਦੀ ਮੀਡੀਆ ਦਿਨ-ਰਾਤ ਧੂੰਆਂਧਾਰ ਜ਼ਹਿਰ ਉਗਲ ਰਿਹਾ ਹੈ ਕਿ ਮਾਓਵਾਦੀ ਲੀਡਰਸ਼ਿੱਪ ਦਾ ਸਫ਼ਾਇਆ ਕਰ ਦਿੱਤੇ ਜਾਣ ਅਤੇ ਨਵੀਂ ਭਰਤੀ ਦੀ ਤੋਟ ਕਾਰਨ ਮਾਓਵਾਦੀ ਲਹਿਰ ਆਖ਼ਰੀ ਸਾਹ ਲੈ ਰਹੀ ਹੈ। ਹੋਰ ਵੀ ਚਿੰਤਾਜਨਕ ਇਹ ਹੈ ਕਿ ਭਗਵਾ ਪ੍ਰਚਾਰ-ਤੰਤਰ ਅਤੇ ਗੋਦੀ ਮੀਡੀਆ ਦੇ ਜ਼ਹਿਰੀਲੇ ਪ੍ਰਚਾਰ ਨਾਲ ਗੁੰਮਰਾਹ ਹੋਇਆ ਸਮਾਜ ਦਾ ਇਕ ਹਿੱਸਾ ਇਸ ਕਤਲੇਆਮ ਉੱਪਰ ਖ਼ੁਸ਼ੀ ਮਨਾ ਰਿਹਾ ਹੈ। ਕਾਰਪੋਰੇਟ ਸਰਮਾਏ ਦੇ ਬੇਸ਼ਰਮ ਦਲਾਲ ਭਗਵਾ ਕੋੜਮੇ ਅਤੇ ਹੋਰ ਹੁਕਮਰਾਨ ਧੜਿਆਂ ਲਈ ਇਸ ਤੋਂ ਵੱਡੀ ਖ਼ੁਸ਼ੀ ਕੀ ਹੋ ਸਕਦੀ ਹੈ ਕਿ ਉਸ ਪਾਰਟੀ ਦਾ ਪ੍ਰਮੁੱਖ ਆਗੂ ਮਾਰਿਆ ਗਿਆ ਜੋ ਮੌਜੂਦਾ ਪ੍ਰਬੰਧ ਨੂੰ ਜੜ੍ਹੋਂ ਖ਼ਤਮ ਕਰਨ ਦੇ ਸੁਪਨੇ ਦੇਖ ਰਹੀ ਸੀ। ਇਤਿਹਾਸ ਵਿਚ ਅਜਿਹੇ ਮੌਕੇ ਪਹਿਲਾਂ ਵੀ ਆਉਂਦੇ ਰਹੇ ਹਨ ਜਦੋਂ ਨਕਸਲੀ ਆਗੂਆਂ ਦਾ ਜਿਸਮਾਨੀ ਸਫ਼ਾਇਆ ਕਰਕੇ ਨਕਸਲਵਾਦ ਨੂੰ ਖ਼ਤਮ ਕਰ ਦੇਣ ਦੇ ਲਲਕਾਰੇ ਮਾਰੇ ਗਏ। ਨਕਸਲੀ ਲਹਿਰ ਦੇ ਮੋਢੀ ਆਗੂ ਚਾਰੂ ਮਜੂਮਦਾਰ ਨੂੰ ਹਿਰਾਸਤ ਵਿਚ ਲੈ ਕੇ ਕਤਲ ਕਰਨ ਸਮੇਂ ਵੀ, ਅਤੇ ਫਿਰ 2010 'ਚ ਮਾਓਵਾਦੀ ਬੁਲਾਰੇ ਆਜ਼ਾਦ ਅਤੇ 2011 'ਚ ਇਕ ਹੋਰ ਮੁੱਖ ਆਗੂ ਕਿਸ਼ਨ ਜੀ ਨੂੰ ਗ੍ਰਿਫ਼ਤਾਰ ਕਰਕੇ ਕਤਲ ਕਰਨ ਤੋਂ ਬਾਅਦ ਵੀ ਅਜਿਹੇ ਜੇਤੂ ਐਲਾਨ ਕੀਤੇ ਗਏ ਸਨ। ਇਸਦੇ ਬਾਵਜੂਦ, ਨਵੇਂ ਆਗੂ ਮਾਰੇ ਗਿਆਂ ਦੀ ਥਾਂ ਲੈਂਦੇ ਰਹੇ ਹਨ, ਵੱਡੇ ਤੋਂ ਵੱਡੇ ਨੁਕਸਾਨ ਵੀ ਆਰਜ਼ੀ ਸਾਬਤ ਹੁੰਦੇ ਰਹੇ ਹਨ ਅਤੇ ਲਹਿਰ ਮੁੜ ਜਥੇਬੰਦ ਹੁੰਦੀ ਰਹੀ ਹੈ।

ਹੁਕਮਰਾਨ ਸਿਰਫ਼ ਤੇ ਸਿਰਫ਼ ਮਾਓਵਾਦੀ ਲਹਿਰ ਦੇ ਛਾਪਾਮਾਰ ਪਹਿਲੂ ਦੀ ਇਕਤਰਫ਼ਾ ਤਸਵੀਰ ਪੇਸ਼ ਕਰਕੇ ਇਸ ਹਕੀਕਤ ਨੂੰ ਚਲਾਕੀ ਨਾਲ ਲੁਕੋ ਰਹੇ ਹਨ ਕਿ ਨਕਸਲੀ/ਮਾਓਵਾਦੀ ਲਹਿਰ ਭਾਰਤੀ ਕਮਿਊਨਿਸਟ ਦਾ ਜੁਝਾਰੂ ਲਹਿਰ ਹਿੱਸਾ ਹੈ ਜਿਨ੍ਹਾਂ ਨੇ ਆਪਣਾ ਇਨਕਲਾਬ ਦਾ ਸੁਪਨਾ ਤਿਆਗਕੇ ਸੜਿਆਂਦ ਮਾਰਦੀ 'ਮੁੱਖਧਾਰਾ' ਨਾਲ ਸਮਝੌਤਾ ਨਹੀਂ ਕੀਤਾ ਅਤੇ ਉਹ ਆਪਣੀਆਂ ਜ਼ਿੰਦਗੀਆਂ ਦਾ ਮੁੱਲ ਤਾਰਕੇ ਬੁਨਿਆਦੀ ਸਮਾਜੀ ਤਬਦੀਲੀ ਦੇ ਸੁਪਨੇ ਨੂੰ ਜ਼ਿੰਦਾ ਰੱਖਦੇ ਹੋਏ ਇਸ ਨੂੰ ਸਾਕਾਰ ਕਰਨ ਲਈ ਤਨਦੇਹੀ ਨਾਲ ਜੁੱਟੇ ਹੋਏ ਹਨ। ਉਨ੍ਹਾਂ ਦੇ ਲੜਾਈ ਦੇ ਤਰੀਕਿਆਂ ਦੀ ਆਲੋਚਨਾ ਹੋ ਸਕਦੀ ਹੈ ਪਰ ਉਨ੍ਹਾਂ ਦਾ ਮੂਲ ਉਦੇਸ਼ ਆਮ ਲੋਕਾਈ ਨੂੰ ਲੁੱਟ, ਦਾਬੇ ਅਤੇ ਨੰਗੇ ਅਨਿਆਂ ਤੋਂ ਨਿਜ਼ਾਤ ਦਿਵਾਉਣਾ ਅਤੇ ਚੰਗੇ ਸਮਾਜ ਦੀ ਸਿਰਜਣਾ ਕਰਨਾ ਹੈ। ਇਹ ਗੱਲ ਹੁਕਮਰਾਨਾਂ ਦਾ ਇਕ ਹਿੱਸਾ ਖ਼ੁਦ ਮੰਨਦਾ ਰਿਹਾ ਹੈ ਕਿ 'ਨਕਸਲੀ ਸੱਚੇ ਦੇਸ਼ਭਗਤ ਹਨ'। ਤ੍ਰਾਸਦੀ ਇਹ ਹੈ ਕਿ ਪਿਛਲੇ ਸਮੇਂ 'ਚ 'ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦਾ ਬਿਰਤਾਂਤ ਭਾਰੂ ਹੋ ਗਿਆ ਹੈ ਅਤੇ ਦੁਨੀਆ ਭਰ 'ਚ ਸਮਾਜਵਾਦੀ ਕੈਂਪ ਖ਼ਤਮ ਹੋਣ ਤੋਂ ਬਾਅਦ ਇੱਥੋਂ ਦੇ ਮੱਧਵਰਗੀ



ਲੋਕਾਂ ਦੇ ਵੱਡੇ ਹਿੱਸੇ ਨੇ ਸਮਾਜਿਕ ਤਬਦੀਲੀ ਪ੍ਰਤੀ ਹਮਦਰਦੀ ਤਿਆਗਕੇ ਆਪਣਾ ਭਵਿੱਖ ਭਗਵਾ ਫਾਸ਼ੀਵਾਦ ਅਤੇ ਖੁੱਲ੍ਹੀ ਮੰਡੀ ਦੀ ਆਰਜ਼ੀ ਜਿੱਤ ਵਿਚ ਦੇਖਣਾ ਸ਼ੁਰੂ ਕਰ ਦਿੱਤਾ ਹੈ।

ਕੇਸ਼ਵ ਰਾਓ ਅਤੇ ਹੋਰ ਮਾਓਵਾਦੀ ਇਨਕਲਾਬੀਆਂ ਦਾ ਛੱਤੀਸਗੜ੍ਹ ਤੇ ਹੋਰ ਰਾਜਾਂ ਦੇ ਜੰਗਲਾਂ-ਪਹਾੜਾਂ ਨਾਲ ਪੰਜ ਦਹਾਕੇ ਲੰਮਾ ਗੂੜ੍ਹਾ ਰਿਸ਼ਤਾ ਰਿਹਾ ਹੈ ਅਤੇ ਉਹ ਇੱਥੋਂ ਦੇ ਚੱਪੇ-ਚੱਪੇ ਦੇ ਭੇਤੀ ਹਨ। ਇਹੀ ਵਜ੍ਹਾ ਹੈ ਕਿ 'ਅਬੂਝਮਾੜ' ਅਤੇ ਇਸਦੇ ਨਾਲ ਲੱਗਦੇ ਸੰਘਣੇ ਜੰਗਲੀ-ਪਹਾੜੀ ਖੇਤਰਾਂ ਵਿੱਚੋਂ ਮਾਓਵਾਦੀ ਲਹਿਰ ਦਾ ਸਫ਼ਾਇਆ ਕਰਕੇ ਇਸ ਵਿਸ਼ਾਲ ਖੇਤਰ ਨੂੰ ਮੁਕੰਮਲ ਕਬਜ਼ੇ ਵਿਚ ਲੈਣ ਲਈ ਭਾਰਤੀ ਹੁਕਮਰਾਨਾਂ ਨੂੰ ਡੇਢ ਦਹਾਕੇ ਤੋਂ ਜੰਗੀ ਪੱਧਰ 'ਤੇ ਫ਼ੌਜੀ ਓਪਰੇਸ਼ਨ ਚਲਾਉਣੇ ਪੈ ਰਹੇ ਹਨ ਜਿਨ੍ਹਾਂ ਦਾ ਅਜੋਕਾ ਰੂਪ 'ਓਪਰੇਸ਼ਨ ਕਗਾਰ' (ਆਖ਼ਰੀ ਹੱਲਾ) ਹੈ। ਇਹ ਉਹ ਖੇਤਰ ਹੈ ਜਿਸ ਨੂੰ ਅੰਗਰੇਜ਼ ਹਕੂਮਤ ਵੀ ਆਪਣੇ ਰਾਜ ਦਾ ਹਿੱਸਾ ਨਹੀਂ ਸੀ ਬਣਾ ਸਕੀ ਅਤੇ 'ਆਜ਼ਾਦੀ' ਤੋਂ ਪੰਜ ਦਹਾਕੇ ਬਾਅਦ ਵੀ ਭਾਰਤ ਸਰਕਾਰ ਨੇ ਕਦੇ ਇਸ ਖੇਤਰ ਦੇ ਮੂਲਵਾਸੀ ਬਾਸ਼ਿੰਦਿਆਂ ਦੀ ਸਾਰ ਨਹੀਂ ਸੀ ਲਈ। ਨਕਸਲੀ ਜਥੇਬੰਦੀ 'ਪੀਪਲਜ਼ ਵਾਰ' ਗਰੁੱਪ ਦੇ ਆਗੂਆਂ ਨੇ ਇਸ ਸੰਘਣੇ ਜੰਗਲੀ-ਪਹਾੜੀ ਖੇਤਰ ਨੂੰ ਆਪਣੇ ਨਵ-ਜਮਹੂਰੀ ਇਨਕਲਾਬ ਦੇ ਪ੍ਰੋਗਰਾਮ ਤਹਿਤ 'ਗੁਰੀਲਾ ਆਧਾਰ ਇਲਾਕਾ' ਬਣਾਉਣ ਲਈ ਚੁਣਿਆ। ਇਸ ਮਿਸ਼ਨ ਤਹਿਤ ਆਂਧਰਾ ਪ੍ਰਦੇਸ਼ ਤੋਂ ਭੇਜੇ ਨੌਜਵਾਨਾਂ ਦੇ ਜੱਥੇ ਇਸ ਅਣਜਾਣੇ ਖੇਤਰ ਦੇ ਧੁਰ ਅੰਦਰ ਤੱਕ ਪਹੁੰਚ ਕੇ ਇੱਥੋਂ ਦੇ ਮੂਲਵਾਸੀ ਲੋਕਾਂ ਦੇ ਦੁੱਖ-ਸੁੱਖ ਵਿਚ ਭਾਈਵਾਲ ਬਣੇ। ਉਨ੍ਹਾਂ ਨੇ ਬਾਹਰਲੀ ਦੁਨੀਆ ਤੋਂ ਅਟੰਕ ਆਦਿਵਾਸੀਆਂ ਨੂੰ ਆਪਣੇ ਨਾਲ ਜੋੜਿਆ ਅਤੇ ਉਨ੍ਹਾਂ ਨਾਲ ਰਚ-ਮਿਚ ਹੋ ਗਏ। ਜਦੋਂ ਭਾਰਤੀ ਹੁਕਮਰਾਨਾਂ ਨੇ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੇ ਕਾਰਪੋਰੇਟ 'ਵਿਕਾਸ' ਮਾਡਲ ਤਹਿਤ ਆਦਿਵਾਸੀ ਖੇਤਰਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਸਾਜ਼ਿਸ਼ ਨੂੰ ਅੰਜਾਮ ਦੇਣਾ ਸ਼ੁਰੂ ਕੀਤਾ ਤਾਂ ਆਦਿਵਾਸੀ ਲੋਕ ਮਾਓਵਾਦੀਆਂ ਦੀ ਅਗਵਾਈ ਹੇਠ ਇਸ ਕਾਰਪੋਰੇਟ ਧਾਵੇ ਵਿਰੁੱਧ ਜਾਨ-ਹੂਲਵੀਂ ਲੜਾਈ ਵਿਚ ਡੱਟ ਗਏ।

ਇਸ ਟਾਕਰੇ ਨੂੰ ਖ਼ਤਮ ਕਰਨ ਲਈ ਆਲਮੀ ਅਤੇ ਭਾਰਤੀ ਕਾਰਪੋਰੇਟ ਸਰਮਾਏ ਦੇ ਸੰਦ ਭਾਰਤੀ ਰਾਜ ਨੇ 2005 ਤੋਂ ਲੈ ਕੇ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਮੁਕੰਮਲ ਸਫ਼ਾਏ ਲਈ ਫ਼ੌਜੀ ਮੋਰਚਾ ਖੋਲ੍ਹਿਆ ਹੋਇਆ ਹੈ। ਭਗਵਾ ਹਕੂਮਤ ਦੇ 'ਨਕਸਲਵਾਦ ਮੁਕਤ ਭਾਰਤ' ਦੇ ਟੀਚੇ ਅਤੇ ਕਾਰਪੋਰੇਟ ਜਗਤ ਨਾਲ ਕੀਤੇ ਇਕਰਾਰਨਾਮਿਆਂ ਦਰਮਿਆਨ ਸਿੱਧਾ ਸੰਬੰਧ ਹੈ। ਇਸੇ ਕਰਕੇ, ਘੋਰ ਜਬਰ, ਕਤਲੇਆਮ, ਗ੍ਰਿਫ਼ਤਾਰੀਆਂ, ਡਰੋਨਾਂ ਨਾਲ ਬੰਬਾਰੀ ਅਤੇ ਤਬਾਹੀ ਦੇ ਰੂਪ 'ਚ ਆਮ ਲੋਕਾਂ - ਖ਼ਾਸ ਕਰਕੇ ਸਭ ਤੋਂ ਵੱਧ ਦੱਬੇ-ਕੁਚਲੇ ਅਤੇ ਲੁੱਟੀਂਦੇ ਆਦਿਵਾਸੀ ਭਾਈਚਾਰੇ ਨੂੰ ਉਜਾੜਨ ਅਤੇ ਮਾਰਨ ਦੇ ਨੀਮ-ਫ਼ੌਜੀ ਓਪਰੇਸ਼ਨਾਂ ਨੂੰ ਦਿਨੋਦਿਨ ਵੱਧ ਤੋਂ ਵੱਧ ਭਿਆਨਕ ਰੂਪ ਦਿੱਤਾ ਜਾ ਰਿਹਾ ਹੈ। ਇਸ ਦਾ ਇੱਕੋਇਕ ਮਕਸਦ ਮਾਰਚ 2026 ਤੱਕ ਭਾਰਤ ਨੂੰ 'ਨਕਸਲਵਾਦ ਮੁਕਤ' ਬਣਾਉਣਾ ਯਾਨੀ ਕਾਰਪੋਰੇਟ ਪ੍ਰੋਜੈਕਟਾਂ ਲਈ ਅੜਿੱਕਾ ਬਣ ਰਹੇ ਆਦਿਵਾਸੀ ਟਾਕਰੇ ਨੂੰ ਖ਼ਤਮ ਕਰਨਾ ਹੈ। ਪਹਿਲਾਂ ਇਸ ਨੂੰ 'ਸਲਵਾ ਜੁਡਮ', 'ਓਪਰੇਸ਼ਨ ਗਰੀਨ ਹੰਟ', 'ਸਮਾਧਾਨ-ਪਰਹਾਰ' ਨਾਂ ਦਿੱਤੇ ਗਏ, ਅਤੇ ਜਨਵਰੀ 2024 ਤੋਂ 'ਓਪਰੇਸ਼ਨ ਕਗਾਰ' ਤੇ ਹੁਣ 'ਓਪਰੇਸ਼ਨ ਬਲੈਕ ਫਾਰੈਸਟ' ਦੇ ਨਾਂ ਹੇਠ ਇਨਸਾਨਾਂ ਨੂੰ ਜਾਨਵਰਾਂ ਵਾਂਗ ਘੇਰ-ਘੇਰ ਕੇ ਮਾਰਿਆ ਜਾ ਰਿਹਾ ਹੈ।

ਇਨ੍ਹਾਂ ਜੰਗਲੀ-ਪਹਾੜੀ ਜ਼ਿਲ੍ਹਿਆਂ ਵਿੱਚੋਂ ਮਾਓਵਾਦੀ ਤਾਕਤਾਂ ਨੂੰ ਖ਼ਤਮ ਕਰਕੇ ਖਣਨ ਸ਼ੁਰੂ ਕਰਨ ਦੀ ਵਿਆਪਕ ਯੋਜਨਾ ਹੈ। ਇਸੇ ਲਈ ਪੂਰੇ ਭਾਰਤ ਵਿਚ, 2015-2020 ਦਰਮਿਆਨ 6 ਲੱਖ 68400 ਹੈਕਟੇਅਰ ਜੰਗਲ ਖ਼ਤਮ ਕਰ ਦਿੱਤਾ ਗਿਆ। ਹੁਣ ਵਾਤਾਵਰਣ ਤੇ ਜੰਗਲਾਤ ਮੰਤਰਾਲੇ ਵੱਲੋਂ ਗੜ੍ਹਚਿਰੌਲੀ ਜ਼ਿਲ੍ਹੇ ਦੇ ਜੰਗਲ ਦੀ 937ਹੈਕਟੇਅਰ ਜ਼ਮੀਨ ਲਲੋਇਡ ਮੈਟਲਜ਼ ਐਂਡ ਐਨਰਜੀ ਲਿਮ. ਦੇ ਸਟੀਲ ਪ੍ਰੋਜੈਕਟ ਲਈ ਦੇਣ ਅਤੇ 1.23 ਲੱਖ ਦਰੱਖ਼ਤ ਵੱਢਣ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਹ 'ਨਕਸਲਵਾਦ-ਮੁਕਤ ਭਾਰਤ' ਦੇ ਅਸਲ ਮਨੋਰਥ ਦਾ ਮੂੰਹ ਬੋਲਦਾ ਸਬੂਤ ਹੈ।

ਬਹੁਤ ਸਾਰੇ ਲੋਕਾਂ ਨੂੰ ਲੱਗ ਸਕਦਾ ਹੈ ਕਿ ਬਸਵਾ ਰਾਜੂ ਦੇ ਮਾਰੇ ਜਾਣ ਨਾਲ 'ਹਿੰਸਕ' ਟਕਰਾਅ ਦਾ ਅੰਤ ਤੈਅ ਹੋ ਗਿਆ ਹੈ। ਉਹ ਇਸ ਹਕੀਕਤ ਨੂੰ ਦੇਖਣ-ਸਮਝਣ ਤੋਂ ਅਸਮਰੱਥ ਹਨ ਕਿ ਜੋ ਕੁਝ ਬਸਤਰ ਵਿਚ ਚੱਲ ਰਿਹਾ ਹੈ, ਉਹ ਮਹਿਜ਼ ਖੇਤਰੀ ਟਕਰਾਅ ਜਾਂ ਮਾਓਵਾਦੀ ਬਗ਼ਾਵਤ ਨਹੀਂ ਹੈ। ਉਹ ਦਰਅਸਲ, ਰਾਜਕੀ ਹਿੰਸਾ ਅਤੇ ਕਾਰਪੋਰੇਟ ਲਾਲਚ ਵਿਰੁੱਧ ਮੂਲਵਾਸੀ ਵਸੋਂ ਦੀ ਹੋਂਦ, ਮਾਣ-ਸਨਮਾਨ ਅਤੇ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਹੱਕਾਂ ਨੂੰ ਮਾਨਤਾ ਦਿਵਾਉਣ ਲਈ ਸੰਘਰਸ਼ ਹੈ ਜਿਸਦੇ ਬਰਕਰਾਰ ਰਹਿਣ ਜਾਂ ਕੁਚਲ ਦਿੱਤੇ ਜਾਣ ਦੇ ਬਹੁਤ ਹੀ ਗੰਭੀਰ ਅਸਰ ਮੁਲਕ ਦੇ ਭਵਿੱਖ ਉੱਪਰ ਪੈਣੇ ਹਨ। ਪਰ ਇਹ ਤੈਅ ਹੈ ਕਿ ਜਦੋਂ ਤੱਕ ਬੇਕਿਰਕ ਲੁੱਟ ਅਤੇ ਦਾਬੇ 'ਤੇ ਟਿਕਿਆ ਜਾਬਰ ਪ੍ਰਬੰਧ ਮੌਜੂਦ ਹੈ, ਆਮ ਲੋਕਾਂ ਦੀ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਸੰਘਰਸ਼ ਦੀ ਜ਼ਰੂਰਤ ਬਣੀ ਰਹੇਗੀ ਅਤੇ ਸੰਵੇਦਨਸ਼ੀਲ ਇਨਸਾਨ ਆਪਣਾ ਨਿੱਜ ਤਿਆਗਕੇ ਮਾਨਵਤਾ ਦੀ ਬੰਦ-ਖ਼ਲਾਸੀ ਲਈ ਇਨਕਲਾਬੀ ਬਣਦੇ ਰਹਿਣਗੇ।

ਭਾਰਤੀ ਰਾਜ ਫੌਜੀ ਹਮਲਿਆਂ ਰਾਹੀਂ ਕਮਿਊਨਿਸਟਾਂ ਨੂੰ ਨਸ਼ਟ ਕਰਨਾ, ਜਨਤਕ ਵਿਰੋਧ ਨੂੰ ਕੁਚਲਣਾ ਅਤੇ ਲੋਕਾਂ ਦੀ ਆਜ਼ਾਦੀ ਅਤੇ ਇਨਸਾਫ਼ ਦੀ ਰੀਝ ਨੂੰ ਪੂਰੀ ਤਰ੍ਹਾਂ ਕੁਚਲ ਦੇਣਾ ਚਾਹੁੰਦਾ ਹੈ। ਬਸਵਾ ਰਾਜੂ ਅਤੇ ਹੋਰ ਮਾਓਵਾਦੀ ਆਗੂ 1970ਵਿਆਂ ਦੇ ਸ਼ੁਰੂ 'ਚ ਨਕਸਲੀ ਲਹਿਰ ਦੇ ਮੋਢੀ ਆਗੂ ਚਾਰੂ ਮਜੂਮਦਾਰ ਅਤੇ ਹੋਰ ਹਜ਼ਾਰਾਂ ਨਕਸਲੀਆਂ ਦੇ 'ਪੁਲਿਸ ਮੁਕਾਬਲਿਆਂ' ਅਤੇ ਹਿਰਾਸਤ ਵਿਚ ਕਤਲਾਂ ਤੋਂ ਭਲੀਭਾਂਤ ਜਾਣੂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਕਮਿਊਨਿਸਟ ਇਨਕਲਾਬੀ ਲਹਿਰ ਵਿੱਚ ਸ਼ਾਮਲ ਹੋਣ ਦਾ ਮਤਲਬ ਹੈ ਆਪਣੀ ਪੂਰੀ ਜ਼ਿੰਦਗੀ ਇਸ ਮਿਸ਼ਨ ਦੇ ਲੇਖੇ ਲਾ ਦੇਣਾ। ਰਾਜ ਦੇ ਹੱਥੋਂ ਤਸ਼ੱਦਦ ਜਾਂ ਕਤਲ ਹੋਣ ਨੂੰ ਸੱਦਾ ਦੇਣਾ। ਇਸ ਖ਼ਤਰੇ ਤੋਂ ਬੇਪ੍ਰਵਾਹ ਹੋ ਕੇ ਉਹ ਆਖ਼ਰੀ ਸਾਹ ਤਕ ਨੰਗੇ ਅਨਿਆਂ ਅਤੇ ਨਬਰਾਬਰੀ 'ਤੇ ਟਿਕੇ ਲੋਟੂ ਪ੍ਰਬੰਧ ਨੂੰ ਖ਼ਤਮ ਕਰਕੇ ਸੱਚਾ ਲੋਕ-ਜਮਹੂਰੀ ਰਾਜ ਸਥਾਪਤ ਕਰਨ ਲਈ ਸੰਘਰਸ਼ਸ਼ੀਲ ਰਹੇ। ਉਨ੍ਹਾਂ ਦੀ ਜ਼ਿੰਦਗੀ ਦੱਬੇ-ਕੁਚਲੇ ਤੇ ਬੇਵੱਸ ਬਣਾ ਦਿੱਤੇ ਗਏ ਆਮ ਲੋਕਾਂ ਦੇ ਹਿਤਾਂ ਲਈ ਨਿਰਸਵਾਰਥ ਕੰਮ ਕਰਨ ਦੀ ਉਮਦਾ ਮਿਸਾਲ ਹੈ। ਇਸਦੇ ਮੁਕਾਬਲੇ ਭਾਰਤੀ ਹਾਕਮ ਜਮਾਤੀ

## ਬਸਵਾ ਰਾਜੂ ਦੇ ਜੀਵਨ ਦੀ ਝਲਕ

ਆਂਧਰਾ ਪ੍ਰਦੇਸ਼ ਦੇ ਸ੍ਰੀਕਾਕੁਲਮ ਜ਼ਿਲ੍ਹੇ ਦੇ ਪਿੰਡ ਜਿਆਨਾਪੇਟਾ ਦੇ ਆਮ ਪਰਿਵਾਰ ਦੇ ਜੰਮ-ਪਲ ਕਾਮਰੇਡ ਬਸਵਾ ਰਾਜੂ ਨੇ ਆਪਣੇ ਇਨਕਲਾਬੀ ਰਾਜਨੀਤਕ ਸਫ਼ਰ ਦਾ ਆਗਾਜ਼ 1973-74 ਵਿਚ ਵਾਰੰਗਲ ਦੇ ਰਿਜਨਲ ਇੰਜੀਨੀਅਰਿੰਗ ਕਾਲਜ (ਹੁਣ ਨੈਸ਼ਨਲ ਇੰਸਟੀਚਿਊਟਿ ਆਫ ਟੈਕਨਾਲੋਜੀ) ਤੋਂ ਸ਼ੁਰੂ ਕੀਤਾ ਜਿੱਥੇ ਉਹ ਬੀ.ਟੈੱਕ ਦੀ ਡਿਗਰੀ ਕਰਦਿਆਂ ਵਿਦਿਆਰਥੀ ਆਗੂ ਬਣੇ ਅਤੇ ਐੱਮ.ਟੈੱਕ ਦੀ ਪੜ੍ਹਾਈ ਛੱਡਕੇ ਕੁਲ-ਵਕਤੀ ਇਨਕਲਾਬੀ ਬਣ ਗਏ। ਉਹ ਰੈਡੀਕਲ ਸਟੂਡੈਂਟਸ ਯੂਨੀਅਨ (ਆਰਐੱਸਯੂ) ਦੇ ਬਾਨੀ ਮੈਂਬਰਾਂ ਵਿੱਚੋਂ ਇਕ ਸੀ। ਰਿਜਨਲ ਇੰਜੀਨੀਅਰਿੰਗ ਕਾਲਜ ਨੂੰ "ਰੈਡੀਕਲ ਇੰਜੀਨੀਅਰਿੰਗ ਕਾਲਜ" ਬਣਾਉਣ ਵਿੱਚ ਉਸ ਦੀ ਮਹੱਤਵਪੂਰਣ ਭੂਮਿਕਾ ਰਹੀ। ਇਹ ਉਹ ਦੌਰ ਸੀ ਜਦੋਂ ਪੂਰੇ ਆਂਧਰਾ ਪ੍ਰਦੇਸ਼ ਵਿਚ ਸਾਹਿਤ ਤੇ ਕਲਾ ਦੇ ਖੇਤਰ ਦੇ ਨਾਲ ਉੱਚ ਵਿਦਿਅਕ ਸੰਸਥਾਵਾਂ ਵਿਚ ਵੀ ਨਕਸਲੀ ਸਿਆਸਤ ਦਾ ਜ਼ੋਰ ਸੀ ਅਤੇ ਪਿਛਾਖੜੀ 'ਵਿਦਿਆਰਥੀ' ਗੁੱਟਾਂ ਦੇ ਹਿੰਸਕ ਹਮਲੇ ਵੀ ਇਨਕਲਾਬੀ ਉਭਾਰ ਨੂੰ ਰੋਕਣ ਤੋਂ ਬੇਵੱਸ ਸਨ। ਆਰ.ਐੱਸ.ਯੂ. ਵਿਦਿਆਰਥੀਆਂ ਨੂੰ ਨਿੱਜੀ ਭਵਿੱਖ ਤਿਆਗਕੇ ਸਮਾਜ ਵਿਚ ਇਨਕਲਾਬੀ ਤਬਦੀਲੀ ਲਿਆਉਣ ਲਈ ਪ੍ਰੇਰਤ ਕਰਨ ਵਿਚ ਇਸ ਕਦਰ ਕਾਮਯਾਬ ਹੋਈ ਕਿ ਹਜ਼ਾਰਾਂ ਵਿਦਿਆਰਥੀ ਇਨਕਲਾਬੀ ਲਹਿਰ ਵਿਚ ਕੁੱਦ ਪਏ। ਕਿਸ਼ਨ ਜੀ, ਬਸਵਾ ਰਾਜੂ, ਭੂਪਤੀ, ਚੇਰੂਕੁਰੀ ਰਾਜਕੁਮਾਰ ਉਰਫ਼ ਆਜ਼ਾਦ ਵਰਗੇ ਚੋਟੀ ਦੇ ਮਾਓਵਾਦੀ ਆਗੂ ਅਤੇ ਹੋਰ ਵੱਖ-ਵੱਖ ਪੱਧਰ ਦੇ ਸੈਂਕੜੇ ਆਗੂ ਇਸੇ ਦੌਰ ਦੀ ਪੈਦਾਵਾਰ ਸਨ।

ਐਮਰਜੈਂਸੀ ਦੌਰਾਨ ਜਦ ਇਨਕਲਾਬੀਆਂ ਉੱਪਰ ਜ਼ੁਲਮ ਵਧੇ ਤਾਂ ਬਸਵਾ ਰਾਜੂ ਰੂਪੋਸ਼ ਹੋ ਕੇ ਪੀਪਲਜ਼ ਵਾਰ ਗਰੁੱਪ ਵਿਚ ਸਰਗਰਮ ਹੋ ਗਏ। ਆਪਣੀ ਕਾਬਲੀਅਤ ਦੇ ਜ਼ੋਰ ਉਹ ਵੱਖ-ਵੱਖ ਪੱਧਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ 'ਦੰਡਕਾਰਣੀਆ ਸਪੈਸ਼ਲ ਜ਼ੋਨਲ ਕਮੇਟੀ' ਦੇ ਸਕੱਤਰ ਬਣੇ, ਜੋ ਕਿ ਬਸਤਰ ਅਤੇ ਇਸ ਦੇ ਆਲੇ-ਦੁਆਲੇ ਦੇ ਰਾਜਾਂ ਵਿਚ ਫੈਲੇ ਮਾਓਵਾਦੀ ਪ੍ਰਭਾਵ ਵਾਲੇ ਮੁੱਖ ਖੇਤਰ ਦੀ ਜਥੇਬੰਦੀ ਹੈ, ਅਤੇ ਪੀਪਲਜ਼ ਵਾਰ ਗਰੁੱਪ ਦੀ ਕੇਂਦਰੀ ਲੀਡਰਸ਼ਿੱਪ ਵਿਚ ਸ਼ੁਮਾਰ ਹੋ ਗਏ। ਆਪਣੇ ਇੰਜੀਨੀਅਰਿੰਗ ਦੇ ਗਿਆਨ ਦੀ ਵਰਤੋਂ ਉਸਨੇ ਗੁਰੀਲਾ ਯੁੱਧ ਲਈ ਮਾਓਵਾਦੀ ਜਥੇਬੰਦੀ ਦੇ ਮਿਲਟਰੀ ਪੱਖ ਨੂੰ ਮਜ਼ਬੂਤ ਬਣਾਉਣ ਲਈ ਕੀਤੀ ਅਤੇ ਮਾਓਵਾਦੀ ਛਾਪਾਮਾਰ ਟੁਕੜੀਆਂ ਨੂੰ ਸਿਖਲਾਈ ਦੇਣ ਵਿਚ ਉਸਦੀ ਵੱਡੀ ਭੂਮਿਕਾ ਮੰਨੀ ਜਾਂਦੀ ਹੈ। ਸੀਆਰਪੀਐੱਫ ਦੇ ਉੱਚ ਅਧਿਕਾਰੀਆਂ ਨੇ ਵੀ ਮੰਨਿਆ ਕਿ ਉਹ ਛਾਪਾਮਾਰ ਯੁੱਧ ਅਤੇ ਆਈਈਡੀ ਤਕਨੀਕ ਦਾ ਮਹਿਰ ਸੀ। ਉਸਨੇ ਨਕਸਲੀ ਗਰੁੱਪਾਂ ਦਾ ਰਲੇਵਾਂ ਕਰਕੇ 2004 ਵਿਚ ਸੀਪੀਆਈ (ਮਾਓਵਾਦੀ) ਨਾਂ ਦੀ ਇਕਜੁੱਟ ਪਾਰਟੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ 2018 ਵਿਚ ਪਹਿਲੇ ਜਨਰਲ ਸਕੱਤਰ ਗਣਪਤੀ ਵੱਲੋਂ ਸਵੈ-ਇੱਛਾ ਨਾਲ ਆਗੂ ਭੂਮਿਕਾ ਛੱਡਣ 'ਤੇ ਉਸ ਨੂੰ ਮਾਓਵਾਦੀ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ।

ਬਸਵਾ ਰਾਜੂ ਬੀ.ਟੈੱਕ ਕਰਕੇ ਆਰਾਮਦਾਇਕ ਜ਼ਿੰਦਗੀ ਗੁਜ਼ਾਰ ਸਕਦੇ ਸਨ - ਪਰ ਉਨ੍ਹਾਂ ਨੇ ਪੀੜਤ ਅਤੇ ਬੁਨਿਆਦੀ ਮਨੁੱਖੀ ਸਹੂਲਤਾਂ ਤੋਂ ਵਾਂਝੀ ਲੋਕਾਈ ਦੇ ਹਿਤਾਂ ਲਈ ਲੜਨ ਦਾ ਰਾਹ ਚੁਣਿਆ। ਮਾਓਵਾਦੀ ਇਨਕਲਾਬੀ ਸਧਾਰਨ ਲੋਕਾਂ ਵਰਗੀ ਜ਼ਿੰਦਗੀ ਜਿਉਂਦੇ ਹਨ। ਉਹ ਇਸਦੀ ਮਿਸਾਲ ਬਣੇ ਕਿ ਲੁੱਟਖਸੁੱਟ ਅਤੇ ਦਾਬੇ ਵਿਰੁੱਧ ਕਮਿਊਨਿਸਟ ਨਜ਼ਰੀਆ ਰੱਖਣ ਵਾਲਿਆਂ ਦੀ ਜ਼ਿੰਦਗੀ ਕਿਵੇਂ ਹੋਣੀ ਚਾਹੀਦੀ ਹੈ। ਬਸਵਾ ਰਾਜੂ ਨੇ ਸਖ਼ਤ ਛਾਪਾਮਾਰ ਅਨੁਸ਼ਾਸਨ ਵਾਲੀ ਜ਼ਿੰਦਗੀ ਜੀਵੀ ਅਤੇ ਹੋਰਾਂ ਲਈ ਮਿਸਾਲ ਬਣੇ। ਉਸ ਦੇ ਨਾਲ ਕੰਮ ਕਰ ਚੁੱਕੇ ਸਾਬਕਾ ਮਾਓਵਾਦੀ, ਜੋ ਆਤਮ-ਸਮਰਪਣ ਕਰਕੇ ਆਮ ਜ਼ਿੰਦਗੀ ਜੀਅ ਰਹੇ ਹਨ, ਦੱਸਦੇ ਹਨ ਕਿ ਬਸਵਾ ਰਾਜੂ ਅਤੇ ਗਣਪਤੀ ਵਰਗੇ ਪ੍ਰਮੁੱਖ ਆਗੂ ਵੀ ਆਪਣੇ ਭਾਂਡੇ ਆਪ ਧੋਂਦੇ ਹਨ ਅਤੇ ਬਾਕੀ ਛਾਪਾਮਾਰਾਂ ਦੀ ਤਰ੍ਹਾਂ ਆਪਣੇ ਹਿੱਸੇ ਆਉਂਦਾ ਮੁਸ਼ੱਕਤੀ ਕੰਮ ਖ਼ੁਦ ਕਰਦੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਦਾ ਹੀ ਪ੍ਰਭਾਵ ਹੈ ਕਿ ਉਸਦੀ ਲਾਸ਼ ਦੇਖਕੇ ਅਜਿਹੇ ਸਾਬਕਾ ਮਾਓਵਾਦੀ ਵੀ ਆਪਣੇ ਹੰਝੂ ਨਹੀਂ ਰੋਕ ਸਕੇ।

ਰਾਜਨੀਤਕ ਕੋੜਮੇ ਲਈ ਸੱਤਾ ਅਤੇ ਨਿੱਜੀ ਸਵਾਰਥ ਹੀ ਸਭ ਕੁਝ ਹੈ ਅਤੇ ਉਨ੍ਹਾਂ ਦੇ ਨਿਘਾਰ ਦੀ ਕੋਈ ਹੱਦ ਨਹੀਂ ਹੈ। ਤ੍ਰਾਸਦੀ ਇਹ ਹੈ ਕਿ ਹਕੂਮਤ ਕਰੂਰ ਜਬਰ ਅਤੇ ਇਕ ਹੱਦ ਤੱਕ ਲਾਲਚ ਦੇ ਜ਼ੋਰ ਆਦਿਵਾਸੀਆਂ ਦੇ ਇਕ ਹਿੱਸੇ ਨੂੰ ਕਤਲੇਆਮ ਦਾ ਸੰਦ ਬਣਾਕੇ ਵਰਤਣ 'ਚ ਕਾਮਯਾਬ ਹੋ ਗਈ ਹੈ।

ਕੀ ਆਪਣਾ ਸਭ ਕੁਝ ਵਾਰ ਕੇ ਸਮਾਜ ਨੂੰ ਬਿਹਤਰ ਬਣਾਉਣ ਦਾ ਸੁਪਨਾ ਲੈਣ ਵਾਲਿਆਂ ਨੂੰ ਸਿਰਫ਼ ਉਨ੍ਹਾਂ ਦੇ 'ਹਿੰਸਕ' ਤਰੀਕਿਆਂ ਕਾਰਨ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਕਹਿ ਕੇ ਰੱਦ ਕੀਤਾ ਜਾ ਸਕਦਾ ਹੈ ?ਹਰਗਿਜ਼ ਨਹੀਂ। ਉਹ ਮਜ਼ਲੂਮਾਂ ਅਤੇ ਹਾਸ਼ੀਏ 'ਤੇ ਧੱਕਕੇ ਬੇਆਵਾਜ਼ ਬਣਾ ਦਿੱਤੇ ਗਏ ਲੋਕਾਂ ਦੀ ਆਵਾਜ਼ ਹਨ। ਉਨ੍ਹਾਂ ਨੇ ਬਸਤਰ ਅਤੇ ਹੋਰ ਖੇਤਰਾਂ ਦੇ ਆਦਿਵਾਸੀਆਂ ਤੇ ਦਲਿਤਾਂ ਨੂੰ ਆਪਣੀ ਰਾਖੀ ਲਈ ਜੂਝਣ ਦੇ ਕਾਬਲ ਬਣਾਇਆ ਹੈ। ਮਾਓਵਾਦੀ ਲਹਿਰ ਨੇ ਇਨ੍ਹਾਂ ਇਲਾਕਿਆਂ ਵਿਚ ਬਹੁਤ ਸਿਰਜਣਾਤਮਕ ਕੰਮ ਕੀਤਾ ਹੈ। ਇਨਕਲਾਬੀ ਕਵੀ ਧੂਮਿਲ ਨੇ ਕਿਹਾ ਸੀ: 'ਇਕ ਹੀ ਸੰਵਿਧਾਨ ਥੱਲੇ ਭੁੱਖ ਨਾਲ ਵਿਲਕਦੀ ਫੈਲੀ ਹੋਈ ਹਥੇਲੀ ਦਾ ਨਾਂ 'ਦਇਆ' ਹੈ ਅਤੇ ਭੁੱਖ ਨਾਲ ਤਣੇ ਮੁੱਕੇ ਦਾ ਨਾਂ ਨਕਸਲਬਾੜੀ ਹੈ'। ਜਿਸ 'ਵਿਕਾਸ' ਦਾ ਢੰਡੋਰਾ ਭਗਵਾ ਹਕੂਮਤ ਪਿੱਟ ਰਹੀ ਹੈ ਇਹ ਵੀ ਇਨ੍ਹਾਂ ਇਲਾਕਿਆਂ ਵਿਚ ਮਾਓਵਾਦੀ ਲਹਿਰ ਦੀ ਮੌਜੂਦਗੀ ਕਾਰਨ ਹੀ ਪਹੁੰਚਿਆ ਹੈ।

ਇਹ ਸਚਾਈ ਆਮ ਲੋਕਾਂ ਤੱਕ ਪਹੁੰਚਣੀ ਚਾਹੀਦੀ ਹੈ ਕਿ ਆਪਣੇ ਹੀ ਲੋਕਾਂ ਵਿਰੁੱਧ ਭਾਰਤੀ ਰਾਜ ਇਹ ਘਿਣਾਉਣਾ ਯੁੱਧ ਕਿਉਂ ਲੜ ਰਿਹਾ ਹੈ। 'ਵਿਕਾਸ' ਸਿਰਫ਼ ਸੜਕਾਂ ਅਤੇ ਕੈਂਪਾਂ ਤੱਕ ਹੀ ਸੀਮਤ ਕਿਉਂ ਹੈ ? ਭਾਰਤੀ ਰਾਜ ਕੋਲ 16 ਸਾਲ ਤੋਂ ਆਦਿਵਾਸੀਆਂ ਨੂੰ ਕੁਚਲਣ ਲਈ ਲੱਖਾਂ ਨੀਮ-ਫ਼ੌਜੀ ਤਾਕਤਾਂ ਲਗਾਕੇ ਕਤਲੇਆਮ, ਉਜਾੜੇ ਅਤੇ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀ ਘਿਣਾਉਣਾ ਮੁਹਿੰਮ ਜਾਰੀ ਰੱਖਣ, ਬਸਤਰ ਵਿਚ ਪਹਿਲਿਆਂ ਤੋਂ ਇਲਾਵਾ ਸਾਢੇ ਤਿੰਨ ਸੌ ਨਵੇਂ ਨੀਮ-ਫ਼ੌਜੀ ਕੈਂਪ ਸਥਾਪਤ ਕਰਨ, 24000 ਸੁਰੱਖਿਆ ਦਸਤੇ, ਹੈਲੀਕਾਪਟਰ ਤੇ ਡਰੋਨ ਤਾਇਨਾਤ ਕਰਕੇ ਕਰੇਗੁੱਟਾ ਪਹਾੜੀਆਂ ਵਿਚ 21 ਦਿਨ ਓਪਰੇਸ਼ਨ ਚਲਾਉਣ ਅਤੇ ਆਪਣੇ ਹਿਤਾਂ ਤੇ ਹੱਕਾਂ ਲਈ ਜੂਝਦੇ ਲੋਕਾਂ ਨੂੰ ਫੜ-ਫੜ ਕੇ ਜੇਲ੍ਹਾਂ ਵਿਚ ਡੱਕਣ ਉੱਪਰ ਖ਼ਰਚਣ ਲਈ ਖੁੱਲ੍ਹਾ ਬਜਟ ਹੈ। ਪਰ ਲੋਕਾਈ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਅਤੇ ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ, ਇੱਥੋਂ ਤੱਕ ਕਿ ਮਨਰੇਗਾ ਵਰਗੇ ਸੀਮਤ ਜਹੇ ਪ੍ਰੋਜੈਕਟਾਂ ਲਈ ਬਜਟ ਨਹੀਂ ਹੈ।

ਸਵਾਲ ਤਾਂ ਇਹ ਵੀ ਹੈ ਕਿ ਮੋਦੀ ਸਰਕਾਰ ਪਾਕਿਸਤਾਨ ਨਾਲ ਯੁੱਧਬੰਦੀ ਅਤੇ ਗੱਲਬਾਤ ਕਰ ਸਕਦੀ ਹੈ ਤਾਂ ਮਾਓਵਾਦੀ ਪਾਰਟੀ ਨਾਲ ਗੱਲਬਾਤ ਕਿਉਂ ਨਹੀਂ ਕਰ ਰਹੀ ? ਸਪਸ਼ਟ ਹੈ ਕਿ ਇਸਦਾ ਮਾਓਵਾਦੀ ਲੀਡਰਸ਼ਿੱਪ ਦੀ ਗੱਲਬਾਤ ਦੀ ਪੇਸ਼ਕਸ਼ ਸਵੀਕਾਰ ਕਰਕੇ ਮਸਲੇ ਨੂੰ ਹੱਲ ਕਰਨ ਦਾ ਇਰਾਦਾ ਬਿਲਕੁਲ ਨਹੀਂ ਹੈ 'ਮੁਕਾਬਲਿਆਂ' 'ਚ ਤੇਜ਼ੀ ਤੋਂ ਸਪਸ਼ਟ ਹੈ ਕਿ ਭਗਵਾ ਹਕੂਮਤ ਦਾ ਇੱਕੋਇਕ ਉਦੇਸ਼ ਵੱਧ ਤੋਂ ਵੱਧ ਮਾਓਵਾਦੀਆਂ ਨੂੰ ਖ਼ਤਮ ਕਰਨਾ ਹੈ ਨਾ ਕਿ ਗ੍ਰਿਫ਼ਤਾਰ ਕਰਨਾ ਜਾਂ ਆਤਮ-ਸਮਰਪਣ ਕਰਾਉਣਾ। ਇਸ ਦਾ ਉਦੇਸ਼ ਬੁਨਿਆਦੀ ਤਬਦੀਲੀ ਦੀ ਪ੍ਰਤੀਕ ਕਿਸੇ ਵੀ ਤਾਕਤ ਨੂੰ ਖ਼ਤਮ ਕਰਨਾ ਹੈ।

ਲੋਕਾਂ ਨੂੰ ਸਮਝਣਾ ਪਵੇਗਾ ਕਿ ਭਾਰਤ ਦੀ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਨਕਸਲੀ ਲਹਿਰ ਨਹੀਂ ਸਗੋਂ ਭਾਰਤੀ ਹਾਕਮ ਜਮਾਤ ਹੈ ਜਿਸ ਦੀਆਂ ਸਾਮਰਾਜਵਾਦ ਅਤੇ ਕਾਰਪੋਰੇਟ ਸਰਮਾਏ ਪੱਖੀ ਨੀਤੀਆਂ ਲੋਕਾਈ ਨੂੰ ਲਗਾਤਾਰ ਲਤਾੜ, ਉਜਾੜ ਅਤੇ ਤਬਾਹ ਕਰ ਰਹੀਆਂ ਹਨ। ਜਿਸ ਕਥਿਤ ਵਿਕਾਸ ਦੇ ਨਾਂ ਹੇਠ ਇਹ ਕਤਲੇਆਮ ਅਤੇ ਤਬਾਹੀ ਕੀਤੀ ਜਾ ਰਹੀ ਹੈ, ਉਹ ਭਾਰਤ ਦੇ ਲੋਕਾਂ, ਕੁਦਰਤੀ ਵਸੀਲਿਆਂ, ਵਾਤਾਵਰਣ ਅਤੇ ਪੌਣਪਾਣੀ ਦੇ ਵਿਆਪਕ ਵਿਨਾਸ਼ ਦਾ ਮਾਡਲ ਹੈ। ਇਸ ਵਿਨਾਸ਼ਕਾਰੀ ਮਾਡਲ ਦੇ ਖ਼ੂਨੀ ਰਥ ਨੂੰ ਰੋਕਣ ਲਈ ਭਾਰਤ ਦੇ ਲੋਕਾਂ ਨੂੰ ਭਾਰਤੀ ਰਾਜ ਵਿਰੁੱਧ ਵੱਡੀ ਲੜਾਈ ਲੜਨੀ ਪੈਣੀ ਹੈ।

# ਜਦੋਂ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੇ ਬੁਰਾਰਡ ਇਨਲੇਟ ਵਿੱਚ ਪਹੁੰਚਿਆ

**ਕੁਲਤਰਨ ਸਿੰਘ ਪਧਿਆਣਾ**



ਅੱਜ ਕੈਨੇਡਾ ਵਿੱਚ ਪ੍ਰਵਾਸੀ ਭਾਈਚਾਰਾ ਬਰਾਬਰ ਦੇ ਹੱਕ ਮਾਣ ਰਿਹਾ ਹੈ, ਵੋਟ ਪਾਉਣ ਵਿਧਾਇਕ, ਸਾਂਸਦ ਅਤੇ ਮੰਤਰੀ ਬਣਨ ਦੇ ਸਭ ਹੱਕ ਹਨ ਪਰ ਇਹੋ ਜਿਹਾ ਹਮੇਸ਼ਾ ਨਹੀਂ ਰਿਹਾ ਹੈ। ਜੇਕਰ ਇਸਨੂੰ ਬੇਹਤਰ ਤਰੀਕੇ ਨਾਲ ਸਮਝਣਾ ਹੋਵੇ ਤਾਂ ਕਾਮਾਗਾਟਾ ਮਾਰੂ ਜਹਾਜ਼ ਦੇ ਯਾਤਰੀਆਂ ਨਾਲ ਜੋ ਕੁੱਝ ਹੋਇਆ ਉਸਤੋਂ ਸਮਝਿਆ ਜਾ ਸਕਦਾ ਹੈ। ਕਾਮਾਗਾਟਾ ਮਾਰੂ ਦੀ ਘਟਨਾ (1914) ਦਾ ਇਤਿਹਾਸ ਪੰਜਾਬੀ ਸਮਾਜ ਅਤੇ ਸਿੱਖ ਇਤਿਹਾਸ ਵਿੱਚ ਇੱਕ ਦੁਖਦਾਈ ਪੰਨਾ ਹੈ। ਇਹ ਘਟਨਾ ਕੈਨੇਡਾ ਦੀ ਰੰਗਭੇਦੀ ਨੀਤੀਆਂ ਅਤੇ ਪ੍ਰਵਾਸੀਆਂ ਦੇ ਕੈਨੇਡਾ ਵਿੱਚ ਸੰਘਰਸ਼ ਨੂੰ ਦਰਸਾਉਂਦੀ ਹੋਈ ਘਟਨਾ ਹੈ। 1914 ਵਿੱਚ, ਜਦੋਂ ਕਾਮਾਗਾਟਾ ਮਾਰੂ ਘਟਨਾ ਵਾਪਰੀ, ਕੈਨੇਡਾ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਰੌਬਰਟ ਬੋਰਡਨ (Robert Borden) ਸਨ, ਜਿਨ੍ਹਾਂ ਦੀ ਸਰਕਾਰ ਨੇ 1911 ਤੋਂ 1920 ਤੱਕ ਸੱਤਾ ਸੰਭਾਲੀ ਸੀ । ਇਸ ਸਮੇਂ ਕੈਨੇਡਾ ਦੀਆਂ ਸਖਤ ਪ੍ਰਵਾਸ ਨੀਤੀਆਂ, ਜਿਵੇਂ ਕਿ 'ਕੰਟੀਨੀਅਸ ਜਰਨੀ ਰੈਗੂਲੇਸ਼ਨ', ਕੰਜ਼ਰਵੇਟਿਵ ਸਰਕਾਰ ਦੇ ਅਧੀਨ ਲਾਗੂ ਸਨ, ਜਿਨ੍ਹਾਂ ਨੇ ਕਾਮਾਗਾਟਾ ਮਾਰੂ ਦੇ ਯਾਤਰੀਆਂ ਨੂੰ ਵੈਨਕੂਵਰ ਵਿੱਚ ਉਤਰਨ ਤੋਂ ਰੋਕਿਆ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਦੁਖਦਾਈ ਵਰਤਾਰੇ ਦੀ ਮਾਫ਼ੀ ਵੀ ਮੰਗੀ ਸੀ।

1914 ਵਿੱਚ, ਬਹੁਤ ਸਾਰੇ ਪੰਜਾਬੀ, ਖਾਸ ਕਰਕੇ ਸਿੱਖ, ਬਿਹਤਰ ਜੀਵਨ ਦੀ ਭਾਲ ਵਿੱਚ ਵਿਦੇਸ਼ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਕੈਨੇਡਾ ਵਿੱਚ ਉਸ ਸਮੇਂ ਪ੍ਰਵਾਸੀਆਂ, ਖਾਸ ਕਰਕੇ ਭਾਰਤੀਆਂ, ਲਈ ਬੇਹੱਦ ਸਖਤ ਨਿਯਮ ਸਨ। ਕੈਨੇਡੀਅਨ ਸਰਕਾਰ ਨੇ 'ਕੰਟੀਨੀਅਸ ਜਰਨੀ ਰੈਗੂਲੇਸ਼ਨ' ਨਾਮਕ ਕਾਨੂੰਨ ਲਾਗੂ ਕੀਤਾ ਸੀ, ਜਿਸ ਅਨੁਸਾਰ ਪ੍ਰਵਾਸੀਆਂ ਨੂੰ ਸਿੱਧੇ ਆਪਣੇ ਦੇਸ਼ ਤੋਂ ਕੈਨੇਡਾ ਪਹੁੰਚਣਾ ਜ਼ਰੂਰੀ ਸੀ, ਜੋ ਭਾਰਤੀਆਂ ਲਈ ਅਸੰਭਵ ਸੀ।

ਕਾਮਾਗਾਟਾ ਮਾਰੂ ਇੱਕ ਜਪਾਨੀ ਜਹਾਜ਼ ਸੀ, ਜਿਸ ਨੂੰ ਸਰਦਾਰ ਗੁਰਦਿੱਤ ਸਿੰਘ ਸਰਹਾਲੀ ਨਾਮਕ ਸਿੱਖ ਵਪਾਰੀ ਨੇ ਭਾਰਤੀ ਪ੍ਰਵਾਸੀਆਂ ਨੂੰ ਕੈਨੇਡਾ ਲਿਜਾਣ ਲਈ ਚਾਰਟਰ ਕਰ ਲਿਆ। 4 ਅਪ੍ਰੈਲ, 1914 ਨੂੰ ਇਹ ਜਹਾਜ਼ ਹਾਂਗਕਾਂਗ ਤੋਂ 376 ਯਾਤਰੀਆਂ ਨਾਲ ਰਵਾਨਾ ਹੋਇਆ, ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਸਿੱਖ ਸਨ, ਕੁਝ ਮੁਸਲਮਾਨ ਅਤੇ ਹਿੰਦੂ ਵੀ ਸਨ। ਯਾਤਰੀਆਂ ਦਾ ਮਕਸਦ ਕੈਨੇਡਾ ਵਿੱਚ ਨਵੀਂ ਜ਼ਿੰਦਗੀ ਸ਼ੁਰੂ ਕਰਨਾ ਸੀ, ਪਰ ਉਨ੍ਹਾਂ ਨੂੰ ਕੈਨੇਡੀਅਨ ਸਰਕਾਰ ਦੀਆਂ ਸਖਤ ਪ੍ਰਵਾਸ ਨੀਤੀਆਂ ਦਾ ਸਾਹਮਣਾ ਕਰਨਾ ਪਿਆ। 23 ਮਈ, 1914 ਨੂੰ, ਜਹਾਜ਼ ਵੈਨਕੂਵਰ ਦੇ ਬੁਰਾਰਡ ਇਨਲੇਟ ਵਿੱਚ ਪਹੁੰਚਿਆ। ਕੈਨੇਡੀਅਨ ਅਧਿਕਾਰੀਆਂ ਨੇ ਜਹਾਜ਼ ਨੂੰ ਬੰਦਰਗਾਹ 'ਤੇ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ, ਕਿਉਂਕਿ ਯਾਤਰੀਆਂ ਨੇ 'ਕੰਟੀਨੀਅਸ ਜਰਨੀ' ਨਿਯਮ ਦੀ ਪਾਲਣਾ ਨਹੀਂ ਕੀਤੀ ਸੀ ਕਿਉਂਕਿ ਜਹਾਜ਼ ਹਾਂਗਕਾਂਗ ਤੋਂ ਤੁਰਿਆ ਸੀ। ਯਾਤਰੀਆਂ ਨੂੰ ਜਹਾਜ਼ 'ਤੇ ਹੀ ਰਹਿਣ ਲਈ ਮਜਬੂਰ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਭੋਜਨ ਅਤੇ ਪਾਣੀ ਦੀ ਕਮੀ ਦਾ ਸਾਹਮਣਾ ਕਰਨਾ ਪਿਆ। ਸਥਾਨਕ ਸਿੱਖ ਭਾਈਚਾਰੇ ਨੇ ਯਾਤਰੀਆਂ ਦੀ ਮਦਦ ਲਈ ਸਮਰਥਨ ਜੁਟਾਇਆ ਅਤੇ ਕਾਨੂੰਨੀ ਲੜਾਈ ਵੀ ਲੜੀ, ਪਰ ਸਰਕਾਰ ਨੇ ਕੋਈ ਰਾਹਤ ਨਹੀਂ ਦਿੱਤੀ। ਦੋ ਮਹੀਨਿਆਂ ਦੀ ਲੰਬੀ ਉਡੀਕ ਤੋਂ ਬਾਅਦ, 23 ਜੁਲਾਈ, 1914 ਨੂੰ, ਕੈਨੇਡੀਅਨ ਸਰਕਾਰ ਨੇ ਜਹਾਜ਼ ਨੂੰ ਵਾਪਸ ਭਾਰਤ ਭੇਜਣ ਦਾ ਹੁਕਮ ਦਿੱਤਾ।ਜਹਾਜ਼ ਕੋਲਕਾਤਾ ਦੇ ਨੇੜੇ ਬਜਬਜ ਵਿਖੇ ਪਹੁੰਚਿਆ, ਜਿੱਥੇ ਬ੍ਰਿਟਿਸ਼ ਅਧਿਕਾਰੀਆਂ ਨੇ ਯਾਤਰੀਆਂ ਨੂੰ ਸ਼ੱਕੀ ਸਮਝ ਕੇ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ, ਕਿਉਂਕਿ ਉਨ੍ਹਾਂ ਨੂੰ ਗਦਰ ਲਹਿਰ ਨਾਲ ਜੋੜਿਆ ਜਾ ਰਿਹਾ ਸੀ। 29 ਸਤੰਬਰ, 1914 ਨੂੰ, ਬਜਬਜ ਵਿਖੇ ਯਾਤਰੀਆਂ ਅਤੇ ਪੁਲਿਸ ਵਿਚਕਾਰ ਝੜਪ ਵੀ ਹੋਈ, ਜਿਸ ਵਿੱਚ 19 ਯਾਤਰੀ ਮਾਰੇ ਗਏ ਅਤੇ ਕਈ ਜ਼ਖਮੀ ਹੋਏ। ਬਹੁਤ ਸਾਰੇ ਯਾਤਰੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਡੱਕ ਦਿੱਤਾ ਗਿਆ।

ਕਾਮਾਗਾਟਾ ਮਾਰੂ ਘਟਨਾ ਨੇ ਬ੍ਰਿਟਿਸ਼ ਸਾਮਰਾਜ ਅਤੇ ਕੈਨੇਡੀਅਨ ਸਰਕਾਰ ਦੀਆਂ ਰੰਗਭੇਦੀ ਨੀਤੀਆਂ ਨੂੰ ਦੁਨੀਆਂ ਸਾਹਮਣੇ ਉਜਾਗਰ ਕੀਤਾ ਸੀ। ਇਸ ਨੇ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਖ਼ਿਲਾਫ਼ ਗਦਰ ਲਹਿਰ ਨੂੰ ਹੋਰ ਹੱਲਾਸ਼ੇਰੀ ਦਿੱਤੀ, ਜਿਸ ਨੇ ਭਾਰਤ ਵਿੱਚ ਆਜ਼ਾਦੀ ਲਈ ਸੰਘਰਸ਼ ਨੂੰ ਤੇਜ਼ ਕੀਤਾ। ਇਹ ਘਟਨਾ ਪੰਜਾਬੀ ਅਤੇ ਭਾਰਤੀ ਪ੍ਰਵਾਸੀਆਂ ਦੀਆਂ ਮੁਸ਼ਕਲਾਂ ਅਤੇ ਸਮਾਜਕ ਅਨਿਆਂ ਦੇ ਵਿਰੁੱਧ ਉਨ੍ਹਾਂ ਦੇ ਸੰਘਰਸ਼ ਦੀ ਨਿਸ਼ਾਨੀ ਬਣ ਗਈ ਜਿਸਨੂੰ ਅੱਜ ਵੀ ਯਾਦ ਕੀਤਾ ਜਾ ਰਿਹਾ ਹੈ । 2016 ਵਿੱਚ, ਕੈਨੇਡੀਅਨ ਲਿਬਰਲ ਸਰਕਾਰ ਨੇ ਜਸਟਿਸ ਟਰੂਡੋ ਦੀ ਅਗਵਾਈ ਹੇਠ ਇਸ ਘਟਨਾ ਲਈ ਅਧਿਕਾਰਤ ਤੌਰ 'ਤੇ ਮੁਆਫੀ ਮੰਗੀ ਸੀ। ਕਾਮਾਗਾਟਾ ਮਾਰੂ ਘਟਨਾ ਸਿੱਖ ਇਤਿਹਾਸ ਅਤੇ ਪ੍ਰਵਾਸੀ ਸੰਘਰਸ਼ ਦਾ ਅਹਿਮ ਹਿੱਸਾ ਹੈ ਜਿਸਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਦੱਸਣ ਦੀ ਲੋੜ ਹੈ।

# ਬੇਗਮਪੁਰਾ ਦੀ ਉਸਾਰੀ ਲਈ ਸੰਘਰਸ਼ਸ਼ੀਲ ਦਲਿਤਾਂ ਉੱਪਰ ਭਗਵੰਤ ਮਾਨ ਸਰਕਾਰ ਦਾ ਜਾਬਰ ਹਮਲਾ



ਜ਼ਮੀਨ ਦੇ ਹੱਕ ਲਈ ਪੰਜਾਬ ਦੇ ਦਲਿਤਾਂ ਉੱਪਰ 'ਆਮ ਆਦਮੀ ਪਾਰਟੀ' ਦੀ ਸਰਕਾਰ ਨੇ ਵੀ ਉਸੇ ਤਰ੍ਹਾਂ ਜਬਰ ਢਾਹਿਆ ਹੈ ਜਿਵੇਂ ਅਕਾਲੀ ਅਤੇ ਕਾਂਗਰਸੀ ਸਰਕਾਰਾਂ ਢਾਹੁੰਦੀਆਂ ਸਨ। 20 ਮਈ ਨੂੰ ਸੰਗਰੂਰ ਸ਼ਹਿਰ ਨੇੜੇ ਬੇਚਿਰਾਗ਼ ਪਿੰਡ ਦੀ ਜ਼ਮੀਨ ਉੱਪਰ 'ਬੇਗਮਪੁਰਾ' ਵਸਾਉਣ ਦੇ ਐਕਸ਼ਨ ਨੂੰ ਅਸਫ਼ਲ ਬਣਾਉਣ ਲਈ ਭਗਵੰਤ ਮਾਨ ਵਜ਼ਾਰਤ ਦੇ ਇਸ਼ਾਰੇ 'ਤੇ ਪੁਲਿਸ ਅਧਿਕਾਰੀਆਂ ਨੇ ਵੱਡੇ ਪੱਧਰ 'ਤੇ ਛਾਪੇਮਾਰੀਆਂ ਅਤੇ ਗ੍ਰਿਫ਼ਤਾਰੀਆਂ ਕੀਤੀਆਂ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਲਿਤਾਂ ਨੂੰ ਜ਼ਮੀਨ ਦਾ ਹੱਕ ਦਿਵਾਉਣ ਲਈ ਸੰਘਰਸ਼ਸ਼ੀਲ ਜਥੇਬੰਦੀ ਹੈ। ਸੰਵਿਧਾਨ ਅਨੁਸਾਰ ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਦਿਵਾਉਣ ਲਈ ਲਗਾਤਾਰ ਸੰਘਰਸ਼ ਦੇ ਨਾਲ ਕਮੇਟੀ ਨੇ ਹੁਣ ਬੇਚਿਰਾਗ਼ ਪਿੰਡਾਂ ਦੀ ਜ਼ਮੀਨ ਦਲਿਤਾਂ ਅਤੇ ਬੇਜ਼ਮੀਨੇ ਕਿਸਾਨਾਂ ਵਿੱਚ ਵੰਡਾਉਣ ਅਤੇ ਜਾਤ-ਪਾਤ ਦੇ ਖਾਤਮੇ, ਜ਼ਮੀਨ ਦੀ ਬਰਾਬਰ ਵੰਡ ਅਤੇ ਸਾਂਝੇ ਪ੍ਰਬੰਧ ਦੀ ਉਸਾਰੀ ਲਈ ਇਸ ਜ਼ਮੀਨ ਵਿੱਚ ਬੇਗਮਪੁਰਾ ਉਸਾਰਨ ਦਾ ਸਵਾਲ ਹੱਥ ਲਿਆ। ਇਸ ਫੈਸਲੇ ਮੁਤਾਬਿਕ ਵੱਖ-ਵੱਖ ਜ਼ਿਲ੍ਹਿਆਂ ਦੇ ਹਜ਼ਾਰਾਂ ਲੋਕਾਂ ਵੱਲੋਂ 20 ਮਈ ਨੂੰ ਉਪਰੋਕਤ ਜ਼ਮੀਨ ਵੱਲ ਕੂਚ ਕੀਤਾ ਗਿਆ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਭਰਾਤਰੀ ਜਥੇਬੰਦੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂਆਂ ਦੇ ਘਰਾਂ ਵਿਚ ਛਾਪੇ ਮਾਰਕੇ ਬਹੁਤ ਸਾਰੇ ਆਗੂ ਗ੍ਰਿਫ਼ਤਾਰ ਕਰ ਲਏ ਗਏ। ਫਿਰ ਬੇਚਿਰਾਗ਼ ਪਿੰਡ ਵੱਲ ਵਧਣ ਦੀ ਕੋਸ਼ਿਸ਼ ਕਰ ਰਹੇ ਸਾਢੇ ਅੱਠ ਸੌ ਲੋਕ ਗ੍ਰਿਫ਼ਤਾਰ ਕਰਕੇ ਬਠਿੰਡਾ, ਸੰਗਰੂਰ, ਨਾਭਾ, ਮਲੇਕੋਟਲਾ, ਬਰਨਾਲਾ ਦੀਆ ਜੇਲਾਂ 'ਚ ਡੱਕ ਦਿੱਤੇ ਗਏ । ਇਨ੍ਹਾਂ 'ਚ ਅੱਧੀ ਗਿਣਤੀ ਔਰਤਾਂ ਦੀ ਸੀ। ਕਈ ਥਾਵਾਂ 'ਤੇ ਲਾਠੀਚਾਰਜ ਅਤੇ ਔਰਤਾਂ ਦੀ ਖਿੱਚ-ਧੂਹ ਵੀ ਕੀਤੀ ਗਈ। ਇਹ ਦਲਿਤਾਂ ਅਤੇ ਬੇਜ਼ਮੀਨੇ ਲੋਕਾਂ ਦੀ ਜ਼ਮੀਨ ਦੇ ਹਿੱਸੇ ਲਈ ਹੱਕ-ਜਤਾਈ ਨੂੰ ਦਬਾਉਣ ਲਈ ਹਮਲਾ ਹੈ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਜ਼ਮੀਨ ਹੱਦਬੰਦੀ ਕਾਨੂੰਨ 1972 ਮੁਤਾਬਿਕ ਜੀਂਦ ਰਿਆਸਤ ਦੇ ਰਾਜੇ ਦੀ 927 ਏਕੜ ਜ਼ਮੀਨ ਲਾਵਾਰਿਸ ਹੈ। ਸੰਗਰੂਰ ਦੇ ਇਕ ਪ੍ਰਸ਼ਾਸਨਿਕ ਅਧਿਕਾਰੀ ਅਨੁਸਾਰ ਪੰਜਾਬ ਵਿਚ 353 ਪਿੰਡ ਬੇਚਿਰਾਗ਼ ਹਨ । ਯਾਨੀ ਕਿ ਉਹ ਪਿੰਡ ਜਿਨ੍ਹਾਂ ਦੇ ਮਾਲਕ ਭਾਰਤ-ਪਾਕਿ ਵੰਡ ਕਾਰਨ ਇੱਥੋਂ ਚਲੇ ਗਏ ਜਾਂ ਉਹ ਪਿੰਡ, ਜਿਨ੍ਹਾਂ ਦੇ ਮਾਲਕ ਰਾਜੇ-ਰਜਵਾੜੇ ਸਨ ਪਰ ਉਨ੍ਹਾਂ ਦਾ ਕੋਈ ਵਾਰਿਸ ਨਹੀ ਸੀ ਅਤੇ ਕਈ ਪਿੰਡ ਉਹ ਹਨ ਜਿਹੜੇ ਲੈਂਡ ਸੀਲਿੰਗ ਐਕਟ ਤੋਂ ਆਪਣੀਆਂ ਜ਼ਮੀਨਾਂ ਬਚਾਉਣ ਲਈ ਜਗੀਰੂ ਜ਼ਮੀਨ ਮਾਲਕਾਂ ਨੇ ਸਿਰਫ਼ ਕਾਗਜ਼ਾਂ 'ਚ ਦਿਖਾਏ। ਸੰਗਰੂਰ ਦੇ ਇਸ ਬੇਚਿਰਾਗ਼ ਪਿੰਡ ਦਾ ਮਾਲਕ ਸੰਗਰੂਰ ਦਾ ਆਖਰੀ ਰਾਜਾ ਸਤਿਵੀਰ ਸਿੰਘ ਸੀ ਜਿਸ ਦਾ ਕੋਈ ਅਸਲੀ ਵਾਰਿਸ ਨਹੀਂ। ਇਸ ਪਿੰਡ ਦੀ 1127 ਏਕੜ ਜ਼ਮੀਨ ਬਿਲਕੁਲ ਸ਼ਹਿਰ ਦੇ ਨਾਲ ਲੱਗਦੀ ਹੈ। ਉਸ ਵਿੱਚੋ 200 ਏਕੜ ਜ਼ਮੀਨ ਬਹੁਤ ਸਾਲ ਪਹਿਲਾਂ ਇੰਡੀਅਨ ਆਇਲ ਨੂੰ ਦੇ ਦਿੱਤੀ ਗਈ ਅਤੇ ਬਾਕੀ 927 ਏਕੜ ਵਿੱਚੋ 627 ਏਕੜ ਜ਼ਮੀਨ ਸਰਕਾਰ ਨੇ ਵਣ ਵਿਭਾਗ ਨੂੰ ਬੀੜ ਲਈ ਦੇ ਦਿੱਤੀ। ਬਾਕੀ ਬਚਦੀ ਤਿੰਨ ਸੌ ਏਕੜ ਜ਼ਮੀਨ ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ 'ਚ ਰਹਿੰਦੇ ਲੋਕਾਂ ਨੇ ਦੱਬੀ ਹੋਈ ਹੈ। ਜ਼ਮੀਨ ਦੱਬਣ ਵਾਲੀ ਧਿਰ ਵਿਚ ਸੰਦੀਪ ਕੁਮਾਰ ਵਰਗੇ ਸ਼ਖ਼ਸ ਹਨ ਜਿਨ੍ਹਾਂ ਦੇ ਪੁਰਖੇ ਰਾਜੇ ਦੇ ਨੌਕਰ ਸਨ। ਨਵੰਬਰ 2023 'ਚ ਪੰਜਾਬ ਸਰਕਾਰ ਨੇ ਜ਼ਮੀਨ ਹੜੱਪਣ ਲਈ ਤੀਜੀ ਧਿਰ ਬਣ ਕੇ ਇਸ ਜ਼ਮੀਨ ਦਾ ਇੰਤਕਾਲ ਆਪਣੇ ਨਾਂ ਕਰਾ ਲਿਆ । ਇਸ ਤਬਾਦਲੇ ਦੀ ਕੋਈ ਵਾਜਬੀਅਤ ਨਹੀਂ ਹੈ ਅਤੇ ਇਸ ਜ਼ਮੀਨ ਦੇ ਸਹੀ ਹੱਕਦਾਰ ਦਲਿਤ ਅਤੇ ਬੇਜ਼ਮੀਨੇ ਲੋਕ ਹਨ। ਇਸ ਹਮਲੇ ਦੀ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੇ ਜ਼ੋਰਦਾਰ ਨਿਖੇਧੀ ਕੀਤੀ ਹੈ। ਪੰਜਾਬ ਦੀਆਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਜੇਲ੍ਹਾਂ ਵਿਚ ਡੱਕੇ ਅੰਦੋਲਨਕਾਰੀਆਂ ਦੀ ਰਿਹਾਈ ਲਈ 2 ਜੂਨ ਨੂੰ ਸਾਂਝਾ ਐਕਸ਼ਨ ਐਲਾਨ ਕੀਤਾ ਹੈ। ਬਹੁਤ ਸਾਰੇ ਕਾਰਕੁਨ ਜਨਤਕ ਦਬਾਅ ਹੇਠ ਰਿਹਾ ਕਰ ਦਿੱਤੇ ਗਏ ਹਨ ਪਰ ਬਹੁਤ ਸਾਰੇ ਅਜੇ ਵੀ ਜੇਲ੍ਹਾਂ ਵਿਚ ਬੰਦ ਹਨ। ਹਕੂਮਤੀ ਜਬਰ ਦਲਿਤਾਂ ਅਤੇ ਬੇਜ਼ਮੀਨਿਆਂ ਦੀ ਲਾਮਬੰਦੀ ਨੂੰ ਵਕਤੀ ਤੌਰ 'ਤੇ ਤਾਂ ਖਿੰਡਾ ਸਕਦਾ ਹੈ ਪਰ ਹੱਕ-ਜਤਾਈ ਨੂੰ ਕੁਚਲ ਨਹੀਂ ਸਕਦਾ। ਦੱਬੇਕੁਚਲੇ ਲੋਕਾਂ ਦਾ ਰੋਹ ਇਸ ਜਬਰ ਨਾਲ ਹੋਰ ਵੀ ਪ੍ਰਚੰਡ ਹੋਵੇਗਾ ਅਤੇ ਆਉਣ ਵਾਲੇ ਸਮੇਂ ਵਿਚ ਇਹ ਸੰਘਰਸ਼ ਹੋਰ ਵੀ ਤਿੱਖਾ ਅਤੇ ਤੇਜ਼ ਹੋਵੇਗਾ ਕਿਉਂਕਿ ਇਹ ਸੰਘਰਸ਼ ਸਦੀਵੀ ਸਮਾਜਿਕ ਬੇਇਨਸਾਫ਼ੀ ਨੂੰ ਖ਼ਤਮ ਕਰਕੇ ਸਮਾਜਿਕ ਇਨਸਾਫ਼ ਲੈਣ ਲਈ ਹੈ।

-ਬੂਟਾ ਸਿੰਘ ਮਹਿਮੂਦਪੁਰ

# ਹੋਅ ਚੀ ਮਿੰਨ : ਇਕ ਕੌਮੀ ਯੋਧਾ



ਮਨਦੀਪ
+54-9381-338-9246
mandeepsaddowal@gmail.com

ਵੀਹਵੀਂ ਸਦੀ ਵੱਡੀਆਂ ਸੰਸਾਰ ਇਤਿਹਾਸਕ ਉਥਲਾਂ-ਪੁਥਲਾਂ ਦੀ ਸਦੀ ਰਹੀ ਹੈ। ਵੀਹਵੀਂ ਸਦੀ ਦੇ ਆਰੰਭ 'ਚ ਸਾਮਰਾਜੀ ਲੁਟੇਰਿਆਂ ਨੇ ਆਪਣੀਆਂ ਨਵਬਸਤੀਵਾਦੀ ਪਸਾਰਵਾਦੀ ਨੀਤੀਆਂ ਤਹਿਤ ਅਨੇਕਾਂ ਅਣਮਨੁੱਖੀ ਜੰਗਾਂ ਨੂੰ ਜਨਮ ਦਿੱਤਾ। ਦੂਸਰੇ ਪਾਸੇ ਇਨਾਂ ਸਾਮਰਾਜੀ ਜੰਗਾਂ ਖਿਲਾਫ ਕੌਮੀ ਮੁਕਤੀ ਲਹਿਰਾਂ ਵੀ ਵੱਡੀ ਪੱਧਰ ਤੇ ਉੱਠਣੀਆਂ ਸ਼ੁਰੂ ਹੋਈਆਂ। ਸਾਮਰਾਜੀਆਂ ਖਿਲਾਫ ਉੱਠੀਆਂ ਕੌਮੀ ਮੁਕਤੀ ਬਗਾਵਤਾਂ ਵਿਚੋਂ ਇੱਕ ਹੈ ਵੀਅਤਨਾਮੀ ਲੋਕਾਂ ਦੁਆਰਾ ਆਪਣੇ ਮਹਿਬੂਬ ਕੌਮੀ ਯੋਧੇ ਹੋਅ ਦੀ ਅਗਵਾਈ ਹੇਠ ਲੜਿਆ ਜਾਣ ਵਾਲਾ ਕੌਮੀ ਮੁਕਤੀ ਸੰਗਰਾਮ। ਇਸ ਕੌਮੀ ਬਗਾਵਤ ਨੇ ਲੱਗਭੱਗ ਅੱਧੀ ਸਦੀ ਤੱਕ ਫਰਾਂਸ, ਜਪਾਨ ਤੇ ਅਮਰੀਕੀ ਸਾਮਰਾਜ ਨੂੰ ਵਖਤ ਪਾਈ ਰੱਖਿਆ। ਵੀਅਤਨਾਮ ਸਥਾਨਕ ਜਗੀਰੂ ਭੋਂ-ਮਾਲਕਾਂ, ਫਿਰਕਾਪ੍ਰਸਤ ਤਾਕਤਾਂ ਤੇ ਪੂੰਜੀਪਤੀਆਂ ਦੁਆਰਾ ਕੀਤੀ ਜਾਂਦੀ ਲੁੱਟ ਤੇ ਜਬਰ ਦੇ ਨਾਲ-ਨਾਲ ਲੰਮੇ ਸਮੇਂ ਤੋਂ ਫਰਾਂਸੀਸੀ ਬਸਤੀਵਾਦੀ ਹੁਕਮਰਾਨਾ ਦਾ ਗੁਲਾਮ ਚੱਲਿਆ ਆ ਰਿਹਾ ਸੀ। ਹੋਅ ਦੀ ਆਮਦ ਤੋਂ ਪਹਿਲਾਂ ਤੋਂ ਹੀ ਵੀਅਤਨਾਮ ਅੰਦਰ ਲੋਕ ਰੋਹ ਦੀਆਂ ਚਿੰਗਾੜੀਆਂ ਸੁਲਗ ਰਹੀਆਂ ਸਨ ਅਤੇ ਹੋਅ ਚੀ ਮਿੰਨ ਦੀ ਅਗਵਾਈ ਨੇ ਇਸਨੂੰ ਭਾਂਬੜ 'ਚ ਬਦਲ ਦਿੱਤਾ।


ਹੋਅ ਦੇ ਪਿਤਾ ਨਿਗਿਉਨ ਸਿੰਨ ਹੁਈ ਗਰੀਬ ਪਰਿਵਾਰ 'ਚ ਪੈਦਾ ਹੋਏ ਇਕ ਬਹੁਤ ਹੀ ਮਿਹਨਤੀ, ਇਮਾਨਦਾਰ, ਦ੍ਰਿੜ ਨਿਸ਼ਚੇ ਤੇ ਪੜਾਈ 'ਚ ਤੇਜ ਵਿਅਕਤੀ ਸਨ। ਕਿੱਤੇ ਵਜੋਂ ਉਹ ਅਧਿਆਪਕ ਸਨ। ਉਨ੍ਹਾਂ ਨੇ ਆਪਣੇ ਜੀਵਨ ਦਾ ਵਡੇਰਾ ਹਿੱਸਾ ਲੋਕਾਂ ਨੂੰ ਹੁਕਮਰਾਨ ਜਮਾਤ ਖਿਲਾਫ ਚੇਤੰਨ ਕਰਦਿਆਂ ਗੁਜ਼ਾਰਿਆ। ਉਨਾਂ ਅੰਦਰਲੇ ਨੈਤਿਕ ਗੁਣ ਹੋਅ ਲਈ ਮਾਰਗ ਦਰਸ਼ਕ ਬਣੇ। 19 ਮਈ 1890 ਨੂੰ ਮਾਤਾ ਹੁਆਂਗ ਥੀ ਲੁਆਂਗ ਦੀ ਕੁਖੋਂ ਨਿਗਿਉਨ ਤਾਤ ਥਾਨ* (ਹੋਅ ਚੀ ਮਿੰਨ) ਦਾ ਜਨਮ ਹੋਇਆ। ਵੀਅਤਨਾਮ ਦੇ ਉੱਤਰੀ ਬਾਗੀ ਹਿੱਸੇ 'ਚ ਜਨਮੇ ਹੋਅ ਨੇ ਵਿਰਸੇ 'ਚੋਂ ਹੀ ਰਾਜਨੀਤਿਕ ਸੂਝ-ਬੂਝ ਹਾਸਲ ਕਰਨੀ ਸ਼ੁਰੂ ਕੀਤੀ। ਬਚਪਨ 'ਚ ਹੀ ਉਸਨੇ ਦੇਸੀ-ਬਦੇਸ਼ੀ ਹਾਕਮਾਂ ਵੱਲੋਂ ਲੋਕਾਂ ਨਾਲ ਕੀਤੇ ਜਾਂਦੇ ਲੁੱਟ-ਜਬਰ ਨੂੰ ਮਹਿਸੂਸ ਕਰ ਲਿਆ ਸੀ। ਜਿਸ ਕਾਰਨ ਇਨਾਂ ਹਾਕਮਾਂ ਪ੍ਰਤੀ ਉਸਦੇ ਮਨ ਅੰਦਰ ਡੂੰਘੀ ਨਫਰਤ ਸੀ। ਸੁਭਾਵਿਕ ਹੀ, ਇਸ ਸਮੇਂ ਜਦੋਂ ਹੋਅ ਹਾਲੇ ਸਕੂਲੀ ਵਿਦਿਆਰਥੀ ਸੀ (1911-15) ਵੀਅਤਨਾਮ ਦੇ ਉੱਤਰੀ ਹਿੱਸੇ 'ਚ ਅਨੇਕਾਂ ਦੇਸ਼ਭਗਤ ਲਹਿਰਾਂ ਚੱਲੀਆਂ ਜਿਸ ਵਿਚ ਹੋਅ ਬੜੇ ਮਾਣ ਨਾਲ ਸ਼ਾਮਲ ਹੁੰਦਾ। ਇਨਾਂ ਲਹਿਰਾਂ ਵਿਚ ਸ਼ਾਮਲ ਹੋ ਕੇ ਉਹ ਇਹ ਸਮਝਣ 'ਚ ਸਫਲ ਹੋਇਆ ਕਿ ਦੇਸ਼ ਦੇ ਮਿਹਨਤੀ ਲੋਕਾਂ ਦੇ ਦੁੱਖਾਂ-ਤਕਲੀਫਾਂ ਦਾ ਕਾਰਨ ਬਦੇਸ਼ੀ ਸਾਮਰਾਜੀਏ ਤੇ ਸਥਾਨਕ ਜਾਗੀਰਦਾਰ ਹਨ #socialconcerns

ਹੋਅ ਆਪਣੀ ਪੜ੍ਹਾਈ ਪੂਰੀ ਕਰਕੇ ਦੇਸ਼ਭਗਤਾਂ ਦੇ ਇਕ ਸਕੂਲ ਵਿਚ ਅਧਿਆਪਕ ਵਜੋਂ ਪੜਾਉਣ ਲੱਗੇ। ਅੱਠ ਮਹੀਨਿਆਂ ਬਾਅਦ ਉਨ੍ਹਾਂ ਅਧਿਆਪਕ ਦਾ ਕਿੱਤਾ ਛੱਡ ਦਿੱਤਾ ਅਤੇ ਫਿਰ ਉਹ ਲੰਮਾ ਸਮਾਂ ਕਿਸੇ ਇਕ ਕੰਮ ਤੇ ਨਾ ਟਿਕੇ। ਸਾਇਗਾਓਂ ਜਾ ਕੇ ਬੰਦਰਗਾਹ ਉਪਰ ਰਸੋਈਏ ਦਾ ਕੰਮ ਕਰਨ ਲੱਗੇ ਜਿੱਥੇ ਉਨਾਂ ਨੇ ਮਜ਼ਦੂਰਾਂ ਦੀ ਬਦਤਰ ਜ਼ਿੰਦਗੀ ਨੂੰ ਨੇੜਿਓਂ ਹੋ ਕੇ ਮਹਿਸੂਸ ਕੀਤਾ। ਕੁਝ ਸਮਾਂ ਕੰਮ ਕਰਨ ਦੇ ਬਾਅਦ ਉਹ ਫਰਾਂਸ ਚਲੇ ਗਏ ਜਿੱਥੇ ਉਹ 'ਮਨੁੱਖੀ ਹੱਕਾਂ ਦੀ ਲੀਗ' ਦੇ ਮੈਂਬਰ ਬਣਕੇ ਰਾਜਨੀਤੀ 'ਚ ਹਿੱਸਾ ਲੈਣ ਲੱਗੇ ਤੇ ਨਾਲ ਹੀ ਮਾਲੀ ਦਾ ਕੰਮ ਕਰਦੇ ਰਹੇ। ਇੱਥੇ 1916 'ਚ ਉਨਾਂ ਨੇ ਆਇਰਲੈਂਡ ਦੇ ਬਾਗੀਆਂ ਨਾਲ ਮਿਲਕੇ 'ਈਸਟਰ ਵਿਦਰੋਹ' ਵਿਚ ਹਿੱਸਾ ਲਿਆ। ਇੱਥੇ ਉਨਾਂ ਨੇ ਫੈਕਟਰੀ ਮਜ਼ਦੂਰਾਂ ਨਾਲ ਹੁੰਦੀਆਂ ਧੱਕੇਸ਼ਾਹੀਆਂ ਨੂੰ ਆਪਣੇ ਅੱਖੀਂ ਵੇਖਿਆ। 1917 'ਚ ਉਹ ਆਪਣਾ ਨਾਂ 'ਨਿਗਿਉਨ ਆਈ ਕੁਓਕ' ਰੱਖਕੇ ਪੈਰਿਸ 'ਚ ਰਹਿਣ ਲੱਗੇ। ਇੱਥੇ ਉਨਾਂ ਨੇ 'ਐਸ਼ੋਸ਼ੀਏਸ਼ਨ ਆਫ ਵੀਅਤਨਾਮ ਪੈਟਰੀਓਟਸ' ਨਾਂ ਦੀ ਜੱਥੇਬੰਦੀ ਬਣਾਈ ਤੇ ਉਹ ਆਪ 'ਸ਼ੋਸ਼ਲਿਸਟ ਪਾਰਟੀ ਆਫ ਅਮਰੀਕਾ' ਦੇ ਮੈਂਬਰ ਬਣ ਗਏ। ਉਨ੍ਹਾਂ ਨੇ ਕਈ ਸਿਆਸੀ ਤੇ ਬੁੱਧੀਜੀਵੀਆਂ ਦੇ ਗਰੁੱਪਾਂ ਵਿਚ ਸ਼ਾਮਲ ਹੋ ਕੇ ਮਾਰਕਸਵਾਦੀ ਸਿਧਾਂਤ ਬਾਰੇ ਬਹੁਤ ਕੁਝ ਸਿੱਖਿਆ ਤੇ ਕਈ ਰਾਜਨੀਤਿਕ ਤੇ ਬੁੱਧੀਜੀਵੀ ਦੋਸਤ ਬਣਾਏ। ਰੋਜੀ-ਰੋਟੀ ਲਈ ਉਹ ਫੋਟੋਗ੍ਰਾਫਰ, ਕੁਲੀ, ਖਾਈ ਪੁੱਟਣ ਤੇ ਆਖੀਰ ਇਨਕਲਾਬੀ ਅਖ਼ਬਾਰ 'ਲੀ ਪਾਰੀਆ' 'ਚ ਕੰਮ ਕਰਨ ਲੱਗੇ। ਸਾਇਗਾਓਂ ਜਾ ਕੇ ਬੰਦਰਗਾਹ ਉਪਰ ਹੋਅ ਜਲਦ ਹੀ 'ਵੀਅਤਨਾਮ ਹੋਨ' (ਭਾਵ ਵੀਅਤਨਾਮ ਦੀ ਰੂਹ) 'ਚ ਫਰਾਂਸ ਦੁਆਰਾ ਸੰਸਾਰ ਜੰਗ ਦੌਰਾਨ (1917 'ਚ) ਨੌਜਵਾਨਾ ਦੀ ਫੌਜ 'ਚ ਕੀਤੀ ਜਾਂਦੀ ਜਬਰੀ ਭਰਤੀ ਵਿਰੁੱਧ ਲਗਾਤਾਰ ਲਿਖਣ ਲੱਗੇ। ਇਨਾਂ ਦੋਵਾਂ ਅਖ਼ਬਾਰਾਂ 'ਚ ਉਨਾਂ ਦੇ ਮਾਰਕਸਵਾਦੀ ਦ੍ਰਿਸ਼ਟੀਕੋਣ ਦੀ ਸੂਝ-ਬੂਝ ਦੀ ਵੀ ਝਲਕ ਮਿਲਦੀ ਹੈ। ਜਵਾਨੀ ਵੇਲੇ ਦੀਆਂ ਉਨਾਂ ਦੀਆਂ ਲਿਖਤਾਂ ਪਾਠਕਾਂ ਦੇ ਮਨਾਂ ਅੰਦਰ ਖਾਸਕਰ ਨੌਜਵਾਨ ਦੇਸ਼ਭਗਤਾਂ ਤੇ ਮਨਾਂ 'ਚ ਕੌਮੀ ਮੁਕਤੀ ਦਾ ਜਜਬਾ ਪੈਦਾ ਕਰਦੀਆਂ ਹਨ।

ਸੰਸਾਰ ਜੰਗ ਦੇ ਖਾਤਮੇ ਬਾਅਦ ਜਦੋਂ ਸਾਮਰਾਜੀ ਲੁਟੇਰੇ ਮੰਡੀਆਂ ਦੀ ਮੁੜ ਵੰਡ ਲਈ 'ਵਰਸੇਲਜ਼ ਕਾਨਫਰੰਸ' 'ਚ ਇਕੱਠੇ ਹੋਏ ਤਦ ਸਾਇਗਾਓਂ ਜਾ ਕੇ ਹੋਅ ਨੇ 'ਲੀ ਪਾਰੀਆ' ਦੇ ਸੰਪਾਦਕ (ਨਿਗਿਉਨ ਥੀ ਤੁਰੈਨ) ਨਾਲ ਮਿਲਕੇ 'ਵੀਅਤਨਾਮ ਦੇਸ਼ਭਗਤਾਂ ਦੀ ਐਸ਼ੋਸ਼ੀਏਸ਼ਨ' ਵੱਲੋਂ ਇਕ ਮੰਗ ਪੱਤਰ ਤਿਆਰ ਕਰਕੇ ਕਾਨਫਰੰਸ ਹਾਲ ਦੇ ਬਾਹਰ ਚਲੇ ਗਏ। ਇਹ ਮੰਗ ਪੱਤਰ ਸਾਮਰਾਜੀ ਲੁਟੇਰਿਆਂ ਦੇ ਸਾਹਮਣੇ ਜੁਅਰਤ ਨਾਲ ਲਿਜਾਣ ਵਾਲੇ ਮਾੜਚੂ ਜਿਹੇ ਸਰੀਰ ਵਾਲੇ 'ਨਿਗਿਉਨ ਆਈ ਕੁਓਕ' ਦਾ ਨਾਂ ਚਾਰੇ ਪਾਸੇ ਫੈਲ ਗਿਆ। ਇਨ੍ਹਾਂ ਫਰਾਂਸ ਦੇ ਖੁਫੀਆ ਵਿਭਾਗ ਦੀਆਂ ਫਾਈਲਾਂ ਦਾ ਅੰਗ ਵੀ ਬਣ ਗਿਆ। ਮੰਗ ਪੱਤਰ ਵਿਚ ਆਤਮ ਨਿਰਣੇ ਦਾ ਅਧਿਕਾਰ, ਸੰਵਿਧਾਨਕ ਸਰਕਾਰ, ਜਮਹੂਰੀ ਅਜ਼ਾਦੀਆਂ, ਵੀਅਤਨਾਮੀ ਲੋਕਾਂ ਨੂੰ ਫਰਾਂਸੀਸੀ ਲੋਕਾਂ ਦੇ ਬਰਾਬਰ ਅਧਿਕਾਰ, ਰਾਜਨੀਤਿਕ ਕੈਦੀਆਂ ਨੂੰ ਆਮ ਮਾਫੀ, ਜੱਥੇਬੰਦ ਤੇ ਇਕੱਠੇ ਹੋਣ ਦੀ ਅਜ਼ਾਦੀ, ਜਬਰੀ ਮੁਸ਼ੱਕਤ ਦਾ ਖਾਤਮਾ ਅਤੇ ਲੂਣ ਟੈਕਸ ਤੇ ਜਬਰੀ ਸ਼ਰਾਬ ਖ਼ਰੀਦਣ ਦੇ ਹੁਕਮ ਦਾ ਅੰਤ ਆਦਿ ਅੱਠ ਮੰਗਾਂ ਸ਼ਾਮਲ ਸਨ।

ਰੂਸ ਦੇ ਅਕਤੂਬਰ ਇਨਕਲਾਬ ਦਾ ਹੋਅ ਉਪਰ ਬਹੁਤ ਅਸਰ ਪਿਆ। ਇਸ ਰਾਹੀਂ ਉਨਾਂ ਨੂੰ ਇਕ ਤਰਾਂ ਨਾਲ ਆਪਣੇ ਮੁਲਕ ਦੇ ਲੋਕਾਂ ਦੀ ਮੁਕਤੀ ਦਾ ਰਾਹ ਦਿਖਣ ਲੱਗਾ। ਉਹ ਲੈਨਿਨ ਦੀਆਂ ਲਿਖੀਆਂ ਲਿਖਤਾਂ, ਖਾਸ ਕਰ ਕੌਮੀਅਤਾਂ ਬਾਰੇ ਲਿਖੇ ਲੇਖਾਂ ਦੇ ਮੁਰੀਦ ਹੋ ਗਏ। ਰੂਸੀ ਇਨਕਲਾਬ ਨਾਲ ਉਨਾਂ ਨੂੰ ਸਾਮਰਾਜੀ ਤਾਕਤਾਂ ਨਾਲ ਹੋਰ ਵਧੇਰੇ ਮਜ਼ਬੂਤੀ ਨਾਲ ਲੜਨ ਦਾ ਬਲ ਮਿਲਿਆ। ਕੌਮੀ ਤੇ ਕੌਮਾਂਤਰੀ ਸਵਾਲਾਂ ਉਪਰ ਛਿੜੀ ਬਹਿਸ ਸਬੰਧੀ ਫਰਾਂਸ ਦੀ ਸ਼ੋਸ਼ਲਿਸਟ ਪਾਰਟੀ ਵੱਲੋਂ ਰੱਖੀ 'ਟੌਊਰਜ਼ ਕਾਨਫਰੰਸ' ਵਿਚ ਹੋਅ 'ਨਿਗਿਉਨ ਆਈ ਕੁਓਕ' ਦੇ ਨਾਂ ਹੇਠ ਹਿੰਦ-ਚੀਨੀ ਡੈਲੀਗੇਟ ਵਜੋਂ ਸ਼ਾਮਲ ਹੋਏ ਤੇ ਉਨ੍ਹਾਂ ਆਪਣੇ ਮੁਲਕ ਉਪਰ ਸਾਮਰਾਜੀ ਤਾਕਤਾਂ ਦੇ ਗਲਬੇ ਸਬੰਧੀ ਕੌਮਾਂਤਰੀ ਮਹੱਤਤਾ ਵਾਲੇ ਵਿਚਾਰ ਪੇਸ਼ ਕੀਤੇ। ਕੌਮਾਂਤਰੀ ਬਹਿਸਾਂ ਵਿਚ ਭਾਗ ਲੈਣ ਨਾਲ ਉਨ੍ਹਾਂ ਦਾ ਮਾਰਕਸਵਾਦ ਨਾਲ ਹੋਰ ਗਹਿਰਾ ਨਾਤਾ ਜੁੜਦਾ ਗਿਆ।

ਵੀਅਤਨਾਮ ਦੇ ਲੋਕਾਂ ਦੀ ਮੁਕਤੀ ਨੂੰ ਉਹ ਕੌਮਾਂਤਰੀ ਦ੍ਰਿਸ਼ਟੀਕੋਣ ਤੋਂ ਵਾਚਦੇ ਸਨ। ਉਹ ਵੱਖ-ਵੱਖ ਦੇਸ਼ਾਂ ਦੁਆਰਾ ਸਥਾਪਤ 'ਅੰਤਰ ਬਸਤੀਵਾਦੀ ਸਭਾ' ਦੇ ਕੇਂਦਰੀ ਕਮੇਟੀ ਦੇ ਮੈਂਬਰ ਵਜੋਂ ਬਸਤੀਵਾਦੀ ਹਾਕਮਾਂ ਦੇ ਜਬਰ ਨੂੰ 'ਲੀ ਪਾਰੀਆਂ' ਵਿਚ ਲਗਾਤਾਰ ਨੰਗਾ ਕਰਦੇ। 1925 'ਚ ਉਨਾਂ ਨੇ "ਫਰਾਂਸਿਸੀ ਬਸਤੀਵਾਦੀ ਕਟਹਿਰੇ 'ਚ" ਨਾਂ ਦਾ ਮਸ਼ਹੂਰ ਪੈਂਫਲਿਟ ਕੱਢਿਆ। ਜਿਸ ਵਿਚ ਉਹਨਾਂ ਸਾਮਰਾਜੀਆਂ ਦੁਆਰਾ ਕੀਤੀ ਜਾਂਦੀ ਲੁੱਟ ਤੇ ਜਬਰ ਨੂੰ ਬਾਖੂਬੀ ਬਿਆਨ ਕੀਤਾ। 1923 'ਚ ਹੋਅ ਮਾਸਕੋ ਗਏ ਜਿੱਥੇ ਉਹ 'ਪਰਾਵਦਾ' ਲਈ ਲੇਖ ਲਿਖਦੇ ਰਹੇ। ਉਹ ਜਿਆਦਾ ਸਮਾਂ ਮਾਰਕਸੀ-ਲੈਨਿਨੀ ਲਿਖਤਾਂ ਦਾ ਅਧਿਐਨ ਕਰਨ 'ਚ ਗੁਜਾਰਦੇ। ਆਪਣੇ ਦੇਸ਼ ਦੇ ਲੋਕਾਂ ਦੀ ਮੁਕਤੀ ਲਈ ਸਖਤ ਮਿਹਨਤ ਕਰਦੇ ਹੋਏ ਕਾ. ਹੋਅ ਸਟਾਲਿਨ ਸਮੇਤ ਪਾਰਟੀ ਦੇ ਉੱਚ ਆਗੂਆਂ ਨਾਲ ਵਿਚਾਰਾਂ ਕਰਦੇ ਰਹਿੰਦੇ ਸਨ। ਉਹ ਪੂੰਜੀਵਾਦੀ ਦੇਸ਼ਾਂ ਅੰਦਰਲੇ ਇਨਕਲਾਬ ਤੇ ਬਸਤੀਵਾਦੀ ਮੁਲਕਾਂ ਦੇ ਇਨਕਲਾਬ ਦੇ ਸਵਾਲ, ਵਖਰੇਵਿਆਂ ਤੇ ਗੁੰਝਲਾਂ ਨੂੰ ਜਾਣਨ ਦੇ ਯਤਨ ਕਰਦੇ ਤੇ ਉਸਦਾ ਵੀਅਤਨਾਮ ਦੇ ਲੋਕਾਂ ਦੀ ਬੰਦਖਲਾਸੀ ਨਾਲ ਜੋੜਮੇਲ ਬਿਠਾਉਣ 'ਚ ਰੁੱਝੇ ਰਹਿੰਦੇ। ਉਹ ਵੀਅਤਨਾਮ ਅੰਦਰ ਲੋਕ ਚੇਤਨਾ ਮੁਹਿੰਮਾਂ ਚਲਾਉਣ ਤੇ ਉਨਾਂ ਨੂੰ ਜੱਥੇਬੰਦ ਸੰਘਰਸ਼ 'ਚ ਲਾਮਬੰਦ ਕਰਨ ਦੀਆਂ ਤਰਤੀਬਾਂ ਬਣਾਉਂਦੇ। ਰੂਸੀ ਇਨਕਲਾਬ ਦੇ ਨਾਲ-ਨਾਲ ਉਹ ਚੀਨ ਅੰਦਰਲੀਆਂ ਬਦਲਦੀਆਂ ਹਾਲਤਾਂ ਉਪਰ ਵੀ ਲਗਾਤਾਰ ਨਜ਼ਰ ਰੱਖਦੇ ਆ ਰਹੇ ਸਨ। ਸੋਵੀਅਤ ਯੂਨੀਅਨ ਤੋਂ ਬਾਅਦ ਉਹ 'ਵਾਓਂਗ' ਨਾਂ ਹੇਠ ਚੀਨ ਚਲੇ ਗਏ। ਇੱਥੇ ਕੈਂਟਨ 'ਚ ਉਨਾਂ ਨੇ 'ਵੀਅਤਨਾਮੀ ਇਨਕਲਾਬੀ ਨੌਜਵਾਨ ਲੀਗ' ਨਾਂ ਦੀ ਜੱਥੇਬੰਦੀ ਬਣਾਈ। ਜਿਸਦਾ ਮਕਸਦ ਨੌਜਵਾਨਾਂ ਨੂੰ ਸਿਧਾਂਤਕ ਸਿੱਖਿਆ ਦੇਣਾ ਸੀ। ਇਸ ਨੌਜਵਾਨ ਸੰਗਠਨ ਵੱਲੋਂ 'ਨੌਜਵਾਨ' ਨਾਂ ਦਾ ਹਫਤਾਵਾਰ ਅਖ਼ਬਾਰ ਵੀ ਕੱਢਿਆ ਜਾਂਦਾ ਰਿਹਾ। ਇਸ ਸੰਗਠਨ ਨੇ ਲਾਉਸ ਤੇ ਕੰਬੋਡੀਆ ਦੇ ਸਿਆਸੀ ਸੂਝ ਰੱਖਣ ਵਾਲੇ ਨੌਜਵਾਨਾਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਿਆ। ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲੇ ਸਿੱਖਿਅਤ ਨੌਜਵਾਨਾਂ ਨੂੰ ਪਾਰਟੀ ਪ੍ਰਚਾਰ ਲਈ ਵੀਅਤਨਾਮ ਭੇਜਿਆ ਗਿਆ। ਇਨਕਲਾਬੀ ਨੌਜਵਾਨਾਂ ਦੀ ਇਹ ਟੁਕੜੀ ਦੇਸ਼ ਦੇ ਕਿਸਾਨਾਂ ਨੂੰ ਜਾਗੀਰਦਾਰਾਂ ਤੇ ਸਾਮਰਾਜੀਆਂ ਦੀ ਲੁੱਟ ਤੋਂ ਜਾਣੂ ਕਰਵਾਉਂਦੀ ਹੋਈ ਉਨਾਂ ਨੂੰ ਸੰਘਰਸ਼ ਦੇ ਰਾਹ ਪੈਣ ਲਈ ਪ੍ਰੇਰਿਤ ਕਰਦੀ। ਕਾ. ਹੋਅ ਕੌਮਾਂਤਰੀ ਤਜਰਬੇ ਖਾਸਕਰ



ਸੋਵੀਅਤ ਯੂਨੀਅਨ ਵਿਚਲੇ ਸਮਾਜਵਾਦੀ ਵਿਚਾਰਾਂ ਨਾਲ ਇਨ੍ਹਾਂ ਨੌਜਵਾਨਾਂ ਨੂੰ ਲਗਾਤਾਰ ਲੈੱਸ ਕਰਦੇ ਰਹਿੰਦੇ ਸਨ। ਉਹ ਆਪਣੇ ਅਨੁਭਵ ਤੇ ਸੋਵੀਅਤ ਯੂਨੀਅਨ ਤੋਂ ਲਏ ਸਬਕਾਂ ਤੋਂ ਇਹ ਮਹਿਸੂਸ ਕਰਦੇ ਸਨ ਕਿ ਦੇਸ਼ ਦੇ ਲੋਕਾਂ ਦੀ ਮੁਕਤੀ ਦਰੁਸਤ ਇਨਕਲਾਬੀ ਪਾਰਟੀ ਦੀ ਗੈਰ ਮੌਜੂਦਗੀ ਤੋਂ ਬਿਨਾਂ ਸੰਭਵ ਨਹੀਂ ਹੈ।

1930 ਵਿਚ ਕਾ. ਹੋਅ ਨੇ ਹਿੰਦ-ਚੀਨੀ ਕਮਿਊਨਿਸਟ ਪਾਰਟੀ ਦਾ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿਚ ਉਹਨਾਂ ਨੇ ਫਰਾਂਸੀਸੀ ਸਾਮਰਾਜ, ਜਾਗੀਰਦਾਰ ਤੇ ਪਿਛਾਂਹਖਿਚੂ ਵੀਅਤਨਾਮੀ ਸਰਮਾਏਦਾਰੀ ਦਾ ਤਖਤਾ ਉਲਟਾਉਣਾ, ਪੂਰਨ ਤੌਰ 'ਤੇ ਸੁਤੰਤਰ ਹਿੰਦ-ਚੀਨੀ ਦੀ ਸਥਾਪਨਾ ਕਰਨੀ, ਮਜ਼ਦੂਰਾਂ, ਕਿਸਾਨਾਂ ਤੇ ਫੌਜੀਆਂ ਦੀ ਸਰਕਾਰ ਸਥਾਪਤ ਕਰਨਾ, ਬੈਂਕਾਂ ਤੇ ਹੋਰ ਸਾਮਰਾਜੀ ਅਦਾਰਿਆਂ ਨੂੰ ਜ਼ਬਤ ਕਰਨਾ, ਜਾਗੀਰਦਾਰਾਂ ਤੋਂ ਜਮੀਨਾਂ ਖੋਹਕੇ ਕਿਸਾਨਾਂ 'ਚ ਵੰਡਣਾ, ਅੱਠ ਘੰਟੇ ਦੀ ਕੰਮ ਦਿਹਾੜੀ ਲਾਗੂ ਕਰਨਾ, ਸਾਰੇ ਕਰਜੇ, ਵਗਾਰਾਂ, ਟੈਕਸ ਤੇ ਦੂਜੇ ਅਜਿਹੇ ਟੈਕਸਾਂ ਨੂੰ ਖਤਮ ਕਰਨਾ ਜੋ ਕਿਸਾਨਾਂ-ਮਜ਼ਦੂਰਾਂ 'ਤੇ ਬੋਝ ਹਨ, ਜਮਹੂਰੀ ਅਜ਼ਾਦੀਆਂ ਦੇ ਅਧਿਕਾਰਾਂ ਨੂੰ ਬਹਾਲ ਕਰਨਾ, ਸਭਨਾਂ ਲਈ ਲਾਜ਼ਮੀ ਵਿੱਦਿਆ ਦਾ ਪ੍ਰਬੰਧ ਕਰਨਾ ਤੇ ਔਰਤਾਂ ਤੇ ਮਰਦਾਂ ਵਿਚ ਬਰਾਬਰਤਾ ਬਹਾਲ ਕਰਨ ਵਰਗੇ ਮੋਟੇ ਨੁਕਤੇ ਸ਼ਾਮਲ ਕੀਤੇ। ਇਸਨੂੰ ਉਨ੍ਹਾਂ 'ਕੌਮੀ ਲੋਕ ਜਮਹੂਰੀ ਇਨਕਲਾਬ' ਕਿਹਾ। ਪਾਰਟੀ ਸਥਾਪਨਾ ਤੋਂ ਬਾਅਦ ਉਨ੍ਹਾਂ ਨੇ ਬੇਹੱਦ ਸਰਲ ਤੇ ਦਿਲ ਟੁੰਬਵੀਂ ਭਾਸ਼ਾ 'ਚ ਅਨੇਕਾਂ ਤਕਰੀਰਾਂ ਤੇ ਅਪੀਲਾਂ ਦੇਸ਼ ਦੇ ਕਿਸਾਨਾਂ-ਮਜ਼ਦੂਰਾਂ, ਨੌਜਵਾਨਾਂ-ਵਿਦਿਆਰਥੀਆਂ ਤੇ ਫੌਜੀਆਂ ਦੇ ਨਾਮ ਜਾਰੀ ਕੀਤੀਆਂ। ਕਾ. ਹੋਅ ਦੀ ਅਗਵਾਈ 'ਚ ਪਾਰਟੀ ਪ੍ਰਚਾਰ ਲਗਾਤਾਰ ਗਤੀ ਫੜਨ ਲੱਗਾ। ਕਿਸਾਨਾਂ ਨੂੰ ਬਗਾਵਤਾਂ ਲਈ ਤਿਆਰ ਕੀਤਾ ਜਾਣ ਲੱਗਾ। ਜਲਦ ਹੀ ਥਾਂ-ਥਾਂ ਜਾਗੀਰਦਾਰਾਂ ਤੇ ਬਸਤੀਵਾਦੀਆਂ ਖਿਲਾਫ ਬਗਾਵਤ ਦੀਆਂ ਚਿਣਗਾਂ ਭੜਕ ਉੱਠੀਆਂ। ਪਰੰਤੂ ਇਨਾਂ ਬਗਾਵਤਾਂ ਨੂੰ ਜਬਰੀ ਕੁਚਲ ਦਿੱਤਾ ਗਿਆ।

ਕਾ. ਹੋਅ ਕੁਝ ਸਮੇਂ ਹਾਂਗਕਾਂਗ ਚਲੇ ਗਏ ਜਿੱਥੇ ਉਨਾਂ ਨੇ 'ਬਿਗਲਰ' ਨਾਂ ਦਾ ਅਖ਼ਬਾਰ ਕੱਢਣਾ ਸ਼ੁਰੂ ਕੀਤਾ। ਇੱਥੇ ਉਹ ਤੋਂਗਵਾਨ ਸੋ ਦੇ ਨਾਂ ਹੇਠ ਦਾਖਲ ਹੋਏ ਸਨ। ਇੱਥੇ ਖੁਫੀਆ ਪੁਲਿਸ ਨੇ ਉਨਾਂ ਨੂੰ ਸਰਕਾਰ ਦਾ ਤਖਤਾ ਪਲਟਾਉਣ ਦੇ ਦੋਸ਼ ਤਹਿਤ ਗ੍ਰਿਫਤਾਰ ਕਰ ਲਿਆ। ਪਹਿਲਾਂ ਹੀ ਸਰੀਰਕ ਪੱਖੋਂ ਕੰਮਜੋਰ ਕਾ. ਹੋਅ ਨੂੰ ਹਾਂਗਕਾਂਗ ਦੀਆਂ ਜੇਲਾਂ 'ਚ ਨਰਕੀ ਜ਼ਿੰਦਗੀ ਗੁਜਾਰਨੀ ਪਈ। ਪਰ ਜਲਦ ਹੀ ਇੱਥੋਂ ਉਨਾਂ ਨੂੰ ਗੁਪਤ ਢੰਗ ਨਾਲ ਜੇਲ 'ਚੋਂ ਕੱਢਕੇ ਬਾਹਰ ਭੇਜ ਦਿੱਤਾ ਗਿਆ। ਤੇ ਸੰਸਾਰ ਭਰ 'ਚ ਖਬਰ ਫੈਲਾ ਦਿੱਤੀ ਕਿ 'ਨਿਗਿਉਨ ਆਈ ਕੁਓਕ' ਜੇਲ ਅੰਦਰ ਮਰ ਗਿਆ ਹੈ। ਕਾ. ਹੋਅ ਕਮਿਊਨਿਜ਼ਮ ਦੀ ਸਿੱਖਿਆ ਲਈ ਮਾਸਕੋ ਰਵਾਨਾ ਹੋ ਗਏ ਜਿੱਥੇ ਉਨਾਂ ਛੇ ਮਹੀਨੇ ਗੁਜਾਰੇ।

ਇਸ ਦੌਰਾਨ ਫਾਸ਼ੀਵਾਦੀ ਰੁਝਾਨ ਉੱਠ ਖੜਾ ਹੋਇਆ। ਜਿਸ ਨਾਲ ਨਜਿੱਠਣ ਲਈ ਚਾਰੋਂ ਪਾਸੇ ਫਾਸ਼ੀਵਾਦ ਵਿਰੋਧੀ ਲਹਿਰ ਪੈਦਾ ਹੋਣ ਲੱਗੀ। ਹਿੰਦ-ਚੀਨੀ ਕਮਿਊਨਿਸਟ ਪਾਰਟੀ ਨੇ ਆਪਣੀ ਪਹਿਲੀ ਕਾਂਗਰਸ ਕਰਦਿਆਂ 'ਫਾਸ਼ੀਵਾਦੀ ਵਿਰੋਧੀ ਲੋਕ ਮੋਰਚਾ' ਸਥਾਪਤ ਕਰਕੇ ਜਮਹੂਰੀ ਹੱਕਾਂ ਦੀ ਅਵਾਜ਼ ਨੂੰ ਬੁਲੰਦ ਕਰਨਾ ਸ਼ੁਰੂ ਕਰ ਦਿੱਤਾ। ਵੀਅਤਨਾਮ ਅੰਦਰ ਪਹਿਲੀ ਵਾਰ ਲਾਲ ਝੰਡੇ ਲੈ ਕੇ 1938 'ਚ ਮਈ ਦਿਵਸ ਮਨਾਇਆ ਗਿਆ। ਜਲਦ ਹੀ ਦੂਜੀ ਸੰਸਾਰ ਜੰਗ ਲੱਗ ਜਾਣ ਕਾਰਨ ਸਾਮਰਾਜੀਆਂ ਖਿਲਾਫ ਚੱਲ ਰਹੀ ਜੱਦੋਜਹਿਦ ਹੋਰ ਵੱਧ ਤਿੱਖੀ ਹੋ ਗਈ। ਜਪਾਨੀ ਸਾਮਰਾਜ ਦੇ ਦਾਖਲੇ ਨਾਲ ਕੌਮਪ੍ਰਸਤ ਤੇ ਕਮਿਊਨਿਸਟਾਂ ਦੇ ਸਾਂਝੇ ਸਹਿਯੋਗ ਨਾਲ ਜਗ੍ਹਾ-ਜਗ੍ਹਾ ਬਗਾਵਤਾਂ ਹੋਣ ਲੱਗੀਆਂ। ਕਾ. ਹੋਅ ਨੌਜਵਾਨਾਂ ਨੂੰ ਸਿਆਸੀ ਤੇ ਫੌਜੀ ਯੁੱਧਨੀਤੀ ਦੀ ਟਰੇਨਿੰਗ ਦੇਣ ਲੱਗੇ। ਕਾ. ਹੋਅ ਨੇ ਬਾਕ ਬੋ ਦੀਆਂ ਪਹਾੜੀਆਂ ਤੇ ਆਪਣਾ ਹੈੱਡਕੁਆਟਰ ਬਣਾਕੇ ਕੌਮੀ ਬਗਾਵਤ ਦੀ ਕਮਾਂਡ ਸੰਭਾਲੀ। ਉਨ੍ਹਾਂ ਨੇ ਵੀਅਤਨਾਮ ਦੇ ਲੋਕਾਂ 'ਚ ਪ੍ਰਚਾਰ ਕਰਨ ਤੇ ਉਨਾਂ ਨੂੰ ਜੱਥੇਬੰਦ ਕਰਨ ਲਈ 'ਵੀਅਤ ਮਿੰਨ' ਨਾਂ ਦੀ ਜਨਤਕ ਜੱਥੇਬੰਦੀ ਬਣਾਈ।

ਹੈੱਡਕੁਆਟਰ ਤੋਂ ਉਨ੍ਹਾਂ ਨੇ ਗੁਰੀਲਾ ਤੇ ਸਿਆਸੀ ਮੁਹਿੰਮਾਂ ਦਾ ਵੱਡੀ ਪੱਧਰ ਤੇ ਆਰੰਭ ਕਰ ਦਿੱਤਾ। 'ਹਰ ਇਕ ਨੂੰ ਸੰਪਰਕ ਕਰੋ' ਵਰਗੀਆਂ ਬਹੁ-ਚਰਚਿਤ ਮੁਹਿੰਮਾਂ ਚਲਾਈਆਂ। ਸੋਵੀਅਤ ਤੇ ਚੀਨ ਦੀ ਪਾਰਟੀ ਤੋਂ ਆਰਥਿਕ, ਸਿਆਸੀ ਤੇ ਫੌਜੀ ਮੱਦਦ ਹਾਸਲ ਕੀਤੀ।

ਸੰਨ 1941 ਦੇ ਕਰੀਬ ਵੀਅਤਨਾਮ ਦੀ ਕਮਿਊਨਿਸਟ ਪਾਰਟੀ ਨੇ ਜਪਾਨੀ ਤੇ ਫਰਾਂਸੀਸੀ ਸਾਮਰਾਜੀਆਂ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਚੀਨ ਤੋਂ ਸਹਾਇਤਾ ਲੈਣ ਦਾ ਨਿਰਣਾ ਕੀਤਾ। ਇਸ ਨਿਰਣੇ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਪਾਰਟੀ ਨੇ ਕਾ. ਹੋਅ ਨੂੰ ਸੌਂਪੀ। ਕਾ. ਹੋਅ ਨੇ ਭੇਸ ਬਦਲਕੇ ਵੀਅਤਨਾਮ-ਚੀਨ ਬਾਰਡਰ ਪੈਦਲ ਪਾਰ ਕਰਕੇ (ਲਗਪਗ 50 ਕਿ.ਮੀ. ਦਾ ਫਾਸਲਾ) ਚੀਨ ਪਹੁੰਚਣਾ ਸੀ। ਅਗਸਤ 1942 'ਚ ਉਹ ਬਾਰਡਰ ਪਾਰ ਕਰਦੇ ਹੋਏ ਜਪਾਨੀ ਤੇ ਫਰਾਂਸ ਦੇ ਜਾਸੂਸ ਹੋਣ ਦੇ ਸ਼ੱਕ ਕਾਰਨ ਗ੍ਰਿਫਤਾਰ ਕਰ ਲਏ ਗਏ। ਉਹ ਚੀਨ ਦੀਆਂ ਅਠਾਰਾਂ ਜ਼ੇਲਾਂ ਅੰਦਰ ਤੇਰਾਂ ਮਹੀਨੇ ਖੱਜਲ-ਖੁਆਰ ਹੁੰਦੇ ਰਹੇ। ਜਿੱਥੇ ਉਨਾਂ ਨੂੰ ਠੰਢ, ਭੁੱਖ, ਪੁੱਛ-ਗਿੱਛ ਤੇ ਬਿਮਾਰੀ ਕਾਰਨ ਬੇਹੱਦ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਜੇਲਵਾਸ ਦੌਰਾਨ ਉਨ੍ਹਾਂ ਨੇ 120 ਕਵਿਤਾਵਾਂ ਦੀ 'ਜੇਲ ਡਾਇਰੀ' ਲਿਖੀ ਜਿਸਨੇ ਮਗਰੋਂ ਜਾ ਕੇ ਸੰਸਾਰ ਪ੍ਰਸਿੱਧੀ ਹਾਸਲ ਕੀਤੀ। ਕਾਫੀ ਜਿਆਦਾ ਪ੍ਰੇਸ਼ਾਨੀਆਂ ਤੋਂ ਬਾਅਦ ਕਾ. ਹੋਅ ਦੀ ਰਿਹਾਈ ਸੰਭਵ ਹੋਈ। ਦੋ ਸਾਲ ਦੇ ਲੰਮੇ ਅਰਸੇ ਬਾਅਦ ਉਹ ਵਾਪਸ ਵੀਅਤਨਾਮ ਪਰਤੇ। ਇੱਥੋਂ ਉਨਾਂ ਨੇ ਮੁਕਤੀ ਲਈ ਪ੍ਰਚਾਰ ਬਰਗੇਡ ਬਣਾਕੇ ਰਾਜਨੀਤਿਕ ਤੇ ਫੌਜੀ ਪ੍ਰਚਾਰ ਕਰਨ ਨੂੰ ਵਿਸ਼ੇਸ਼ ਮਹੱਤਤਾ ਦਿੱਤੀ।

ਸੰਸਾਰ ਪੱਧਰ ਤੇ ਤੇਜੀ ਨਾਲ ਬਦਲ ਰਹੀਆਂ ਹਾਲਤਾਂ ਨੇ ਸਥਿਤੀ ਇਹ ਪੈਦਾ ਕਰ ਦਿੱਤੀ ਕਿ ਵੀਅਤਨਾਮ 'ਤੇ ਕਬਜ਼ੇ ਲਈ ਜਪਾਨ ਤੇ ਫਰਾਂਸ ਦੇ ਨਾਲ-ਨਾਲ ਅਮਰੀਕਾ ਤੇ ਬਰਤਾਨੀਆਂ ਦੀਆਂ ਨਜ਼ਰਾਂ ਵੀ ਟਿਕ ਗਈਆਂ। ਕਾ. ਹੋਅ ਨੇ ਦੂਰਦਰਸ਼ਤਾ ਨਾਲ ਹਾਲਤ ਨੂੰ ਭਾਂਪਦਿਆਂ ਹਥਿਆਰਬੰਦ ਬਗਾਵਤ ਦੀ ਤਿਆਰੀ ਸ਼ੁਰੂ ਕਰ ਦਿੱਤੀ। ਮਈ 1945 'ਚ ਉਨ੍ਹਾਂ ਨੇ ਮੁਕਤ ਇਲਾਕਾ ਸਥਾਪਤ ਕਰਕੇ ਦਸ ਨੁਕਾਤੀ ਪ੍ਰੋਗਰਾਮ ਪੇਸ਼ ਕੀਤਾ। ਇਸ ਨਵੇਂ ਪ੍ਰਯੋਗ ਨੇ ਕੌਮੀ ਬਗਾਵਤ ਨੂੰ ਹੋਰ ਉਗਾਸਾ ਦਿੱਤਾ। ਅਗਸਤ 1945 'ਚ ਕੌਮੀ ਕਾਨਫਰੰਸ ਕਰਕੇ ਦੁਸ਼ਮਣ ਦੇ ਹਮਲੇ ਨੂੰ ਪਛਾੜਣ, ਪੂਰਨ ਅਜ਼ਾਦੀ ਹਾਸਲ ਕਰਨ ਤੇ ਜਨਤਾ ਦੀ ਰਾਜਸੱਤਾ ਸਥਾਪਤ ਕਰਨ ਦੇ ਮਹੱਤਵਪੂਰਨ ਫੈਸਲੇ ਲੈ ਕੇ ਆਮ ਬਗਾਵਤ ਦਾ ਸੱਦਾ ਦੇਣ ਦਾ ਨਿਰਣਾ ਕੀਤਾ ਗਿਆ। ਕੌਮੀ ਗੀਤ ਤੇ ਕੌਮੀ ਝੰਡਾ ਪ੍ਰਵਾਨ ਕਰਕੇ ਅਤੇ ਸਭ ਤੋਂ ਅਹਿਮ ਦਸ ਨੁਕਾਤੀ ਪ੍ਰੋਗਰਾਮ ਨੂੰ ਪਾਰਟੀ ਪ੍ਰੋਗਰਾਮ ਮੰਨਕੇ 'ਵੀਅਤਨਾਮ ਦੀ ਮੁਕਤੀ ਲਈ ਕੌਮੀ ਕਮੇਟੀ' ਸਥਾਪਿਤ ਕੀਤੀ ਗਈ ਜਿਸਦੇ ਪ੍ਰਧਾਨ ਕਾ. ਹੋਅ ਸਨ। ਪਾਰਟੀ ਵੱਲੋਂ ਤੈਅ ਪ੍ਰੋਗਰਾਮ ਉਪਰ ਜਬਰਦਸਤ ਅਮਲ ਹੋਏ ਜਿਸਦਾ ਸਿੱਟਾ 1945 'ਚ ਸਾਮਰਾਜੀਆਂ ਦੀ ਹਾਰ ਤੇ ਵੀਅਤਨਾਮੀ ਲੋਕਾਂ ਦੀ ਜਿੱਤ 'ਚ ਨਿਕਲਿਆ। ਇਹ ਪਹਿਲੀ ਵਾਰ ਸੀ ਕਿ ਇਕ ਬਸਤੀਵਾਦੀ ਦੇਸ਼ 'ਚ ਲਾਲ ਝੰਡਾ ਪੂਰੀ ਠਾਠ ਨਾਲ ਲਹਿਰਾਉਣ ਲੱਗਾ। ਕਮਿਊਨਿਸਟ ਪਾਰਟੀ ਦੇ ਸੱਤਾ 'ਤੇ ਕਬਜੇ ਨਾਲ ਮੁਸ਼ਕਲਾਂ ਹੋਰ ਜਿਆਦਾ ਵੱਧ ਗਈਆਂ। ਸਾਮਰਾਜੀਏ ਚੈਨ ਨਾਲ ਨਹੀਂ ਬੈਠੇ। ਵੀਅਤਨਾਮ ਅੰਦਰ ਭਿਆਨਕ ਕਾਲ ਦੀ ਹਾਲਤ ਬਣੀ ਹੋਈ ਸੀ। ਇਸ ਸਭ ਨਾਲ ਨਜਿੱਠਣ ਲਈ ਕਾ. ਹੋਅ ਨੇ ਲੋਕਾਂ ਤੋਂ ਵੱਧ ਤੋਂ ਵੱਧ ਸਹਿਯੋਗ ਦੀ ਅਪੀਲ ਕੀਤੀ। ਲੋਕਾਂ ਨੂੰ ਆਪਣੇ ਆਗੂ ਤੇ ਪਾਰਟੀ ਉਪਰ ਪੂਰਾ ਭਰੋਸਾ ਸੀ। ਉਨਾਂ ਕੌਮ ਦੀ ਮੁਕਤੀ ਲਈ ਹਰ ਮੋਰਚੇ ਤੇ ਸਾਥ ਦਿੱਤਾ ਤਾਂ ਹੁਣ ਉਹ ਕਿਵੇਂ ਪਿੱਛੇ ਹੱਟ ਸਕਦੇ ਸਨ।

ਵੀਅਤਨਾਮ ਅੰਦਰ ਹੁਣ ਸਭ ਅੱਛਾ ਨਹੀਂ ਸੀ ਰਿਹਾ। ਉਸਦੇ ਦੱਖਣੀ ਹਿੱਸੇ 'ਚ ਬਰਤਾਨਵੀਂ ਫੌਜ਼ ਦਾਖਲ ਹੋ ਗਈ। ਜਪਾਨੀ, ਫਰਾਂਸੀਸੀ ਤੇ ਬਰਤਾਨਵੀ ਸਾਮਰਾਜੀਏ ਜੋ ਜੰਗ ਦੌਰਾਨ ਇਕ ਦੂਜੇ ਦੇ ਦੁਸ਼ਮਣ ਬਣੇ ਹੋਏ ਸਨ ਉਹ ਹੁਣ ਵੀਅਤਨਾਮ ਦੀ ਕਮਿਊਨਿਸਟ ਅਗਵਾਈ ਵਾਲੀ ਸਰਕਾਰ ਨੂੰ ਕੁਚਲਣ ਲਈ ਇਕ ਹੋ ਗਏ। ਉਨਾਂ ਵੀਅਤਨਾਮ ਨੂੰ ਸਮਝੌਤਾ ਕਰਨ ਲਈ ਮਜ਼ਬੂਰ ਕਰ ਦਿੱਤਾ। ਇਸਤੋਂ ਬਾਅਦ ਕਬਜੇ, ਸਮਝੌਤੇ ਤੇ ਮੁੜ ਬਗਾਵਤਾਂ ਦਾ ਇਕ ਲੰਬਾ ਦੌਰ ਚੱਲਿਆ। ਸਾਮਰਾਜੀ ਤਾਕਤਾਂ ਸੰਧੀਆਂ-ਸਮਝੌਤਿਆਂ ਕਰਕੇ ਖੁਦ ਹੀ ਉਸਦੀ ਉਲੰਘਣਾ ਕਰਦਆਂ ਰਹੀਆਂ। ਫਰਾਂਸੀਸੀ ਲਗਾਤਾਰ ਵੀਅਤਨਾਮੀ ਲੋਕਾਂ ਉਪਰ ਹਮਲੇ ਦੇ ਰਾਹ ਪਏ ਹੋਏ ਸਨ। ਕਾ. ਹੋਅ ਇਸ ਹਮਲੇ ਨੂੰ ਖਦੇੜਨ ਲਈ ਲਗਾਤਾਰ ਯਤਨਸ਼ੀਲ ਰਹੇ। ਉਨਾਂ ਦੇਸ਼ਵਾਸੀਆਂ, ਫਰਾਂਸੀਸੀ ਲੋਕਾਂ ਤੇ ਦੂਜੇ ਸਹਿਯੋਗੀ ਦੇਸ਼ਾਂ ਨੂੰ ਮਦਦ ਦੀਆਂ ਅਪੀਲਾਂ ਜਾਰੀ ਕੀਤੀਆਂ। ਜਿਸ ਵਿਚ ਉਨਾਂ ਸਾਮਰਾਜੀ ਲੁਟੇਰਿਆਂ ਦੇ ਜਬਰ, ਲੁੱਟ ਤੇ ਧੋਖੇ ਨੂੰ ਸੰਸਾਰ ਦੇ ਲੋਕਾਂ ਸਾਹਮਣੇ ਨੰਗਾ ਕੀਤਾ। ਉਨਾਂ ਵੀਅਤਨਾਮੀ ਲੋਕਾਂ ਨੂੰ ਗੁਲਾਮੀ ਤੋਂ ਮੁਕਤੀ ਲਈ ਅੰਤਿਮ ਸਾਹ ਤੱਕ ਲੜਦੇ ਰਹਿਣ ਲਈ ਪ੍ਰੇਰਿਆ। ਕਿਸਾਨਾਂ-ਮਜ਼ਦੂਰਾਂ ਤੇ ਨੌਜਵਾਨਾਂ ਨੂੰ ਵੱਡੀ ਪੱਧਰ ਤੇ ਮੁਕਤੀ ਸੈਨਾ ਵਿਚ ਭਰਤੀ ਹੋ ਕੇ ਸਾਮਰਾਜੀ ਫੌਜਾਂ ਦਾ ਮੂੰਹ ਮੋੜਨ ਦਾ ਸੱਦਾ ਦਿੱਤਾ।

1946-47 ਦੇ ਕਰੀਬ ਚੀਨ ਦੀ ਕਮਿਊਨਿਸਟ ਪਾਰਟੀ ਨੇ ਆਪਣੇ ਕੌਮਾਂਤਰੀਵਾਦੀ ਫਰਜਾਂ ਤਹਿਤ ਵੀਅਤਨਾਮੀ ਗੁਰੀਲਿਆਂ ਨੂੰ ਗੁਰੀਲਾ ਟਰੇਨਿੰਗ, ਆਧੁਨਿਕ ਹਥਿਆਰ, ਫੌਜੀ ਸਾਜੋ-ਸਮਾਨ ਤੇ ਹੋਰ ਮਾਇਕ ਸਹਾਇਤਾ ਦਿੱਤੀ। ਇਸ ਨਿਰਸੁਆਰਥ ਭਰਾਤਰੀ ਸਹਿਯੋਗ ਸਦਕਾ ਵੀਅਤਨਾਮੀ ਮੁਕਤੀ ਸੈਨਾ ਸਾਮਰਾਜੀ ਫੌਜਾਂ ਖਿਲਾਫ ਪੂਰੀ ਨਿਡਰਤਾ, ਅਨੁਸ਼ਾਸ਼ਨ ਤੇ ਤਜਰਬੇ ਨਾਲ ਡੱਟਕੇ ਲੜੇ। ਉਧਰ ਚੀਨ ਅੰਦਰ ਲਾਲ ਸੈਨਾ ਦੀਆਂ ਇਕ ਤੋਂ ਬਾਅਦ ਇਕ ਲਗਾਤਾਰ ਜਿੱਤ ਪ੍ਰਾਪਤ ਕਰਨ ਦੀਆਂ ਖਬਰਾਂ ਉਨ੍ਹਾਂ ਅੰਦਰ ਮੁਕਤੀ ਦੀ ਤਾਂਘ ਨੂੰ ਹੋਰ ਜ਼ਿਆਦਾ ਵਧਾ ਰਹੀਆਂ ਸਨ। ਉਹ ਪੂਰੇ ਏਸ਼ੀਆ ਅੰਦਰ ਤਬਦੀਲੀ ਦੀ ਜੋਰਦਾਰ ਆਹਟ ਮਹਿਸੂਸ ਕਰ ਰਹੇ ਸਨ। ਕਾ. ਹੋਅ ਕਿਸਾਨਾਂ-ਮਜ਼ਦੂਰਾਂ, ਫੌਜੀਆਂ ਤੇ ਨੌਜਵਾਨਾਂ ਨੂੰ ਕਾਲ, ਅਣਪੜ੍ਹਤਾ, ਗਰੀਬੀ ਤੇ ਦੁਸ਼ਮਣ ਉਪਰ ਜਿੱਤ ਹਾਸਲ ਕਰਨ ਦੀਆਂ ਅਪੀਲਾਂ ਜਾਰੀ ਕਰਦੇ।

ਚੀਨ ਅੰਦਰ ਇਨਕਲਾਬ ਦੇ ਜਿੱਤ ਜਾਣ ਤੋਂ ਬਾਅਦ ਚੀਨ ਦੀ ਨਵੀਂ ਬਣੀ ਸਰਕਾਰ ਨੇ 14 ਜਨਵਰੀ 1950 ਨੂੰ ਕਾ. ਹੋਅ ਦੀ ਅਗਵਾਈ ਵਾਲੀ ਵੀਅਤਨਾਮ ਰਿਪਬਲਿਕ ਨੂੰ ਸਰਕਾਰੀ ਮਾਨਤਾ ਦੇ ਦਿੱਤੀ ਅਤੇ 31 ਜਨਵਰੀ 1950 ਨੂੰ ਸੋਵੀਅਤ ਯੂਨੀਅਨ ਦੀ ਮਾਨਤਾ ਹਾਸਲ ਹੋ ਗਈ। ਦੋਵਾਂ ਦੇਸ਼ਾਂ ਦੁਆਰਾ ਦਿੱਤੀ ਗਈ ਇਹ ਮਾਨਤਾ ਸਾਮਰਾਜੀਆਂ ਦੇ ਮੂੰਹ ਤੇ ਕਰਾਰੀ ਚਪੇੜ ਬਰਾਬਰ ਸੀ। ਸਾਮਰਾਜੀਏ ਬੇਚੈਨ ਹੋ ਉੱਠੇ ਉਨਾਂ ਨੂੰ ਆਪਣੇ ਗੁਲਾਮ ਖੁੱਸਣ ਦਾ ਫਿਕਰ ਵੱਢ-ਵੱਢ ਖਾਣ ਲੱਗਾ ਤੇ ਉਹ ਅਨੇਕਾਂ ਤਰਾਂ ਦੀਆਂ ਚਾਲਾਂ ਚੱਲਣ ਲੱਗੇ। ਉਨਾਂ ਨੇ 'ਦੱਖਣੀ ਵੀਅਤਨਾਮ', 'ਲਾਉਸ' ਤੇ ਕੰਬੋਡੀਆ ਨੂੰ ਅਜ਼ਾਦ ਦੇਸ਼ਾਂ ਵਜੋਂ ਮਾਨਤਾ ਦੇ ਦਿੱਤੀ। ਉਧਰ ਅਮਰੀਕਾ ਵੀਅਤਨਾਮ ਦੇ ਘਰੇਲੂ

ਮਾਮਲਿਆਂ 'ਚ ਦਖਲਅੰਦਾਜ਼ੀ ਕਰਕੇ ਉੱਥੋਂ ਫਰਾਂਸਿਸੀ ਬਸਤੀਵਾਦੀ ਦਖਲ ਖਤਮ ਕਰਕੇ ਆਪਣੀ ਸੱਤਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਕਰਨ ਲੱਗਾ। ਵੀਅਤਨਾਮੀ ਲੋਕਾਂ ਨੇ ਅਮਰੀਕੀ ਸਾਮਰਾਜ ਦੇ ਕੋਝੇ ਮਨਸ਼ਿਆਂ ਦਾ ਡੱਟਵਾਂ ਵਿਰੋਧ ਕੀਤਾ ਅਤੇ ਕਾ. ਹੋਅ ਨੇ ਲੋਕਾਂ ਨੂੰ ਸਾਮਰਾਜ ਖਿਲਾਫ ਲੜਨ ਲਈ ਸਮਾਜਵਾਦੀ ਰੂਸ ਅਤੇ ਚੀਨ ਤੋਂ ਦਿਸ਼ਾ ਗ੍ਰਹਿਣ ਕਰਨ ਦਾ ਹੋਕਾ ਦਿੱਤਾ। ਉਨਾਂ ਨੇ ਮਾਰਕਸਵਾਦੀ ਤੇ ਖਾਸਕਰ ਮਾਓ ਦੀਆਂ ਲਿਖਤਾਂ ਦੇ ਅਨੁਵਾਦ ਕਰਕੇ ਲੋਕਾਂ ਦੀ ਸਿਆਸੀ ਚੇਤਨਾ ਨੂੰ ਉੱਚਾ ਚੁੱਕਣ 'ਚ ਅਹਿਮ ਭੂਮਿਕਾ ਨਿਭਾਈ। ਉਨਾਂ ਨੇ ਕੰਬੋਡੀਆ ਤੇ ਲਾਉਸ ਦੇ ਲੋਕਾਂ ਨੂੰ ਅਮਰੀਕੀ ਸਾਮਰਾਜੀ ਧੌਂਸ ਨੂੰ ਵਗਾ ਮਾਰਨ ਲਈ ਉੱਠ ਖੜੇ ਹੋਣ ਤੇ ਸਾਂਝਾ ਮੋਰਚਾ ਉਸਾਰਨ ਦਾ ਸੱਦਾ ਦਿੱਤਾ। ਇਸ ਸੱਦੇ ਦਾ ਸਿੱਟਾ ਕੰਬੋਡੀਆ, ਲਾਉਸ ਤੇ ਵੀਅਤਨਾਮ ਦੇ ਇਨਕਲਾਬ ਦੀ ਇਕ ਸਾਂਝੀ ਕਮੇਟੀ ਦੇ ਰੂਪ ਵਿਚ ਸਾਕਾਰ ਹੋਇਆ। ਇਸ ਵੱਲੋਂ ਇਕ ਸਾਂਝਾ ਐਲਾਨਨਾਮਾ ਜਾਰੀ ਕੀਤਾ ਗਿਆ। ਪ੍ਰਚਾਰ ਮੁਹਿੰਮਾਂ ਚਲਾਈਆਂ ਗਈਆਂ ਅਤੇ ਗਰੀਬ ਤੇ ਮੱਧਵਰਗੀ ਕਿਸਾਨਾਂ ਨੂੰ ਵੱਡੀ ਪੱਧਰ ਤੇ ਲਾਮਬੰਦ ਕੀਤਾ ਗਿਆ। ਅਮਰੀਕੀ ਸਾਮਰਾਜ ਨੂੰ ਕਰਾਰੀ ਹਾਰ ਦੇਣ ਲਈ ਫੌਜੀ ਯੁੱਧਨੀਤੀ ਨੂੰ ਹੋਰ ਵੱਧ ਮਜ਼ਬੂਤ ਤੇ ਜੱਥੇਬੰਦ ਕੀਤਾ ਗਿਆ। ਸਮਾਜਵਾਦੀ ਮੁਲਕਾਂ ਦੇ ਸਹਿਯੋਗ ਤੇ ਵੀਅਤਨਾਮੀ ਲੋਕਾਂ ਦੀ ਕੁਰਬਾਨੀ ਸਦਕਾ ਅਮਰੀਕੀ ਸਾਮਰਾਜੀਆਂ ਨੂੰ ਵੀਅਤਨਾਮ 'ਚ ਅਨੇਕਾਂ ਛੋਟੀਆਂ-ਵੱਡੀਆਂ ਹਾਰਾਂ ਦਾ ਸਾਹਮਣਾ ਕਰਨਾ ਪਿਆ। ਅਖੀਰ 1954 ਨੂੰ 'ਜਨੇਵਾ ਸਮਝੌਤੇ' ਤਹਿਤ ਜੰਗਬੰਦੀ ਕੀਤੀ ਗਈ। ਇਸ ਸਮਝੌਤੇ ਹੇਠ ਵੀਅਤਨਾਮ ਦੀ ਅਜ਼ਾਦੀ ਤੇ ਏਕੀਕਰਨ ਦੇ ਨਾਲ-ਨਾਲ ਆਰਜੀ ਜੰਗਬੰਦੀ, ਰਾਜਨੀਤਿਕ ਤੇ ਇਲਾਕਾਈ ਹੱਦ ਮੰਨੇ ਜਾਣ ਆਦਿ ਵਰਗੀਆਂ ਮੱਦਾਂ ਸ਼ਾਮਲ ਸਨ। ਇਸ ਸਮਝੌਤੇ ਤੋਂ ਬਾਅਦ ਕਾ. ਹੋਅ ਦੱਖਣੀ ਭਾਗ 'ਚ ਕੌਮੀ ਜਮਹੂਰੀ ਇਨਕਲਾਬ ਤੇ ਉੱਤਰੀ ਹਿੱਸੇ 'ਚ ਸਮਾਜਵਾਦੀ ਉਸਾਰੀ ਕਰਨ ਦੇ ਕਾਰਜ ਵਿਚ ਜੁੱਟ ਗਏ। ਉਧਰ ਅਮਰੀਕੀ ਸਾਮਰਾਜੀਏ ਸੰਸਾਰ 'ਚੋਂ ਕਮਿਊਨਿਸਟਾਂ ਨੂੰ ਕੁਚਲਣ ਤੇ ਆਪਣੀ ਪਸਾਰਵਾਦੀ ਨਵ-ਬਸਤੀਵਾਦੀ ਨੀਤੀ ਤਹਿਤ ਵੀਅਤਨਾਮ 'ਤੇ ਗਲਬਾ ਜਮਾਉਣ ਦੀਆਂ ਸਾਜਿਸ਼ਾਂ ਰਚਣ ਲੱਗੇ।

ਅਮਰੀਕਾ ਨੇ ਜਨੇਵਾ ਸਮਝੌਤੇ ਦੀ ਉਲੰਘਣਾ ਕਰਦੇ ਹੋਏ ਦੱਖਣੀ ਵੀਅਤਨਾਮ 'ਚ ਕੌਮੀ ਮੁਕਤੀ ਲਹਿਰ ਨੂੰ ਕੁਚਲਣ ਲਈ ਆਪਣੀ ਪਿੱਠੂ 'ਡੀਮ ਸਰਕਾਰ' ਨੂੰ ਫੌਜ਼ੀ ਸਾਜੋ-ਸਮਾਨ ਦੇਣਾ ਸ਼ੁਰੂ ਕਰ ਦਿੱਤਾ। ਕਾ. ਹੋਅ ਨੇ ਅਮਰੀਕੀ ਸਾਜਿਸ਼ ਨੂੰ ਅਗਾਊਂ ਭਾਂਪਦਿਆਂ ਲੋਕ ਇਨਕਲਾਬ ਦੇ ਅਮਲ ਨੂੰ ਹੋਰ ਤਿੱਖਾ ਕਰਨ ਲਈ ਕਿਸਾਨਾਂ ਨੂੰ ਜੱਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਦੱਖਣੀ ਹਿੱਸੇ ਵਿਚ ਅਮਰੀਕਾ ਵਿਰੋਧੀ ਰੋਸ ਲਹਿਰ ਵੱਡੀ ਪੱਧਰ ਤੇ ਫੈਲਣ ਲੱਗੀ। ਅਮਰੀਕਾ ਨੇ ਇਸ ਲਹਿਰ ਨੂੰ ਕੁਚਲਣ ਲਈ ਸਭ ਤੋਂ ਵੱਧ ਸਹਿਯੋਗੀ ਬਣਦੇ ਉੱਤਰੀ ਹਿੱਸੇ ਦੇ ਕਮਿਊਨਿਸਟਾਂ ਤੇ ਦੇਸ਼ਭਗਤਾਂ ਨੂੰ ਕੁਚਲਣ ਲਈ 1965 ਨੂੰ ਉੱਤਰੀ ਵੀਅਤਨਾਮ ਦੇ ਲੋਕਾਂ ਉਪਰ ਭਿਆਨਕ ਬੰਬਾਰੀ ਕੀਤੀ। ਅਮਰੀਕਾ ਦੀ ਇਸ ਘਿਨਾਉਣੀ ਕਾਰਵਾਈ ਦੀ ਦੁਨੀਆਂ ਭਰ 'ਚ ਸਖ਼ਤ ਨਿਖੇਧੀ ਹੋਈ। ਵੀਅਤਨਾਮੀ ਲੋਕਾਂ ਦਾ ਗੁੱਸਾ ਭਾਂਬੜ ਬਣ ਉੱਠਿਆ ਤੇ ਉਹ ਅਮਰੀਕੀ ਹਮਲਾਵਰਾਂ ਖਿਲਾਫ ਜਾਨ-ਹੂਲਵੇਂ ਸੰਘਰਸ਼ 'ਚ ਕੁੱਦ ਪਏ। ਅਮਰੀਕਨ ਨੌਜਵਾਨਾਂ ਨੇ ਆਪਣੇ ਹਾਕਮਾਂ ਦੀ ਇਸ ਅਣਮਨੁੱਖੀ ਕਰਤੂਤ ਦਾ ਸਖ਼ਤ ਵਿਰੋਧ ਕੀਤਾ। ਸੰਸਾਰ ਪੱਧਰ ਤੇ ਅਮਰੀਕਾ ਦੀ ਹੋਈ ਨਿਖੇਧੀ ਤੇ ਵੀਅਤਨਾਮੀ ਲੋਕਾਂ ਦੀ ਜਬਰਦਸਤ ਟਾਕਰਾ ਲਹਿਰ ਕਾਰਨ ਅਖੀਰ ਅਮਰੀਕਨ ਸਾਮਰਾਜੀਆਂ ਨੂੰ ਇਕ ਵਾਰ ਫਿਰ ਮੂੰਹ ਦੀ ਖਾਣੀ ਪਈ। ਪਰ ਅਮਰੀਕੀ ਸਾਮਰਾਜੀਆਂ ਨੇ ਆਪਣੀਆਂ ਚਾਲਾਂ ਨਿਰੰਤਰ ਜਾਰੀ ਰੱਖੀਆਂ।

4 ਸਤੰਬਰ 1969 ਦੀ ਸਵੇਰ ਨੂੰ ਕਾ. ਹੋਅ ਨੂੰ ਹਿਨੋਈ 'ਚ ਭਿਆਨਕ ਦਿਲ ਦਾ ਦੌਰਾ ਪਿਆ ਜਿਸ ਨਾਲ ਸੰਸਾਰ ਪ੍ਰਸਿੱਧੀ ਵਾਲਾ ਉਹ ਕੌਮੀ ਯੋਧਾ ਸਾਥੋਂ ਸਦਾ ਲਈ ਵਿੱਛੜ ਗਿਆ। ਉਨਾਂ ਦੇ ਵਿੱਛੜ ਜਾਣ ਤੇ ਦੁਨੀਆਂ ਭਰ ਦੇ ਕਮਿਊਨਿਸਟਾਂ, ਸੰਸਾਰ ਅਮਨਪਸੰਦ ਤੇ ਅਗਾਂਹਵਧੂ ਹਿੱਸਿਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਵੀਅਤਨਾਮੀ ਲੋਕਾਂ ਨੇ ਆਪਣੇ ਹਰਮਨ ਪਿਆਰੇ ਆਗੂ ਦੀ ਦੇਹ ਨੂੰ ਅੱਜ ਤੱਕ ਸੰਭਾਲ ਕੇ ਰੱਖਿਆ ਹੋਇਆ ਹੈ।

**ਨਿਰਗੁਣ ਤਾਤ ਥਾਨ-ਭਾਵ**
**'ਜੋ ਅਵੱਸ਼ ਜਿੱਤੇਗਾ'**

# ਜਾਰੀ ਹੈ ਚੰਦਭਾਨ ਦੇ ਮਜ਼ਦੂਰਾਂ ਦਾ ਮਿਸਾਲੀ ਸੰਗਰਾਮ





**ਲਛਮਣ ਸਿੰਘ ਸੇਵੇਵਾਲਾ**

ਪੰਜ ਫਰਵਰੀ ਨੂੰ ਪਿੰਡ ਚੰਦਭਾਨ (ਫ਼ਰੀਦਕੋਟ ) ਦੇ ਖੇਤ ਮਜ਼ਦੂਰਾਂ ਉੱਤੇ 'ਆਮ ਆਦਮੀ ਪਾਰਟੀ' ਦੇ ਵਿਧਾਇਕ ਅਮੋਲਕ ਸਿੰਘ ਦੇ ਸਿਆਸੀ ਦਬਾਅ ਤਹਿਤ ਪੁਲਿਸ ਤੇ ਹਲਕਾ ਵਿਧਾਇਕ ਦੇ ਚਹੇਤੇ ਸ਼ੈਲਰ ਮਾਲਕ ਗਮਦੂਰ ਕੇ ਲਾਣੇ ਵਲੋਂ ਢਾਹੇ ਗਏ ਅੰਨ੍ਹੇ ਤਸ਼ੱਦਦ ਖਿਲਾਫ਼ ਖੇਤ ਮਜ਼ਦੂਰਾਂ ਦਾ ਸੰਘਰਸ਼ ਕਈ ਮਹੀਨੇ ਬਾਅਦ ਵੀ ਮੱਠਾ ਨਹੀਂ ਪੈ ਰਿਹਾ। ਇਸਦਾ ਇਕ ਕਾਰਨ ਤਾਂ ਜ਼ਿਲ੍ਹਾ ਪ੍ਰਸ਼ਾਸਨ ਦੀ ਸਮਝੌਤੇ ਨੂੰ ਇੰਨ-ਬਿੰਨ ਲਾਗੂ ਕਰਨ ਤੋਂ ਲਗਾਤਾਰ ਟਾਲ-ਮਟੋਲ ਹੈ। ਅਤੇ ਦੂਜਾ ਇਸ ਘੋਲ ਨਾਲ ਚੰਦਭਾਨ ਦੇ ਮਜ਼ਦੂਰਾਂ ਦੇ ਵੱਡੇ ਹਿੱਸੇ 'ਚ ਸੰਘਰਸ਼ ਅਤੇ ਜਥੇਬੰਦੀ ਦੀ ਲੋੜ ਬਾਰੇ ਬਣੀ ਚੇਤਨਾ ਹੈ। ਇਸੇ ਤਹਿਤ, ਵੱਖ-ਵੱਖ ਮਜ਼ਦੂਰ ਜਥੇਬੰਦੀਆਂ 'ਤੇ ਅਧਾਰਤ 'ਚੰਦਭਾਨ ਜਬਰ ਵਿਰੋਧੀ ਐਕਸ਼ਨ ਕਮੇਟੀ' ਵੱਲੋਂ ਰਹਿੰਦੀਆਂ ਮੰਗਾਂ ਲਾਗੂ ਕਰਾਉਣ ਲਈ 12-13 ਮਈ ਨੂੰ ਐੱਸ.ਐੱਸ.ਪੀ. ਦਫਤਰ ਫ਼ਰੀਦਕੋਟ ਅੱਗੇ ਦੋ ਰੋਜ਼ਾ ਧਰਨਾ ਲਾਇਆ ਗਿਆ। ਧਰਨੇ 'ਚ ਬੀਕੇਯੂ ਏਕਤਾ ਉਗਰਾਹਾਂ ਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਭਰਵਾਂ ਸਹਿਯੋਗੀ ਕੰਨ੍ਹਾਂ ਲਾਇਆ ਗਿਆ। ਧਰਨੇ 'ਚ ਜੁੜੇ ਸੈਂਕੜੇ ਮਜ਼ਦੂਰ ਮਰਦ-ਔਰਤਾਂ ਦੇ ਇਕੱਠ ਤੇ ਡੁੱਲ ਡੁੱਲ ਪੈਂਦੇ ਰੋਹ ਨੇ ਪ੍ਰਸ਼ਾਸਨ ਦੇ ਪੈਂਤੜੇ ਨੂੰ ਭੁਆਂਟਣੀ ਦੇ ਦਿੱਤੀ। ਧਰਨੇ ਨੂੰ ਸਾਬੋਤਾਜ ਕਰਨ ਲਈ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਤੇ ਵਿਧਾਇਕ ਵੱਲੋਂ ਅਪਣਾਏ ਸਭ ਹੱਥਕੰਡੇ ਫੇਲ੍ਹ ਕਰ ਦਿੱਤੇ। ਇੱਕ ਪਾਸੇ ਪੁਲਿਸ ਅਧਿਕਾਰੀਆਂ ਨੇ ਐਕਸ਼ਨ ਕਮੇਟੀ ਨਾਲ ? ਮੀਟਿੰਗ ਕਰਕੇ ਤੇ ਜੰਗ ਦੇ ਹਾਲਾਤਾਂ ਦੀ ਦੁਹਾਈ ਦੇ ਕੇ ਧਰਨਾ ਮੁਲਤਵੀ ਕਰਾਉਣ ਲਈ ਪੂਰਾ ਤਾਣ ਲਾਇਆ। ਪਰ ਸਫ਼ਲ ਨਾ ਹੋਣ 'ਤੇ ਪੁਲਿਸ ਅਧਿਕਾਰੀਆਂ ਵੱਲੋਂ ਦਲਿਤ ਮਹਿਲਾ ਸਰਪੰਚ ਅਮਨਦੀਪ ਕੌਰ ਦੇ ਪਤੀ ਤੇ ਇਸ ਹਮਲੇ ਦੀ ਸਭ ਤੋਂ ਵੱਧ ਮਾਰ ਹੇਠ ਆਏ ਕੁਲਦੀਪ ਸਿੰਘ ਦੇ ਘਰ ਜਾ ਕੇ ਉਸਨੂੰ ਪਤਿਆਉਣ ਦੇ ਯਤਨ ਕੀਤੇ ਗਏ। ਦੂਜੇ ਪਾਸੇ ਵਿਧਾਇਕ ਅਮੋਲਕ ਸਿੰਘ ਵੱਲੋਂ ਧਰਨੇ ਤੋਂ ਪਹਿਲੀ ਰਾਤ ਅਚਾਨਕ ਸਰਪੰਚ ਦੇ ਘਰ ਜਾ ਕੇ ਗ੍ਰਾਂਟਾਂ ਦਾ ਚੋਗਾ ਪਾਉਣ ਵਰਗੇ ਹੱਥ ਕੰਡੇ ਅਪਣਾਏ ਗਏ। ਪਤਾ ਲੱਗਦੇ ਸਾਰ ਚੰਦ ਭਾਨ ਦੇ ਮਜ਼ਦੂਰਾਂ ਨੇ ਡੂੰਮਣੇ ਦੀਆਂ ਮੱਖੀਆਂ ਵਾਂਗ ਸਰਪੰਚ ਦੇ ਘਰ ਵੱਲ ਸ਼ੂਟ ਵੱਟ ਦਿੱਤੀ। ਹਾਲਾਤ ਨੂੰ ਭਾਂਪ ਕੇ ਵਿਧਾਇਕ ਪੱਤਰੇ ਵਾਚ ਗਿਆ। ਉਸਦਾ ਇਹ ਪੈਂਤੜਾ ਵੀ ਠੁੱਸ ਹੋ ਗਿਆ ਅਤੇ ਮਜ਼ਦੂਰਾਂ ਤੋਂ ਛੋਤ ਵੱਖਰੀ ਲੁਹਾ ਲਈ। ਧਰਨੇ ਦੌਰਾਨ ਜਦੋਂ ਸਿਵਲ ਤੇ ਪੁਲਿਸ ਅਧਿਕਾਰੀਆਂ ਵੱਲੋਂ ਐਕਸ਼ਨ ਕਮੇਟੀ ਨੂੰ (ਡੀ.ਆਈ.ਜੀ. ਤੇ ਡਿਪਟੀ ਕਮਿਸ਼ਨਰ ਦੀ ਗੈਰਹਾਜ਼ਰੀ ਹੋਣ ਕਾਰਨ) ਐੱਸ.ਐੱਸ.ਪੀ. ਨਾਲ ਮੀਟਿੰਗ ਕਰਨ ਦਾ ਸੱਦਾ ਦਿੱਤਾ ਤਾਂ ਐਕਸ਼ਨ ਕਮੇਟੀ ਵੱਲੋਂ ਇਕੱਲੀ ਐੱਸ.ਐੱਸ.ਪੀ. ਨਾਲ ਮੀਟਿੰਗ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਅਤੇ ਅਗਲੇ ਦਿਨ ਡੀ.ਆਈ.ਜੀ. ਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਰਹਿੰਦੀਆਂ ਮੰਗਾਂ ਛੇਤੀਂ ਲਾਗੂ ਕਰਨ ਦੇ ਭਰੋਸੇ ਤੋਂ ਬਾਅਦ ਧਰਨਾ ਮੁਲਤਵੀ ਕਰ ਦਿੱਤਾ ਗਿਆ।

ਵਰਨਣਯੋਗ ਹੈ ਕਿ 5 ਫਰਵਰੀ ਨੂੰ ਪਿੰਡ ਦੇ ਸੈਂਕੜੇ ਖੇਤ ਮਜ਼ਦੂਰਾਂ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਦੇ ਮਸਲੇ ਨੂੰ ਲੈ ਕੇ ਦਲਿਤ ਮਹਿਲਾ ਸਰਪੰਚ ਅਤੇ ਪੰਚਾਇਤ ਦੀ ਅਗਵਾਈ ਹੇਠ ਪਿੰਡ ਦੇ ਬੱਸ ਅੱਡੇ 'ਤੇ ਰੋਸ ਧਰਨਾ ਦਿੱਤਾ ਗਿਆ ਸੀ। (ਕਿਉਂਕਿ ਗਮਦੂਰ ਹੋਰਾਂ ਵੱਲੋਂ ਆਪਣੇ ਸਿਆਸੀ ਤੇ ਵਿੱਤੀ ਜੋਰ ਦੇ ਨਾਲ ਗਲਤ ਢੰਗ ਨਾਲ ਕਰਵਾਈ ਜਾ ਰਹੀ ਗੰਦੇ ਪਾਣੀ ਦੀ ਨਿਕਾਸੀ ਦੇ ਸਬੂਤ ਜੁਟਾਉਣ ਗਈ ਦਲਿਤ ਮਹਿਲਾ ਸਰਪੰਚ ਤੇ ਖੇਤ ਮਜ਼ਦੂਰਾਂ ਨਾਲ ਗਮਦੂਰ ਤੇ ਉਸਦੇ ਭਰਾ ਹਰਵਿੰਦਰ ਸਿੰਘ ਆਦਿ ਵੱਲੋਂ ਧੱਕਾ ਮੁੱਕੀ ਕਰਕੇ ਬੇਇੱਜਤ ਕੀਤਾ ਗਿਆ ਸੀ।) ਸੜਕ ਜਾਮ ਕਰਕੇ ਪ੍ਰਦਰਸ਼ਨ ਕਰ ਰਹੇ ਦਲਿਤ ਮਜ਼ਦੂਰਾਂ ਉੱਤੇ ਭਾਰੀ ਪੁਲਿਸ ਫੋਰਸ ਵਲੋਂ ਲਾਠੀਚਾਰਜ ਕੀਤਾ ਗਿਆ ਅਤੇ ਗਮਦੂਰ ਕਿਆਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ। ਮਜ਼ਦੂਰਾਂ ਨੇ ਇਸ ਹਮਲੇ ਦਾ ਡੱਟਕੇ ਟਾਕਰਾ ਕੀਤਾ। ਮਜ਼ਦੂਰਾਂ ਦੇ ਜ਼ਬਰਦਸਤ ਵਿਰੋਧ ਨੇ ਇੱਕ ਵਾਰ ਤਾਂ ਪੁਲਿਸ ਦੀਆਂ ਪੁਦੀੜਾਂ ਪਵਾ ਦਿੱਤੀਆਂ। ਪਰ ਗੈਰ ਜਥੇਬੰਦ ਹੋਣ ਕਾਰਨ ਆਪ-ਮੁਹਾਰੇ ਟਾਕਰੇ ਦੇ ਰਾਹ ਪਏ ਮਜ਼ਦੂਰ ਹਕੂਮਤ ਦੇ ਮੋੜਵੇਂ ਹੱਲੇ ਨੂੰ ਨਾ ਭਾਂਪ ਸਕੇ। ਕੁਝ ਦੇਰ ਬਾਅਦ ਹੀ ਐੱਸ.ਐੱਸ.ਪੀ. ਦੀ ਅਗਵਾਈ ਹੇਠ ਆਈ ਪੁਲਿਸ ਫੋਰਸ ਤੇ ਗਮਦੂਰ ਹੋਰਾਂ ਵੱਲੋਂ ਮਿਲ ਕੇ ਪ੍ਰਦਰਸ਼ਨ ਕਰ ਰਹੇ ਖੇਤ ਮਜ਼ਦੂਰਾਂ ਉੱਤੇ ਵਿਦੇਸ਼ੀ ਧਾੜਵੀਆਂ ਵਾਂਗ ਹੱਲਾ ਬੋਲ ਦਿੱਤਾ ਗਿਆ। ਔਰਤਾਂ, ਬੱਚਿਆਂ, ਬਜ਼ੁਰਗਾਂ ਸਮੇਤ ਜੋ ਵੀ ਸਾਹਮਣੇ ਆਇਆ ਉਸ ਉੱਤੇ ਅੰਨ੍ਹੇ ਵਾਹ ਡਾਂਗ ਵਰ੍ਹਾਈ ਗਈ ਅਤੇ ਸਬਕ ਸਿਖਾਉਣ ਦੇ ਇਰਾਦੇ ਨਾਲ ਘਰਾਂ ਚ ਵੜ ਕੇ ਸਮਾਨ ਦੀ ਭੰਨਤੋੜ ਕੀਤੀ ਗਈ। ਮਹਿਲਾ ਸਰਪੰਚ ਦੇ ਘਰ ਦਾ ਤਾਂ ਸਾਰਾ ਸਮਾਨ ਹੀ ਕਰੀਹ ਕਰ ਦਿੱਤਾ ਗਿਆ। ਮਹਿਲਾ ਸਰਪੰਚ ਦੇ ਪਤੀ ਸਮੇਤ 50 ਦੇ ਕਰੀਬ ਮਰਦ ਔਰਤਾਂ ਤੇ ਬੱਚਿਆਂ ਨੂੰ ਪੁਲਿਸ ਗਿਰਫ਼ਤਾਰ ਕਰਕੇ ਲੈ ਗਈ ਅਤੇ 91 ਬੰਦਿਆਂ ਉਤੇ ਇਰਾਦਾ ਕਤਲ, ਸਰਕਾਰੀ ਡਿਊਟੀ ਚ ਵਿਘਨ ਪਾਉਣ ਤੇ ਲੁੱਟ ਮਾਰ ਕਰਨ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਦਿੱਤਾ ਗਿਆ। ਪੁਲਿਸ ਥਾਣਿਆਂ ਵਿੱਚ ਲਿਜਾਕੇ ਮਜ਼ਦੂਰਾਂ ਉਤੇ ਅਣ-ਮਨੁੱਖੀ ਜਬਰ ਢਾਹਿਆ ਗਿਆ ਅਤੇ ਤਿੰਨ ਔਰਤਾਂ ਸਮੇਤ 41 ਜਣਿਆਂ ਨੂੰ ਫ਼ਰੀਦਕੋਟ ਜੇਲ੍ਹ ਵਿਚ ਡੱਕ ਦਿੱਤਾ ਗਿਆ। ਪੁਲਿਸ ਅਤੇ ਗਮਦੂਰ ਦੀ ਢਾਣੀ ਵੱਲੋਂ ਉਲਟਾ ਮਜ਼ਦੂਰਾਂ ਵੱਲੋਂ ਪੁਲਿਸ ਉਤੇ ਇੱਟਾਂ ਰੋੜਿਆਂ ਨਾਲ ਹਮਲਾ ਕਰਨ ਦਾ ਬਿਰਤਾਂਤ ਸਿਰਜ ਕੇ ਪੀੜਤ ਮਜ਼ਦੂਰਾਂ ਨੂੰ ਹੀ ਰੱਜ ਕੇ ਬਦਨਾਮ ਕੀਤਾ ਗਿਆ।

ਪੁਲਿਸ ਪ੍ਰਸ਼ਾਸਨ ਤੇ ਸ਼ੈਲਰ ਮਾਲਕ ਦੇ ਗੱਠਜੋੜ ਵੱਲੋਂ ਵਰਤਾਏ ਇਸ ਕਹਿਰ ਖਿਲਾਫ਼ ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਦਿਹਾਤੀ ਮਜ਼ਦੂਰ ਸਭਾ, ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਮਨਰੇਗਾ ਵਰਕਰ ਯੂਨੀਅਨ, ਖੇਤ ਮਜ਼ਦੂਰ ਸਭਾ ਪੰਜਾਬ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਦਿ ਜਥੇਬੰਦੀਆਂ ਵੱਲੋਂ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ। ਐਕਸ਼ਨ ਕਮੇਟੀ ਵੱਲੋਂ ਪ੍ਰਸ਼ਾਸਨ ਵੱਲੋਂ ਫੈਲਾਏ ਕੂੜ ਪ੍ਰਚਾਰ ਨੂੰ ਤੱਥਾਂ ਸਹਿਤ ਕੱਟਦਿਆਂ ਇਸ ਸਮੁੱਚੇ ਮਸਲੇ ਸਬੰਧੀ ਥਾਣਾ ਜੈਤੋ ਦੇ ਮੁਖੀ ਰਾਜੇਸ਼ ਕੁਮਾਰ ਅਤੇ ਗਮਦੂਰ ਦੀ ਧਿਰ ਨੂੰ ਮੁੱਖ ਦੋਸ਼ੀ ਟਿੱਕਿਆ ਗਿਆ। ਪੁਲਿਸ ਵੱਲੋਂ ਬਦਲਾ ਲਊ ਭਾਵਨਾ ਤਹਿਤ ਕੀਤੇ ਅਣਮਨੁੱਖੀ ਕਹਿਰ ਨੂੰ ਉਭਾਰਿਆ ਗਿਆ। ਪਿੰਡ ਚ ਜਾ ਕੇ ਪੀੜਤ ਪਰਿਵਾਰਾਂ ਦੀ ਬਾਂਹ ਫੜੀ ਗਈ ਅਤੇ 10 ਫਰਵਰੀ ਨੂੰ ਐੱਸ.ਐੱਸ.ਪੀ. ਦਫਤਰ ਫ਼ਰੀਦਕੋਟ ਦੇ ਘਿਰਾਓ ਦਾ ਐਲਾਨ ਕਰ ਦਿਤਾ ਗਿਆ। ਮਜ਼ਦੂਰ ਜਥੇਬੰਦੀਆਂ ਦੇ ਸੁਚੇਤ ਯਤਨਾਂ ਅਤੇ ਬੀਕੇਯੂ ਏਕਤਾ ਉਗਰਾਹਾਂ ਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਮਜ਼ਦੂਰਾਂ 'ਤੇ ਹੋਏ ਜਬਰ ਖਿਲਾਫ ਡਟਵਾਂ ਪੈਂਤੜਾ ਲੈਣ ਨੇ ਹਮਲਾਵਰ ਸ਼ੈਲਰ ਮਾਲਕਾਂ ਤੇ ਪ੍ਰਸ਼ਾਸਨ ਵੱਲੋਂ ਇਸ ਮਸਲੇ ਨੂੰ ਜਾਤਪਾਤੀ ਰੰਗਤ ਦੇਣ ਦੀਆਂ ਕੋਸ਼ਿਸ਼ਾਂ ਨਾਕਾਮ ਬਣਾ ਦਿੱਤੀਆਂ । ਜ਼ਿਲ੍ਹ ਭਰ ਤੋਂ ਇਲਾਵਾ ਪੰਜਾਬ ਦੇ ਹੋਰਨਾਂ ਹਿੱਸਿਆਂ 'ਚ ਮਜ਼ਦੂਰਾਂ 'ਤੇ ਹੋਏ ਇਸ ਘਿਨਾਉਣੇ ਹਮਲੇ ਦੀ ਥੂਹ-ਥੂਹ ਹੋਣ ਲੱਗੀ।

ਆਖਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਧ ਰਹੇ ਮਜ਼ਦੂਰ ਰੋਹ ਅੱਗੇ ਝੁਕਣਾ ਪਿਆ ਅਤੇ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਜ਼ਿਲੇ ਦੇ ਡੀ.ਸੀ. ਤੇ ਐੱਸ.ਐੱਸ.ਪੀ. ਸਮੇਤ ਹੋਰਨਾਂ ਉੱਚ ਅਧਿਕਾਰੀਆਂ ਨੂੰ ਐਕਸ਼ਨ ਕਮੇਟੀ ਨਾਲ ਮੀਟਿੰਗ ਕਰਕੇ ਗਿਰਫ਼ਤਾਰ ਕੀਤੇ ਸਾਰੇ ਮਜ਼ਦੂਰਾਂ ਨੂੰ ਬਿਨਾਂ ਸ਼ਰਤ ਰਿਹਾ ਕਰਨ, ਪਰਚਾ ਰੱਦ ਕਰਨ, ਜ਼ਖ਼ਮੀ ਮਜ਼ਦੂਰਾਂ ਦਾ ਸਰਕਾਰੀ ਖਰਚੇ ਤੇ ਇਲਾਜ ਕਰਾਉਣ, ਮਜ਼ਦੂਰਾਂ ਉੱਤੇ ਫਾਇਰਿੰਗ ਕਰਨ ਵਾਲੇ ਦੋਸ਼ੀ ਸ਼ੈਲਰ ਮਾਲਕਾਂ ਖ਼ਿਲਾਫ਼ ਇਰਾਦਾ ਕਤਲ ਅਤੇ ਐੱਸ.ਸੀ.-ਐੱਸ.ਟੀ. ਐਕਟ ਤਹਿਤ ਮੁਕੱਦਮਾ ਦਰਜ ਕਰਨ, ਜੈਤੋ ਦੇ ਥਾਣਾ ਮੁਖੀ ਰਾਜੇਸ਼ ਕੁਮਾਰ ਨੂੰ ਲਾਇਨ ਹਾਜ਼ਰ ਕਰਨ ਅਤੇ ਗੰਦੇ ਪਾਣੀ ਦੀ ਨਿਕਾਸੀ ਦਾ ਮਸਲਾ ਮਜ਼ਦੂਰਾਂ ਦੀ ਸਹਿਮਤੀ ਨਾਲ ਹੱਲ ਕਰਨ ਵਰਗੀਆਂ ਮੰਗਾਂ ਪ੍ਰਵਾਨ ਕਰਨ ਲਈ ਮਜਬੂਰ ਹੋਣਾ। ਇਸ ਉਪਰੰਤ ਐਕਸ਼ਨ ਕਮੇਟੀ ਵੱਲੋਂ 10 ਫਰਵਰੀ ਨੂੰ ਐੱਸ.ਐੱਸ.ਪੀ. ਦਫਤਰ ਦਾ ਘਿਰਾਓ ਮੁਲਤਵੀ ਕਰਕੇ ਫ਼ਰੀਦਕੋਟ ਚ ਵਿਸ਼ਾਲ ਚੇਤਾਵਨੀ ਰੈਲੀ ਕੀਤੀ ਗਈ। ਭਾਵੇਂ ਲੋਕ ਰੋਹ ਦੀ ਬਦੌਲਤ ਪ੍ਰਸ਼ਾਸਨ ਨੂੰ ਮੰਗਾਂ ਮੰਨਣੀਆਂ ਪਈਆਂ ਅਤੇ ਮਜ਼ਦੂਰਾਂ ਦਾ ਜਬਤ ਕੀਤਾ ਸਮਾਨ ਵਾਪਸ ਕਰਨਾ ਪੈ ਗਿਆ। ਪਰ ਆਪਣੀ ਮਜ਼ਦੂਰ ਦੋਖੀ ਖ਼ਸਲਤ ਅਨੁਸਾਰ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਨੂੰ ਗਿਰਫ਼ਤਾਰ ਕਰਨ, ਮਜ਼ਦੂਰਾਂ 'ਤੇ ਦਰਜ ਕੇਸ ਕੈਂਸਲ ਕਰਨ ਦੀ ਰਿਪੋਰਟ ਅਦਾਲਤ ਚ ਦਾਖਲ ਕਰਨ ਅਤੇ ਝਗੜੇ ਦੀ ਜੜ੍ਹ ਬਣੇ ਗੰਦੇ ਪਾਣੀ ਦੀ ਨਿਕਾਸੀ ਦੇ ਮਸਲੇ ਨੂੰ ਅਜੇ ਤੱਕ ਵੀ ਲਟਕਾ ਕੇ ਰੱਖਿਆ ਹੋਇਆ ਹੈ। ਹਮਲਾਵਰ ਧਨਾਢ ਚੌਧਰੀਆਂ ਖਿਲਾਫ ਪਰਚਾ ਵੀ ਪੁਲਿਸ ਮੁਲਾਜ਼ਮਾਂ ਦੇ ਬਿਆਨਾਂ 'ਤੇ ਹੀ ਮੁਕੱਦਮਾ ਦਰਜ ਕੀਤਾ ਗਿਆ ਅਤੇ ਪੀੜਤ ਮਜ਼ਦੂਰਾਂ ਦੇ ਬਿਆਨਾਂ ਨੂੰ ਅਧਾਰ ਬਣਾ ਕੇ ਅਜੇ ਤੱਕ ਵੀ ਹਮਲੇ ਚ ਸ਼ਾਮਲ ਹੋਰ ਦੋਸ਼ੀਆਂ ਨੂੰ ਨਾਮਜ਼ਦ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਮੁਕੱਦਮੇ 'ਚ ਨਾਮਜ਼ਦ ਗਮਦੂਰ ਤੇ ਹਰਵਿੰਦਰ ਦੀ ਗਿਰਫਤਾਰੀ 'ਤੇ ਹਾਈਕੋਰਟ ਚੋਂ ਰੋਕ ਲਵਾਉਣ ਚ ਨੰਗੀ ਚਿੱਟੀ ਹਮਾਇਤ ਕੀਤੀ ਗਈ।

ਐਕਸ਼ਨ ਕਮੇਟੀ ਉਸੇ ਸਮੇਂ ਤੋਂ ਰਹਿੰਦੀਆਂ ਮੰਗਾਂ ਲਾਗੂ ਕਰਾਉਣ ਲਈ ਜੱਦੋਜਹਿਦ ਕਰਦੀ ਆ ਰਹੀ ਹੈ। ਇਸੇ ਕੜੀ ਤਹਿਤ ਪਹਿਲਾਂ 3 ਮਾਰਚ ਨੂੰ ਵਿਧਾਇਕ ਦੇ ਖਿਲਾਫ਼ ਜੈਤੋ ਵਿੱਚ ਵਿਸ਼ਾਲ ਅਰਥੀ ਫੂਕ ਮੁਜਾਹਰਾ ਕੀਤਾ ਗਿਆ। ਫਿਰ, 12-13 ਮਈ ਦੇ ਧਰਨੇ 'ਚ ਡੀ ਆਈ ਜੀ ਵੱਲੋਂ ਕੀਤੇ ਵਾਅਦੇ ਪੂਰੇ ਨਾ ਹੋਣ 'ਤੇ ਐਕਸ਼ਨ ਕਮੇਟੀ ਵੱਲੋਂ ਮੁੜ 22 ਤੇ 23 ਮਈ ਨੂੰ ਐੱਸ.ਐੱਸ.ਪੀ. ਦਫਤਰ ਅੱਗੇ ਧਰਨਾ ਦਿੱਤਾ ਗਿਆ ਅਤੇ ਇਹ ਐਲਾਨ ਕੀਤਾ ਗਿਆ ਕਿ ਹਲਕਾ ਵਿਧਾਇਕ ਸਮੇਤ ਜ਼ਿਲ੍ਹੇ ਦੇ ਸਾਰੇ ਆਪ ਵਿਧਾਇਕਾਂ ਤੇ ਨੁਮਾਇੰਦਿਆਂ ਦੇ ਪਿੰਡਾਂ ਚ ਆਉਣ 'ਤੇ ਸਵਾਲ ਕੀਤੇ ਜਾਣਗੇ।

ਦਰਅਸਲ, ਇਹ ਤਿੱਖਾ ਸੰਘਰਸ਼ ਮਜ਼ਦੂਰਾਂ ਅੰਦਰ ਆਪਣੇ ਹੱਕਾਂ ਪ੍ਰਤੀ ਵਧ ਰਹੀ ਚੇਤਨਾ, ਆਪਣੀ ਪੁਗਾਉਣ ਦੀ ਭਾਵਨਾ ਅਤੇ ਆਪ ਸਰਕਾਰ ਖ਼ ?ਲਾਫ਼ ਵਧ ਰਹੀ ਔਖ ਤੇ ਲੜਨ ਦੀ ਤਾਂਘ ਦਾ ਪ੍ਰਮਾਣ ਹੈ। ਬੇਹੱਦ ਜਬਰ-ਤਸ਼ੱਦਦ ਦੇ ਬਾਵਜੂਦ ਖੇਤ ਮਜ਼ਦੂਰਾਂ ਦਾ ਡਟੇ ਰਹਿਣਾ ਉਨ੍ਹਾਂ ਦੇ ਲੜਾਕੂ ਤੰਤ ਦਾ ਮੂੰਹ ਬੋਲਦਾ ਸਬੂਤ ਹੈ। ਦੂਜੇ ਪਾਸੇ, ਇਹ ਹਕੂਮਤ-ਪੁਲਿਸ ਪ੍ਰਸ਼ਾਸਨ ਅਤੇ ਪੇਂਡੂ ਧਨਾਢਾਂ ਦੀ ਮਜ਼ਦੂਰਾਂ ਪ੍ਰਤੀ ਅੰਨ੍ਹੀ ਜਮਾਤੀ ਨਫ਼ਰਤ ਨੂੰ ਦਰਸਾਉਂਦਾ ਹੈ ਜੋ ਮਜ਼ਦੂਰਾਂ ਨੂੰ ਸ਼ਰੇਆਮ ਡਾਂਗ ਦੇ ਜ਼ੋਰ ਦਬਾਅ ਕੇ ਰੱਖਣ ਦੀ ਜਾਬਰ ਨੀਤੀ 'ਤੇ ਚੱਲ ਰਹੇ ਹਨ। ਇਸ ਘੋਲ ਦੌਰਾਨ ਇਹ ਹਕੀਕਤ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ ਜਥੇਬੰਦ ਮਜ਼ਦੂਰ ਤਾਕਤ ਦੇ ਜ਼ੋਰ ਹੀ ਹਕੂਮਤ ਨੂੰ ਝੁਕਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਐਕਸ਼ਨ ਕਮੇਟੀ ਵੱਲੋਂ ਜਿਵੇਂ ਇਸ ਮੁੱਦੇ ਤੇ ਸਿਆਸੀ ਰੋਟੀਆਂ ਸੇਕਣ ਲਈ ਆਈਆਂ ਸਿਆਸੀ ਪਾਰਟੀਆਂ ਨੂੰ ਨੇੜੇ ਨਹੀਂ ਫਟਕਣ ਦਿੱਤਾ ਇਹ ਸ਼ਲਾਘਾਯੋਗ ਕਦਮ ਹੈ ਅਤੇ ਇੱਕ ਅਹਿਮ ਸਬਕ ਹੈ ਕਿ ਲੋਕਾਂ ਦੇ ਘੋਲ ਮੌਕਾਪ੍ਰਸਤ ਸਿਆਸੀ ਪਾਰਟੀਆਂ ਅਤੇ ਜਾਤਪਾਤੀ ਤੇ ਧਾਰਮਿਕ ਵੰਡੀਆਂ ਪਾਉਣ ਵਾਲੀਆਂ ਸ਼ਕਤੀਆਂ ਨੂੰ ਲਾਂਭੇ ਰੱਖ ਕੇ ਅੱਗੇ ਵਧਾਏ ਜਾ ਸਕਦੇ ਹਨ।



# ਭਾਰਤ-ਪਾਕਿ ਦਰਮਿਆਨ 'ਯੁੱਧਬੰਦੀ' ਅਤੇ ਇਸ ਨਾਲ ਜੁੜੇ ਸਵਾਲ


*[ਮੁੱਢਲੀਆਂ ਫ਼ੌਜੀ ਝੜਪਾਂ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਯੁੱਧਬੰਦੀ ਲਈ ਸਹਿਮਤ ਹੋ ਗਈਆਂ। ਕੀ ਇਹ ਯੁੱਧਬੰਦੀ ਆਪਸੀ ਟਕਰਾਅ ਨੂੰ ਦੂਰ ਕਰ ਸਕੇਗੀ? ਇਸ ਨਾਲ ਜੁੜੇ ਸਵਾਲਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ]*

**-ਬੂਟਾ ਸਿੰਘ ਮਹਿਮੂਦਪੁਰ**




ਮੀਡੀਆ ਰਿਪੋਰਟਾਂ ਅਨੁਸਾਰ ਭਾਰਤ-ਪਾਕਿਸਤਾਨ ਦਰਮਿਆਨ 'ਯੁੱਧਬੰਦੀ' ਹੋ ਗਈ ਹੈ ਅਤੇ ਇਸ ਦਾ ਐਲਾਨ ਵੀ ਆਲਮੀ ਥਾਣੇਦਾਰ ਡੋਨਲਡ ਟਰੰਪ ਨੇ ਕੀਤਾ ਹੈ ਜਿਸਨੇ ਇਸ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਈ ਹੈ। 'ਯੁੱਧਬੰਦੀ' ਦੀ ਖ਼ਬਰ ਨਾਲ ਸਰਹੱਦ ਦੇ ਦੋਨੋਂ ਪਾਸੇ ਵਸਦੇ ਆਮ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ ਜਿਨ੍ਹਾਂ ਦੇ ਸਿਰਾਂ ਉੱਪਰ ਉਜਾੜੇ ਅਤੇ ਤਬਾਹੀ ਦਾ ਭਿਆਨਕ ਖ਼ਤਰਾ ਮੰਡਰਾਉਣਾ ਸ਼ੁਰੂ ਹੋ ਗਿਆ ਸੀ। ਇਕ ਹੋਰ ਯੁੱਧ ਛਿੜ ਜਾਣ ਦੇ ਡਰ ਨੇ ਆਮ ਲੋਕਾਂ ਦਾ ਅਮਨ-ਚੈਨ ਖੋਹ ਲਿਆ ਸੀ । ਡਰ ਤੇ ਸਹਿਮ ਦਾ ਮਾਹੌਲ ਬਣਾਉਣ ਵਿਚ ਦੋਹਾਂ ਮੁਲਕਾਂ ਦੇ ਉਨ੍ਹਾਂ ਮੀਡੀਆ ਹਿੱਸਿਆਂ ਨੇ ਵੱਡੀ ਭੂਮਿਕਾ ਨਿਭਾਈ ਜਿਨ੍ਹਾਂ ਦਾ ਇੱਕੋਇਕ ਮਨੋਰਥ ਜ਼ਹਿਰੀਲੇ ਪ੍ਰਚਾਰ ਅਤੇ ਝੂਠੀਆਂ ਖ਼ਬਰਾਂ ਰਾਹੀਂ ਨਫ਼ਰਤ ਫੈਲਾਉਣਾ ਅਤੇ ਆਪਸੀ ਪਾੜਾ ਵਧਾਉਣਾ ਹੈ। ਭਗਵਾ ਹਕੂਮਤ ਨੇ ਫਿਰਕੂ ਜੰਗੀ ਜਨੂੰਨ ਭੜਕਾਉਣ ਵਾਲੇ ਮੀਡੀਆ ਅਤੇ ਸੋਸ਼ਲ ਮੀਡੀਆ ਨੂੰ ਪੂਰੀ ਖੁੱਲ੍ਹ ਦਿੱਤੀ ਜਦਕਿ ਆਲੋਚਕ ਆਵਾਜ਼ਾਂ ਨੂੰ ਦਬਾਉਣ ਲਈ ਝੂਠੇ ਕੇਸਾਂ ਅਤੇ ਗਿ ?ਰਫ਼ਤਾਰੀਆਂ ਤੱਕ ਹਰ ਦਹਿਸ਼ਤਪਾਊ ਹਰਬਾ ਵਰਤਿਆ। ਕੁਝ ਆਲੋਚਕ ਨਿਊਜ਼ ਪੋਰਟਲ ਅਤੇ ਸੋਸ਼ਲ ਮੀਡੀਆ ਅਕਾਊਂਟ ਬੰਦ ਵੀ ਕੀਤੇ ਗਏ।

ਯੁੱਧਬੰਦੀ ਤੋਂ 2 ਦਿਨ ਬਾਅਦ 12 ਮਈ ਨੂੰ ਮੋਦੀ ਨੇ ਲਾਈਵ ਸੰਬੋਧਨ ਕੀਤਾ, ਜਿਸ ਵਿਚ ਪਾਕਿਸਤਾਨ ਨੂੰ ਚੇਤਾਵਨੀ ਦਿੱਤੀ ਗਈ ਕਿ 'ਪ੍ਰਮਾਣੂ ਬਲੈਕਮੇਲਿੰਗ ਨਹੀਂ ਚਲੇਗੀ', 'ਭਾਰਤੀ ਫ਼ੌਜਾਂ ਅਜੇ ਵੀ ਮੁਸਤੈਦ ਹਨ' ਅਤੇ 'ਗੱਲਬਾਤ ਸਿਰਫ਼ 'ਦਹਿਸ਼ਤਵਾਦ ਅਤੇ ਮਕਬੂਜ਼ਾ ਕਸ਼ਮੀਰ ਨੂੰ ਲੈ ਕੇ ਹੋਵੇਗੀ'। ਦੋ ਗੁਆਂਢੀ ਮੁਲਕਾਂ ਦਰਮਿਆਨ ਫ਼ੌਜੀ ਝੜਪਾਂ ਰੋਕਣ ਲਈ 'ਯੁੱਧਬੰਦੀ' ਦਾ ਐਲਾਨ ਟਰੰਪ ਵੱਲੋਂ ਕੀਤੇ ਜਾਣ ਕਾਰਨ 'ਵਿਸ਼ਵ ਗੁਰੂ' ਸਰਕਾਰ ਨੂੰ ਕਾਫ਼ੀ ਨਮੋਸ਼ੀ ਝੱਲਣੀ ਪਈ। ਮੋਦੀ ਵੱਲੋਂ 'ਡੈਮੇਜ ਕੰਟਰੋਲ ਮੋਡ' 'ਚ ਮਾਰੀ ਉਪਰੋਕਤ ਬੜ੍ਹਕ ਆਪਣੀ ਸਾਖ ਮੁੜ ਬਹਾਲ ਕਰਨ ਦੀ ਕੋਸ਼ਿਸ਼ ਤੋਂ ਸਿਵਾਏ ਕੁਝ ਨਹੀਂ ਹੈ। ਇਸੇ ਦਿਨ ਫ਼ੌਜੀ ਮੁਹਿੰਮਾਂ ਦੇ ਡਾਇਰੈਕਟਰ ਜਨਰਲਾਂ ਵੱਲੋਂ ਦਿੱਤੇ ਸਾਂਝੇ ਬਿਆਨ ਦੀ ਸੁਰ ਮੋਦੀ ਦੀ ਸੁਰ ਤੋਂ ਵੱਖਰੀ ਹੈ ਜਿਸ ਵਿਚ ਕਿਹਾ ਗਿਆ ਕਿ ਦੁਵੱਲੀ ਮੀਟਿੰਗ ਵਿਚ ਇਸ ਵਚਨਬੱਧਤਾ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਚਰਚਾ ਕੀਤੀ ਗਈ ਕਿ ਦੋਵੇਂ ਧਿਰਾਂ ਇਕ ਵੀ ਗੋਲੀ ਨਹੀਂ ਚਲਾਉਣਗੀਆਂ ਅਤੇ ਇਕ ਦੂਜੇ ਵਿਰੁੱਧ ਕੋਈ ਹਮਲਾਵਰ ਅਤੇ ਦੁਸ਼ਮਣਾਨਾ ਕਾਰਵਾਈ ਨਹੀਂ ਕਰਨਗੀਆਂ। ਮੋਦੀ ਦੇ ਲਾਈਵ ਸੰਬੋਧਨ ਦੇ ਸਮੇਂ ਹੀ ਟਰੰਪ ਨੇ ਵ੍ਹਾਈਟ ਹਾਊਸ 'ਚੋਂ ਇਕ ਵਾਰ ਫਿਰ ਸਪਸ਼ਟ ਕਰ ਦਿੱਤਾ ਕਿ ਉਸਨੇ ਦੋਹਾਂ ਮੁਲਕਾਂ ਦੇ ਮੁਖੀਆਂ ਨੂੰ ਇਹ ਕਹਿਕੇ 'ਪ੍ਰਮਾਣੂ ਟਕਰਾਅ' ਰੁਕਵਾਇਆ ਹੈ ਕਿ ਜੇ ਉਹ ਇੰਝ ਕਰਨਗੇ ਤਾਂ ਅਸੀਂ ਉਨ੍ਹਾਂ ਨਾਲ 'ਬਹੁਤ ਸਾਰਾ ਵਪਾਰ ਕਰਾਂਗੇ, ਨਹੀਂ ਤਾਂ ਨਹੀਂ ਕਰਾਂਗੇ'!




ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਸ਼ਾਂਤੀ ਯਤਨਾਂ ਵਿਚ ਮੱਦਦ ਕਰਨ ਲਈ ਟਰੰਪ, ਚੀਨ ਅਤੇ ਸਾਊਦੀ ਅਰਬ ਦਾ ਧੰਨਵਾਦ ਕੀਤਾ ਹੈ। ਇਸ ਲਈ, ਦਿੱਲੀ ਦਰਬਾਰ ਦੇ ਇਹ ਦਾਅਵੇ ਸੱਚ ਨਹੀਂ ਕਿ ਸਮਝੌਤਾ ਦੋਹਾਂ ਮੁਲਕਾਂ ਦੇ ਫ਼ੌਜੀ ਮੁਹਿੰਮ ਦੇ ਮੁਖੀਆਂ ਨੇ ਕੀਤਾ ਹੈ ਅਤੇ ਇਸ ਵਿਚ ਕੋਈ ਤੀਜੀ ਧਿਰ ਨਹੀਂ ਸੀ।

22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਇਲਾਕੇ ਵਿਚ ਸੈਲਾਨੀਆਂ ਉੱਪਰ ਕਥਿਤ ਦਹਿਸ਼ਤਗਰਦ ਹਮਲੇ ਦੇ ਜਵਾਬ 'ਚ ਭਾਰਤੀ ਫ਼ੌਜ ਵੱਲੋਂ ਓਪਰੇਸ਼ਨ 'ਸਿੰਦੂਰ' ਤਹਿਤ 7 ਮਈ ਨੂੰ ਪਾਕਿਸਤਾਨੀ ਖੇਤਰ ਅੰਦਰ 9 ਥਾਵਾਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ ਗਏ। ਫਿਰ ਹਮਲਿਆਂ ਅਤੇ ਜਵਾਬੀ ਹਮਲਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਭਾਜਪਾ ਹਕੂਮਤ ਦਾ ਕਹਿਣਾ ਹੈ ਕਿ ਇਹ ਥਾਵਾਂ ਦਹਿਸ਼ਤਗਰਦ ਜਥੇਬੰਦੀਆਂ, ਲਸ਼ਕਰ-ਏ-ਤਾਇਬਾ ਅਤੇ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪ ਸਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਦਾਅਵਾ ਕੀਤਾ ਹੈ ਕਿ ਹਮਲਿਆਂ ਵਿਚ ਘੱਟੋਘੱਟ 100 'ਦਹਿਸ਼ਤਗਰਦ' ਮਾਰੇ ਗਏ ਹਨ। ਪਾਕਿਸਤਾਨ ਨੇ ਇਨ੍ਹਾਂ ਦਾਅਵਿਆਂ ਨੂੰ ਰੱਦ ਕੀਤਾ ਹੈ। ਇਸੇ ਤਰ੍ਹਾਂ, ਪਾਕਿਸਤਾਨ ਦੇ ਫ਼ੌਜੀ ਬੁਲਾਰੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਫ਼ੌਜ ਵੱਲੋਂ ਭਾਰਤੀ ਫ਼ੌਜ ਦੇ 26 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ ਹਮਲਿਆਂ ਤੋਂ ਬਾਅਦ ਦੋਹਾਂ ਮੁਲਕਾਂ ਦੀਆਂ ਫ਼ੌਜਾਂ ਵੱਲੋਂ ਇਕ ਦੂਜੇ ਦੇ ਸਰਹੱਦੀ ਖੇਤਰ ਵਿਚ ਡਰੋਨ/ਮਿਜ਼ਾਇਲ ਹਮਲਿਆਂ ਅਤੇ ਇੱਥੋਂ ਤੱਕ ਕਿ ਜੰਗੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹੀਆਂ ਹਨ। ਪਾਕਿਸਤਾਨੀ ਹਕੂਮਤ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਉਨ੍ਹਾਂ ਦੇ ਡਰੋਨ ਦਿੱਲੀ ਉੱਪਰ ਗੇੜੇ ਲਾ ਰਹੇ ਹਨ ਅਤੇ ਉਨ੍ਹਾਂ ਦੀ ਫ਼ੌਜ ਨੇ ਤਿੰਨ ਰਫ਼ਾਲ ਜਹਾਜ਼ਾਂ ਸਮੇਤ ਭਾਰਤ ਦੇ ਪੰਜ ਫ਼ੌਜੀ ਜਹਾਜ਼ ਫੁੰਡੇ ਹਨ। ਇਹ ਰਿਪੋਰਟਾਂ ਕਿੰਨੀਆਂ ਕੁ ਸੱਚੀਆਂ ਹਨ, ਜਾਂ ਇਹ ਸਿਰਫ਼ ਮਨੋਵਿਗਿਆਨਕ ਯੁੱਧ ਦਾ ਹਿੱਸਾ ਹਨ, ਕਿਸੇ ਆਜ਼ਾਦਾਨਾ ਪੁਸ਼ਟੀ ਦੀ ਅਣਹੋਂਦ 'ਚ ਇਸ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਹੈ। ਪਰ ਇਹ ਤੈਅ ਹੈ ਕਿ ਉੱਧਰ ਪਾਕਿਸਤਾਨ ਦੇ ਗੋਦੀ ਮੀਡੀਆ ਤੇ ਇਸਲਾਮਿਕ ਕੱਟੜਪੰਥੀ ਲਾਣੇ ਅਤੇ ਇੱਧਰ ਭਾਰਤ ਦੇ ਗੋਦੀ ਮੀਡੀਆ ਅਤੇ ਭਗਵਾ ਪ੍ਰਚਾਰ-ਤੰਤਰ ਨੇ ਝੂਠੀਆਂ ਖ਼ਬਰਾਂ ਅਤੇ ਅਫ਼ਵਾਹਾਂ ਰਾਹੀਂ ਫਿਰਕੂ ਜੰਗੀ ਜਨੂੰਨ ਭੜਕਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਜੰਗਬਾਜ਼ ਹਾਕਮਾਂ ਅਤੇ ਉਨ੍ਹਾਂ ਵੱਲੋਂ ਭੜਕਾਏ ਫਿਰਕੂ ਰਾਸ਼ਟਰਵਾਦ ਦੇ ਡੰਗੇ ਹਿੱਸਿਆਂ ਲਈ ਯੁੱਧ ਵੱਲ ਵੱਧ ਰਿਹਾ ਇਹ ਮਾਹੌਲ ਜਿੱਤ ਦੇ ਲਲਕਾਰੇ ਸਨ, ਜਦਕਿ ਸਰਹੱਦੀ ਖੇਤਰਾਂ ਪੰਜਾਬ ਅਤੇ ਜੰਮੂ-ਕਸ਼ਮੀਰ ਦੇ ਲੋਕ ਬਖ਼ੂਬੀ ਜਾਣਦੇ ਹਨ ਕਿ ਅਜਿਹੇ ਯੁੱਧ ਉਨ੍ਹਾਂ ਲਈ ਹਮੇਸ਼ਾ ਭਿਆਨਕ ਤਬਾਹੀ ਲੈ ਕੇ ਆਉਂਦੇ ਹਨ। ਪਹਿਲਾਂ ਹੀ ਲਗਾਤਾਰ ਸੰਤਾਪ ਝੱਲ ਰਹੇ ਜੰਮੂ-ਕਸ਼ਮੀਰ ਦੇ ਲੋਕਾਂ ਦੀਆਂ ਮੁਸ਼ਕਲਾਂ ਦੁਵੱਲਾ ਫ਼ੌਜੀ ਟਕਰਾਅ ਤੇਜ਼ ਹੋਣ ਨਾਲ ਹੋਰ ਵੀ ਵਧਣਗੀਆਂ ਸ਼ੁਰੂ ਹੋ ਗਈਆਂ ਸਨ। ਪਾਕਿਸਤਾਨੀ ਫ਼ੌਜ ਦੀਆਂ ਕਾਰਵਾਈਆਂ ਦੌਰਾਨ ਪੰਜਾਬ ਦੇ ਕਈ ਇਲਾਕਿਆਂ ਵਿਚ ਡਰੋਨ ਤੇ ਹੋਰ ਜੰਗੀ ਨਿਸ਼ਾਨੀਆਂ ਮਿਲਣ ਦੀਆਂ ਰਿਪੋਰਟਾਂ ਅਤੇ ਜੰਮੂ ਦੇ ਪੁਣਛ ਇਲਾਕੇ ਵਿਚ ਇਕ ਗੁਰਦੁਆਰੇ ਅਤੇ ਮਸਜਿਦ ਤੋਂ ਇਲਾਵਾ ਬਹੁਤ ਸਾਰੇ ਘਰਾਂ ਦੇ ਤਬਾਹ ਹੋ ਜਾਣ ਦੀਆਂ ਹੌਲਨਾਕ ਰਿਪੋਰਟਾਂ ਤੋਂ ਸਪਸ਼ਟ ਸੀ ਕਿ ਯੁੱਧ ਦੀ ਮਾਰ ਕਿਨ੍ਹਾਂ ਉੱਪਰ ਪੈਣੀ ਹੈ।

ਭਗਵਾ ਹੁਕਮਰਾਨਾਂ ਅਤੇ ਗੋਦੀ ਮੀਡੀਆ ਦੋਹਾਂ ਲਈ ਸਮੱਸਿਆ ਇਹ ਹੈ ਕਿ ਇਸ ਯੁੱਧਬੰਦੀ ਨੂੰ ਕਿਵੇਂ ਪੇਸ਼ ਕਰਨ, ਉੱਪਰੋਂ ਪਾਕਿਸਤਾਨੀ ਫ਼ੌਜ ਵੱਲੋਂ ਯੁੱਧਬੰਦੀ ਦੀ ਉਲੰਘਣਾ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਇਕ ਹੋਰ ਮਹੱਤਵਪੂਰਨ ਖ਼ਬਰ ਇਹ ਵੀ ਹੈ ਕਿ ਇਸ ਦੌਰਾਨ ਆਈ.ਐੱਮ.ਐੱਫ. (ਕੌਮਾਂਤਰੀ ਮੁਦਰਾ ਕੋਸ਼) ਵੱਲੋਂ ਪਾਕਿਸਤਾਨ ਨੂੰ 2.3 ਅਰਬ ਡਾਲਰ ਦਾ ਕਰਜ਼ਾ ਦੇਣ ਨੂੰ ਮਨਜ਼ੂਰੀ ਦੇ ਦਿੱਤੀ ਗਈ ਜਦਕਿ ਭਾਰਤ ਸਰਕਾਰ ਦੇ ਨੁਮਾਇੰਦੇ ਹਾਲ-ਪਾਹਰਿਆ ਮਚਾਉਂਦੇ ਰਹਿ ਗਏ ਕਿ ਇਸ ਰਕਮ ਦੀ ਦੁਰਵਰਤੋਂ ਪਾਕਿਸਤਾਨ ਸਰਕਾਰ ਹਕੂਮਤੀ ਪੁਸ਼ਤ-ਪਨਾਹੀ ਵਾਲੇ ਦਹਿਸ਼ਤਵਾਦ ਦੀ ਮੱਦਦ ਕਰਨ ਲਈ ਕਰੇਗੀ। ਹੁਣ ਭਾਰਤੀ ਅਧਿਕਾਰੀ ਵੋਟਿੰਗ ਵਿਚ ਹਿੱਸਾ ਨਾ ਲੈਣ ਦਾ ਸਪਸ਼ਟੀਕਰਨ ਇਹ ਦੇ ਰਹੇ ਹਨ ਕਿ ਆਈ.ਐੱਮ.ਐੱਫ. ਦੇ ਨੇਮ ਰਸਮੀਂ 'ਨੋ' ਵੋਟ ਦੀ ਇਜਾਜ਼ਤ ਨਹੀਂ ਦਿੰਦੇ। ਮੋਦੀ ਦੀ ਜਿੱਤ ਦੇ ਡੰਕੇ ਵਜਾਉਣ 'ਚ ਜੁੱਟੇ ਫਿਰਕੂ ਜੰਗੀ ਜਨੂੰਨੀ ਹਿੱਸਿਆਂ ਨੂੰ 'ਯੁੱਧਬੰਦੀ' ਆਪਣੇ ਹਲਕ 'ਚੋਂ ਲੰਘਾਉਣੀ ਮੁਸ਼ਕਲ ਹੋ ਰਹੀ ਹੈ। 'ਡਿਗੀ ਖੋਤੇ ਤੋਂ, ਗੁੱਸਾ ਘੁਮਿਆਰ ਤੇ' ਦੀ ਕਹਾਵਤ ਅਨੁਸਾਰ 'ਯੁੱਧਬੰਦੀ' ਤੋਂ ਖ਼ਫ਼ਾ ਭਗਵਾ ਟਰੋਲ ਫ਼ੌਜ ਅਤੇ ਭੜਕੇ ਹੋਏ ਫਿਰਕੂ ਜੰਗਬਾਜ਼ ਅਨਸਰਾਂ ਨੇ ਸੋਸ਼ਲ ਮੀਡੀਆ ਉੱਪਰ ਮੋਦੀ ਸਰਕਾਰ ਦੇ ਬਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਉਸਦੀ ਬੇਟੀ ਨੂੰ ਹੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਬਦੇਸ਼ ਸਕੱਤਰ ਨੂੰ ਹੀ ਦੁਸ਼ਮਣ ਮੰਨ ਲਿਆ ਜੋ ਕਿ ਮਹਿਜ਼ ਸਰਕਾਰ ਦਾ ਹੁਕਮ ਵਜਾਉਂਦਾ ਹੋਇਆ ਫ਼ੌਜੀ ਕਾਰਵਾਈ ਸੰਬੰਧੀ ਮੀਡੀਆ 'ਚ ਸਰਕਾਰੀ ਐਲਾਨ ਕਰ ਰਿਹਾ ਸੀ। ਇਸ ਤੋਂ ਪਹਿਲਾਂ ਪਹਿਲਗਾਮ ਹਮਲੇ ਵਿਚ ਮਾਰੇ ਗਏ ਨੌਜਵਾਨ ਨੇਵੀ ਲੈਫਟੀਨੈਂਟ ਵਿਨੈ ਨਰਵਾਲ ਦੀ ਪਤਨੀ ਹਿਮਾਂਸ਼ੀ ਨਰਵਾਲ ਨੂੰ ਟਰੌਲ ਕਰਕੇ ਬੁਰੀ ਤਰ੍ਹਾਂ ਜ਼ਲੀਲ ਕੀਤਾ ਗਿਆ ਕਿਉਂਕਿ ਉਸਨੇ ਭਾਈਚਾਰਕ ਸਦਭਾਵਨਾ ਲਈ ਆਵਾਜ਼ ਉਠਾਈ ਸੀ ਜੋ ਫਿਰਕੂ ਰਾਸ਼ਟਰਵਾਦ ਦੀਆਂ ਨਜ਼ਰਾਂ 'ਚ ਦੇਸ਼ਧ੍ਰੋਹ ਹੈ!

ਭਾਰਤ ਦੇ ਹਰ ਅਮਨਪਸੰਦ ਨਾਗਰਿਕ ਦੇ ਮਨ 'ਚ ਸਵਾਲ ਹਨ ਕਿ ਆਖਿਰਕਾਰ ਇਸ ਕੁਲ ਫ਼ੌਜੀ ਕਵਾਇਦ ਦਾ ਹਾਸਲ ਕੀ ਹੈ? ਦਹਿਸ਼ਤਵਾਦ ਦਾ ਲੱਕ ਤੋੜ ਦੇ ਦਾਅਵੇ ਤਾਂ ਪੁਲਵਾਮਾ ਕਾਂਡ ਅਤੇ ਧਾਰਾ 370 ਨੂੰ ਖ਼ਤਮ ਕਰਨ ਸਮੇਂ ਵੀ ਬਥੇਰੇ ਕੀਤੇ ਗਏ ਸਨ। ਕੀ ਇਸ ਹਮਲੇ ਨਾਲ ਪਾਕਿਸਤਾਨ ਵਿਚਲੇ ਕਥਿਤ ਦਹਿਸ਼ਤਗਰਦ ਅੱਡੇ ਤਬਾਹ ਕਰ ਦਿੱਤੇ ਗਏ ਹਨ ਭਾਵ ਭਵਿੱਖ ਵਿਚ ਪਹਿਲਗਾਮ ਤਰਜ਼ ਦੇ ਹਮਲੇ ਨਹੀਂ ਹੋਣਗੇ, ਜਿਨ੍ਹਾਂ ਬਾਰੇ ਮੋਦੀ ਵਜ਼ਾਰਤ ਦਾ ਦਾਅਵਾ ਹੈ ਕਿ ਇਹ ਪਾਕਿਸਤਾਨ ਤੋਂ ਸੰਚਾਲਤ ਦਹਿਸ਼ਤਗਰਦ ਗਰੁੱਪ ਵੱਲੋਂ ਕੀਤੇ ਗਏ ਸਨ?

ਜਿਵੇਂ ਚਿੱਠੀ ਸਿੰਘਪੁਰਾ ਹਮਲਾ ਤਤਕਾਲੀ ਅਮਰੀਕਨ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਫੇਰੀ ਸਮੇਂ ਹੋਇਆ ਸੀ ਅਤੇ ਪੂਰਬ-ਉੱਤਰੀ ਦਿੱਲੀ ਵਿਚ ਕਥਿਤ ਦੰਗੇ ਡੋਨਲਡ ਟਰੰਪ ਦੀ ਫੇਰੀ ਸਮੇਂ ਹੋਏ ਸਨ, ਉਸੇ ਤਰਜ਼ 'ਤੇ ਪਹਿਲਗਾਮ ਹਮਲਾ ਅਮਰੀਕਨ ਉੱਪ ਰਾਸ਼ਟਰਪਤੀ ਜੇ.ਡੀ. ਵੇਨਸ ਦੀ ਫੇਰੀ ਮੌਕੇ ਹੋਇਆ। ਇਹ ਸਵਾਲ ਅਜੇ ਵੀ ਨਿਰਉੱਤਰ ਹਨ ਕਿ ਇਨ੍ਹਾਂ ਫੇਰੀਆਂ ਮੌਕੇ ਹੀ ਹਮਲੇ ਕਿਉਂ ਹੁੰਦੇ ਹਨ।

ਐਨੇ ਵੱਡੇ ਕਤਲੇਆਮ ਦੇ ਬਾਵਜੂਦ ਮੋਦੀ ਨੇ ਤੁਰੰਤ ਜੰਮੂ-ਕਸ਼ਮੀਰ ਜਾ ਕੇ 'ਦਹਿਸ਼ਤਗਰਦ' ਹਮਲੇ ਦੇ ਪੀੜਤਾਂ ਨੂੰ ਮਿਲਣਾ ਵੀ ਜ਼ਰੂਰੀ ਨਹੀਂ ਸਮਝਿਆ, ਨਾ ਹੀ ਉਸਨੇ ਆਪਣੀ ਸਰਕਾਰ ਵੱਲੋਂ ਸੱਦੀਆਂ ਦੋ ਬਹੁ-ਪਾਰਟੀ ਮੀਟਿੰਗਾਂ ਵਿਚ ਜਾਣਾ ਜ਼ਰੂਰੀ ਸਮਝਿਆ। ਉਸਨੇ ਆਪਣੇ ਰਾਜਨੀਤਕ ਖ਼ਾਸੇ ਅਨੁਸਾਰ ਬਿਹਾਰ ਵਿਚ ਜਾ ਕੇ 'ਦਹਿਸ਼ਤਵਾਦ ਨੂੰ ਮਿੱਟੀ ਵਿਚ ਮਿਲਾਉਣ' ਦੀ ਭਾਸ਼ਣਬਾਜ਼ੀ ਕੀਤੀ ਅਤੇ ਫਿਰਕੂ ਪਾਲਾਬੰਦੀ ਦੀ ਸਿਆਸਤ ਕਰਨ 'ਚ ਜੁੱਟਿਆ ਰਿਹਾ। ਭਾਜਪਾ ਦੀ ਹਕੂਮਤ ਹੇਠ 'ਦਹਿਸ਼ਤਗਰਦ ਹਮਲੇ' ਅਤੇ 'ਦੰਗੇ' ਅਕਸਰ ਚੋਣਾਂ ਮੌਕੇ ਹੁੰਦੇ ਹਨ।ਕੀ 'ਦਹਿਸ਼ਤਗਰਦ' ਹਮਲੇ ਅਤੇ ਇਸ ਤੋਂ ਪਿੱਛੋਂ ਦੇ ਫਿਰਕੂ ਜੰਗਬਾਜ਼ ਘਟਨਾਕ੍ਰਮ ਦਾ ਸੰਬੰਧ ਬਿਹਾਰ ਵਿਧਾਨ-ਸਭਾ ਚੋਣਾਂ 2025 ਨਾਲ ਨਹੀਂ ਹੈ? ਇਹ ਸਪਸ਼ਟ ਹੈ ਕਿ ਇਸ ਘਟਨਾਕ੍ਰਮ, ਨਫ਼ਰਤੀ ਮੁਹਿੰਮ ਅਤੇ ਨਰਿੰਦਰ ਮੋਦੀ ਦੇ ਰਵੱਈਏ ਦਾ ਗੂੜ੍ਹਾ ਸੰਬੰਧ ਹੈ।

ਪਹਿਲਗਾਮ ਹਮਲੇ ਤੋਂ ਬਾਅਦ ਇਹ ਬਿਰਤਾਂਤ ਚਲਾਇਆ ਗਿਆ ਕਿ ਦਹਿਸ਼ਤਗਰਦਾਂ ਵੱਲੋਂ ਸੈਲਾਨੀਆਂ ਨੂੰ ਉਨ੍ਹਾਂ ਦਾ ਧਰਮ ਪੁੱਛ ਕੇ ਗੋਲੀਆਂ ਮਾਰੀਆਂ ਗਈਆਂ? ਇਸ ਨੂੰ ਬਹਾਨਾ ਬਣਾ ਕੇ ਪਾਕਿਸਤਾਨ ਦੇ ਨਾਲ ਮੁਸਲਮਾਨਾਂ ਅਤੇ ਕਸ਼ਮੀਰੀ ਲੋਕਾਂ ਵਿਰੁੱਧ ਪੂਰੀ ਤਰ੍ਹਾਂ ਗਿਣ-ਮਿੱਥਕੇ ਨਫ਼ਰਤ ਭੜਕਾਈ ਗਈ, ਇਸਦੇ ਬਾਵਜੂਦ ਕਿ ਕਸ਼ਮੀਰੀ ਲੋਕ ਅਤੇ ਮੁਸਲਮਾਨ ਭਾਈਚਾਰਾ ਸੜਕਾਂ ਤੇ ਆ ਕੇ ਦਹਿਸ਼ਤੀ ਹਮਲੇ ਦਾ ਵਿਰੋਧ ਕਰ ਰਹੇ ਸਨ। ਕਸ਼ਮੀਰੀਆਂ ਅਤੇ ਮੁਸਲਮਾਨਾਂ ਦੀ ਕੁੱਟਮਾਰ ਕਰਨ ਅਤੇ ਉਨ੍ਹਾਂ ਦੇ ਕਾਰੋਬਾਰਾਂ ਉੱਪਰ ਹਮਲੇ ਕਰਨ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ। ਹੈਦਰਾਬਾਦ ਵਿਚ ਭਾਜਪਾ ਦੇ 'ਪ੍ਰਦਰਸ਼ਨਕਾਰੀਆਂ' ਵੱਲੋਂ ਇਕ ਬੇਕਰੀ ਦੀ ਇਸ ਕਰਕੇ ਭੰਨਤੋੜ ਕੀਤੀ ਗਈ ਕਿਉਂਕਿ ਉਸਦਾ ਨਾਮ 'ਕਰਾਚੀ ਬੇਕਰੀ' ਹੈ।

ਸਵਾਲ ਤਾਂ ਇਹ ਵੀ ਹੈ ਕਿ ਜੇ ਮਿਸਟਰ ਮੋਦੀ ਅਚਾਨਕ ਪਾਕਿਸਤਾਨ ਵਿਚ ਨਵਾਜ਼ ਸ਼ਰੀਫ਼ ਨੂੰ ਜੱਫੀ ਪਾ ਸਕਦਾ ਹੈ ਅਤੇ ਉਸਦੇ ਪਰਿਵਾਰਕ ਸਮਾਗਮ ਵਿਚ ਸ਼ਾਮਲ ਹੋ ਸਕਦਾ ਹੈ, ਜੇ ਭਾਰਤ ਤੇ ਪਾਕਿਸਤਾਨ ਦੀਆਂ ਪ੍ਰਮੁੱਖ ਖ਼ੁਫ਼ੀਆ ਏਜੰਸੀਆਂ, ਰਾਅ ਅਤੇ ਆਈ.ਐੱਸ.ਐੱਸ.ਆਈ. ਦੇ ਸਾਬਕਾ ਮੁਖੀ, ਅਸਦ ਦੁਰਾਨੀ ਅਤੇ ਏ.ਐੱਸ.ਦੁੱਲਟ ਮਿਲਕੇ ਭਾਰਤ-ਪਾਕਿਸਤਾਨ ਸੰਬੰਧਾਂ ਦੀਆਂ ਪੇਚੀਦਗੀਆਂ ਬਾਰੇ ਕਿਤਾਬ ਲਿਖ ਸਕਦੇ ਹਨ ਤਾਂ ਦੋਹਾਂ ਮੁਲਕਾਂ ਦੇ ਹੁਕਮਰਾਨ ਦੁਵੱਲੇ ਮਸਲਿਆਂ ਦੇ ਹੱਲ ਲਈ ਗੱਲਬਾਤ ਸ਼ੁਰੂ ਕਿਉਂ ਨਹੀਂ ਕਰ ਸਕਦੇ? ਸਚਾਈ ਇਹ ਹੈ ਕਿ ਚਾਹੇ ਭਾਰਤ ਹੈ ਜਾਂ ਪਾਕਿਸਤਾਨ, ਦੋਹਾਂ ਵਿੱਚੋਂ ਕਿਸੇ ਵੀ ਰਾਜ ਦੀ ਨੀਤੀ ਮੁਲਕ ਦੇ ਲੋਕਾਂ ਦੇ ਹਿਤਾਂ ਨੂੰ ਮੁੱਖ ਰੱਖਕੇ ਸੋਚਣ ਅਤੇ ਫ਼ੈਸਲੇ ਲੈਣ ਦੀ ਨਹੀਂ ਹੈ। ਉਹ ਆਪਣੀਆਂ ਹਾਕਮ ਜਮਾਤੀ ਰਾਜਨੀਤਕ ਜ਼ਰੂਰਤਾਂ ਤੇ ਗਿਣਤੀਆਂ-ਮਿਣਤੀਆਂ ਅਨੁਸਾਰ ਸਮੇਂ-ਸਮੇਂ 'ਤੇ ਯੁੱਧ ਲਈ ਮਾਹੌਲ ਭੜਕਾਉਣ, ਯੁੱਧ ਛੇੜਨ ਅਤੇ ਯੁੱਧਬੰਦੀ ਕਰਨ ਦੇ ਫ਼ੈਸਲੇ ਲੈਂਦੇ ਹਨ। ਦੋਹਾਂ ਹਕੂਮਤਾਂ ਲਈ ਇਕ ਦੂਜੇ ਵਿਰੁੱਧ ਨਫ਼ਰਤ ਅਤੇ ਭੜਕਾਊ ਮਾਹੌਲ ਬਣਾਈ ਰੱਖਣਾ ਆਪੋ ਆਪਣੇ ਮੁਲਕ ਦੇ ਲੋਕਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਦਾ ਸੰਦ ਹੈ।

ਭਾਰਤ ਦਾ 'ਮੁੱਖਧਾਰਾ' ਮੀਡੀਆ ਹਮਲੇ ਦੀਆਂ ਖ਼ਬਰਾਂ ਇਸ ਤਰ੍ਹਾਂ ਦਿਖਾ ਰਿਹਾ ਸੀ ਕਿ ਪਾਕਿਸਤਾਨ ਤਾਂ ਬਸ ਕੁਝ ਦਿਨਾਂ 'ਚ ਫ਼ਤਹਿ ਹੋਇਆ ਸਮਝੋ, ਕਿ ਮੋਦੀ ਸਰਕਾਰ ਦੀ ਸਬਕ ਸਿਖਾਉਣ ਦੀ ਦਿ ?ਰੜਤਾ ਨੂੰ ਦੇਖਕੇ ਪਾਕਿਸਤਾਨ ਦੀ ਹਕੂਮਤ ਕੰਬਣੀ ਸ਼ੁਰੂ ਹੋ ਗਈ ਹੈ ਅਤੇ ਛੇਤੀਂ ਹੀ ਪਾਕਿਸਤਾਨੀ ਫ਼ੌਜ ਰਹਿਮ ਲਈ ਨੱਕ ਰਗੜਨਾ ਸ਼ੁਰੂ ਕਰ ਦੇਵੇਗੀ। ਇਸ ਦੌਰਾਨ ਟਰੰਪ ਨੇ ਦੋਹਾਂ ਹੁਕਮਰਾਨਾਂ ਨਾਲ ਸੰਪਰਕ ਕਰਕੇ ਯੁੱਧਬੰਦੀ ਲਈ ਜ਼ੋਰ ਪਾਇਆ। ਟਰੰਪ ਦਾ ਯੁੱਧਬੰਦੀ ਦਾ ਹੁਕਮ ਭਗਵਾ ਹਕੂਮਤ ਅਤੇ ਗੋਦੀ ਮੀਡੀਆ ਦੇ ਜਿੱਤ ਦੇ ਜਸ਼ਨਾਂ ਉੱਪਰ ਬੰਬ ਵਾਂਗ ਡਿਗਿਆ। ਫਿਰਕੂ ਜੰਗਬਾਜ਼ ਹਕੂਮਤ ਨੂੰ ਸਾਮਰਾਜੀ ਆਕਾ ਦਾ ਹੁਕਮ ਮੰਨਣਾ ਪਿਆ। ਇਸ ਨਾਲ ਭਗਵਾ ਹਕੂਮਤ ਦੀ ਇਸ ਰਾਜਨੀਤਕ ਤਮਾਸ਼ੇ ਦੇ ਜੇਤੂ ਅੰਤ ਦੀ ਯੋਜਨਾ ਧਰੀ-ਧਰਾਈ ਰਹਿ ਗਈ । ਕੁਝ ਵੀ ਹੋਵੇ ਇਹ ਚੰਗਾ ਹੀ ਹੋਇਆ ਕਿ ਆਪਸੀ ਗੋਲੀਬਾਰੀ ਅਤੇ ਸਰਹੱਦੋਂ ਪਾਰ ਡਰੋਨਾਂ/ਮਿਜ਼ਾਇਲਾਂ ਵਗੈਰਾ ਹਮਲਿਆਂ ਤੋਂ ਗੱਲ ਅੱਗੇ ਨਹੀਂ ਵਧੀ ਅਤੇ 'ਯੁੱਧਬੰਦੀ' ਹੋਣ ਨਾਲ ਫ਼ਿਲਹਾਲ ਤਬਾਹੀ ਦਾ ਖ਼ਤਰਾ ਟਲ ਗਿਆ। ਇਸਦਾ ਇਕ ਵੱਡਾ ਕਾਰਨ ਇਹ ਹੋ ਸਕਦਾ ਹੈ ਕਿ ਅਮਰੀਕਨ ਸਾਮਰਾਜੀ ਹਕੂਮਤ ਪਹਿਲਾਂ ਹੀ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਚੱਲ ਰਹੇ ਯੁੱਧਾਂ ਵਿਚ ਉਲਝੀ ਹੋਈ ਹੈ ਅਤੇ ਇਸ ਸਮੇਂ ਉਸ ਨੂੰ ਭਾਰਤ-ਪਾਕਿਸਤਾਨ ਟਕਰਾਅ ਨੂੰ ਯੁੱਧ ਵਿਚ ਬਦਲਣਾ ਆਪਣੇ ਹਿਤ ਵਿਚ ਨਹੀਂ ਜਾਪਿਆ। ਉਸਨੇ ਦੋਹਾਂ

ਨੂੰ ਘੂਰ ਕੇ 'ਯੁੱਧਬੰਦੀ' ਕਰਵਾ ਦਿੱਤੀ। ਟਰੰਪ ਨੇ ਸਪਸ਼ਟ ਕਿਹਾ ਹੈ ਕਿ ਉਹ ਦੋਹਾਂ ਗੁਆਂਢੀਆਂ ਨਾਲ ਵਪਾਰ ਵਧਾਉਣਾ ਚਾਹੁੰਦਾ ਹੈ। ਯਾਨੀ ਇਸ ਸਮੇਂ ਟਰੰਪ ਸਰਕਾਰ ਦੀ ਤਰਜ਼ੀਹ ਦੋਹਾਂ ਦੀ ਸੁਲਾ ?ਹ ਕਰਵਾਕੇ ਆਪਣਾ ਵਪਾਰ ਵਧਾਉਣਾ ਹੈ।

ਨਿਰਸੰਦੇਹ, ਭਾਰਤ ਮਜ਼ਬੂਤ ਫ਼ੌਜੀ ਤਾਕਤ ਹੈ, ਪਰ ਅਮਰੀਕਾ ਨਾਲ ਜੋਟੀ ਦੇ ਸਹਾਰੇ ਵੱਡੀਆਂ ਪਸਾਰਵਾਦੀ ਲਾਲਸਾਵਾਂ ਪਾਲੀ ਬੈਠੇ ਭਗਵਾ ਯੁੱਧਨੀਤੀ ਘਾੜਿਆਂ ਨੇ ਪਾਕਿਸਤਾਨ ਫ਼ੌਜ ਦੀ ਤਕਨੀਕੀ ਤਿਆਰੀ ਨੂੰ ਬਹੁਤ ਘਟਾ ਕੇ ਦੇਖਿਆ, ਖ਼ਾਸ ਕਰਕੇ 2019 'ਚ ਜੰਮੂ-ਕਸ਼ਮੀਰ ਨੂੰ ਤੋੜੇ ਜਾਣ ਤੋਂ ਬਾਅਦ ਚੀਨ ਵੱਲੋਂ ਪਾਕਿਸਤਾਨ ਨਾਲ ਯੁੱਧਨੀਤਕ ਸਾਂਝ ਵਧਾਏ ਜਾਣ ਅਤੇ ਇਸ ਤਹਿਤ ਚੀਨ ਵੱਲੋਂ ਪਾਕਿਸਤਾਨ ਨਾਲ ਆਪਣੀ ਆਧੁਨਿਕ ਫ਼ੌਜੀ ਤਕਨੀਕ ਸਾਂਝੀ ਕਰਕੇ ਉਸਦੀ ਫ਼ੌਜੀ ਸਮਰੱਥਾ ਵਧਾਏ ਜਾਣ ਦੇ ਪਹਿਲੂ ਨੂੰ । ਜਦਕਿ ਅਮਰੀਕਨ ਹਕੂਮਤ ਨੂੰ ਸਪਸ਼ਟ ਸੀ ਕਿ ਮੌਜੂਦਾ ਟਕਰਾਅ ਦੇ ਮੁਕੰਮਲ ਯੁੱਧ ਵੱਲ ਵਧਣ ਨਾਲ ਦੱਖਣੀ ਏਸ਼ੀਆ ਵਿਚ ਉਸਨੂੰ ਆਪਣੇ ਵਪਾਰਕ ਮਨਸੂਬਿਆਂ ਨੂੰ ਸਾਕਾਰ ਕਰਨ 'ਚ ਮੁਸ਼ਕਲ ਆਵੇਗੀ ਅਤੇ ਉਸਨੇ ਦਬਾਅ ਪਾ ਕੇ ਦੋਹਾਂ ਧਿਰਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਪਹਿਲਗਾਮ ਹਮਲੇ ਸਮੇਂ ਵੇਨਸ ਨੇ ਬਿਆਨ ਦਿੱਤਾ ਸੀ ਕਿ ਦਹਿਸ਼ਤਵਾਦ ਵਿਰੁੱਧ ਯੁੱਧ ਵਿਚ ਅਮਰੀਕਾ ਭਾਰਤ ਦੇ ਨਾਲ ਹੈ। ਇੱਧਰ ਟਰੰਪ ਦਾ ਕਹਿਣਾ ਹੈ ਕਿ ਅਮਰੀਕਨ ਉੱਪ ਰਾਸ਼ਟਰਪਤੀ ਅਤੇ ਬਦੇਸ਼ ਮੰਤਰੀ ਨੇ ਖ਼ਤਰਨਾਕ ਪ੍ਰਮਾਣੂ ਟਕਰਾਅ ਰੋਕਣ ਲਈ ਬਹੁਤ ਮਿਹਨਤ ਕੀਤੀ ਹੈ। ਅਮਰੀਕਾ ਵੱਲੋਂ ਇਨ੍ਹੀਂ ਦਿਨੀਂ ਭਾਰਤ ਨੂੰ 1.31 ਕਰੋੜ ਡਾਲਰ ਦਾ ਫ਼ੌਜੀ ਸਾਜ਼ੋ-ਸਮਾਨ ਵੇਚਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਟਰੰਪ ਨੇ ਫ਼ੌਜੀ ਸਮਾਨ ਵੀ ਵੇਚ ਲਿਆ ਅਤੇ ਯੁੱਧਬੰਦੀ ਕਰਵਾਕੇ 'ਵਿਸ਼ਵ-ਗੁਰੂ' ਨੂੰ ਨੀਂਵਾਂ ਵੀ ਦਿਖਾ ਦਿੱਤਾ। 'ਵਿਸ਼ਵ-ਗੁਰੂ' ਨੇ ਭਾਰਤ ਲਈ ਕੀ ਖੱਟਿਆ?

ਟਰੰਪ ਵੱਲੋਂ ਕਸ਼ਮੀਰ ਦਾ ਮਸਲਾ ਹੱਲ ਕਰਨ ਲਈ ਵਿਚੋਲਗੀ ਕਰਨ ਦੀ ਪੇਸ਼ਕਸ਼ ਵੀ ਕੀਤੀ ਗਈ ਹੈ। ਇਸ ਨੇ ਆਰਐੱਸਐੱਸ-ਭਾਜਪਾ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ ਹੈ ਕਿਉਂਕਿ ਉਹ ਤਾਂ ਹਮੇਸ਼ਾ ਇਹੀ ਕਹਿੰਦੇ ਰਹੇ ਹਨ ਕਿ ਕਸ਼ਮੀਰ ਭਾਰਤ ਦਾ 'ਅੰਦਰੂਨੀ ਮਾਮਲਾ' ਹੈ ਅਤੇ ਉਹ ਕਿਸੇ ਤੀਜੀ ਧਿਰ ਨੂੰ ਇਸ ਵਿਚ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਦਿੰਦੇ। ਹੁਣ ਦੇਖਣਾ ਇਹ ਹੈ ਕਿ ਭਗਵਾ ਹਕੂਮਤ ਟਰੰਪ ਸਰਕਾਰ ਦੇ 'ਨਿਰਪੱਖ ਜਗਾ ?ਹ 'ਤੇ ਗੱਲਬਾਤ' ਕਰਾਉਣ ਦੇ ਫਾਰਮੂਲੇ ਨਾਲ ਕਿਵੇਂ ਨਜਿੱਠਦੀ ਹੈ।

'ਯੁੱਧਬੰਦੀ' ਦਾ ਭਾਵ ਦੁਵੱਲੇ ਮਸਲੇ ਹੱਲ ਹੋਣਾ ਨਹੀਂ ਹੈ ਅਤੇ ਯੁੱਧਬੰਦੀ ਦੀ ਉਲੰਘਣਾ ਦੀਆਂ ਚਿੰਤਾਜਨਕ ਖ਼ਬਰਾਂ ਅਜੇ ਵੀ ਆ ਰਹੀਆਂ ਹਨ। ਦੋਹਾਂ ਮੁਲਕਾਂ ਦੇ ਲੋਕਾਂ ਨੂੰ ਇਸ ਤੋਂ ਚੁਕੰਨੇ ਰਹਿਣਾ ਚਾਹੀਦਾ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਚਾਹੇ ਭਾਰਤ ਹੈ ਜਾਂ ਪਾਕਿਸਤਾਨ, ਦੋਹਾਂ ਮੁਲਕਾਂ ਵਿਚ ਐਸੇ ਜਾਗਰੂਕ ਹਿੱਸੇ ਹਨ, ਜੋ ਹੁਕਮਰਾਨਾਂ ਦੀ ਨਫ਼ਰਤ ਭੜਕਾਊ ਸਿਆਸਤ ਦਾ ਪ੍ਰਭਾਵ ਨਹੀਂ ਕਬੂਲਦੇ ਅਤੇ ਬਾਕੀ ਅਵਾਮ ਨੂੰ ਵੀ ਇਸ ਬਾਰੇ ਸੁਚੇਤ ਕਰਨ ਦੀ ਪੂਰੀ ਵਾਹ ਲਾਉਂਦੇ ਹਨ। ਮੌਜੂਦਾ ਦੁਵੱਲੇ ਹਮਲਿਆਂ ਦੌਰਾਨ ਇਸ ਹਿੱਸੇ ਨੇ ਜ਼ੋਰਦਾਰ ਆਵਾਜ਼ ਉਠਾਈ ਹੈ। ਇਸ ਆਵਾਜ਼ ਨੂੰ ਹੋਰ ਮਜ਼ਬੂਤ ਕਰਕੇ ਅਤੇ ਜੰਗਬਾਜ਼ ਤਾਕਤਾਂ ਦੇ ਲੋਕ ਵਿਰੋਧੀ ਮਨਸੂਬਿਆਂ ਵਿਰੁੱਧ ਵਿਆਪਕ ਲੋਕ-ਰਾਇ ਖੜ੍ਹੀ ਕਰਕੇ ਹੀ ਹੁਕਮਰਾਨਾਂ ਨੂੰ ਦੁਵੱਲੇ ਮਸਲਿਆਂ ਦੇ ਹੱਲ ਲਈ ਗੱਲਬਾਤ ਸ਼ੁਰੂ ਕਰਨ ਵਾਸਤੇ ਮਜਬੂਰ ਕੀਤਾ ਜਾ ਸਕਦਾ ਹੈ।

ਡਾ. ਬਲਜਿੰਦਰ ਸਿੰਘ ਸੇਖੋਂ
001 905 781 1197

# ਜੀਵਨ ਅਤੇ ਮੌਤ

ਜੀਵਨ ਅਤੇ ਮੌਤ ਬਾਰੇ ਮਨੁੱਖ ਮੁੱਢ ਕਦੀਮ ਤੋਂ ਹੀ ਸੋਚਦਾ ਆਇਆ ਹੈ। ਧਰਮਾਂ ਦੇ ਪ੍ਰਚਲਤ ਹੋਣ ਨਾਲ, 'ਆਖਿਰ ਮਨੁੱਖ ਧਰਤੀ 'ਤੇ ਕੀ ਕਰਨ ਆਇਆ ਹੈ' ਦਾ ਸੁਆਲ ਵੀ ਪੈਦਾ ਹੋਣ ਲੱਗਿਆ। ਸਾਇੰਸ ਵਿੱਚ ਇਹ ਤੱਥ ਪੱਕਾ ਸਿੱਧ ਕੀਤਾ ਜਾ ਚੁੱਕਾ ਹੈ ਕਿ ਮਨੁੱਖ ਦੂਸਰੇ ਜਾਨਵਰਾਂ ਨਾਲੋਂ ਕੋਈ ਜਿਆਦਾ ਵੱਖਰਾ ਨਹੀਂ, ਇਹ ਵੀ ਦੂਸਰੇ ਜੀਵਾਂ ਵਾਂਗ ਇੱਕ ਜੀਵ ਹੈ ਅਤੇ ਉਨ੍ਹਾਂ ਦੀ ਤਰ੍ਹਾਂ ਹੀ ਜੀਵਾਂ ਦੇ ਵਿਕਾਸ ਵਿੱਚੋਂ ਅਜੋਕੇ ਰੂਪ ਵਿੱਚ ਆਇਆ ਹੈ। ਜਿਸ ਤਰ੍ਹਾਂ ਦੂਸਰੇ ਜਾਨਵਰਾਂ ਦਾ ਧਰਤੀ 'ਤੇ ਆਉਣਾ ਤੇ ਜਾਣਾ ਕਿਸੇ ਖਾਸ ਮਕਸਦ ਨਾਲ ਨਹੀਂ ਜੁੜਿਆ, ਮਨੁੱਖ ਵੀ ਇਸੇ ਤਰ੍ਹਾਂ ਜਨਮ ਲੈਂਦੇ ਤੇ ਮਰਦੇ ਰਹਿੰਦੇ ਹਨ।

**ਜੀਵਨ ਹੈ ਕੀ?**

ਸਧਾਰਨ ਵਿਅਕਤੀ ਜਦ ਇਸ ਸਵਾਲ ਦਾ ਜਵਾਬ ਸੋਚਦਾ ਹੈ, ਤਾਂ ਇਹ ਬਿਲਕੁਲ ਅਸਾਨ ਲਗਦਾ ਹੈ। ਪਰ ਜਦ ਅਸੀਂ ਇਸ ਨੂੰ ਸਾਇੰਸ ਦੀ ਨਜ਼ਰ ਤੋਂ ਵੇਖਦੇ ਹਾਂ ਤਾਂ ਇਹ ਐਨਾ ਅਸਾਨ ਨਹੀਂ। ਅਸੀਂ ਜੀਵਾਂ ਵਿੱਚ ਕੁੱਝ ਗੁਣ ਵੇਖਦੇ ਹਾਂ, ਜਿਸ ਦੇ ਅਧਾਰ 'ਤੇ ਉਨ੍ਹਾਂ ਨੂੰ ਜਿਉਂਦੇ ਕਹਿ ਸਕਦੇ ਹਾਂ। ਉਹ ਵਧਦੇ ਹਨ, ਕਿਸੇ ਅਵਾਜ਼, ਚਾਨਣ, ਸੇਕ ਆਦਿ ਲੱਗਣ 'ਤੇ ਪ੍ਰਤਿਕਿਰਿਆ ਕਰਦੇ ਹਨ, ਪਰ ਕਈ ਬੇਜਾਨ ਚੀਜ਼ਾਂ ਵੀ ਕੱਝ ਕੁ ਇਸ ਤਰ੍ਹਾਂ ਦਾ ਕਰ ਸਕਦੀਆਂ ਹਨ। ਕਿਸੇ ਲੂਣ ਦੇ ਰਵੇ ਆਪਣੇ ਨਾਲ ਹੋਰ ਲੂਣ ਜੋੜ ਕੇ ਵੱਡੇ ਹੋ ਸਕਦੇ ਹਨ। ਖੰਡ ਤੋਂ ਮਿਸਰੀ ਬਣਾਉਣ ਲਈ ਜਦ ਉਸ ਵਿੱਚ ਧਾਗਾ ਪਾ ਦਿੱਤਾ ਜਾਂਦਾ ਹੈ ਤਾਂ ਖਾਸ ਤਰਤੀਬ ਵਿੱਚ ਉਸ ਦੁਆਲੇ ਰਵੇ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਲੋਹੇ ਦੀ ਪੱਤੀ ਗਰਮ ਹੋਣ ਉੱਤੇ ਲੰਬੀ ਹੋ ਸਕਦੀ ਹੈ। ਪਰ ਜੀਵਾਂ ਵਿੱਚ ਇੱਕ ਹੋਰ ਗੁਣ ਹੈ, ਜੋ ਬੇਜਾਨ ਵਸਤਾਂ ਵਿੱਚ ਨਹੀਂ, ਸਰੀਰਕ ਕਿਰਿਆਵਾਂ ਜਾਂ ਮੈਟਾਬੌਲਿਜ਼ਮ। ਜੀਵਾਂ ਦੇ ਸਰੀਰ ਵਿਚਲੇ ਤੱਤ ਸਥਿਰ ਨਹੀਂ ਰਹਿੰਦੇ, ਉਹ ਆਪਣੀ ਖੁਰਾਕ ਲਈ ਵਾਤਾਵਰਨ ਵਿੱਚੋਂ ਵਸਤਾਂ ਲੈ ਕੇ ਉਨ੍ਹਾਂ ਵਿਚਲੇ ਤੱਤਾਂ ਨੂੰ ਸਰੀਰ ਦੀਆਂ ਕਿਰਿਆਵਾਂ ਲਈ ਲੋੜੀਂਦੇ ਯੋਗਿਕ ਬਣਾਉਣ ਲਈ ਵਰਤ ਲੈਂਦੇ ਹਨ ਅਤੇ ਆਖਿਰ ਬੇਲੋੜੇ ਤੱਤਾਂ ਨੂੰ ਆਪਣੇ ਮਲ ਮੂਤਰ ਰਾਹੀਂ ਵਾਪਿਸ ਵਾਤਾਵਰਨ ਵਿੱਚ ਸੁੱਟ ਦਿੰਦੇ ਹਨ। ਪੌਦਿਆਂ ਵਿੱਚ ਵੀ ਇਹੋ ਗੁਣ ਹੈ। ਉਦਾਹਰਣ ਲਈ ਉਹ ਹਵਾ ਵਿੱਚੋਂ ਕਾਰਬਨ ਡਾਇਆਕਸਾਈਡ ਗੈਸ ਲੈ ਕੇ ਸੂਰਜ ਦੀ ਰੋਸ਼ਨੀ ਵਿੱਚ ਪਾਣੀ ਨਾਲ ਮੇਲ ਕੇ ਗੁਲੂਕੋਜ਼ (ਖੰਡ) ਬਣਾ ਲੈਂਦੇ ਹਨ ਅਤੇ ਇਸੇ ਕਿਰਿਆ ਵਿੱਚ ਆਕਸੀਜਨ ਹਵਾ ਵਿੱਚ ਛੱਡ ਦਿੰਦੇ ਹਨ। ਇਹ ਗੁਣ ਬੇਜ਼ਾਨ ਵਸਤਾਂ ਵਿੱਚ ਨਹੀਂ ਹੈ ਕਿ ਉਹ ਆਪਣੇ ਆਪ ਤੱਤ ਲੈ ਕੇ ਵਰਤ ਸਕਣ। ਪਰ ਬੇਜਾਨ ਚੀਜਾਂ ਵਿੱਚ ਕੱਝ ਕੁ ਵਰਤਾਰੇ ਅਜਿਹੇ ਹਨ, ਜੋ ਇਸ ਕਿਰਿਆ ਨਾਲ ਮੇਲ ਖਾਂਦੇ ਹਨ। ਅੱਗ ਨੂੰ ਹੀ ਲੈ ਲਵੋ, ਇਹ ਬਾਲਣ ਲੈਂਦੀ ਹੈ ਅਤੇ ਉਸ ਨੂੰ ਸਾੜ ਕੇ ਕਾਰਬਨ ਡਾਇਆਕਸਾਈਡ ਅਤੇ ਹੋਰ ਰਸਾਇਣਾਂ ਵਿੱਚ ਬਦਲ ਦਿੰਦੀ ਹੈ। ਇਹ ਵਧਦੀ ਵੀ ਹੈ, ਇੱਕ ਚੰਗਿਆੜੀ ਤੋਂ ਸਾਰਾ ਜੰਗਲ ਸੜ ਸਕਦਾ ਹੈ, ਪਰ ਇਸ ਅੱਗ ਨੂੰ ਜੇਕਰ ਬਾਲਣ ਨਾ ਮਿਲੇ ਤਾਂ ਆਪਣੇ ਆਪ ਬੁਝ ਜਾਵੇਗੀ। ਪਰ ਜੇਕਰ ਕਿਸੇ ਜੀਵ ਨੂੰ ਖੁਰਾਕ ਨਾ ਮਿਲੇ, ਉਹ ਵੀ ਤਾਂ ਮਰ ਜਾਵੇਗਾ। ਪਰ ਸਾਨੂੰ ਪਤਾ ਹੈ ਕਿ ਅੱਗ ਜੀਵ ਨਹੀਂ। ਸੋ ਕਿਸੇ ਇੱਕ ਗੁਣ ਦੇ ਅਧਾਰ 'ਤੇ ਅਸੀਂ ਜੀਵਾਂ ਅਤੇ ਨਿਰਜੀਵਾਂ ਨੂੰ ਵੱਖਰਾ ਨਹੀਂ ਕਰ ਸਕਦੇ। ਪਰ ਹੇਠ ਲਿਖੇ ਚਾਰ ਗੁਣ ਇਕੱਠੇ ਕਿਸੇ ਬੇਜਾਨ ਵਸਤੂ ਵਿੱਚ ਨਹੀਂ ਹੁੰਦੇ।

(ੳ) ਜੀਵ ਆਪਣਾ ਵਾਧਾ ਕਰ ਸਕਦੇ ਹਨ, ਆਪਣੇ ਵਰਗੇ ਹੋਰ ਜੀਵ ਪੈਦਾ ਕਰ ਸਕਦੇ ਹਨ।

(ਅ) ਇੱਕੋ ਜਾਤੀ ਦੇ ਵੱਖ-ਵੱਖ ਜੀਵਾਂ ਵਿੱਚ ਵੱਖਰੇਵਾ ਹੁੰਦਾ ਹੈ, ਜਿਸ ਦੇ ਅਧਾਰ 'ਤੇ ਉਹ ਬਦਲਦੀਆਂ ਹਾਲਤਾਂ ਮੁਤਾਬਿਕ ਅੱਗੇ ਹੋਰ ਚੰਗੇਰੇ ਜੀਵਾਂ ਵਿੱਚ ਵਿਕਸਤ ਹੋ ਸਕਦੇ ਹਨ।

(ੲ) ਉਨ੍ਹਾਂ ਦੇ ਆਪਣੇ ਖਾਸ ਗੁਣ ਔਲਾਦ ਵਿੱਚ ਜਾ ਸਕਦੇ ਹਨ।

(ਸ) ਜੀਵ ਵਿੱਚ ਵੱਖ-ਵੱਖ ਕੰਮਾਂ ਲਈ ਵੱਖ-ਵੱਖ ਅੰਗ ਹੁੰਦੇ ਹਨ।

ਇਹ ਗੁਣ ਜੀਵਾਂ ਦੀ ਅਬਾਦੀ ਦੇ ਕੁਦਰਤੀ ਚੋਣ ਦੁਆਰਾ ਵਿਕਾਸ ਲਈ ਜ਼ਰੂਰੀ ਹਨ।

**ਕੀ ਵਾਇਰਸ ਜੀਵ ਹਨ ਜਾਂ ਨਿਰਜੀਵ?**

ਜੀਵ ਅਤੇ ਨਿਰਜੀਵ ਦਾ ਫ਼ਰਕ ਕਰਨਾ, ਵਾਇਰਸ, ਜੋ ਜ਼ੁਕਾਮ, 'ਮਾਤਾ', ਹਲਕਾਅ ਵਰਗੀਆਂ ਭਿਆਨਕ ਬਿਮਾਰੀਆਂ ਕਰ ਸਕਦੇ ਹਨ, ਵਿੱਚ ਹੋਰ ਵੀ ਔਖਾ ਹੋ ਜਾਂਦਾ ਹੈ। ਇਹ ਬਹੁਤ ਮਹੀਨ ਜੀਵ ਹਨ, ਜਿਨ੍ਹਾਂ ਨੂੰ ਸਿਰਫ ਇਲੈਕਟਰਾਨ ਖ਼ੁਰਦਬੀਨ ਨਾਲ ਹੀ ਵੇਖਿਆ ਜਾ ਸਕਦਾ ਹੈ। ਇਹ ਆਪਣੇ ਆਪ ਆਪਣੇ ਵਰਗੇ ਹੋਰ ਵਾਇਰਸ ਪੈਦਾ ਨਹੀਂ ਕਰ ਸਕਦੇ, ਆਪਣੇ ਵਾਧੇ ਲਈ ਇਨ੍ਹਾਂ ਨੂੰ ਕਿਸੇ ਦੂਸਰੇ ਜੀਵ ਦੇ ਸੈਲਾਂ ਵਿਚਲੇ ਹਿੱਸਿਆਂ ਦਾ ਸਹਾਰਾ ਲੈਣਾ ਪੈਂਦਾ ਹੈ, ਉਹਨਾਂ ਨੂੰ ਵਰਤ ਕੇ ਵਾਇਰਸ ਆਪਣੇ ਵਰਗੇ ਹੋਰ ਵਾਇਰਸ ਪੈਦਾ ਕਰਦੇ ਹਨ। ਇਹ 'ਜੀਵ ਹਨ ਜਾਂ ਰਸਾਇਣ' ਦੀ ਬਹਿਸ ਨੇ ਨਵਾਂ ਮੋੜ ਲੈ ਲਿਆ ਜਦ ਵੈਂਡਲ ਸਟੈਨਲੇ ਅਤੇ ਉਸ ਦੇ ਸਾਥੀਆਂ ਨੇ 1935 ਵਿੱਚ ਤੰਬਾਕੂ ਦੇ



ਪੱਤਿਆਂ ਨੂੰ ਚਿਤਕਬਰਾ ਕਰਨ ਵਾਲੇ ਮੋਜ਼ੇਕ ਵਾਇਰਸ ਦੇ ਪ੍ਰਯੋਗਸ਼ਾਲਾ ਵਿੱਚ ਕਿਸੇ ਹੋਰ ਲੂਣ ਦੇ ਰਵਿਆਂ ਵਾਂਗ ਰਵੇ ਬਣਾ ਲਏ। ਇਸ ਨਾਲ ਵਾਇਰਸ ਨੂੰ ਨਿਰਜੀਵ ਕਿਹਾ ਜਾਣ ਲੱਗਾ। ਪਰ ਵਕਤ ਪੈਣ 'ਤੇ ਸਾਇੰਸਦਾਨਾਂ ਨੇ ਸੈੱਲ ਵਿਚਲੇ ਹੋਰ ਨਿੱਕੇ ਹਿੱਸਿਆਂ, ਡੀ. ਐਨ. ਏ., ਮਾਈਟੋਕੌਂਡਰੀਆ, ਰਾਇਬੋਸੋਮ, ਪ੍ਰੋਟੀਨ ਆਦਿ ਦੇ ਵੀ ਰਵੇ ਬਣਾ ਲਏ। ਇਹ ਜੀਵਤ ਸੈੱਲ ਦੇ ਅਹਿਮ ਅੰਗ ਹਨ ਜੋ ਜੀਵ ਦੇ ਅਹਿਮ ਕੰਮਾਂ ਨੂੰ ਨੇਪਰੇ ਚਾੜ੍ਹਦੇ ਹਨ।

ਇਸ ਸਭ ਤੋਂ ਅਸੀਂ ਇਹੋ ਕਹਿ ਸਕਦੇ ਹਾਂ ਕਿ ਜਿਸ ਤਰ੍ਹਾਂ ਇੱਕ ਇੰਜਣ ਦੇ ਪੁਰਜੇ ਆਪਣੇ ਆਪ ਵਿੱਚ ਕੱਝ ਨਹੀਂ ਕਰ ਸਕਦੇ ਪਰ ਕਿਸੇ ਖਾਸ ਤਰੀਕੇ ਨਾਲ ਜਦ ਜੋੜ ਦਿੱਤੇ ਜਾਂਦੇ ਹਨ ਤਾਂ ਇਹ ਇਸ ਨੂੰ ਚਲਦਾ ਰੱਖ ਸਕਦੇ ਹਨ। ਇਸੇ ਤਰ੍ਹਾਂ ਇਹ ਸੈੱਲ ਵਿਚਲੇ ਛੋਟੇ ਅੰਗ ਵੱਖਰੇ ਵੱਖਰੇ ਨਿਰਜੀਵ ਹਨ, ਪਰ ਜਦ ਇਹ ਕਿਸੇ ਖਾਸ ਤਰਤੀਬ ਵਿੱਚ ਜੁੜ ਬੈਠਦੇ ਹਨ, ਤਾਂ ਇਹ ਇੱਕ ਜਿਉਂਦੇ ਸੈੱਲ ਦਾ ਰੂਪ ਧਾਰਨ ਕਰ ਲੈਂਦੇ ਹਨ। ਹਰ ਜਾਨਵਰ ਜਾਂ ਰੁੱਖ ਪੌਦੇ ਸੈੱਲਾਂ ਦੇ ਹੀ ਬਣੇ ਹੋਏ ਹਨ। ਸੈੱਲਾਂ ਦੇ ਜਿਉਣ ਨਾਲ ਹੀ ਜੀਵ ਜਿਉਂਦਾ ਰਹਿੰਦਾ ਹੈ।

**ਮੌਤ ਕੀ ਹੈ?**

ਕਿਸੇ ਵੱਡੇ ਜੀਵ ਦੇ ਮਰਨ ਸਮੇਂ ਕੀ ਹੁੰਦਾ ਹੈ? ਉਸ ਦੀ ਮੌਤ ਅਸਲ ਵਿੱਚ ਕੀ ਹੈ? ਸਾਡੇ ਸਰੀਰ ਵਿੱਚ ਕਿਸ ਅੰਗ ਜਾਂ ਅੰਗਾਂ ਦੇ ਮਰਨ ਨਾਲ ਮੌਤ ਹੋ ਜਾਂਦੀ ਹੈ? ਇਹ ਸਮੇਂ ਸਮੇਂ ਨਾਲ ਬਦਲਦਾ ਰਿਹਾ ਹੈ। ਪੁਰਾਣੇ ਸਮੇਂ ਵਿੱਚ ਲੋਕ ਸਾਹ ਲੈਣਾ ਬੰਦ ਹੋਣ 'ਤੇ ਕਹਿ ਦਿੰਦੇ ਸਨ ਕਿ ਇਸ ਦੀ ਤਾਂ ਮੌਤ ਹੋ ਗਈ। ਅੱਜ ਵੀ ਲੋਕ ਕਹਿੰਦੇ ਹਨ ਕਿ ਕੀ ਪਤਾ ਅਗਲਾ ਸਾਹ ਆਵੇ ਜਾਂ ਨਾ ਆਵੇ, ਮਤਲਬ ਕਿ ਕੀ ਪਤਾ ਕਦੋਂ ਮੌਤ ਹੋ ਜਾਵੇ। ਪਰ ਅੱਜ ਜੇਕਰ ਸਾਹ ਬੰਦ ਵੀ ਹੋ ਜਾਵੇ, ਕੁੱਝ ਅਰਸੇ ਲਈ ਮਸ਼ੀਨਾਂ ਦੀ ਸਹਾਇਤਾ ਨਾਲ ਸਰੀਰ ਵਿੱਚ ਲੋੜੀਂਦੀ ਆਕਸੀਜਨ, ਖ਼ੂਨ ਵਿੱਚ ਰਲਾਈ ਜਾ ਸਕਦੀ ਹੈ, ਜਿਸ ਨਾਲ ਸਰੀਰ ਦੇ ਤਕਰੀਬਨ ਸਾਰੇ ਅੰਗ ਕੁੱਝ ਸਮੇਂ ਲਈ ਚਲਦੇ ਰੱਖੇ ਜਾ ਸਕਦੇ ਹਨ। ਦੂਸਰੀ ਨਿਸ਼ਾਨੀ ਕਿ ਇਸ ਦੀ ਤਾਂ ਨਬਜ਼ ਬੰਦ ਹੋ ਗਈ, ਸੰਕੇਤ ਕਰਦੀ ਹੈ ਕਿ ਇਸ ਦੇ ਦਿਲ ਨੇ ਧੜਕਣਾ ਬੰਦ ਕਰ ਦਿੱਤਾ। ਇਹ ਵੀ ਪਹਿਲਾਂ ਮੌਤ ਦੀ ਪੱਕੀ ਨਿਸ਼ਾਨੀ ਕਹੀ ਜਾਂਦੀ ਸੀ, ਪਰ ਅੱਜ ਦਿਲ ਦੇ ਰੁਕਣ 'ਤੇ ਵੀ ਸਰੀਰ ਵਿੱਚ ਖ਼ੂਨ ਦਾ ਵਹਾਅ ਮਸ਼ੀਨਾਂ ਨਾਲ ਚਲਦਾ ਰੱਖਿਆ ਜਾ ਸਕਦਾ ਹੈ। ਫਿਰ ਕਿਹੜਾ ਅੰਗ ਹੈ, ਜਿਸ ਵਿਚਲੀਆਂ ਕਿਰਿਆਵਾਂ ਬੰਦ ਹੋਣ 'ਤੇ ਪੱਕਾ ਕਿਹਾ ਜਾਂਦਾ ਹੈ ਕਿ ਮੌਤ ਹੋ ਗਈ। ਇਹ ਹੈ, ਮਨੁੱਖ ਦਾ ਦਿਮਾਗ। ਜੇਕਰ ਦਿਮਾਗ ਕੰਮ ਕਰਨਾ ਬੰਦ ਕਰ ਦੇਵੇ ਤਾਂ ਉਸ ਵਿਅਕਤੀ ਨੂੰ ਮਰਿਆ ਐਲਾਨ ਦਿੱਤਾ ਜਾਂਦਾ ਹੈ। ਬੇਸ਼ੱਕ ਮਸ਼ੀਨਾਂ ਦੀ ਮਦਦ ਨਾਲ ਇਸ ਤਰ੍ਹਾਂ ਦੇ ਵਿਅਕਤੀ ਦੇ ਸਰੀਰ ਦੇ ਬਾਕੀ ਅੰਗ ਜੀਵਤ ਰੱਖੇ ਜਾ ਸਕਦੇ ਹਨ। ਉਸ ਦਾ ਦਿਲ ਚਲਦਾ ਰੱਖਿਆ ਜਾ ਸਕਦਾ ਹੈ, ਫੇਫੜੇ, ਗੁਰਦੇ ਆਦਿ ਕੰਮ ਕਰਦੇ ਰਹਿੰਦੇ ਹਨ ਅਤੇ ਮਸ਼ੀਨਾਂ ਦੁਆਰਾ ਚਾਲੂ ਰੱਖੇ ਜਾ ਰਹੇ ਦਿਲ, ਫੇਫੜੇ ਆਦਿ ਉਸ ਵਿਅਕਤੀ ਨੂੰ ਮਸ਼ੀਨਾਂ ਨਾਲੋਂ ਵੱਖ ਕਰਨ ਉਪਰੰਤ ਲੋੜਵੰਦਾਂ ਨੂੰ ਦਿੱਤੇ ਵੀ ਜਾ ਸਕਦੇ ਹਨ, ਜਿਸ ਨਾਲ ਇੱਕ ਦੀ ਮੌਤ ਕਈ ਹੋਰ ਵਿਅਕਤੀਆਂ ਲਈ ਜ਼ਿੰਦਗੀ ਦਾ ਵਰਦਾਨ ਦੇ ਸਕਦੀ ਹੈ। ਸੋ ਦਿਮਾਗ ਦੇ ਮਰਨ ਉੱਤੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ।

ਪਰ ਦਿਮਾਗ ਜਾਂ ਹੋਰ ਦੂਸਰੇ ਅੰਗ ਮਰ ਕਦੋਂ ਜਾਂ ਕਿਵੇਂ ਜਾਂਦੇ ਹਨ? ਇਨ੍ਹਾਂ ਦੀ ਮੌਤ ਇਨ੍ਹਾਂ ਵਿਚਲੇ ਸੈੱਲਾਂ ਦੇ ਵੱਡੀ ਗਿਣਤੀ ਵਿੱਚ ਮਰਨ ਦਾ ਨਤੀਜਾ ਹੁੰਦੀ ਹੈ। ਇਹ ਸੈੱਲ ਕਦੋਂ ਮਰਦੇ ਹਨ? ਜਦ ਇਨ੍ਹਾਂ ਵਿਚਲੀਆਂ ਜ਼ਰੂਰੀ ਕਿਰਿਆਵਾਂ ਵਿੱਚੋਂ ਕੋਈ ਇੱਕ ਰੁਕ ਜਾਵੇ। ਅਸੀਂ ਇਸ ਨੂੰ ਇੱਕ ਪਹੀਏ ਦੇ ਘੁੰਮਣ ਦੀ ਉਦਾਹਰਣ ਲੈ ਕੇ ਸਮਝ ਸਕਦੇ ਹਾਂ। ਪਹੀਏ ਦੇ ਚਲਣ ਨੂੰ ਜੇਕਰ ਜੀਵਨ ਮੰਨ ਲਿਆ ਜਾਵੇ ਅਤੇ ਉਸ ਵਿਚਲੀਆਂ ਤਾਰਾਂ ਨੂੰ ਵੱਖ-ਵੱਖ ਕਿਰਿਆਵਾਂ, ਤਾਂ ਜਿਵੇਂ ਜੇਕਰ ਅਸੀਂ ਚਲਦੇ ਪਹੀਏ ਵਿੱਚ ਕੋਈ ਡੰਡਾ ਫਸਾ ਦੇਈਏ ਤਾਂ ਸਾਰਾ ਪਹੀਆ ਰੁਕ ਜਾਵੇਗਾ, ਬੇਸ਼ੱਕ ਡੰਡੇ ਨੇ ਤਾਂ ਇੱਕ ਤਾਰ ਨੂੰ ਹੀ ਰੋਕਿਆ ਹੈ, ਇਸੇ ਤਰ੍ਹਾਂ ਸੈੱਲ ਵਿੱਚ ਇੱਕ ਵੀ ਜ਼ਰੂਰੀ ਕਿਰਿਆ ਜੇਕਰ ਰੁਕ ਜਾਂਦੀ ਹੈ ਤਾਂ ਸੈੱਲ ਪਹੀਏ ਵਾਂਗ ਖੜ੍ਹ ਜਾਂਦਾ ਹੈ ਜਾਂ ਕਹਿ ਲਓ ਕਿ ਮਰ ਜਾਂਦਾ ਹੈ। ਜਦ ਜ਼ਰੂਰੀ ਅੰਗਾਂ ਦੇ ਸੈੱਲ ਮਰ ਜਾਣ ਤਾਂ ਜੀਵ ਮਰ ਜਾਂਦਾ ਹੈ। ਸੋ ਮਰਨਾ ਸਰੀਰ ਦੇ ਸੈੱਲਾਂ ਵਿਚਲੀਆਂ ਜ਼ਰੂਰੀ ਕਿਰਿਆਵਾਂ ਦਾ ਰੁਕਣਾ ਹੈ।

ਬਹੁਤੇ ਧਰਮਾਂ ਵਿੱਚ ਮੌਤ ਨੂੰ ਸਰੀਰ ਵਿੱਚੋਂ 'ਰੂਹ' ਦੇ ਉੱਡਣ ਨਾਲ ਜੋੜਿਆ ਜਾਂਦਾ ਹੈ। ਸਾਇੰਸ ਵਿੱਚ ਇਸ ਨੂੰ ਨਹੀਂ ਮੰਨਿਆ ਜਾਂਦਾ। ਬਹੁਤ ਸਾਰੀਆਂ ਗੱਲਾਂ, ਜੋ ਬੱਸ ਮਿਥ ਕਥਾਵਾਂ ਹੀ ਕਹੀਆਂ ਜਾ ਸਕਦੀਆਂ ਹਨ, ਵਿੱਚ ਇਹ ਵੀ ਕਿਹਾ ਜਾਂਦਾ ਹੈ ਕਿ ਰੂਸ ਵਿੱਚ ਮੌਤ ਹੋਣ 'ਤੇ ਰੂਹ ਦੇ ਨਿਕਲਣ ਨੂੰ ਵੇਖਣ ਲਈ ਤਜ਼ਰਬਾ ਕੀਤਾ ਗਿਆ। ਜਿਸ ਵਿੱਚ ਮਰ ਰਹੇ ਵਿਅਕਤੀ ਨੂੰ ਸ਼ੀਸ਼ੇ ਦੇ ਬੰਦ ਖੋਲ ਵਿੱਚ ਰੱਖ ਦਿੱਤਾ ਗਿਆ ਅਤੇ ਜਦ ਉਸ ਦੀ ਮੌਤ ਹੋਈ ਤਾਂ ਸ਼ੀਸ਼ੇ ਵਿੱਚ ਤਰੇੜ ਆ ਗਈ। ਇਸ ਤਰ੍ਹਾਂ ਦਾ ਕੋਈ ਤਜ਼ਰਬਾ ਕਿਤੇ ਨਹੀਂ ਹੋਇਆ। ਹਾਂ, ਅਜਿਹੀਆਂ ਅਧਾਰ ਰਹਿਤ ਲਿਖਤਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿੱਚ ਰੂਹ ਦੇ ਸਰੀਰ ਵਿੱਚੋਂ ਨਿਕਲਣ ਦੀਆਂ ਕਲਪਿਤ ਫੋਟੋਆਂ ਤੱਕ ਛਾਪੀਆਂ ਹੋਈਆਂ ਹਨ, ਇਹ ਖਾਸ ਤਰ੍ਹਾਂ ਦੀ ਫੋਟੋਗਰਾਫ਼ੀ ਦੀ ਤਕਨੀਕ ਨਾਲ ਖਿੱਚੀਆਂ ਹੋਈਆਂ ਹਨ। ਅਸਲ ਵਿੱਚ 'ਰੂਹ' ਦਾ ਸੰਕਲਪ ਮਨੁੱਖ ਦੇ ਮੌਤ ਦੇ ਡਰ ਵਿੱਚੋਂ ਹੀ ਉਤਪੰਨ ਹੋਇਆ ਹੈ, ਜਿਸ ਡਰ ਤੋਂ ਮੁਕਤ ਕਰਨ ਲਈ ਕਈ ਧਰਮਾਂ ਨੇ ਮਨੁੱਖ ਨੂੰ ਇਹ ਕਹਿ ਕੇ ਧਰਵਾਸ ਦੇਣ ਦੀ ਕੋਸ਼ਿਸ਼ ਕੀਤੀ ਹੈ, ਕਿ ਮੌਤ ਤਾਂ ਬੱਸ ਇੱਕ ਸਰੀਰ ਨੂੰ ਛੱਡ ਕਿਸੇ ਹੋਰ ਥਾਂ, ਸਵਰਗ ਜਾਂ ਨਰਕ ਜਾਂ ਫਿਰ ਕਿਸੇ ਹੋਰ ਸਰੀਰ ਵਿੱਚ ਜਾਣ ਦਾ ਇੱਕ ਪੜਾਅ ਹੀ ਹੈ। ਸਾਇੰਸ ਮੁਤਾਬਿਕ ਮੌਤ ਹੋਣ 'ਤੇ ਸਰੀਰ ਨਿਰਜੀਵ ਹੋ ਵਿਖੰਡਤ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਇਸ ਦੇ ਤੱਤ ਆਸੇ ਪਾਸੇ ਸਮਾ ਜਾਂਦੇ ਹਨ। ਸਸਕਾਰ ਕਰਨ ਉੱਤੇ ਇਹ ਕਿਰਿਆ ਜਲਦੀ ਹੋ ਜਾਂਦੀ ਹੈ ਅਤੇ ਜੇਕਰ ਕਿਸੇ ਨੂੰ ਦਫ਼ਨਾਇਆ ਜਾਂਦਾ ਹੈ ਤਾਂ ਸਮਾਂ ਕੁੱਝ ਜਿਆਦਾ ਲਗਦਾ ਹੈ। ਰੂਹ ਨਾ ਹੀ ਜਿਉਂਦੇ ਸਰੀਰ ਵਿੱਚ ਹੁੰਦੀ ਹੈ ਅਤੇ ਨਾ ਹੀ ਮਰਨ 'ਤੇ ਉਹ ਸਰੀਰ ਛੱਡਦੀ ਹੈ।

# ਬਸਤਰ ਪੁਲਿਸ ਵੱਲੋਂ ਮਾਓਵਾਦੀਆਂ ਦਾ ਧੱਕੇ ਨਾਲ ਅੰਤਮ-ਸੰਸਕਾਰ ਗ਼ੈਰਕਾਨੂੰਨੀ : ਜਮਹੂਰੀ ਫਰੰਟ

ਜਲੰਧਰ: ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਛੱਤੀਸਗੜ੍ਹ ਪੁਲਿਸ ਵੱਲੋਂ ਸੀਪੀਆਈ (ਮਾਓਵਾਦੀ) ਦੇ ਜਨਰਲ ਸਕੱਤਰ ਕੇਸ਼ਵ ਰਾਓ ਅਤੇ ਸੱਤ ਹੋਰ ਮਾਓਵਾਦੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਿਸਾਂ ਨੂੰ ਅੰਤਮ ਸੰਸਕਾਰ ਲਈ ਨਾ ਦੇਣ ਅਤੇ ਪਰਿਵਾਰਾਂ ਦੀ ਸਹਿਮਤੀ ਲਏ ਤੋਂ ਬਿਨਾਂ ਹੀ ਨਰਾਇਣਪੁਰ ਵਿਚ ਉਨ੍ਹਾਂ ਦਾ ਸੰਸਕਾਰ ਕਰ ਦੇਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਨਾਲ ਸੰਬੰਧਤ ਪਰਿਵਾਰ ਆਪਣੇ ਪਰਿਵਾਰ ਮੈਂਬਰਾਂ ਦੀਆਂ ਲਾਸ਼ਾਂ ਲੈਣ ਲਈ ਪਿਛਲੇ ਚਾਰ ਦਿਨਾਂ ਤੋਂ ਨਰਾਇਣਪੁਰ ਵਿਚ ਸਨ ਅਤੇ ਪੁਲਿਸ-ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਲਾਸ਼ਾਂ ਉਨ੍ਹਾਂ ਦੇ ਸਪੁਰਦ ਕਰਨ ਦੀ ਬਜਾਏ ਵੱਖ-ਵੱਖ ਬਹਾਨੇ ਬਣਾਕੇ ਟਾਲ-ਮਟੋਲ ਕੀਤੀ ਗਈ। ਬੀਤੇ ਕੱਲ੍ਹ ਇਹ ਝੂਠ ਬੋਲਕੇ ਪੁਲਿਸ ਵੱਲੋਂ ਜ਼ਬਰਦਸਤੀ ਲਾਸ਼ਾਂ ਜਲਾ ਦਿੱਤੀਆਂ ਗਈਆਂ ਕਿ ਲਾਸ਼ਾਂ ਗਲ-ਸੜ ਰਹੀਆਂ ਸਨ ਜਿਨ੍ਹਾਂ ਨੂੰ ਲੈਣ ਲਈ ਕਾਨੂੰਨੀ ਵਾਰਿਸਾਂ ਵੱਲੋਂ ਪ੍ਰਸ਼ਾਸਨਿਕ ਤੱਕ ਪਹੁੰਚ ਨਹੀਂ ਕੀਤੀ ਗਈ। ਆਗੂਆਂ ਨੇ ਕਿਹਾ ਕਿ ਪੁਲਿਸ ਦੀ ਇਹ ਕਹਾਣੀ 'ਮੁਕਾਬਲੇ' ਦੀ ਕਹਾਣੀ ਵਾਂਗ ਪੂਰੀ ਤਰ੍ਹਾਂ ਝੂਠੀ ਅਤੇ ਮਨਘੜਤ ਹੈ ਕਿਉਂਕਿ ਕਾ. ਕੇਸ਼ਵ ਰਾਓ ਦੇ ਭਰਾ ਨੰਬਾਲਾ ਰਾਮ ਪ੍ਰਸਾਦ ਅਤੇ ਹੋਰ ਰਿਸ਼ਤੇਦਾਰਾਂ ਸਮੇਤ ਪੰਜ ਮਾਓਵਾਦੀਆਂ ਦੇ ਵਾਰਿਸਾਂ ਨੇ ਲਾਸ਼ਾਂ ਸੰਬੰਧਤ ਪਰਿਵਾਰਾਂ ਦੇ ਸਪੁਰਦ ਕੀਤੇ ਜਾਣ ਦਾ ਆਦੇਸ਼ ਆਂਧਰਾ ਪ੍ਰਦੇਸ਼ ਹਾਈਕੋਰਟ ਤੋਂ ਜਾਰੀ ਕਰਵਾਕੇ ਪੁਲਿਸ ਅਧਿਕਾਰੀਆਂ ਅੱਗੇ ਬਾਕਾਇਦਾ ਆਪਣੇ ਸ਼ਨਾਖ਼ਤੀ ਦਸਤਾਵੇਜ਼ ਪੇਸ਼ ਕਰ ਦਿੱਤੇ ਸਨ ਅਤੇ ਉਨ੍ਹਾਂ ਵੱਲੋਂ ਪੁਲਿਸ ਅਧਿਕਾਰੀਆਂ ਦੀ ਟਾਲ-ਮਟੋਲ ਵਿਰੁੱਧ ਨਰਾਇਣਪੁਰ ਪੁਲਿਸ ਦੇ ਸਦਰ ਮੁਕਾਮ ਅੱਗੇ ਮੁਜ਼ਾਹਰਾ ਵੀ ਕੀਤਾ ਗਿਆ। ਕਈ ਟੀ.ਵੀ. ਚੈਨਲਾਂ ਵੱਲੋਂ ਪਰਿਵਾਰਕ ਮੈਂਬਰਾਂ ਨਾਲ ਇੰਟਰਵਿਊ ਕੀਤੀਆਂ ਗਈਆਂ। ਪਬਲਿਕ ਡੋਮੇਨ ਵਿਚ ਮੌਜੂਦ ਇਹ ਇੰਟਰਵਿਊ ਇਸ ਦਾ ਸਬੂਤ ਹਨ ਕਿ ਪੁਲਿਸ ਅਧਿਕਾਰੀ ਕੋਰਾ ਝੂਠ ਬੋਲ ਰਹੇ ਹਨ। ਇਸ ਤੋਂ ਇਲਾਵਾ, ਮਨੁੱਖੀ ਹੱਕਾਂ ਦੀ ਉੱਘੀ ਕਾਰਕੁਨ ਬੇਲਾ ਭਾਟੀਆ ਦਿਨ-ਰਾਤ ਉੱਥੇ ਮੌਜੂਦ ਰਹੀ ਅਤੇ ਉਸ ਵੱਲੋਂ ਲਾਸ਼ਾਂ ਲੈਣ ਦੀ ਕੋਸ਼ਿਸ਼ 'ਚ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵਾਰ-ਵਾਰ ਸੰਪਰਕ ਕਰਕੇ ਪਰਿਵਾਰਾਂ ਦੀ ਮੱਦਦ ਕੀਤੀ ਗਈ। ਕਨਵੀਨਰਾਂ ਨੇ ਕਿਹਾ ਕਿ ਮੌਤ ਉਪਰੰਤ ਹਰ ਮਨੁੱਖ ਆਪਣੀਆਂ ਸਮਾਜਿਕ-ਸੱਭਿਆਚਾਰਕ ਰਵਾਇਤਾਂ ਅਨੁਸਾਰ ਮਾਣ-ਸਨਮਾਨ ਨਾਲ ਅੰਤਮ ਸੰਸਕਾਰ ਕੀਤੇ ਜਾਣ ਦਾ ਹੱਕਦਾਰ ਹੈ। ਛੱਤੀਸਗੜ੍ਹ ਪੁਲਿਸ ਨੇ ਨਾ ਸਿਰਫ਼ ਝੂਠਾ ਮੁਕਾਬਲਾ ਬਣਾ ਕੇ 27 ਮਾਓਵਾਦੀਆਂ ਦਾ ਗ਼ੈਰਅਦਾਲਤੀ ਕਤਲ ਕੀਤਾ ਹੈ, ਸਗੋਂ ਉਨ੍ਹਾਂ ਨੇ ਪਰਿਵਾਰਾਂ ਦਾ ਆਪਣੇ ਪਰਿਵਾਰਕ ਮੈਂਬਰ ਦਾ ਅੰਤਮ ਸੰਸਕਾਰ ਕਰਨ ਦੇ ਹੱਕ ਦਾ ਘਾਣ ਵੀ ਕੀਤਾ ਹੈ। ਪੁਲਿਸ ਅਧਿਕਾਰੀਆਂ ਵੱਲੋਂ ਵਾਰਿਸਾਂ ਨੂੰ 'ਸਪੁਰਦਨਾਮੇ' ਉੱਪਰ ਦਸਖ਼ਤ ਕਰਨ ਦੀ ਕਾਗਜ਼ੀ ਕਾਰਵਾਈ 'ਚ ਉਲਝਾ ਕੇ ਦੂਜੇ ਪਾਸੇ ਚੁੱਪ-ਚੁਪੀਤੇ ਲਾਸ਼ਾਂ ਸਾੜ ਦਿੱਤੀਆਂ ਗਈਆਂ। ਚਾਰ ਦਿਨ ਤੱਕ ਲਾਸ਼ਾਂ ਨੂੰ ਬਿਨਾਂ ਫਰੀਜ਼ਰ ਤੋਂ ਖੁੱਲ੍ਹੀ ਸ਼ੈੱਡ ਹੇਠ ਗਲ-ਸੜ ਜਾਣ ਲਈ ਛੱਡਕੇ ਮ੍ਰਿਤਕ ਮਨੁੱਖੀ ਸਰੀਰਾਂ ਦੀ ਬੇਹੁਰਮਤੀ ਕਰਨ ਦਾ ਜੋ ਅਤਿ ਘਿਣਾਉਣਾ ਗੁਨਾਹ ਕੀਤਾ ਗਿਆ ਹੈ ਉਹ ਮਾਨਵਤਾ ਨੂੰ ਸ਼ਰਮਸਾਰ ਕਰਨ ਵਾਲਾ ਹੈ। ਇਹ ਭਾਰਤੀ ਰਾਜ ਪ੍ਰਬੰਧ ਦੀ ਅਣਮਨੁੱਖੀ ਖ਼ਸਲਤ ਦਾ ਨਮੂਨਾ ਹੈ ਜਿਸ ਵੱਲੋਂ ਅਕਸਰ ਹੀ ਦਾਅਵੇ ਕੀਤੇ ਜਾਂਦੇ ਹਨ ਕਿ 'ਜਮਹੂਰੀਅਤ ਤਾਂ ਸਾਡੇ ਡੀ.ਐੱਨ.ਏ.' ਵਿਚ ਹੀ ਹੈ। ਇਹ ਪੁਲਿਸ ਦੀ ਕਥਿਤ ਮੁਕਾਬਲੇ ਦੀ ਸਚਾਈ ਨੂੰ ਸਾਹਮਣੇ ਆਉਣ ਤੋਂ ਰੋਕਣ ਅਤੇ ਆਪਣੇ ਗੁਨਾਹ ਉੱਪਰ ਪਰਦਾ ਪਾਉਣ ਦੀ ਅਤਿ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਮੰਗ ਕੀਤੀ ਕਿ ਹਾਈਕੋਰਟ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾਉਣ ਵਾਲੇ ਪੁਲਿਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਬਸਤਰ ਪੁਲਿਸ ਦੀਆਂ ਮਨਮਾਨੀਆਂ ਨੂੰ ਨੱਥ ਪਾਈ ਜਾਵੇ ਅਤੇ ਓਪਰੇਸ਼ਨ ਕਗਾਰ ਤੁਰੰਤ ਬੰਦ ਕੀਤਾ ਜਾਵੇ।

**ਜਾਰੀ ਕਰਤਾ: ਕਨਵੀਨਰ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ, ਯਸ਼ਪਾਲ**
**ਸੰਪਰਕ: 94634-74342**

# Do you trust AI to deliver your EI?

## Artificial Intelligence is being held up as a panacea for our public service. It may further undermine Canadians' trust in government.



This week Prime Minister Mark Carney announced MP Evan Solomon as Canada's first "minister for artificial intelligence (AI) and digital innovation." There is no doubt that the prime minister is keen on AI, dedicating an entire plank in the Liberal election platform to various AI investments and incentives. He also must be keenly aware that Canada's tech elite have increasingly spun into the orbit of the Conservatives, frustrated by what they perceived as neglect from the former Trudeau government, as well as their disdain for the capital gains tax.

Part of the prime minister's plans for supercharging Canada's economy via AI includes a pledge to balance "the federal government's operating budget by capping the public service and improving public sector productivity."

No doubt part of this attempt to improve productivity and manage a diminished public service will be via AI. The Liberal platform makes this clear: "We will be relentless in looking for ways to make government more efficient. The potential of AI to improve services and delivery must be included in that work."

AI is already present in government, so this is not an either-or question, it's about the extent to which we want to automate essential public services that Canadians rely on.

Elon Musk's Department of Government Efficiency (DOGE) has been one of the biggest proponents of expanding the use of AI throughout the American government and, so far, the results are disturbing.

Less than half a year into their creation, DOGE has been accused of using AI within government to surveil the conduct of federal employees, particularly for behaviour or work that may contradict President Trump's agenda. They have used AI to expedite immigration enforcement and deportations by integrating sensitive data from multiple federal agencies and they have replaced fired workers at the General Services Administration with a chatbot.

But most concerning is what will be done with all the public data that DOGE now has access to.

It's no secret that data is the most lucrative currency in the tech sector. As Alison Stanger argues, for AI developers, "government databases represent something akin to finding the Holy Grail." Government databases provide "verified records of actual human behavior across entire populations."

As Stanger explains, this "isn't merely more data—it's fundamentally different data. Social media posts and web browsing histories show curated or intended behaviors, but government databases capture real decisions and their consequences."

Not to mention that government data also tracks people who might not have a significant presence online, a treasure trove of information that tech companies simply couldn't access via traditional means.

Allowing a private company to train its AI on government data would give it an enormous advantage over competitors, as well as giving it predictive power that would be unrivalled.

As Stanger states, concentrating that kind of power in the hands of a single private entity would give it unprecedented power to influence society—including electoral outcomes.

Canada will face the same concerns as it expands its use of AI. Should it rely on the private sector? There is no doubt that Canada's tech elite are salivating at the chance to access this kind of data. What safeguards will be put in place to ensure the privacy of our most intimate information as citizens?

Finally, there is the question of how we relate—as citizens—to our public services when those services are mediated by artificial intelligence. The more AI is expanded, the more autonomy and discretion will be taken away from our civil servants, as decision-making is handed over to an algorithm.

While civil servants have a wealth of knowledge and experience to navigate the system and advocate on behalf of a client, AI does not. This could severely impact the public trust if Canadians thought that important decisions like whether or not you were eligible for a public benefit was entirely decided by a glorified chatbot.

Which raises a larger question: to whom does one appeal to when an algorithm is making such decisions?

Lastly, we know that AI often inherits the biases of its creators, like AI hiring tools, which disproportionately select white males over others. Vulnerable minority groups, who already may have experienced discrimination in accessing government services, may find these biases continue with AI, further eroding whatever trust they may have remaining in government.

For all these reasons, it is imperative that Canada does not replicate the reckless expansion of AI technologies in government that the United States has witnessed.

Moreover, it will be incumbent on the government to address the very real concerns of stakeholders before proceeding with mass implementation. Otherwise what looks like a panacea today could end up further alienating Canadians from their government tomorrow.

**Simon Enoch,**
**CCPA Saskatchewan**
**CCPA CANADIAN CENTRE for POLICY ALTERNATIVES**

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

BEAUTY BLISS
Mediaesthetics
Instagram: BOTOXINJECTORYYC_NAV
Email: NAV.BEAUTYBLISS@GMAIL.COM
Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

# ਨਵੇਂ ਉੱਠੇ ਕੈਨੇਡੀਅਨ ਰਾਸ਼ਟਰਵਾਦ ਵਿੱਚ ਮੂਲਨਿਵਾਸੀ ਨੇਸ਼ਨਜ਼ ਕਿੱਥੇ

## ਟਰੰਪ ਦੇ ਟੈਰਿਫ ਮੌਕੇ ਕੈਨੇਡਾ ਦੀ ਰਾਸ਼ਟਰਵਾਦੀ ਪ੍ਰਤੀਕਿਰਿਆ 'ਤੇ ਮੁੜ ਵਿਚਾਰ

*(ਕੈਨੇਡਾ ਦੀ ਨਵੀਂ ਉੱਭਰੀ ਰਾਸ਼ਟਰਵਾਦੀ ਪ੍ਰਤੀਕਿਰਿਆ ਕੋਈ ਨਵੀਂ ਗੱਲ ਨਹੀਂ ਹੈ। ਬਾਹਰੀ ਦਬਾਅ ਦੇ ਪਲਾਂ ਵਿੱਚ, ਰਾਸ਼ਟਰੀ ਏਕਤਾ ਅਤੇ ਸੁਰੱਖਿਆਵਾਦ ਦੀਆਂ ਅਪੀਲਾਂ ਸਾਹਮਣੇ ਆਉਂਦੀਆਂ ਹਨ। ਪਰ ਬਸਤੀਵਾਦੀ ਪ੍ਰਸੰਗਾਂ ਵਿੱਚ, ਰਾਸ਼ਟਰਵਾਦ ਏਕੀਕ੍ਰਿਤ ਨਹੀਂ ਹੁੰਦਾ, ਇਹ ਸੁਖਾਲਾ ਵੀ ਹੁੰਦਾ ਹੈ। ਇਹ ਕੈਨੇਡਾ ਦੀ ਇਕੱਲੇ ਏਕੀਕ੍ਰਿਤ ਰਾਸ਼ਟਰ ਵਜੋਂ ਕਲਪਨਾ ਨੂੰ ਮਜ਼ਬੂਤ ਕਰਦਾ ਹੈ। ਕੈਨੇਡਾ ਇਕ ਅਜਿਹਾ ਦੇਸ਼ ਹੈ ਜੋ ਅਕਸਰ ਆਪਣੀਆਂ ਸਰਹੱਦਾਂ ਦੇ ਅੰਦਰ ਵੱਖ-ਵੱਖ ਮੂਲਨਿਵਾਸੀ ਰਾਸ਼ਟਰਾਂ, ਕਾਨੂੰਨਾਂ ਅਤੇ ਪ੍ਰਭੂਸੱਤਾ ਦੀ ਹੋਂਦ ਨੂੰ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਜਦੋਂ ਮੂਲਨਿਵਾਸੀ ਆਵਾਜ਼ਾਂ ਰਾਸ਼ਟਰਵਾਦੀ ਵਿਚਾਰ-ਵਟਾਂਦਰੇ ਦੇ ਕੇਂਦਰ ਵਿੱਚ ਨਹੀਂ ਹੁੰਦੀਆਂ, ਤਾਂ ਕੈਨੇਡਾ ਦੀ ਪ੍ਰਭੂਸੱਤਾ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ, ਬਸਤੀਵਾਦੀ ਰਾਜ ਦੀ ਜਾਇਜ਼ਤਾ ਨੂੰ ਮਜ਼ਬੂਤ ਕਰਨ ਦਾ ਇੱਕ ਤਰੀਕਾ ਬਣ ਜਾਂਦੀਆਂ ਹਨ- ਹੱਥਲੇ ਲੇਖ ਵਿੱਚੋਂ )*

**ਸੋਂਡੋਸ ਕਟਾਇਟ**
**ਅਨੁਵਾਦ: ਡਾ: ਹਰਦੀਪ ਸਿੰਘ**

ਕੈਨੇਡੀਅਨ ਸਟੀਲ ਅਤੇ ਐਲੂਮੀਨੀਅਮ ਉੱਪਰ ਡੋਨਾਲਡ ਟਰੰਪ ਦੇ ਨਵੇਂ ਟੈਰਿਫ ਬਿਲਕੁਲ ਉਸੇ ਤਰ੍ਹਾਂ ਦੇ ਪਲੇਬੁੱਕ ਦੀ ਪਾਲਣਾ ਕਰਦੇ ਹਨ ਜੋ ਉਸ ਨੇ ਪਹਿਲੀ ਵਾਰ 2018 ਵਿੱਚ ਲਗਾਏ ਸਨ। ਇਸ ਵਾਰ ਕੀ ਵੱਖਰਾ ਹੈ? ਉਨ੍ਹਾਂ ਨੇ ਜਿੰਨਾ ਡੂੰਘਾ ਡਰ ਪੈਦਾ ਕੀਤਾ ਹੈ ਉਹ ਸਿਰਫ ਆਰਥਿਕ ਤੰਗੀ ਨਹੀਂ, ਬਲਕਿ ਅਮਰੀਕੀ ਦਬਦਬੇ ਦਾ ਖਤਰਾ ਹੈ। ਰਾਜਨੀਤਿਕ ਅਤੇ ਮੀਡੀਆ ਹਲਕਿਆਂ ਵਿੱਚ, ਕੈਨੇਡਾ ਦੇ "ਅਮਰੀਕੀ 51ਵਾਂ ਰਾਜ" ਦੀਆਂ ਚਰਚਾਵਾਂ ਦੇ ਨਾਲ, ਖੱਬੇ ਅਤੇ ਸੱਜੇ ਪੱਖੀ ਨੇਤਾਵਾਂ ਨੇ ਰਾਸ਼ਟਰੀ ਪੂਰਬ-ਪੱਛਮ ਪਾਈਪਲਾਈਨਾਂ ਤੋਂ ਲੈ ਕੇ ਆਟੋ ਉਦਯੋਗ ਲਈ ਵਧੇਰੇ ਸਮਰਥਨ ਤੱਕ ਦੇ ਪ੍ਰਸਤਾਵਾਂ ਦੇ ਨਾਲ, ਨਵੇਂ ਸਿਰੇ ਤੋਂ ਆਰਥਿਕ ਸਵੈ-ਨਿਰਭਰਤਾ ਦੀ ਮੰਗ ਕੀਤੀ ਹੈ।

ਹਾਲਾਂਕਿ ਸਿਆਸਤਦਾਨਾਂ ਅਤੇ ਟਿੱਪਣੀਕਾਰਾਂ ਨੇ ਟਰੰਪ ਦੇ ਟੈਰਿਫ ਦੇ ਵਿਹਾਰਕ ਜਵਾਬ ਵਜੋਂ ਆਰਥਿਕ ਸੁਰੱਖਿਆਵਾਦ ਨੂੰ ਤਿਆਰ ਕੀਤਾ ਹੈ, ਪਰ ਇਹ ਵਿਚਾਰ ਡੂੰਘਾ, ਵਧੇਰੇ ਪ੍ਰੇਸ਼ਾਨ ਕਰਨ ਵਾਲੀ ਧਾਰਾ ਬਣਦੀ ਹੈ। ਕੈਨੇਡਾ ਦੀ ਪ੍ਰਭੂਸੱਤਾ ਦੀ ਰੱਖਿਆ ਕਰਨ ਦੇ ਸੱਦੇ ਹੇਠਾਂ ਇਹ ਸਵਾਲ ਖੜ੍ਹਾ ਹੁੰਦਾ ਹੈ, ਕਿਸ ਦੀ ਪ੍ਰਭੂਸੱਤਾ ਦੀ ਰੱਖਿਆ ਕੀਤੀ ਜਾ ਰਹੀ ਹੈ ਅਤੇ ਕਿਸ ਦੀ ਕੀਮਤ 'ਤੇ?

ਵਿਡੰਬਨਾ ਸਪੱਸ਼ਟ ਹੈ। ਹਾਲਾਂਕਿ ਕੈਨੇਡੀਅਨਾਂ ਨੂੰ 51ਵਾਂ ਰਾਜ ਬਣਨ ਦੇ ਕਾਲਪਨਿਕ ਖਤਰੇ ਦਾ ਡਰ ਹੈ, ਪਰ ਹਕੀਕਤ ਹੈ ਕਿ ਕੈਨੇਡਾ ਧਰਤੀ ਦੇ ਮੂਲ ਵਾਸੀ ਆਪਣੀ ਪ੍ਰਭੂਸੱਤਾ 'ਤੇ ਕਈ ਪੀੜ੍ਹੀਆਂ ਤੋਂ ਆਪਣੇ ਆਪ ਤੇ ਲਗਾਤਾਰ ਹਮਲੇ ਝੱਲ ਰਹੇ ਹਨ। ਜਿਸ ਧਰਤੀ ਦੀ ਰੱਖਿਆ ਕਰਨ ਦਾ ਕੈਨੇਡਾ ਦਾਅਵਾ ਕਰਦਾ ਹੈ, ਉਸ ਨੂੰ ਕਦੇ ਵੀ ਪੂਰੀ ਤਰ੍ਹਾਂ ਉਨ੍ਹਾਂ ਲਈ ਛੱਡਿਆ ਨਹੀਂ ਗਿਆ-ਟਰਟਲ ਟਾਪੂ 'ਤੇ ਕੈਨੇਡਾ ਦਾ ਕੰਟਰੋਲ ਵੀ ਟੁੱਟੀਆਂ ਸੰਧੀਆਂ, ਇਕਪਾਸੜ ਕਾਨੂੰਨ ਅਤੇ ਚੱਲ ਰਹੇ ਅਧਿਕਾਰ ਖੇਤਰ ਦੀ ਉਲੰਘਣਾ ਰਾਹੀਂ ਆਇਆ ਸੀ।

ਚਾਹੇ ਮੂਲਨਿਵਾਸੀਆਂ ਦੀ ਪ੍ਰਭੂਸੱਤਾ ਨੂੰ ਕਦੇ ਵੀ ਖਤਮ ਨਹੀਂ ਕੀਤਾ ਗਿਆ ਸਗੋਂ ਇਸ ਤੋਂ ਸਾਫ ਇਨਕਾਰ ਕੀਤਾ ਗਿਆ ਹੈ। ਗੈਰ-ਨਿਰਧਾਰਤ ਖੇਤਰ ਵਿੱਚ ਪਾਈਪਲਾਈਨ ਦੀ ਉਸਾਰੀ ਦਾ ਵਿਰੋਧ ਕਰਨ ਵਾਲੇ ਵੇਟਸੁਵੇਤਨ ਵੰਸ਼ਵਾਦੀ ਨੇਤਾਵਾਂ ਤੋਂ ਲੈ ਕੇ ਹਿੰਸਾ ਦੇ ਸਾਹਮਣੇ, ਸੁਪਰੀਮ ਕੋਰਟ ਦੁਆਰਾ ਪੁਸ਼ਟੀ ਕੀਤੇ ਅਧਿਕਾਰਾਂ ਦੀ ਵਰਤੋਂ ਕਰਨ ਵਾਲੇ, ਮੀਕਮਾਕ ਮਛੇਰਿਆਂ ਤੋਂ ਲੈ ਕੇ ਅਸੁਪੀਸਕੋਸੀਵੈਂਗ ਨੇਤੁਮ ਅਨੀਸ਼ੀਨਾਬੇਕ (ਗ੍ਰਾਸੀ ਨੈਰੋਜ਼ ਫਸਟ ਨੇਸ਼ਨ) ਤੱਕ ਉਨ੍ਹਾਂ ਜ਼ਮੀਨਾਂ 'ਤੇ ਮਾਈਨਿੰਗ ਲਈ ਕਾਨੂੰਨੀ ਚੁਣੌਤੀਆਂ ਤੱਕ ਸ਼ਾਮਿਲ ਹਨ, ਜਿਨ੍ਹਾਂ ਦੇ ਵਿਰੋਧ ਨੇ ਕਦੇ ਆਤਮ ਸਮਰਪਣ ਨਹੀਂ ਕੀਤਾ। ਹਾਲ ਹੀ ਵਿੱਚ, 'ਟਰੀਟੀ 6' ਦੇ ਮੁਖੀਆਂ ਨੇ ਅਲਬਰਟਾ ਦੇ ਪ੍ਰੀਮੀਅਰ ਨੂੰ ਆਪਣੇ ਵੱਖਵਾਦੀ ਬਿਆਨਬਾਜ਼ੀ ਤੋਂ ਪਿੱਛੇ ਹਟਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕੈਨੇਡੀਅਨਾਂ ਨੂੰ ਯਾਦ ਦਿਵਾਇਆ ਹੈ ਕਿ ਜਿਸ ਜ਼ਮੀਨ 'ਤੇ ਉਹ ਪ੍ਰਭੂਸੱਤਾ ਦੇ ਫੈਸਲੇ ਲਾਗੂ ਕਰਨਾ ਚਾਹੁੰਦੇ ਹਨ, ਉਸ ਉੱਪਰ ਪਹਿਲਾਂ ਤੋਂ ਮੌਜੂਦ ਮੂਲਨਿਵਾਸੀ ਆਦੇਸ਼ਾਂ ਦੁਆਰਾ ਸ਼ਾਸਿਤ ਕੀਤਾ ਜਾਂਦਾ ਹੈ।

ਟਰੰਪ ਨੂੰ ਲੈ ਕੇ ਡਰ ਕੈਨੇਡਿਅਨ ਵਸਨੀਕਾਂ ਨੂੰ ਨਵੀਂ ਗੱਲ ਲੱਗ ਸਕਦੀ ਹੈ, ਪਰ ਮੂਲਨਿਵਾਸੀ ਭਾਈਚਾਰੇ ਨੇ ਇਸ ਤਰ੍ਹਾਂ ਦੇ ਡਰ ਪੈਦਾ ਕਰਣ ਵਾਲੇ, ਉਨ੍ਹਾਂ ਕੈਨੇਡਿਅਨ ਨੇਤਾਵਾਂ ਦਾ ਲੰਬੇ ਸਮੇਂ ਤੋਂ ਮੁਕਾਬਲਾ ਅਤੇ ਵਿਰੋਧ ਕੀਤਾ ਹੈ ਜੋ ਜ਼ਬਰਦਸਤੀ, ਉਨ੍ਹਾਂ ਦੇ ਸਰੋਤਾਂ ਦੀ ਵਰਤੋਂ ਕਰਣ ਅਤੇ ਉਨ੍ਹਾਂ ਦੀ ਸਹਿਮਤੀ ਦੀ ਅਣਦੇਖੀ ਕਰਕੇ ਸ਼ਾਸਨ ਕਰਦੇ ਹਨ। ਫਿਰ ਵੀ ਪ੍ਰਭੂਸੱਤਾ ਅਤੇ ਸਵੈ-ਨਿਰਣੇ ਬਾਰੇ ਰਾਸ਼ਟਰੀ ਗੱਲਬਾਤ ਵਿੱਚ



ਉਨ੍ਹਾਂ ਦੀਆਂ ਆਵਾਜ਼ਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਹ ਇੱਕ ਅਜਿਹੀ ਸਮਝੌਤਾ ਹੈ ਜੋ ਚਾਹੇ ਜ਼ਮੀਨੀ ਧਰਾਤਲ 'ਤੇ ਬਣਾਈਆ ਗਿਆ ਸੀ ਪਰ ਕਦੇ ਵੀ ਆਜ਼ਾਦੀ ਨਾਲ ਨਹੀਂ ਦਿੱਤਾ ਗਿਆ।

**ਪ੍ਰਤੀਕਿਰਿਆਵਾਦੀ ਰਾਸ਼ਟਰਵਾਦ ਦਾ ਉਭਾਰ** : ਕੈਨੇਡਾ ਦੀ ਮੌਜੂਦਾ ਨਵੀਂ ਉੱਭਰੀ ਰਾਸ਼ਟਰਵਾਦੀ ਪ੍ਰਤੀਕਿਰਿਆ ਕੋਈ ਨਵੀਂ ਗੱਲ ਨਹੀਂ ਹੈ। ਬਾਹਰੀ ਦਬਾਅ ਦੇ ਪਲਾਂ ਵਿੱਚ, ਚਾਹੇ ਉਹ ਆਰਥਿਕ ਹੋਵੇ ਜਾਂ ਭੂ-ਰਾਜਨੀਤਿਕ ਹੋਵੇ, ਰਾਸ਼ਟਰੀ ਏਕਤਾ ਅਤੇ ਸੁਰੱਖਿਆਵਾਦ ਦੀਆਂ ਅਪੀਲਾਂ ਸਾਹਮਣੇ ਆਉਂਦੀਆਂ ਹਨ। ਪਰ ਬਸਤੀਵਾਦੀ ਪ੍ਰਸੰਗਾਂ ਵਿੱਚ, ਰਾਸ਼ਟਰਵਾਦ ਏਕੀਕ੍ਰਿਤ ਨਹੀਂ ਸਗੋਂ ਇਹ ਸਧਾਰਨ ਸਮਝਿਆ ਜਾਂਦਾ ਹੈ। ਇਹ ਕੈਨੇਡਾ ਦੀ ਇੱਕਲੌਤੇ ਏਕੀਕ੍ਰਿਤ ਰਾਸ਼ਟਰ ਵਜੋਂ ਮਿੱਥ ਨੂੰ ਮਜ਼ਬੂਤ ਕਰਦਾ ਹੈ। ਕੈਨੇਡਾ ਇਕ ਅਜਿਹਾ ਦੇਸ਼ ਹੈ ਜੋ ਅਕਸਰ ਆਪਣੀਆਂ ਸਰਹੱਦਾਂ ਦੇ ਅੰਦਰ ਵੱਖ-ਵੱਖ ਮੂਲਨਿਵਾਸੀ ਰਾਸ਼ਟਰਾਂ, ਕਾਨੂੰਨਾਂ ਅਤੇ ਪ੍ਰਭੂਸੱਤਾ ਦੀ ਹੋਂਦ ਨੂੰ ਅਕਸਰ ਜੀ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਜਦੋਂ ਮੂਲਨਿਵਾਸੀ ਆਵਾਜ਼ਾਂ ਰਾਸ਼ਟਰਵਾਦੀ ਵਿਚਾਰ-ਵਟਾਂਦਰੇ ਦੇ ਕੇਂਦਰ ਵਿੱਚ ਨਹੀਂ ਹੁੰਦੀਆਂ, ਤਾਂ ਕੈਨੇਡਾ ਦੀ ਪ੍ਰਭੂਸੱਤਾ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ, ਬਸਤੀਵਾਦੀ ਰਾਜ ਦੀ ਕਾਨੂੰਨੀ ਜਾਇਜ਼ਤਾ ਨੂੰ ਮਜ਼ਬੂਤ ਕਰਨ ਦਾ ਇੱਕ ਤਰੀਕਾ ਮਾਤਰ ਬਣ ਜਾਂਦੀਆਂ ਹਨ।

ਸਿਆਸਤਦਾਨ ਆਰਥਿਕ ਅਨਿਸ਼ਚਿਤਤਾ ਲਈ ਜੋ ਹੱਲ ਪੇਸ਼ ਕਰਦੇ ਹਨ, ਉਨ੍ਹਾਂ ਵਿੱਚ ਅਕਸਰ ਮੂਲਨਿਵਾਸੀ ਜ਼ਮੀਨਾਂ ਦੀ ਵਰਤੋਂ ਸ਼ਾਮਲ ਹੁੰਦੀ ਹੈ ਜੋ ਸਰਗਰਮ ਦਾਅਵੇ ਅਧੀਨ ਹੁੰਦੀਆਂ ਹਨ। ਉਦਾਹਰਣ ਵਜੋਂ, ਬ੍ਰਿਟਿਸ਼ ਕੋਲੰਬੀਆ ਵਿੱਚ, 'ਜ਼ਾਟੂਲ ਫਸਟ ਨੇਸ਼ਨ' ਆਪਣੇ ਖੇਤਰ ਵਿੱਚ, ਬਿਨਾਂ ਸਹਿਮਤੀ ਦੇ ਇੱਕ ਮਾਈਨਿੰਗ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਲਈ ਸੂਬੇ ਨੂੰ ਅਦਾਲਤ ਵਿੱਚ ਲੈ ਜਾ ਰਿਹਾ ਹੈ, ਇਹ ਮੂਲਨਿਵਾਸੀ ਨੈਸ਼ਨ ਦਲੀਲ ਦਿੰਦਾ ਹੈ ਕਿ ਇਹ ਉਨ੍ਹਾਂ ਦੇ ਅਧਿਕਾਰਾਂ ਅਤੇ ਸਿਰਲੇਖ ਦੀ ਉਲੰਘਣਾ ਕਰਦਾ ਹੈ। ਮੂਲਨਿਵਾਸੀ ਭਾਈਚਾਰਿਆਂ ਲਈ, ਇਸ ਲਈ ਸਿਰਫ ਰਾਸ਼ਟਰੀ ਸੁਰੱਖਿਆ ਲਈ ਦਲੀਲ਼ਾਂ ਹੀ ਨਹੀਂ ਸਗੋਂ ਉਨ੍ਹਾਂ ਦੇ ਖੇਤਰ ਦੀ ਜ਼ਮੀਨ ਅਤੇ ਅਧਿਕਾਰਾਂ ਲਈ ਸਿੱਧੇ ਖਤਰੇ ਦਾ ਮਸਲਾ ਹੈ।

**ਰਾਸ਼ਟਰਵਾਦੀ ਵਿਚਾਰ-ਵਟਾਂਦਰੇ ਵਿੱਚ ਮੂਲਨਿਵਾਸੀ ਪ੍ਰਭੂਸੱਤਾ ਦੀ ਅਣਹੋਂਦ** : ਭਾਵੇਂ ਕਿ ਕੈਨੇਡੀਅਨ ਨੇਤਾ ਅਮਰੀਕਾ ਨਾਲ ਵਿਗੜਦੇ ਰਿਸ਼ਤਿਆਂ ਅਤੇ ਸਾਡੀਆਂ ਸਰਹੱਦਾਂ ਦੇ ਅੰਦਰ ਇਸ ਦੇ ਖਤਰੇ ਬਾਰੇ ਅਲਾਰਮ ਵਜਾਉਂਦੇ ਹਨ, ਪਰ ਇਹ ਯੋਜਨਾਬੱਧ ਤਰੀਕੇ ਨਾਲ ਮੂਲਨਿਵਾਸੀ ਲੋਕਾਂ ਨੂੰ ਫੈਸਲੇ ਲੈਣ ਤੋਂ ਬਾਹਰ ਰੱਖਦੇ ਹਨ। ਇਸ ਤੱਥ ਦੇ ਬਾਵਜੂਦ ਕਿ ਸ਼ੁਰੂਆਤੀ ਮੂਲਨਿਵਾਸੀ ਟਰੀਟੀਆਂ ਨੇ ਆਪਸੀ ਸਤਿਕਾਰ ਅਤੇ ਸਹਿ-ਹੋਂਦ ਲਈ ਢਾਂਚੇ ਸਥਾਪਤ ਕੀਤੇ, ਕੈਨੇਡਾ ਦੀ ਹੋਂਦ ਬਾਰੇ ਆਧੁਨਿਕ ਵਿਚਾਰ-ਵਟਾਂਦਰੇ ਸ਼ਾਇਦ ਹੀ ਇਨ੍ਹਾਂ ਸਮਝੌਤਿਆਂ ਦਾ ਜ਼ਿਕਰ ਕਰਦੇ ਹਨ। ਇਸ ਦੀ ਬਜਾਏ, ਕੈਨੇਡਾ ਦੀ ਰਾਜਨੀਤਿਕ ਜਮਾਤ, ਮੂਲਨਿਵਾਸੀ ਦ੍ਰਿਸ਼ਟੀਕੋਣਾਂ ਨੂੰ ਹਾਸ਼ੀਏ 'ਤੇ ਰੱਖਦੀ ਹੈ, ਉਨ੍ਹਾਂ ਨੂੰ ਬੁਨਿਆਦੀ ਵਜੋਂ ਦੀ ਬਜਾਏ, ਹਾਸ਼ੀਏ 'ਤੇ ਸਮਝਦੀ ਹੈ।

ਪ੍ਰਤੀਕਿਰਿਆਵਾਦੀ ਰਾਸ਼ਟਰਵਾਦ ਦੀ ਇਹ ਨਵੀਂ ਲਹਿਰ ਗਲਤ ਜਾਣਕਾਰੀ ਦੇ ਉਭਾਰ ਨੂੰ ਵੀ ਵਧਾਉਂਦੀ ਹੈ। ਰਿਹਾਇਸ਼ੀ ਸਕੂਲਾਂ ਤੋਂ ਇਨਕਾਰ, ਸਿਰਫ ਗਲਤ ਜਾਣਕਾਰੀ ਨਹੀਂ ਹੈ, ਇਹ ਇਤਿਹਾਸਕ ਅਤੇ ਸੰਵਿਧਾਨਕ ਬੁਨਿਆਦਾਂ 'ਤੇ ਜਾਣਬੁੱਝ ਕੇ ਹਮਲਾ ਹੈ। ਜੋ ਮੂਲਨਿਵਾਸੀ ਨੈਸ਼ਨਜ਼ ਨਾਲ ਕੈਨੇਡਾ ਦੇ ਸਬੰਧਾਂ ਨੂੰ ਕਮਜ਼ੋਰ ਕਰਦਾ ਹੈ। ਰਾਸ਼ਟਰਵਾਦੀ ਬਿਰਤਾਂਤਾਂ ਵਿਚ ਜੋ ਕੈਨੇਡਾ ਨੂੰ ਨਿਰਦੋਸ਼ ਜਾਂ ਘੇਰਾਬੰਦੀ ਅਧੀਨ ਦੱਸਦੇ ਹਨ, ਮੂਲਨਿਵਾਸੀ ਸੱਚਾਈ ਨੂੰ ਸੁਣਨ ਲਈ ਬਹੁਤ ਘੱਟ ਜਗ੍ਹਾ ਦਿੱਤੀ ਜਾਂਦੀ ਹੈ ਇਸ ਨੂੰ ਬਰਕਰਾਰ ਰੱਖਣਾ ਤਾਂ ਦੂਰ ਦੀ ਗੱਲ ਹੈ।

ਇਹ ਬਿਰਤਾਂਤ ਨਾ ਸਿਰਫ ਅਤੀਤ ਨੂੰ ਵਿਗਾੜਦੇ ਹਨ- ਇਹ ਵਰਤਮਾਨ ਨੂੰ ਆਕਾਰ ਦੇਣ ਵਿੱਚ ਮੂਲਨਿਵਾਸੀ ਆਵਾਜ਼ਾਂ ਨੂੰ ਬਾਹਰ ਰੱਖਣ ਨੂੰ ਸਰਗਰਮੀ ਨਾਲ ਜਾਇਜ਼ ਠਹਿਰਾਉਂਦੇ ਹਨ। ਮੂਲਨਿਵਾਸੀ ਭਾਈਚਾਰੇ ਦੇ ਨੇਤਾਵਾਂ ਅਤੇ ਕਾਨੂੰਨੀ ਵਿਦਵਾਨਾਂ ਨੂੰ ਮੁੱਖ ਧਾਰਾ ਦੇ ਸੰਕਟ ਦੇ ਭਾਸ਼ਣਾਂ ਲਈ ਸ਼ਾਇਦ ਹੀ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ, ਜੋਕਿ ਮਹੱਤਵਪੂਰਨ ਸੰਵਿਧਾਨਕ ਅਤੇ ਖੇਤਰੀ ਗਿਆਨ ਰੱਖਦੇ ਹਨ। ਉਨ੍ਹਾਂ ਨੂੰ ਇਸ ਮਸ਼ਵਰੇ ਵਿੱਚੋਂ ਬਾਹਰ ਕੱਢਣਾ ਐਕਸੀਡੈਂਟਲ ਨਹੀਂ ਹੈ- ਇਹ ਟਰਟਲ ਟਾਪੂ 'ਤੇ ਪ੍ਰਭੂਸੱਤਾ ਦੇ ਸੱਚੇ, ਬਹੁਲਤਾਵਾਦੀ ਸੁਭਾਅ ਨਾਲ ਨਜਿੱਠਣ ਲਈ ਕੈਨੇਡਾ ਦੇ ਚੱਲ ਰਹੇ ਅਣਚਾਹੇਪਣ ਨੂੰ ਦਰਸਾਉਂਦਾ ਹੈ।

**ਆਰਥਿਕ ਵਿਹਾਰਕਤਾ ਜਾਂ ਬਸਤੀਵਾਦੀ ਕਬਜ਼ਾ?**

ਟਰੰਪ ਦੇ ਨਵੇਂ ਦਬਾਅ ਦੇ ਜਵਾਬ ਵਿੱਚ, ਕੈਨੇਡੀਅਨ ਨੇਤਾਵਾਂ ਨੇ ਇੱਕ ਵਾਰ ਫਿਰ ਪ੍ਰਭੂਸੱਤਾ ਦੇ ਪ੍ਰਤੀਕ ਵਜੋਂ ਸਰੋਤ ਕੱਢਣ ਵੱਲ ਰੁਖ ਕੀਤਾ ਹੈ। ਉਹ ਇਨ੍ਹਾਂ ਪ੍ਰੋਜੈਕਟਾਂ ਨੂੰ ਸਿਰਫ ਬੁਨਿਆਦੀ ਢਾਂਚੇ ਵਜੋਂ ਨਹੀਂ, ਬਲਕਿ ਪ੍ਰਭੂਸੱਤਾ ਦੇ ਪ੍ਰਤੀਕ ਵਜੋਂ ਤਿਆਰ ਕਰਦੇ ਹਨ। ਉਹ ਇਸ ਗੱਲ ਦਾ ਸਬੂਤ ਦਿੰਦੇ ਹਨ ਕਿ ਕੈਨੇਡਾ ਆਪਣੇ ਦਮ 'ਤੇ ਖੜ੍ਹਾ ਹੋ ਸਕਦਾ ਹੈ। ਪਰ ਇਸ ਧਾਰਣਾ 'ਤੇ ਤਿਆਰ ਕੀਤੀ ਪ੍ਰਭੂਸੱਤਾ, ਚੋਰੀ ਕੀਤੀ ਜ਼ਮੀਨ 'ਤੇ ਬਣਾਈ ਗਈ ਪ੍ਰਭੂਸੱਤਾ ਹੈ।

ਪਾਰਟੀ ਲਾਈਨਾਂ ਤੋਂ ਉੱਪਰ ਉੱਠਣ ਦੀਆਂ ਅਪੀਲਾਂ ਦੇ ਦਾਅਵੇ, ਆਰਥਿਕ ਅਨਿਸ਼ਚਿਤਤਾ ਦੇ ਪ੍ਰਸਤਾਵਿਤ ਹੁੰਗਾਰੇ, ਮੂਲਨਿਵਾਸੀ ਪ੍ਰਭੂਸੱਤਾ ਨੂੰ ਨਜ਼ਰਅੰਦਾਜ਼ ਕਰਨਾ ਲਗਾਤਾਰ ਜਾਰੀ ਰੱਖਦੇ ਹਨ। ਲਿਬਰਲਾਂ ਦਾ "ਵਨ ਵਿੰਡੋ" ਬੁਨਿਆਦੀ ਢਾਂਚਾ ਪ੍ਰਵਾਨਗੀ ਮਾਡਲ ਦੋ ਸਾਲਾਂ ਦੀ ਸਮਾਂ-ਸੀਮਾ 'ਤੇ ਤੇਜ਼ੀ ਨਾਲ ਪ੍ਰੋਜੈਕਟ ਪ੍ਰਵਾਨਗੀ ਦੇਣ ਦਾ ਵਾਅਦਾ ਕਰਦਾ ਹੈ। ਇੱਥੋਂ ਤੱਕ ਕਿ ਮੂਲਨਿਵਾਸੀ ਜ਼ਮੀਨਾਂ 'ਤੇ ਪ੍ਰੋਜੈਕਟਾਂ ਲਈ ਵੀ, ਉਸ ਪਹੁੰਚ ਦੀ ਗੂੰਜ ਹੈ ਜੋ ਸੰਘੀ ਅਤੇ ਸੂਬਾਈ ਸਰਕਾਰਾਂ ਦੋਵਾਂ ਨੇ ਵੈਟ'ਸੁਵੇਤਨ ਵਿਰੋਧ 'ਤੇ ਤੱਟੀ ਗੈਸਲਿੰਕ ਰਾਹੀਂ ਅੱਗੇ ਵਧਾਉਣ ਲਈ ਵਰਤੀ ਸੀ। ਇਸ ਪਹੁੰਚ ਨਾਲ, ਸਰਕਾਰਾਂ ਜ਼ਮੀਨ ਨੂੰ ਮੁੱਖ ਤੌਰ 'ਤੇ ਇੱਕ ਵਸਤੂ ਵਜੋਂ ਮੰਨਦੀਆਂ ਹਨ ਜੋਕਿ ਆਰਥਿਕ ਹੋਂਦ ਦੇ ਨਾਮ 'ਤੇ ਮੂਲਨਿਵਾਸੀ ਸਹਿਮਤੀ ਨੂੰ ਨਜ਼ਰਅੰਦਾਜ਼ ਕਰਨਾ ਹੁੰਦਾ ਹੈ। ਕੰਜ਼ਰਵੇਟਿਵਾਂ ਨੇ ਬਿੱਲ ਸੀ-69 ਨੂੰ ਰੱਦ ਕਰਨ ਦਾ ਵਾਅਦਾ ਕੀਤਾ, ਜਿਸ ਨਾਲ ਵਾਤਾਵਰਣ ਮੁਲਾਂਕਣ ਕਮਜ਼ੋਰ ਹੋ ਗਏ ਅਤੇ ਸਲਾਹ-ਮਸ਼ਵਰਾ ਕਰਨ ਦਾ ਫਰਜ਼ ਬਣ ਗਿਆ।

ਬਸਤੀਵਾਦੀ ਸ਼ਕਤੀ ਨੂੰ ਮੁੜ-ਸਥਾਪਤੀ ਨਾਲ ਟਰੰਪ ਦੀਆਂ ਧਮਕੀਆਂ ਦਾ ਜਵਾਬ ਦੇਣ ਦੀ ਬਜਾਏ, ਕੈਨੇਡਾ ਨੂੰ ਇਸ ਬਾਰੇ ਵਧੇਰੇ ਬੁਨਿਆਦੀ ਸਵਾਲ ਪੁੱਛਣੇ ਚਾਹੀਦੇ ਹਨ ਕਿ ਮੂਲਨਿਵਾਸੀ ਕਾਨੂੰਨੀ ਆਦੇਸ਼ਾਂ ਨਾਲ ਪ੍ਰਭੂਸੱਤਾ ਨੂੰ ਕਿਵੇਂ ਸਾਂਝਾ ਕੀਤਾ ਜਾਂਦਾ ਹੈ, ਵੰਡਿਆ ਜਾਂਦਾ ਹੈ ਅਤੇ ਅਰਥਪੂਰਨ ਬਣਾਇਆ ਜਾਂਦਾ ਹੈ।

**ਬਹੁਲਵਾਦੀ ਪ੍ਰਭੂਸੱਤਾ ਵੱਲ**

ਪ੍ਰਭੂਸੱਤਾ ਦਾ ਇੱਕ ਨਿਆਂਪੂਰਨ ਅਤੇ ਟਿਕਾਊ ਦ੍ਰਿਸ਼ਟੀਕੋਣ ਕਦੇ ਵੀ ਮੂਲਨਿਵਾਸੀ ਖੇਤਰਾਂ, ਕਾਨੂੰਨਾਂ ਜਾਂ ਜੀਵਨਾਂ ਦੇ ਦਬਦਬੇ 'ਤੇ ਨਿਰਭਰ ਨਹੀਂ ਕਰਦਾ। ਇਹ ਇਸ ਮਾਨਤਾ 'ਤੇ ਟਿਕਿਆ ਹੋਇਆ ਹੈ ਕਿ ਕੈਨੇਡਾ ਦੀਆਂ ਸਰਹੱਦਾਂ ਦੇ ਅੰਦਰ ਹੀ ਕਈ ਤਰ੍ਹਾਂ ਦੀ ਓਵਰਲੈਪਿੰਗ ਪ੍ਰਭੂਸੱਤਾ ਮੌਜੂਦ ਹੈ ਅਤੇ ਹਮੇਸ਼ਾ ਰਹੀ ਹੈ। ਮੂਲਨਿਵਾਸੀ ਕਾਨੂੰਨੀ ਆਦੇਸ਼ ਇਤਿਹਾਸਕ ਕਲਾਕ੍ਰਿਤੀਆਂ ਨਹੀਂ ਹਨ; ਉਹ ਉਨ੍ਹਾਂ ਦੇ ਸ਼ਾਸਨ ਦੀਆਂ ਜੀਵਤ ਪ੍ਰਣਾਲੀਆਂ ਹਨ ਜੋ ਰਾਜਨੀਤਿਕ ਅਤੇ ਕਾਨੂੰਨੀ ਜੀਵਨ ਨੂੰ ਆਕਾਰ ਦਿੰਦੀਆਂ ਰਹਿੰਦੀਆਂ ਹਨ।

ਬਹੁਲਤਾਵਾਦੀ ਪ੍ਰਭੂਸੱਤਾ ਕਿਸੇ ਤਰ੍ਹਾਂ ਵੀ ਟਰੰਪ ਪ੍ਰਤੀ ਕੈਨੇਡਾ ਦੀ ਪ੍ਰਤੀਕਿਰਿਆ ਨੂੰ ਕਮਜ਼ੋਰ ਨਹੀਂ ਕਰਦੀ; ਇਹ ਇਸ ਨੂੰ ਮਜ਼ਬੂਤ ਕਰਦੀ ਹੈ। ਇਸਦਾ ਮਤਲਬ ਹੈ ਸਹਿ-ਅਧਿਕਾਰ ਖੇਤਰ, ਲਾਜ਼ਮੀ ਸਹਿਮਤੀ ਲੋੜਾਂ ਅਤੇ ਸੰਧੀ ਸੰਬੰਧਾਂ ਰਾਹੀਂ ਬਾਹਰੋਂ ਵਾਤਾਵਰਣ ਅਤੇ ਆਰਥਿਕ ਫੈਸਲਿਆਂ ਵਿੱਚ ਮੂਲਨਿਵਾਸੀ ਕਾਨੂੰਨੀ ਆਦੇਸ਼ਾਂ ਨੂੰ ਸ਼ਾਮਲ ਕਰਨਾ ਜੋ ਭੂਮੀ ਸਮਰਪਣ ਦੀ ਬਜਾਏ ਆਪਸੀ ਜ਼ਿੰਮੇਵਾਰੀ ਦੀ ਪੁਸ਼ਟੀ ਕਰਦੇ ਹਨ।

ਇਸ ਮਾਡਲ ਦਾ ਮਤਲਬ ਬੁਨਿਆਦੀ ਢਾਂਚੇ ਨੂੰ 'ਨਾ' ਕਹਿਣਾ ਨਹੀਂ ਹੈ, ਇਸਦਾ ਮਤਲਬ ਹੈ 'ਹਾਂ, ਪਰ ਸਾਂਝੀਆਂ ਸ਼ਰਤਾਂ 'ਤੇ' ਕਹਿਣਾ- ਅਤੇ ਇਹ ਪਹਿਲਾਂ ਹੀ ਹੋ ਰਿਹਾ ਹੈ:

- ਗ੍ਰੈਂਡ ਰਿਵਰ ਦੇ 'ਸਿਕਸ ਨੈਸ਼ਨਜ਼' ਕੈਨੇਡਾ ਵਿੱਚ ਸਭ ਤੋਂ ਵੱਡੀ ਬੈਟਰੀ ਸਟੋਰੇਜ ਸਹੂਲਤ, ਓਨੀਡਾ ਐਨਰਜੀ ਸਟੋਰੇਜ ਪ੍ਰੋਜੈਕਟ ਦਾ ਸਹਿ-ਵਿਕਾਸ ਕਰ ਰਹੇ ਹਨ, ਇਹ ਸਾਬਤ ਕਰਦੇ ਹੋਏ ਕਿ ਊਰਜਾ ਲਚਕੀਲੇਪਣ ਲਈ ਜੈਵਿਕ ਬਾਲਣ ਨਿਰਭਰਤਾ ਜਾਂ ਸੰਘੀ ਫਾਸਟ-ਟਰੈਕਿੰਗ ਦੀ ਜ਼ਰੂਰਤ ਨਹੀਂ ਹੈ, ਬਲਕਿ ਮੂਲਨਿਵਾਸੀ ਲੀਡਰਸ਼ਿਪ ਦੀ ਜ਼ਰੂਰਤ ਹੈ।
- ਪ੍ਰਸ਼ਾਂਤ ਤੱਟ ਦੇ ਨਾਲ, 17 ਫਸਟ ਨੇਸ਼ਨਜ਼ ਨੇ ਗ੍ਰੇਟ ਬੀਅਰ ਸਾਗਰ ਵਿੱਚ ਇੱਕ ਕੰਜ਼ਰਵੇਸ਼ਨ ਅਧਾਰਤ ਆਰਥਿਕਤਾ ਵਿਕਸਤ ਕਰਨ ਲਈ $ 335 ਮਿਲੀਅਨ ਦਾ ਨਿਵੇਸ਼ ਸੁਰੱਖਿਅਤ ਕੀਤਾ ਹੈ। ਇਸ ਨਾਲ ਬ੍ਰਿਟਿਸ਼ ਕੋਲੰਬੀਆ ਅੰਦਰ, ਫਸਟ ਨੈਸ਼ਨਜ਼, ਸੰਘੀ ਸਰਕਾਰ ਅਤੇ ਸੂਬਾਈ ਸਰਕਾਰ ਦੇ ਸਹਿ-ਅਧਿਕਾਰ ਖੇਤਰ ਦੀ ਅਗਵਾਈ ਹੇਠ ਸਮੁੰਦਰੀ ਵਾਤਾਵਰਣ ਪ੍ਰਣਾਲੀਆਂ ਦੀ ਰੱਖਿਆ ਕਰਦੇ ਹੋਏ ਹਜ਼ਾਰਾਂ ਨੌਕਰੀਆਂ ਪੈਦਾ ਕੀਤੀਆਂ ਹਨ।
- 'ਬਲੈਕਫੁੱਟ ਕਨਫੈਡਰੇਸ਼ਨ' ਅਮਰੀਕਾ-ਕੈਨੇਡਾ ਸਰਹੱਦ ਦੇ ਪਾਰ ਮੱਝਾਂ ਦੇ ਝੁੰਡਾਂ ਨੂੰ ਬਹਾਲ ਕਰ ਰਹੀ ਹੈ, ਜਿਸ ਨਾਲ ਮੂਲਨਿਵਾਸੀ ਕਾਨੂੰਨੀ ਆਦੇਸ਼ਾਂ 'ਤੇ ਆਧਾਰਿਤ ਅੰਤਰ-ਸਰਹੱਦੀ ਸੰਭਾਲ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ ਜੋ ਵਸਨੀਕ ਰਾਸ਼ਟਰਵਾਦ ਤੋਂ ਪਹਿਲਾਂ ਦੇ ਹਨ ਅਤੇ ਵਿਰੋਧ ਕਰਦੇ ਹਨ। ਜਦੋਂ ਕਿ ਟਰੰਪਵਾਦ ਸਖਤ ਰਾਸ਼ਟਰੀ ਸਰਹੱਦਾਂ 'ਤੇ ਜ਼ੋਰ ਦਿੰਦਾ ਹੈ, 'ਬਲੈਕਫੁੱਟ ਕਨਫੈਡਰੇਸ਼ਨ' ਇਕ ਪ੍ਰਭੂਸੱਤਾ ਦਾ ਅਭਿਆਸ ਕਰ ਰਿਹਾ ਹੈ ਜੋ ਉਨ੍ਹਾਂ ਸਰਹੱਦਾਂ ਤੋਂ ਪਹਿਲਾਂ ਦੀ ਹੈ ਅਤੇ ਪਾਰ ਕਰਦੀ ਹੈ।
- 'ਹੈਦਾ ਗਵਾਈ ਮੈਨੇਜਮੈਂਟ ਕੌਂਸਲ' ਨੇ ਕਾਰਪੋਰੇਟ ਦਾਅਵਿਆਂ ਦੇ ਵਿਰੁੱਧ ਭੂਮੀ ਸ਼ਾਸਨ ਦਾ ਸਫਲਤਾਪੂਰਵਕ ਬਚਾਅ ਕੀਤਾ, ਇਸ ਵਿਚਾਰ ਨੂੰ ਰੱਦ ਕੀਤਾ ਕਿ ਰਾਜ-ਗੱਠਜੋੜ ਉਦਯੋਗ ਆਰਥਿਕ ਸੁਰੱਖਿਆ ਦਾ ਇਕੋ ਇਕ ਰਸਤਾ ਹੈ।

ਇਹ ਸਿਰਫ ਅਲੱਗ-ਥਲੱਗ ਕਾਰਵਾਈਆਂ ਨਹੀਂ ਹਨ- ਇਹ ਸਰਹੱਦੀ ਨਿਯੰਤਰਣ ਅਤੇ ਸਰੋਤ ਕੱਢਣ ਦੇ ਰਾਸ਼ਟਰਵਾਦੀ ਰਿਫਲੈਕਸ ਦੇ ਰਾਜਨੀਤਿਕ ਵਿਕਲਪ ਹਨ। ਜਿੱਥੇ ਟਰੰਪ-ਸ਼ੈਲੀ ਦਾ ਰਾਸ਼ਟਰਵਾਦ ਕੱਢਣ, ਸਖਤ ਸਰਹੱਦਾਂ ਅਤੇ ਕੇਂਦਰੀਕ੍ਰਿਤ ਵਸਨੀਕ ਨਿਯੰਤਰਣ ਨਾਲ ਜੁੜਿਆ ਹੋਇਆ ਹੈ, ਮੂਲਨਿਵਾਸੀ ਪ੍ਰਭੂਸੱਤਾ ਆਪਸੀ ਜ਼ਿੰਮੇਵਾਰੀ ਅਤੇ ਅਧਿਕਾਰ ਖੇਤਰ ਦੀ ਨਿਰੰਤਰਤਾ ਵਿੱਚ ਜੜ੍ਹਾਂ ਵਾਲਾ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ। ਜੇ ਸਰਹੱਦ ਅਤੇ ਮਹੱਤਵਪੂਰਨ ਸਰੋਤ ਪ੍ਰਭੂਸੱਤਾ ਦੇ ਨਵੇਂ ਜੰਗ ਦੇ ਮੈਦਾਨ ਹਨ ਤਾਂ ਮੂਲਨਿਵਾਸੀ ਭਾਈਚਾਰਿਆਂ ਨੂੰ ਸਿਰਫ ਮੇਜ਼ 'ਤੇ ਨਹੀਂ ਹੋਣਾ ਚਾਹੀਦਾ, ਬਲਕਿ ਗੱਲਬਾਤ ਦੇ ਕੇਂਦਰ ਵਿਚ ਹੋਣਾ ਚਾਹੀਦਾ ਹੈ। 'ਅਕਵੇਸਾਨੇ ਦੇ ਮੋਹਾਕਸ' ਵਰਗੇ ਮੂਲਨਿਵਾਸੀ ਨੈਸ਼ਨਜ਼, ਜਿਨ੍ਹਾਂ ਦਾ ਖੇਤਰ ਅਮਰੀਕਾ-ਕੈਨੇਡਾ ਸਰਹੱਦ ਤੱਕ ਫੈਲਿਆ ਹੋਇਆ ਹੈ, ਨੇ ਲੰਬੇ ਸਮੇਂ ਤੋਂ ਵਸਨੀਕਾਂ ਦੀਆਂ ਲਾਈਨਾਂ 'ਤੇ ਸ਼ਾਸਨ ਕੀਤਾ ਹੈ। ਉਨ੍ਹਾਂ ਨੂੰ ਟੈਰਿਫ ਵਿਚਾਰ-ਵਟਾਂਦਰੇ ਤੋਂ ਬਾਹਰ ਰੱਖਣਾ ਜੀਵਤ ਅਧਿਕਾਰ ਖੇਤਰ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਬਹੁਲਵਾਦੀ ਸ਼ਾਸਨ ਦੇ ਕਿਸੇ ਵੀ ਗੰਭੀਰ ਦਾਅਵੇ ਨੂੰ ਕਮਜ਼ੋਰ ਕਰਦਾ ਹੈ।

ਇਸੇ ਤਰ੍ਹਾਂ, ਜਦੋਂ 'ਟਰੀਟੀ 6' ਦੇ ਮੁਖੀਆਂ ਨੇ ਪ੍ਰੀਮੀਅਰ ਡੈਨੀਅਲ ਸਮਿਥ ਦੀ ਵੱਖਵਾਦੀ ਬਿਆਨਬਾਜ਼ੀ ਦੀ ਨਿਖੇਧੀ ਕੀਤੀ ਹੈ, ਤਾਂ ਉਹ ਸਿਰਫ ਸੰਧੀ ਦੇ ਅਧਿਕਾਰਾਂ ਦੀ ਰੱਖਿਆ ਨਹੀਂ ਕਰ ਰਹੇ ਸਨ ਸਗੋਂ ਉਹ ਸਾਨੂੰ ਯਾਦ ਦਿਵਾ ਰਹੇ ਸਨ ਕਿ ਕੈਨੇਡਾ ਵਿਚ ਪ੍ਰਭੂਸੱਤਾ ਸਾਂਝੀ ਹੈ, ਨਾਕਿ ਮਾਲਕੀ। ਜੇ ਟਰੰਪ ਖਤਰੇ ਪ੍ਰਤੀ ਰਾਸ਼ਟਰਵਾਦੀ ਪ੍ਰਤੀਕਿਰਿਆਵਾਂ ਇਸ ਤੱਥ ਨੂੰ ਮਿਟਾਉਣ 'ਤੇ ਨਿਰਭਰ ਕਰਦੀਆਂ ਹਨ, ਤਾਂ ਉਹ ਕੈਨੇਡਾ ਦਾ ਬਚਾਅ ਨਹੀਂ ਕਰ ਰਹੇ ਹਨ ਉਲਟਾ ਉਹ ਇਸ ਨੂੰ ਅਸਥਿਰ ਕਰ ਰਹੇ ਹਨ।

ਸੱਚਮੁੱਚ ਲਚਕੀਲਾ ਖੁਦਮੁਖਤਿਆਰ ਕੈਨੇਡਾ ਉਹ ਹੋਵੇਗਾ ਜੋ ਪ੍ਰਭੂਸੱਤਾ ਦੇ ਇਕਲੌਤੇ ਦ੍ਰਿਸ਼ਟੀਕੋਣਾਂ ਤੋਂ ਅੱਗੇ ਵਧ ਕੇ ਆਪਸੀ ਮਾਨਤਾ, ਜ਼ਿੰਮੇਵਾਰੀ ਅਤੇ ਬਹੁਲਤਾਵਾਦੀ ਸ਼ਾਸਨ ਦੇ ਰਿਸ਼ਤਿਆਂ ਵੱਲ ਵਧੇਗਾ। ਇਸ ਤੋਂ ਘੱਟ ਕੁਝ ਵੀ ਖੁਦਮੁਖਤਿਆਰ ਪ੍ਰਭੂਸੱਤਾ ਨਹੀਂ ਹੈ ਇਹ ਏਕਤਾ ਦੇ ਭੇਸ ਵਿੱਚ ਸਿਰਫ ਡਰ ਮਾਤਰ ਹੋਵੇਗਾ।

Canadian Center for policy alternatives ਤੋਂ ਧੰਨਵਾਦ ਸਹਿਤ

## ਦਾਅਵਾ ਅਤੇ ਹਕੀਕਤ



ਏਕ ਦੇਸ਼ ਤੇ
ਏਕ ਹੀ ਨਾਅਰਾ
ਵੇਚ ਦਿਆਂਗੇ
ਭਾਰਤ ਸਾਰਾ

ਮਾਂ ਭਾਰਤ ਦੀ
ਜੈ ਜੈ ਕਰਨੀ
ਮਾਲਾ ਦਾ ਯੁੱਗ ਢੱਠੇ ਖੂਹ ਵਿੱਚ
ਪੂਜਾ ਖ਼ੰਜਰ ਦੀ ਹੈ ਕਰਨੀ

ਜੋ ਵੀ ਬੋਲੇ
ਮਾਰ ਮੁਕਾਓ
ਲੋਥਾਂ ਉੱਪਰ
ਭੰਗੜਾ ਪਾਓ

ਭਾਰਤ ਦੇਸ਼ ਪਿਆਰਾ ਹੈ
ਸਾਰੇ ਜਹਾਂ ਸੇ ਨਿਆਰਾ ਹੈ
ਜੰਗਲ, ਜਲ, ਜਮੀਨਾ ਤੇ
ਕਬਜੇ ਧਰਮ ਹਮਾਰਾ ਹੈ!

ਅਮਨ ਸ਼ਾਂਤੀ ਆਪਾਂ ਤਾਂ
ਨਾ ਕਰਨੀ ਹੈ, ਨਾ ਜਰਨੀ ਹੈ
ਅਮਨਾ ਦੀ ਜੋ ਗੱਲ ਕਰੇ
ਗੋਲੀ ਹਿੱਕ 'ਚ ਜੜਨੀ ਹੈ

ਜੋ ਨੇਰ੍ਹੀ ਰਾਤੇ ਜਗਦਾ ਹੈ
ਉਹ ਚੰਨ, ਨ੍ਹੇਰੇ ਨੂੰ ਵੱਢਦਾ ਹੈ
ਛੱਡ ਕੇ ਕੋਈ ਕਾਲਜ ਡਿਗਰੀ ਨੂੰ
ਭਲਾ ਕਿਉਂ ਜੰਗਲ ਨੂੰ ਭੱਜਦਾ ਹੈ !

ਸਦੀਆਂ ਤੋਂ ਚੰਨ ਤੁਰਦਾ ਹੈ
ਨਾ ਥੱਕਦਾ ਹੈ ਨਾ ਝੁਰਦਾ ਹੈ
ਕਈ ਵਾਰੀ ਮਾਰ ਮੁਕਾਇਆ ਹੈ
ਉਹ ਹੋਇਆ ਦੂਣ ਸਵਾਇਆ ਹੈ

ਸਿਰ ਲਾਹੁਣ ਦਾ ਦਾਅਵਾ ਕਰਦੇ ਨੇ
ਫਿਰ ਲੋਥਾਂ ਤੋਂ ਕਿਉਂ ਡਰਦੇ ਨੇ
ਤਾਹੀਓਂ ਜੰਗਲ ਦਾ ਗੀਤ ਕਹੇ
ਇਹ ਲੋਕਾਂ ਹੱਥੋਂ ਹਰਦੇ ਨੇ

ਪਹਿਲਾਂ ਵੀ 31 ਮਾਰਚ ਨੂੰ
ਹਰ ਸਾਲ ਨਤੀਜੇ ਆਉਂਦੇ ਨੇ
ਪਰ ਅੱਜ ਕੱਲ੍ਹ ਦੇ ਹਾਕਮ ਤਾਂ
ਹੁਣ ਨਵੇਂ ਰਿਜਲਟ ਸੁਣਾਉਂਦੇ ਨੇ

'31 ਮਾਰਚ '26 ਤੋਂ
ਬਾਅਦ ਭਗਤ ਸਿਓਂ ਜੰਮਣਾ ਨਹੀਂ
ਐਸਾ ਸਬਕ ਸਿਖਾਵਾਂਗੇ
ਜ਼ੁਲਮਾਂ ਦਾ ਰਥ ਥੰਮ੍ਹਣਾ ਨਹੀਂ'

ਸਿਰ ਚਾਂਦਨੀ ਚੌਕ ਵੀ
ਲਾਹਿਆ ਸੀ
ਭਾਈ ਜੈਤਾ ਚੁੰਮ ਕੇ
ਲਿਆਇਆ ਸੀ

ਇਹ ਵਕਤ ਭੁਲੇਖੇ ਕੱਢੇਗਾ
ਇਹ ਜੜ੍ਹ ਜ਼ੁਲਮਾਂ ਦੀ ਵੱਢੇਗਾ
ਏਥੇ ਸੂਰਜ ਮਘਦੇ ਰਹਿਣੇ ਨੇ
ਇਹ ਬੋਲ ਸਮੇਂ ਨੇ ਕਹਿਣੇ ਨੇ

ਦਾਅਵਾ ਹੈ ਹਮਾਰਾ ਜੰਜ਼ੀਰੋ
ਹਮ ਜਸ਼ਨ- ਏ- ਬਹਾਰਾਂ ਦੇਖੇਂਗੇ
ਹਮ ਦੇਖੇਂਗੇ
ਹਮ ਦੇਖੇਂਗੇ

– ਅਮੋਲਕ ਸਿੰਘ

## ਜੰਗ

ਜੰਗ ਵੀਡਿਓ ਗੇਮ ਨਹੀਂ
ਅਸਲੀ ਹਥਿਆਰ
ਅਸਲੀ ਟੈਂਕ
ਅਸਲੀ ਫ਼ੌਜੀ
ਅਸਲੀ ਹੁੰਦੇ ਨੇ ਦੇਸ਼
ਤੇ ਅਸਲੀ ਹੁੰਦੇ ਨੇ ਦੇਸ਼ਭਗਤ
ਜੋ ਕੁਰਬਾਨ ਹੁੰਦੇ ਨੇ।
ਜ਼ਖਮੀ ਹੁੰਦੇ ਨੇ
ਮਰਦੇ ਨੇ ਨਾਲ
ਓਹਨਾਂ ਦੇ ਟੱਬਰਾਂ ਦੇ ਟੱਬਰ।

ਟਵਿਟਰ ਤੇ ਟਰੋਲਿੰਗ ਦੀ ਜੰਗ
ਲੜਨੀ ਹੈ ਬੜੀ ਸੌਖੀ।

ਅਸਲੀ ਜੰਗ 'ਚ
ਸਿਰਫ਼ ਪਿੰਡਿਆਂ ਦਾ ਘਾਣ ਨਹੀਂ
ਵਲੂੰਧਰੇ ਜਾਂਦੇ ਨੇ ਮਨ ਤੇ ਦਿਲ ਵੀ।

ਡਰ ਕੇ ਸਹਿਮ ਜਾਂਦੇ ਨੇ
ਬੱਚੇ ਤੇ ਓਹਨਾਂ ਦੇ ਬਚਪਨ।

ਸਦੀਆਂ ਤੱਕ ਜਿਉਂਦੇ ਨੇ
ਜਖ਼ਮ ਸਾਡੇ ਅੰਦਰ
ਜਿੱਤ ਦੇ ਜੈਕਾਰੇ ਛੱਡਣਾ
ਆਸਾਨ ਹੋ ਸਕਦੈ
ਤਮਾਸ਼ਬੀਨਾਂ ਲਈ।

ਹੌਂਕੇ ਮਾਂਵਾਂ ਦੇ ਵੈਣ ਪਤਨੀਆਂ ਦੇ
ਦੁੱਖ ਭੈਣਾਂ ਦੇ।
ਕੌਣ ਦੇਵੇਗਾ ਹਿਸਾਬ
ਭਵਿੱਖ ਦੀਆਂ ਪੀੜ੍ਹੀਆਂ ਨੂੰ।

ਪੀੜੀਆਂ ਭਰਦੀਆਂ ਨੇ ਹਰਜ਼ਾਨਾ
ਜਦੋਂ ਚੁਗਦੀਆਂ ਨੇ
ਨਫ਼ਰਤ ਦੀ ਜ਼ਹਿਰ ਵਿਚ ਲਿੱਬੜੇ
ਟੁੰਡੇ ਅੰਗ
ਤੇ ਗੂੰਜਦੇ ਨੇ ਹੌਂਕੇ
ਲੋਕਾਂ ਦੇ ਕੰਨੀ ਸਦੀਆਂ ਤੱਕ।

ਆਸਾਨ ਜਾਂ ਔਖਾ ਹੋ ਸਕਦਾ ਹੈ
ਇਤਿਹਾਸ ਦੇ ਪੰਨਿਆਂ 'ਚ
ਦਰਜ਼ ਕਰਨਾ ਜਿੱਤ ਜਾਂ ਹਾਰ
ਪਰ ਕੰਡਿਆਂ ਨੂੰ
ਫੁੱਲਾਂ ਦੇ ਗੁਲਦਸਤੇ
ਦੱਸਣਾ ਵੀ ਝੂਠ ਹੀ ਹੈ
ਜੋ ਅਸੀਂ ਪਰਸੋਦੇ ਹਾਂ
ਸਾਡੇ ਬੱਚਿਆਂ ਨੂੰ।

ਜੰਗ ਵੀਡਿਓ ਗੇਮ ਨਹੀਂ
ਨਿਰਦੋਸ਼ ਪਿੰਡੇ ਅਤੇ ਮਨ ਤੇ ਉਕਰੇ
ਡੂੰਘੇ ਜ਼ਖ਼ਮ ਦੀ ਦਾਸਤਾਨ ਹੁੰਦੀ ਹੈ
ਜੋ ਕਦੇ ਵੀ ਭਰਦੇ ਨਹੀਂ
ਉਮਰਾਂ ਦੇ ਦੁੱਖ ਹੁੰਦੇ ਨੇ।

ਗਰੀਬ ਦੀ ਨਾਕਾਮੀ
ਵਿਓਪਾਰੀਆਂ ਲਈ
ਲੁੱਟ ਖਸੁੱਟ ਦੇ ਭਰਪੂਰ ਮੌਕੇ

ਸਿਆਸਤਦਾਨ ਤੇ ਪ੍ਰੈਸ
ਵਾਰ ਰੂਮ 'ਚ
ਦੇਖਦੀ ਹੈ ਵੀਡਿਓ ਗੇਮ।

ਫ਼ੌਜੀ ਸਮੇਟਦੇ ਨੇ
ਜੰਗ ਦੇ ਮੈਦਾਨ 'ਚੋਂ
ਆਪਣੇ ਅੱਧਕਟੇ ਅੰਗ
ਅਸਲੀ ਲਾਸ਼ਾਂ
ਆਪਣੇ ਯਾਰ ਬੇਲੀਆਂ ਦੀਆਂ।

ਕੀ ਸਿਰਫ਼ ਯੁੱਧ ਹੁੰਦੇ ਨੇ
ਮਸਲਿਆਂ ਦੇ ਹੱਲ?

ਕੀ ਸਿੱਧ ਕੀਤਾ ਹੈ?
ਇਜ਼ਰਾਈਲ-ਫਲਸਤੀਨ ਨੇ
ਰੂਸ -ਯੂਕ੍ਰੇਨ ਨੇ
ਜੰਗ ਲੜਕੇ।

ਤਬਾਹੀ
ਭੁੱਖਮਰੀ
ਬਿਮਾਰੀਆਂ
ਮੌਤਾਂ
ਪੀੜ੍ਹੀਆਂ ਦੇ ਪਾੜੇ
ਦੇ ਸਿਵਾ
ਕੁਝ ਵੀ ਨਹੀਂ...



- ਪੰਕਜੇਸ਼ਵਰ (ਬਰੈਂਪਟਨ)

## .ਗ਼ਜ਼ਲ

ਰਾਹੂਆਂ ਨਾ ਕੇਤੂਆਂ ਵਿਚ
ਅੜਚਨਾਂ ਹੁੰਦੀ ਮਨਾਂ ਵਿਚ।

ਦਿਲ ਦਿਲਾਂ ਚੋਂ ਗੁੰਮ ਨੇ ਜਦ ਤੋਂ
ਤਦ ਤੋਂ ਕਦ ਨੇ ਘਰ ਘਰਾਂ ਵਿਚ।

ਮੁੜ ਨਾ ਪਰਤੀ ਰੁੱਤ ਬਸੰਤੀ
ਸੁੱਕ ਗਏ ਫੁੱਲ ਵਰਕਿਆਂ ਵਿਚ।

ਦਿਲ ਦੇ ਮਿੱਟੀ ਹੋਣ ਮਗਰੋਂ
ਦਿਲਕਸ਼ੀ ਕੀ ਦਿਲਕਸ਼ਾਂ ਵਿਚ।

ਵਕਤ ਦੀ ਨੇਰੀ ਕੀ ਆਈ
ਉਡ ਗਏ ਰਿਸ਼ਤੇ ਪਲਾਂ ਵਿਚ।

ਬੋਹੜਾਂ ਵਰਗੇ ਲੋਕ ਮਰ ਕੇ
ਜੀਅ ਨੇ ਪੈਂਦੇ ਚੇਤਿਆਂ ਵਿਚ।

'ਪ੍ਰੀਤ' ਚੂਰੀ ਪਿੰਜਰਿਆਂ ਦੀ
ਛੱਡ ਦੀ ਨਾ ਦਮ ਪਰਾਂ ਵਿਚ।

-ਉਂਕਾਰਪ੍ਰੀਤ

## ਮਾਂ ਧਰਤੀਏ !

ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਤੂੰ ਮੱਘਦਾ ਰਈਂ ਵੇ ਸੂਰਜਾ ਕੰਮੀਆਂ ਦੇ ਵੇਹੜੇ
ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ
ਤੂੰ ਮੱਘਦਾ ਰਈਂ ਵੇ ਸੂਰਜਾ

ਜਿੱਥੇ ਰੂਹ ਬਣਗੀ ਇੱਕ ਹਾਵਾ ਹੈ
ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ
ਜਿੱਥੇ ਕੈਦ ਅਣਖ ਦਾ ਲਾਵਾ ਹੈ
ਜਿੱਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ
ਤੂੰ ਮੱਘਦਾ ਰਈਂ ਵੇ ਸੂਰਜਾ

ਜਿੱਥੇ ਲੋਕ ਬੜੇ ਮਜਬੂਰ ਜਿਹੇ
ਦਿੱਲੀ ਦੇ ਦਿਲ ਤੋਂ ਦੂਰ ਜਿਹੇ
ਤੇ ਭੁੱਖਾਂ ਵਿਚ ਮਸ਼ਹੂਰ ਜਿਹੇ
ਜਿੱਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ
ਤੂੰ ਮੱਘਦਾ ਰਈਂ ਵੇ ਸੂਰਜਾ

ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ
ਤੂੰ ਮੱਘਦਾ ਰਈਂ ਵੇ ਸੂਰਜਾ

ਜੇ ਸੋਕਾ ਇਹ ਹੀ ਸੜਦੇ ਨੇ
ਜੇ ਡੋਬਾ ਇਹ ਹੀ ਮਰਦੇ ਨੇ
ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ
ਜਿੱਥੇ ਫ਼ਸਲਾਂ ਨੇ ਛੱਡ ਜਾਂਦੀਆਂ ਅਰਮਾਨ ਤ੍ਰੇੜੇ
ਤੂੰ ਮੱਘਦਾ ਰਈਂ ਵੇ ਸੂਰਜਾ

ਜਿੱਥੇ ਹਾਰ ਮੰਨ ਲਈ ਚਾਵਾਂ ਨੇ
ਜਿੱਥੇ ਕੂੰਜ ਘੇਰ ਲਈ ਕਾਵਾਂ ਨੇ
ਜਿੱਥੇ ਅਣਵਿਆਹੀਆਂ ਹੀ ਮਾਵਾਂ ਨੇ
ਜਿੱਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜਡੇਰੇ
ਤੂੰ ਮੱਘਦਾ ਰਈਂ ਵੇ ਸੂਰਜਾ

ਜਿੱਥੇ ਰੋਟੀ ਵਿੱਚ ਮਨ ਘੁੱਟਿਆ ਹੈ
ਜਿੱਥੇ ਨ੍ਹੇਰਾ ਦੱਬ ਕੇ ਜੁੱਟਿਆ ਹੈ
ਜਿੱਥੇ ਗ਼ੈਰਤ ਦਾ ਤਗ ਟੁੱਟਿਆ ਹੈ
ਜਿੱਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ
ਤੂੰ ਮੱਘਦਾ ਰਈਂ ਵੇ ਸੂਰਜਾ

ਤੂੰ ਆਪਣਾ ਆਪ ਮਚਾਂਦਾ ਹੈਂ
ਪਰ ਆਪਾ ਹੀ ਰੁਸ਼ਨਾਂਦਾ ਹੈਂ
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ
ਤੂੰ ਮੱਘਦਾ ਰਈਂ ਵੇ ਸੂਰਜਾ

-ਸੰਤ ਰਾਮ ਉਦਾਸੀ

## ਸਾਡੇ ਲਹੂ ਨੂੰ ਆਦਤ ਹੈ

ਸਾਡੇ ਲਹੂ ਨੂੰ ਆਦਤ ਹੈ
ਮੌਸਮ ਨਹੀਂ ਵੇਂਹਦਾ, ਮਹਿਫਲ ਨਹੀਂ ਵੇਂਹਦਾ
ਜ਼ਿੰਦਗੀ ਦੇ ਜਸ਼ਨ ਵਿਢ ਲੈਂਦਾ ਹੈ
ਸੂਲੀ ਦੇ ਗੀਤ ਛੋਹ ਲੈਂਦਾ ਹੈ

ਸ਼ਬਦ ਨੇ ਕਿ ਪੱਥਰਾਂ ਤੇ ਵਗ ਵਗ ਕੇ ਘਸ ਜਾਂਦੇ ਹਨ
ਲਹੂ ਹੈ ਕਿ ਤਦ ਵੀ ਗਾਉਂਦਾ ਹੈ
ਜ਼ਰਾ ਸੋਚੋ ਕਿ ਰੁੱਸੀਆਂ ਸਰਦ ਰਾਤਾਂ ਨੂੰ ਮਨਾਵੇ ਕੌਣ?
ਨਮੋਹੇ ਪਲਾਂ ਨੂੰ ਤਲੀਆਂ ਉੱਤੇ ਖਿਡਾਵੇ ਕੌਣ?
ਲਹੂ ਹੀ ਹੈ ਜੋ ਨਿੱਤ ਧਾਰਾਂ ਦੇ ਹੋਠ ਚੁੰਮਦਾ ਹੈ
ਲਹੂ ਤਾਰੀਖ ਦੀਆਂ ਕੰਧਾਂ ਨੂੰ ਉਲੰਘ ਆਉਂਦਾ ਹੈ
ਇਹ ਜਸ਼ਨ ਇਹ ਗੀਤ ਕਿਸੇ ਨੂੰ ਬੜੇ ਨੇ
ਜੋ ਕੱਲ ਤੀਕ ਸਾਡੇ ਲਹੂ ਦੇ ਚੁੱਪ ਦਰਿਆ 'ਚ
ਤੈਰਨ ਦੀ ਮਸ਼ਕ ਕਰਦੇ ਸਨ।

- ਪਾਸ਼ (ਅਵਤਾਰ ਸਿੰਘ)

## ਤੁਸੀਂ ਅਜੇ ਵੀ ਚੁੱਪ ਹੋ !

ਸੰਤਾਪ ਝੱਲਦੇ ਲੋਕੋ!
ਆਪਣੇ ਭਰਾ ਨੂੰ ਪੈਂਦੀ ਮਾਰ ਦੇਖ ਕੇ
ਤੁਸੀਂ ਆਪਣੀਆਂ ਅੱਖਾਂ ਤੇ
ਖੋਪੇ ਚਾੜ੍ਹ ਰੱਖੇ ਨੇ
ਉਸ ਲੜਕੀ ਨੂੰ ਮਾਰ ਪੈ ਰਹੀ ਹੈ
ਤੁਸੀਂ ਅਜੇ ਵੀ ਚੁੱਪ ਹੋ
ਮਾਸ ਖੋਰਾ ਜਾਨਵਰ ਤਾਂ
'ਤੋਹ' ਵਿੱਚ ਖੁੱਲ੍ਹਾ ਘੁੰਮ ਰਿਹਾ ਹੈ
ਤੁਸੀਂ ਕਹਿੰਦੇ ਹੋ
ਉਸ ਨੇ ਸਾਨੂੰ ਤਾਂ ਛੱਡ ਦਿੱਤਾ ਹੈ
ਕਿਉਂਕਿ ਅਸੀਂ ਕਿਹੜਾ
ਉਸਦਾ ਵਿਰੋਧ ਕੀਤਾ ਸੀ!

ਇਹ ਕਿਹੋ ਜਿਹਾ ਸ਼ਹਿਰ ਹੈ
ਤੁਸੀਂ ਕਿਹੋ ਜਿਹੇ ਜੀਵ ਹੋ
ਜਦੋਂ ਇੱਥੇ ਜ਼ੁਲਮ ਹੁੰਦਾ ਹੈ
ਸ਼ਹਿਰ 'ਚ ਬਗ਼ਾਵਤ ਹੋਣੀ ਚਾਹੀਦੀ ਹੈ
ਪਰ ਜੇਕਰ ਬਗਾਵਤ ਨਹੀਂ ਹੁੰਦੀ
ਤਾਂ ਚੰਗਾ ਹੈ
ਇਸਤੋਂ ਪਹਿਲਾਂ ਕਿ
ਅਜਿਹੀ ਰਾਤ ਆਵੇ
ਇਸ ਸ਼ਹਿਰ ਨੂੰ ਭਸਮ ਹੋਣ ਦਿਓ!

ਓ ਖੁਸ਼ੀਆਂ ਤੋਂ ਵਿਰਵੇ ਲੋਕੋ!
ਤੁਹਾਡੇ ਭਰਾ ਤੇ ਹਮਲਾ ਹੋਇਆ
ਤੁਸੀਂ ਆਪਣੀਆਂ
ਅੱਖਾਂ ਮੀਟ ਲਈਆਂ
ਉਸਨੂੰ ਮਾਰਿਆ ਜਾ ਰਿਹੈ
ਉਹ ਕੁਰਲਾ ਰਿਹੈ
ਤੁਸੀਂ ਖਾਮੋਸ਼ ਹੋ !

ਮਾਸ ਖੋਰਾ ਤਾਂ ਘਾਤ ਲਗਾ ਕੇ ਬੈਠਾ ਹੈ
ਉਹ ਆਪਣੇ ਸ਼ਿਕਾਰ ਦੀ ਚੋਣ ਕਰਦਾ ਹੈ
ਤੁਸੀਂ ਕਹਿੰਦੇ ਹੋ
ਉਸਨੇ ਸਾਨੂੰ ਬਖਸ਼ ਦਿੱਤਾ ਹੈ
ਕਿਉਂਕਿ ਅਸੀਂ ਕਿਹੜਾ ਉਸ ਨਾਲ
ਆਪਣੀ ਨਰਾਜ਼ਗੀ ਪ੍ਰਗਟਾਈ ਸੀ
ਇਹ ਕਿਹੋ ਜਿਹਾ ਸ਼ਹਿਰ ਹੈ !
ਤੇ ਤੁਸੀਂ ਕਿਹੋ ਜਿਹੇ ਲੋਕ ਹੋ !!

ਜਦੋਂ ਕਦੇ ਬੇਇਨਸਾਫ਼ੀ ਦਾ ਆਲਮ ਹੁੰਦਾ ਹੈ
ਤਾਂ ਸ਼ਹਿਰ ਵਿੱਚ ਬਗ਼ਾਵਤ ਤਾਂ
ਲਾਜ਼ਮੀ ਹੋਣੀ ਚਾਹੀਦੀ ਹੈ
ਜੇਕਰ ਬਗ਼ਾਵਤ ਨਹੀਂ ਹੁੰਦੀ ਤਾਂ
ਇਸਤੋਂ ਚੰਗਾ ਇਹੀ ਹੈ ਕਿ
ਉਹ ਸ਼ਹਿਰ ਰਾਤ ਪੈਣ ਤੋਂ
ਪਹਿਲਾਂ ਹੀ ਸੜ ਕੇ ਸੁਆਹ ਹੋ ਜਾਏ

- ਬਰਤੋਲਤ ਬਰੈਖ਼ਤ

## ਸਾਡੇ ਲਾਸ਼ਾਂ ਦੀ ਪਛਾਣ ਹਾਲੇ ਚਲਦੀ...

ਚੋਣਾਂ ਵਾਲੇ ਰਾਹ 'ਤੇ ਛਿੱਟੇ ਖ਼ੂਨ ਦੇ
ਤੋਪਾਂ ਉੱਤੇ ਝੂਲਦੇ ਸੀ ਝੰਡੇ ਨੀ।
ਸਾਡੇ ਲਾਸ਼ਾਂ ਦੀ ਪਛਾਣ ਹਾਲੇ ਚਲਦੀ
ਉਹਨਾਂ ਜਿੱਤ ਦੀ ਖੁਸ਼ੀ 'ਚ ਲੱਡੂ ਵੰਡੇ ਨੀ।

ਸਿਵਾ ਬਲਦਾ ਤੇ ਲਾਟ ਉੱਚੀ ਉੱਠਦੀ
ਵਿਚ ਦੱਬੇ ਗਏ ਸਾਡੇ ਕਈ ਖ਼ਿਆਲ ਨੀ।
ਉਹਦੇ ਅੱਖਾਂ ਅੱਗੇ ਘੁੰਮਦੀ ਸੀ ਕੁਰਸੀ
ਸਾਡੇ ਚੁੱਲਿਆਂ ਨੂੰ ਭੁੱਖ ਦਾ ਸਵਾਲ ਨੀ।
ਵੱਡੇ ਵੱਡੇ ਨਾਅਰੇ ਜਿਹੜੇ ਲਾਉਂਦੇ ਸੀ
ਸਭ ਨਿਕਲੇ ਸਿਆਸਤਾਂ ਦੇ ਚੰਡੇ ਨੀ।

ਕੁੱਝ ਧਰਮਾਂ ਦੇ ਨਾਂ ਤੇ ਦੇਸ਼ ਮੰਗਦੇ
ਬਾਕੀ ਬੱਚਿਆਂ ਦੀ ਮੰਗਦੇ ਸੀ ਖੈਰ ਨੀ।
ਅਸੀਂ ਖੇਤਾਂ ਵਿੱਚ ਫੁਲ ਰਹੇ ਬੀਜਦੇ
ਉਹ ਪਾਣੀ ਵਿੱਚ ਘੋਲਦੇ ਸੀ ਜ਼ਹਿਰ ਨੀ।
ਉਹ ਕਿੱਕਰਾਂ ਕਿਨਾਰਿਆਂ 'ਤੇ ਬੀਜਦੇ
ਅਸੀਂ ਰਾਹਾਂ ਵਿਚੋਂ ਚੁੱਗਦੇ ਹਾਂ ਕੰਡੇ ਨੀ।

ਉਹ ਚੌਧਰਾਂ ਦੀ ਖੇਡ ਜਦੋਂ ਖੇਡਦੇ
ਸਾਡੀ ਗੁਰਬਤ ਬਣ ਜਾਂਦੀਆਂ ਗੋਟੀਆਂ।
ਉਹ ਕਰਦੇ ਬਰੂਦਾਂ 'ਚੋਂ ਕਮਾਈਆਂ ਨੀ
ਅਸੀਂ ਰਾਖ ਵਿਚੋ ਲਭਦੇ ਹਾਂ ਰੋਟੀਆਂ।
ਵੇਖ ਕਰ ਲਈਆਂ ਉਹਨਾਂ ਤਾਜ ਪੋਸ਼ੀਆਂ
ਨਾ ਹੋਏ ਸ਼ਮਸ਼ਾਨ ਸਾਡੇ ਠੰਡੇ ਨੀ।

• • •

## ਸਾਡੇ ਘਰ ਪੁੱਤ ਜੰਮਦੇ ਨੇ ਸਰਹੱਦਾਂ ਲਈ

ਸਾਡੇ ਘਰ ਪੁੱਤ ਜੰਮਦੇ ਨੇ ਸਰਹੱਦਾਂ ਲਈ
ਥੋਡੇ ਘਰ ਪੁੱਤ ਜੰਮਦੇ ਪੱਬ-ਕਲੱਬਾਂ ਲਈ।

ਥੋਡੇ ਬਾਰ 'ਚ ਨੱਚਦੇ,
ਸਾਡੇ ਹੱਦਾਂ 'ਤੇ ਲੜਦੇ ਨੇ।
ਥੋਡੇ ਮਖ਼ਮਲ ਉੱਤੇ ਸੌਂਦੇ,
ਸਾਡੇ ਰਾਖੀਆਂ ਕਰਦੇ ਨੇ।
ਸਾਡੇ ਕਿਰਤੀ ਪੁੱਤਰ ਮਰਦੇ,
ਥੋਡੇ ਸਲੱਗਾਂ ਲਈ।

ਸਾਡੇ ਘਰ ਚੂੜੇ ਟੁੱਟਦੇ
ਥੋਡੀ ਸਿਆਸਤ ਚਲਦੀ ਹੈ।
ਸਾਡੇ ਘਰ ਸੱਥਰ ਵਿਛਦੇ
ਥੋਡੀ ਰਿਆਸਤ ਫਲਦੀ ਹੈ।
ਸਾਡਾ ਲਹੂ ਹੋ ਗਿਆ ਸਸਤਾ,
ਥੋਡੇ ਠੱਗਾਂ ਲਈ।

ਸਾਡੇ ਸਿਰ 'ਤੇ ਕਫ਼ਨ ਬੰਨ੍ਹਦੇ
ਥੋਡੇ ਕਫ਼ਨ ਵੇਚਦੇ ਨੇ।
ਸਾਡੇ ਘਰ ਲਾਂਬੂ ਲਗਦੇ,
ਥੋਡੇ ਭਾਂਬੜ ਸੇਕਦੇ ਨੇ।
ਸਾਡੇ ਬਾਲਣ ਬਣਦੇ ਆਏ
ਥੋਡੀਆਂ ਅੱਗਾਂ ਲਈ।

-ਕੁਲਦੀਪ

## ਗੰਦੇ ਅੰਡੇ, ਇਧਰ ਵੀ ਨੇ ਓਧਰ ਵੀ

ਗੰਦੇ ਅੰਡੇ, ਇਧਰ ਵੀ ਨੇ ਓਧਰ ਵੀ
ਕੁਝ ਮੁਸ਼ਟੰਡੇ, ਇਧਰ ਵੀ ਨੇ ਓਧਰ ਵੀ


ਕਿਹਨਾਂ ਦੇ ਗੁਣ ਗਾਣੇ ਦੱਸੋ ਮੁੱਲਾਂ ਜੀ
ਹਲਵੇ ਮੰਡੇ, ਇਧਰ ਵੀ ਨੇ ਓਧਰ ਵੀ

ਜਿਹਨਾਂ ਸਿੰਗ ਵਿਖਾ ਕੇ ਖਾਧਾ ਅਜ਼ਲਾਂ ਤੋਂ
ਲੋਕੋ ਸੰਢੇ, ਇਧਰ ਵੀ ਨੇ ਓਧਰ ਵੀ

ਗੋਡੀ ਕੋਈ ਨਹੀਂ ਦੇਂਦਾ ਸਿਰਫ਼ ਵਿਖਾਲੇ ਲਈ
ਰੰਬੇ ਚੰਡੇ, ਇਧਰ ਵੀ ਨੇ ਓਧਰ ਵੀ

ਰਲਕੇ ਕਿਉਂ ਨਹੀਂ ਚੁਕਦੇ ਅਪਣੀ ਧਰਤੀ ਦੇ
ਜਿਹੜੇ ਕੰਡੇ, ਇਧਰ ਵੀ ਨੇ ਓਧਰ ਵੀ

ਏਥੇ ਸੱਚ ਉਛਾਲਣ ਵਾਲੇ ਲੋਕਾਂ ਨੂੰ
ਪੈਂਦੇ ਡੰਡੇ, ਇਧਰ ਵੀ ਨੇ ਓਧਰ ਵੀ



ਲੋਕਾਈ ਦਾ ਸ਼ਾਇਰ, ਬਾਬਾ ਨਜਮੀ
ਮਸ਼ਹੂਰ ਪਾਕਿਸਤਾਨੀ ਸ਼ਾਇਰ

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਇਨਕਲਾਬੀ ਵਚਨਬੱਧਤਾ ਦਾ ਮੁਜੱਸਮਾ ਕਾ. ਰੇਣੂਕਾ

31 ਮਾਰਚ ਨੂੰ ਭਾਜਪਾ ਸਰਕਾਰ ਦੇ ਕਾਤਲ ਗਰੋਹਾਂ ਨੇ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿਚ ਕਾ. ਰੇਣੂਕਾ ਨੂੰ ਸ਼ਹੀਦ ਕਰ ਦਿੱਤਾ। ਇਸ ਨੂੰ ਮੁਕਾਬਲੇ ਦਾ ਨਾਂ ਦਿੱਤਾ ਗਿਆ ਅਤੇ ਜਸ਼ਨ ਮਨਾਏ ਗਏ ਕਿ ਹਕੂਮਤੀ ਲਸ਼ਕਰਾਂ ਨੇ ਸਿਰਕੱਢ ਇਨਾਮੀ ਮਾਓਵਾਦੀ ਨੂੰ ਖ਼ਤਮ ਕਰਕੇ ਬਹੁਤ ਵੱਡੀ ਸਫ਼ਲਤਾ ਹਾਸਲ ਕੀਤੀ ਹੈ ਜਿਸ ਦੇ ਸਿਰ 'ਤੇ 45 ਲੱਖ ਰੁਪਏ ਦਾ ਇਨਾਮ ਸੀ। ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਰੇਣੂਕਾ ਉਰਫ਼ ਚੇਤੇ ਦੋ ਘੰਟੇ ਤੱਕ ਚੱਲੇ ਮੁਕਾਬਲੇ ਵਿਚ ਮਾਰੀ ਗਈ ਜਦਕਿ ਮਾਓਵਾਦੀ ਪਾਰਟੀ ਦੇ ਬੁਲਾਰੇ ਨੇ ਆਪਣੇ ਪ੍ਰੈੱਸ ਬਿਆਨ ਵਿਚ ਸਪਸ਼ਟ ਕੀਤਾ ਕਿ ਕਾ. ਰੇਣੂਕਾ ਬੀਮਾਰ ਹੋਣ ਕਾਰਨ ਕੁਝ ਸਮੇਂ ਤੋਂ ਪਿੰਡ ਬੈਲਨਾਰ (ਬਲਾਕ ਭੈਰਮਗੜ੍ਹ) ਵਿਚ ਇਕ ਆਦਿਵਾਸੀ ਘਰ ਵਿਚ ਇਕੱਲੀ ਰਹਿ ਰਹੀ ਸੀ ਜਿੱਥੋਂ ਉਸਨੂੰ ਗਿ ?ਰਫ਼ਤਾਰ ਕਰਕੇ 2-3 ਘੰਟੇ ਬੇਕਿਰਕੀ ਨਾਲ ਤਸੀਹੇ ਦੇਣ ਤੋਂ ਬਾਅਦ ਇੰਦਰਾਵਤੀ ਨਦੀ ਨੇੜੇ ਲਿਜਾ ਕੇ ਗੋਲੀ ਮਾਰ ਦਿੱਤੀ ਗਈ। ਮੁਕਾਬਲੇ ਬਣਾਉਣ ਵਾਲੀ ਭਾਰਤ ਦੀ ਪੁਲਿਸ ਦੀ ਬਹਾਦਰੀ ਅਤੇ ਮੁਕਾਬਲਿਆਂ ਦਾ ਸੱਚ ਕੁਲ ਦੁਨੀਆ ਨੂੰ ਪਤਾ ਹੈ।

ਸਮਾਜਿਕ ਦਰਜੇਬੰਦੀ ਵਿਚ ਹਾਸ਼ੀਏ 'ਤੇ ਧੱਕੇ 'ਜੁਲਾਹਾ' ਭਾਈਚਾਰੇ ਦੇ ਇਕ ਸਧਾਰਨ ਪਰਿਵਾਰ ਨਾਲ ਸੰਬੰਧਤ ਗੁਮੁਡਾਵੇਲੀ ਰੇਣੂਕਾ ਆਗੂ ਮੁਕਾਮ 'ਤੇ ਪਹੁੰਚੀ ਅਤੇ ਉਸਨੇ ਆਪਣੀ 55 ਸਾਲ ਦੀ ਜ਼ਿੰਦਗੀ ਵਿੱਚੋਂ ਤਿੰਨ ਦਹਾਕੇ ਇਨਕਲਾਬੀ ਲਹਿਰ ਦੇ ਲੇਖੇ ਲਾਏ।

1980ਵਿਆਂ 'ਚ ਤੇਲੰਗਾਨਾ ਵਿਚ ਨਕਸਲੀ ਸਿਆਸਤ ਦੇ ਵਿਆਪਕ ਪ੍ਰਭਾਵ ਹੇਠ ਸੈਂਕੜੇ ਪਿੰਡ ਇਨਕਲਾਬੀ ਰੰਗ 'ਚ ਇਸ ਕਦਰ ਰੰਗੇ ਗਏ ਸਨ ਕਿ ਉੱਚ ਪੜ੍ਹਾਈ ਕਰ ਰਹੇ ਸੈਂਕੜੇ ਵਿਦਿਆਰਥੀ-ਨੌਜਵਾਨ ਆਪਣਾ ਨਿੱਜੀ ਭਵਿੱਖ ਤਿਆਗਕੇ ਲੋਕ-ਮੁਕਤੀ ਲਈ ਸੰਘਰਸ਼ ਵਿਚ ਕੁੱਦ ਪਏ। ਕਡਾਵੇਂਡੀ ਅਜਿਹੇ ਸਿਰਕੱਢ ਪਿੰਡਾਂ ਵਿੱਚੋਂ ਇਕ ਸੀ ਜਿੱਥੇ ਸਕੂਲ ਜਾਂ ਕਾਲਜ ਵਿਚ ਪੜ੍ਹਦੇ ਕਿਸੇ ਮੁੰਡੇ-ਕੁੜੀ ਦਾ ਅਚਾਨਕ ਪੜ੍ਹਾਈ ਛੱਡਕੇ ਹਥਿਆਰਬੰਦ ਸੰਘਰਸ਼ ਨੂੰ ਸਮਰਪਿਤ ਹੋ ਜਾਣਾ ਆਮ ਗੱਲ ਸੀ। ਰੇਣੂਕਾ ਕਡਾਵੇਂਡੀ ਦੀ ਜੰਮਪਲ ਸੀ ਜਿੱਥੇ ਤਕਰੀਬਨ ਹਰ ਪਰਿਵਾਰ ਦੇ ਕਿਸੇ ਨੌਜਵਾਨ ਨੇ ਇਨਕਲਾਬ ਨੂੰ ਸਮਰਪਿਤ ਹੋਣ ਦਾ ਰਾਹ ਚੁਣਿਆ। ਜਦੋਂ ਸਕੂਲ ਵਿਚ ਪੜ੍ਹਦਾ ਉਸਦਾ ਵੱਡਾ ਭਰਾ ਜੀ.ਵੀ.ਕੇ. ਪ੍ਰਸਾਦ ਵੀ ਇਨਕਲਾਬੀ ਕਾਫ਼ਲੇ 'ਚ ਸ਼ਾਮਲ ਹੋ ਗਿਆ ਸੀ ਤਾਂ ਪਰਿਵਾਰ ਨੇ ਕਾਲਜ ਵਿਚ ਪੈਰ ਧਰਨ ਸਮੇਂ ਹੀ ਇਹ ਸੋਚਕੇ ਰੇਣੂਕਾ ਦਾ ਵਿਆਹ ਕਰ ਦਿੱਤਾ ਕਿ ਕਿਤੇ ਉਹ ਵੀ ਪ੍ਰਸਾਦ ਵਾਲੇ ਰਾਹ ਨਾ ਪੈ ਜਾਵੇ। ਪਤੀ ਦੀ ਹਿੰਸਾ ਤੋਂ ਤੰਗ ਆ ਕੇ ਰੇਣੂਕਾ ਨੇ ਵਿਆਹ ਦਾ ਬੰਧਨ ਛੇਤੀਂ ਹੀ ਵਗਾਹ ਮਾਰਿਆ ਅਤੇ ਉਸ ਦੇ ਅੰਦਰ ਦਬੀ ਔਰਤ ਮੁਕਤੀ ਦੀ ਲੋਚਾ ਅੱਗ ਬਣਕੇ ਮਚਣ ਦਾ ਰਾਹ ਤਲਾਸ਼ਣ ਲੱਗੀ। ਉਸਨੇ ਐੱਲ.ਐੱਲ.ਬੀ. ਦੀ ਡਿਗਰੀ ਕੀਤੀ ਅਤੇ ਕੁਝ ਸਮਾਂ ਵਿਸ਼ਾਖਾਪਟਨਮ ਵਿਚ ਵਕਾਲਤ ਵੀ ਕੀਤੀ। 1995 ਤੋਂ ਆਂਧਰਾ ਪ੍ਰਦੇਸ਼ ਵਿਚ ਔਰਤ ਹੱਕਾਂ ਦੀ ਜਥੇਬੰਦੀ ਵਿਚ ਸਰਗਰਮ ਹੋ ਗਈ ਅਤੇ ਗੁਪਤਵਾਸ ਸਾਥੀਆਂ ਦੇ ਪਰਿਵਾਰਾਂ ਦੀ ਕਾਨੂੰਨੀ ਲੜਾਈ ਵਿਚ ਮੱਦਦ ਕਰਦੀ ਰਹੀ।

ਫਿਰ ਉਹ ਨਕਸਲੀ ਲਹਿਰ ਵਿਚ ਕੁੱਦ ਪਈ ਅਤੇ 2004 'ਚ ਗੁਪਤਵਾਸ ਹੋ ਗਈ। ਰਾਜਨੀਤਕ ਸੂਝ ਅਤੇ ਇਨਕਲਾਬੀ ਵਚਨਬੱਧਤਾ ਨੇ ਉਸ ਨੂੰ ਦੰਡਕਾਰਣੀਆ ਸਪੈਸ਼ਲ ਜ਼ੋਨਲ ਕਮੇਟੀ ਦੀ ਮੈਂਬਰ ਦੇ ਮੁਕਾਮ 'ਤੇ ਪਹੁੰਚਾ ਦਿੱਤਾ ਜੋ ਕਿ ਮਾਓਵਾਦੀ ਰਸੂਖ਼ ਵਾਲੇ ਬਹੁਰਾਜੀ ਵਿਸ਼ਾਲ ਜੰਗਲੀ ਖੇਤਰ ਦੀ ਮੁੱਖ ਆਗੂ ਕਮੇਟੀ ਹੈ। 1999 'ਚ ਆਂਧਰਾ ਪੁਲਿਸ ਵੱਲੋਂ ਉਸਦੇ ਜੀਵਨ-ਸਾਥੀ ਕਾ. ਮਹੇਸ਼ ਦਾ ਮੁਕਾਬਲਾ ਬਣਾ ਦਿੱਤਾ ਗਿਆ।



ਇਸੇ ਤਰ੍ਹਾਂ ਉਸਦੇ ਦੂਜੇ ਜੀਵਨ-ਸਾਥੀ ਕਾ. ਅੱਪਾ ਰਾਓ ਨੂੰ ਵੀ 2010 'ਚ ਮੁਕਾਬਲੇ 'ਚ ਮਾਰ ਦਿੱਤਾ ਗਿਆ। ਇਨ੍ਹਾਂ ਸਦਮਿਆਂ ਨੇ ਉਸਦੀ ਲੋਕ-ਦੁਸ਼ਮਣ ਪ੍ਰਬੰਧ ਪ੍ਰਤੀ ਨਫ਼ਰਤ ਵਿਚ ਹੋਰ ਵਾਧਾ ਹੀ ਕੀਤਾ। ਆਪਣੇ ਭਰਾ ਪ੍ਰਸਾਦ (ਜੋ ਪਾਰਟੀ ਦਾ ਬੁਲਾਰਾ ਸੀ) ਦੇ ਲਹਿਰ ਤੋਂ ਕਿਨਾਰਾ ਕਰ ਲੈਣ 'ਤੇ ਵੀ ਉਸਦੀ ਨਿਹਚਾ ਨਹੀਂ ਡੋਲੀ ਅਤੇ ਉਹ ਆਖ਼ਰੀ ਸਾਹਾਂ ਤੱਕ 'ਇਨਕਲਾਬ ਦੇ ਰਾਹ ਉੱਪਰ ਅਡੋਲ ਰਹਿ ਕੇ ਡੱਟੀ ਰਹੀ।

ਉਹ ਬੰਦੂਕ ਅਤੇ ਕਲਮ ਦੋਹਾਂ ਮੋਰਚਿਆਂ 'ਤੇ ਸਰਗਰਮ ਆਗੂ ਸੀ। ਉਹ ਪ੍ਰਕਾਸ਼ਨਾਵਾਂ ਦੀ ਇੰਚਾਰਜ ਸੀ ਅਤੇ ਵੱਖ-ਵੱਖ ਭਾਸ਼ਾਵਾਂ ਵਿਚ ਇਕ ਦਰਜਣ ਤੋਂ ਵੱਧ ਰਸਾਲਿਆਂ ਦਾ ਸੰਪਾਦਨ ਕਰਦੀ ਸੀ। ਉਸਨੇ ਬਹੁਤ ਸਾਰੇ ਕਲਮੀਂ ਨਾਵਾਂ ਹੇਠ ਬਹੁਤ ਸਾਰੇ ਲੇਖ ਅਤੇ ਕਹਾਣੀਆਂ ਲਿਖੀਆਂ। ਖ਼ਾਸ ਕਰਕੇ, ਦਮਿਯੰਤੀ ਨਾਂ ਹੇਠ ਉਹ ਰਸਾਲਿਆਂ ਲਈ ਲੇਖ ਲਿਖਦੀ ਸੀ। ਇਸੇ ਨਾਂ ਹੇਠ ਉਸਨੇ 'ਸਲਵਾ ਜੁਡਮ' ਦੇ ਜ਼ੁਲਮਾਂ ਨੂੰ ਕਲਮਬੱਧ ਕੀਤਾ ਅਤੇ ਨਰਾਇਣਪਟਨਾ (ਉੜੀਸਾ) ਦੇ ਲੋਕ ਸੰਘਰਸ਼ ਬਾਰੇ ਕਿਤਾਬ ਲਿਖੀ। ਉਸ ਦੀਆਂ ਲਿਖੀਆਂ ਮਜ਼ਬੂਤ ਔਰਤ ਕਿਰਦਾਰਾਂ ਵਾਲੀਆਂ 30 ਤੋਂ ਵੱਧ ਕਹਾਣੀਆਂ ਔਰਤਾਂ ਦੇ ਸੰਘਰਸ਼ ਨੂੰ ਕਲਾਤਮਕ ਸੁਹਜ ਨਾਲ ਪੇਸ਼ ਕਰਨ ਦਾ ਨਮੂਨਾ ਹਨ। ਉਸ ਦੀਆਂ ਕੁਝ ਕਹਾਣੀਆਂ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਵਿਯੂਕਾ (ਤੜਕੇ ਦਾ ਤਾਰਾ) ਨਾਂ ਦੇ ਕਹਾਣੀ-ਸੰਗ੍ਰਹਿ ਵਿਚ ਸ਼ਾਮਲ ਕੀਤੀਆਂ ਗਈਆਂ ਹਨ ਜੋ ਮਾਓਵਾਦੀ ਵਿਦਰੋਹੀ ਔਰਤਾਂ ਵੱਲੋਂ ਲਿਖੀਆਂ ਕਹਾਣੀਆਂ ਦਾ ਵਿਸ਼ੇਸ਼ ਸੰਗ੍ਰਹਿ ਹੈ। ਤੇਲਗੂ ਪਾਠਕ ਉਸਨੂੰ ਉਸਦੇ ਕਲਮੀਂ ਨਾਮ 'ਮਿੜਕੋ' ਵਜੋਂ ਜਾਣਦੇ ਹਨ।

ਰੇਣੂਕਾ ਮਹਿਜ਼ ਇਕ ਸਾਲ ਦੇ ਅਰਸੇ 'ਚ ਮਾਰੀਆਂ ਗਈਆਂ ਡੇਢ ਸੌ ਜੁਝਾਰੂ ਛਾਪਾਮਾਰਾਂ 'ਚੋਂ ਇਕ ਨਹੀਂ ਹੈ। ਉਹ ਬੇਹੱਦ ਪਿਛੜੇ ਹੋਏ ਸਮਾਜਿਕ ਪਿਛੋਕੜ 'ਚੋਂ ਉੱਠ ਕੇ ਆਗੂ ਪੁਜੀਸ਼ਨਾਂ 'ਤੇ ਪਹੁੰਚੀਆਂ ਔਰਤਾਂ 'ਚ ਸ਼ੁਮਾਰ ਹੈ। ਇਨ੍ਹਾਂ ਜੁਝਾਰੂ ਔਰਤਾਂ ਦਾ ਜੀਵਨ-ਸਫ਼ਰ ਸਰਕਾਰੀ ਪ੍ਰਚਾਰਤੰਤਰ ਅਤੇ ਗੋਦੀ ਮੀਡੀਆ ਦੇ ਇਸ ਝੂਠੇ ਪ੍ਰਚਾਰ ਦੇ ਮੂੰਹ 'ਤੇ ਕਰਾਰੀ ਚਪੇੜ ਹੈ ਕਿ ਨਕਸਲੀ ਲਹਿਰ ਵਿਚ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ। ਹਕੀਕਤ ਇਹ ਹੈ ਕਿ ਮਰਦ-ਪ੍ਰਧਾਨ ਸਮਾਜਿਕ ਪ੍ਰਬੰਧ ਹੇਠ ਹਰ ਤਰ੍ਹਾਂ ਦੇ ਸ਼ੋਸ਼ਣ ਅਤੇ ਜਿਨਸੀ ਹਿੰਸਾ ਦੀ ਮਾਰ ਝੱਲ ਰਹੀਆਂ ਔਰਤਾਂ ਲਈ ਇਹ ਲਹਿਰ ਸਦੀਵੀ ਸੰਤਾਪ ਤੋਂ ਮੁਕੰਮਲ ਮੁਕਤੀ ਦਾ ਰੋਸ਼ਨ ਰਾਹ ਹੈ। ਇਹੀ ਵਜਾ ?ਹ ਹੈ ਕਿ ਛੱਤੀਸਗੜ੍ਹ ਵਰਗੇ ਅਤਿਅੰਤ ਪਿਛੜੇ ਖੇਤਰ ਵਿਚ ਇਨਕਲਾਬੀ ਛਾਪਾਮਾਰਾਂ ਦਾ 40% ਹਿੱਸਾ ਔਰਤਾਂ ਹਨ।


ਸਮਾਜਿਕ ਢਾਂਚੇ ਵਿਚ ਕਿਸੇ ਵੀ ਸੁਧਾਰ ਦੀ ਘੋਰ ਦੁਸ਼ਮਣ ਆਰ.ਐੱਸ.ਐੱਸ.-ਭਾਜਪਾ ਸਰਕਾਰ ਦਾ ਇੱਕੋਇਕ ਨਿਸ਼ਾਨਾ ਤਬਦੀਲੀ ਦੇ ਸੁਪਨੇ ਨੂੰ ਖ਼ਤਮ ਕਰਨਾ ਹੈ। ਇਸੇ ਲਈ ਰੇਣੂਕਾ ਭਗਵਾ ਹਕੂਮਤ ਸਮੇਤ ਪੂਰੇ ਭਾਰਤੀ ਰਾਜ ਲਈ ਖ਼ੂੰਖ਼ਾਰ 'ਦਹਿਸ਼ਤਗਰਦ' ਸੀ। ਜਦਕਿ ਆਦਿਵਾਸੀਆਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਲਈ ਉਹ ਮੁਕਤੀ ਦਾ ਚਿੰਨ੍ਹ ਹੈ। ਲੋਕ-ਮੁਕਤੀ ਲਈ ਜੂਝ ਰਹੀ ਕਮਿਊਨਿਸਟ ਇਨਕਲਾਬੀ ਲਹਿਰ ਲਈ ਰੇਣੂਕਾ ਦਾ ਕਤਲ ਨਿਰਸੰਦੇਹ ਬਹੁਤ ਵੱਡੀ ਸੱਟ ਹੈ। ਕਰੂਰ ਹਕੂਮਤੀ ਤਾਕਤ ਦੇ ਨਸ਼ਿਆਏ ਹਾਕਮਾਂ ਨੂੰ ਇਹ ਗ਼ਰੂਰ ਹੁੰਦਾ ਹੈ ਕਿ ਉਹ ਇਨਕਲਾਬੀ ਆਗੂਆਂ ਦਾ ਜਿਸਮਾਨੀ ਖ਼ਾਤਮਾ ਕਰਕੇ ਬਿਹਤਰ ਜ਼ਿੰਦਗੀ ਲਈ ਮਨੁੱਖੀ ਸੰਘਰਸ਼ ਦਾ ਨਾਮੋ-ਨਿਸ਼ਾਨ ਮਿਟਾ ਦੇਣਗੇ। ਮਨੁੱਖੀ ਇਤਿਹਾਸ ਇਸ ਭਰਮ ਨੂੰ ਚਕਨਾਚੂਰ ਆਇਆ ਹੈ। ਜਿੰਨਾ ਚਿਰ ਲੁੱਟ ਅਤੇ ਦਾਬੇ ਦਾ ਪ੍ਰਬੰਧ ਖ਼ਤਮ ਨਹੀਂ ਹੋ ਜਾਂਦਾ, ਲੋਕ ਸੰਘਰਸ਼ ਅਜਿਹੀਆਂ ਵੀਰਾਂਗਣਾਂ ਦੀ ਸਿਰਜਣਾ ਕਰਦੇ ਰਹਿਣਗੇ।

ਹਕੂਮਤੀ ਦਹਿਸ਼ਤ ਨੂੰ ਚਕਨਾਚੂਰ ਕਰਦਿਆਂ ਇਨਕਲਾਬੀ ਸ਼ਹੀਦਾਂ ਦਾ ਅੰਤਮ ਸੰਸਕਾਰ ਕਰਨ ਦੀ ਤੇਲੰਗਾਨਾ ਦੀ ਇਨਕਲਾਬੀ ਰਵਾਇਤ ਅਨੁਸਾਰ ਰੇਣੂਕਾ ਦੀ ਲਾਸ਼ ਉੱਪਰ ਲਾਲ ਝੰਡਾ ਪਾ ਕੇ ਕਡਾਵੇਂਡੀ ਵਿਚ ਲਿਜਾ ਕੇ ਅੰਤਮ ਵਿਦਾਇਗੀ ਦਿੱਤੀ ਗਈ। ਇਸ ਮੌਕੇ ਛੇ ਹਜ਼ਾਰ ਲੋਕਾਂ ਦੇ ਨਾਲ ਹੱਕਾਂ ਦੇ ਕਾਰਕੁਨ, ਲੇਖਕ, ਸਿਵਲ ਸੁਸਾਇਟੀ ਦੇ ਮੈਂਬਰ, ਵਿਦਿਆਰਥੀ, ਸਾਬਕਾ ਮਾਓਵਾਦੀ ਅਤੇ 'ਮੁੱਖਧਾਰਾ ਪਾਰਟੀਆਂ' ਦੇ ਆਗੂ ਵੀ ਸ਼ਾਮਲ ਹੋਏ।

ਕਾ. ਰੇਣੂਕਾ ਦੀ ਇਨਕਲਾਬੀ ਘਾਲਣਾ ਨੂੰ ਲਾਲ ਸਲਾਮ।













# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 129ਵੇਂ ਜਨਮ ਦਿਹਾੜੇ ਨੂੰ ਸਮਰਪਿਤ ਮੋਟਰਸਾਈਕਲ ਮਾਰਚ








ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 129ਵੇਂ ਜਨਮ ਦਿਹਾੜੇ ਨੂੰ ਸਮਰਪਿਤ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਸੁਨੇਤ ਪਿੰਡ ਵਿੱਚ ਬਣੀ ਗਦਰੀ ਬਾਬਾ ਭਾਨ ਸਿੰਘ ਦੀ ਯਾਦਗਾਰ ਤੋਂ ਮੋਟਰਸਾਈਕਲ ਮਾਰਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਪਿੰਡ ਸਰਾਭਾ ਤੱਕ ਕੱਢਿਆ ਗਿਆ। ਇਸ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ ਅਤੇ ਆਕਾਸ਼ ਗੁੰਜਾਊ ਨਾਅਰੇ ਲਾਉਂਦੇ ਹੋਏ ਸੁਨੇਤ ਪਿੰਡ ਦੀਆਂ ਗਲੀਆਂ ਵਿੱਚੋਂ ਹੁੰਦੇ ਹੋਏ ਸ਼ਹੀਦ ਸਰਾਭਾ ਮਾਰਗ ਰਾਹੀਂ ਪਿੰਡ ਸਰਾਭਾ ਪੁੱਜੇ। ਮਾਰਚ ਦੀ ਸ਼ੁਰੂਆਤ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟ ?ਰੱਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਨੌਜਵਾਨਾਂ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਝੰਡਾ ਦਿਖਾ ਕੇ ਇਸ ਮਾਰਚ ਨੂੰ ਰਵਾਨਾ ਕੀਤਾ।

ਇਸ ਦੌਰਾਨ ਮੋਟਰਸਾਈਕਲ ਮਾਰਚ ਲਈ ਇਕੱਤਰ ਹੋਏ ਨੌਜਵਾਨਾਂ ਨੂੰ ਨੌਜਵਾਨ ਸਭਾ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ, ਜਨਰਲ ਸਕੱਤਰ ਰਾਕੇਸ਼ ਆਜ਼ਾਦ, ਸਹਾਇਕ ਸਕੱਤਰ ਮੀਨੂੰ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਸ਼ਹੀਦ ਕਰਤਾਰ ਸਿੰਘ ਸਰਾਭਾ ਗਦਰ ਪਾਰਟੀ ਦਾ ਸਭ ਤੋਂ ਛੋਟੀ ਉਮਰ ਦਾ ਮੈਂਬਰ ਸੀ ਪਰ ਉਸ ਨੇ ਦੇਸ਼ ਦੀ ਜੰਗ-ਏ-ਆਜ਼ਾਦੀ ਲਈ ਸਿਰਫ਼ 19 ਸਾਲ ਦੀ ਉਮਰ ਵਿੱਚ ਸ਼ਹਾਦਤ ਦਿੱਤੀ। ਗਦਰ ਪਾਰਟੀ ਵਿੱਚ ਕਰਤਾਰ ਸਿੰਘ ਸਰਾਭਾ ਨੇ ਗਦਰ ਅਖ਼ਬਾਰ ਛਾਪਣ ਅਤੇ ਫੌਜੀ ਛਾਉਣੀਆਂ ਵਿੱਚ ਬਗਾਵਤ ਕਰਵਾਉਣ ਵਰਗੇ ਅਹਿਮ ਕੰਮ ਆਪਣੇ ਹਿੱਸੇ ਲਏ। ਉਨ੍ਹਾਂ ਕਿਹਾ ਮੌਜੂਦਾ ਸਮੇਂ ਵਿੱਚ ਕਾਲਜਾਂ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿੱਚੋਂ ਸ਼ਹੀਦਾਂ ਨੂੰ ਬਣਦੀ ਥਾਂ ਨਹੀਂ ਦਿੱਤੀ ਗਈ। ਨੌਜਵਾਨਾਂ ਨੂੰ ਆਪਣੇ ਆਪ ਇਨ੍ਹਾਂ ਬਾਰੇ ਪੜ੍ਹਨਾ ਅਤੇ ਇਨ੍ਹਾਂ ਦੇ ਵਿਚਾਰਾਂ ਤੋਂ ਸਿੱਖਦੇ ਹੋਏ ਚੰਗੇ ਸਮਾਜ ਦੀ ਸਿਰਜਣਾ ਲਈ ਅੱਗੇ ਵਧਣਾ ਚਾਹੀਦਾ ਹੈ। ਗਦਰ ਪਾਰਟੀ ਹਰ ਧਰਮ ਤੇ ਜਾਤ ਨੂੰ ਬਰਾਬਰ ਦਰਜਾ ਦਿੰਦੀ ਸੀ ਪਰ ਮੌਜੂਦਾ ਸਿਆਸਤਦਾਨ ਧਰਮ/ਜਾਤ ਦੇ ਨਾਮ ਤੇ ਲੋਕਾਂ ਵਿੱਚ ਵੰਡੀਆਂ ਪਾ ਕੇ ਲੋਕਾਂ ਨੂੰ ਆਪਸ ਵਿੱਚ ਲੜਾ ਕੇ ਅੰਗਰੇਜ਼ਾਂ ਦੀ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਤੇ ਕੰਮ ਕਰਦੇ ਹੋਏ ਰਾਜ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਸ਼ਹੀਦਾਂ ਨੇ ਇਸ ਦੇਸ਼ ਵਿੱਚ ਲੁੱਟ ਰਹਿਤ ਸਮਾਜ ਸਿਰਜਣ ਲਈ ਆਪਣੀ ਕੁਰਬਾਨੀ ਦਿੱਤੀ ਤੇ ਇਸ ਲੜਾਈ ਨੂੰ ਅੱਗੇ ਵਧਾਉਣ ਦੀ ਲੋੜ ਹੈ ਤੇ ਇਸ ਕਾਰਜ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਮਾਰਚ ਨੂੰ ਮੋਟਰਿਸਟਾ ਕਲੱਬ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਸਹਿਯੋਗ ਮਿਲਿਆ ਅਤੇ ਰੰਗ ਮੰਚ-ਰੰਗ ਨਗਰੀ ਦੀ ਨਾਟਕ ਟੀਮ ਨੇ ਤਰਲੋਚਨ ਸਿੰਘ ਦੀ ਨਿਰਦੇਸ਼ਨਾ ਹੇਠ ਮੌਜੂਦਾ ਹਲਾਤਾਂ ਨੂੰ ਬਿਆਨ ਕਰਦਾ ਨਾਟਕ ਪੇਸ਼ ਕੀਤਾ। ਇਸ ਮਾਰਚ ਵਿੱਚ ਪ੍ਰਤਾਪ ਸਿੰਘ, ਤਜਿੰਦਰ ਕੁਮਾਰ, ਰਜੀਵ ਕੁਮਾਰ, ਜਗਜੀਤ ਸਿੰਘ, ਜਗਧੀਰਜ ਸਿੰਘ, ਜੈਪਾਲ, ਪਰਵੀਨ ਮਲਹੋਤਰਾ, ਗੁਰਵਿੰਦਰ ਸਿੰਘ, ਕ੍ਰਿਸ਼ਨ ਕੁਮਾਰ, ਮਹੇਸ਼ ਕੁਮਾਰ ਜੁਗਿੰਦਰ ਫੁੱਲਾਂਵਲ, ਗੁਰਜੀਤ ਫੁੱਲਾਂਵਾਲ, ਦਲਜੀਤ ਪੱਬੀਆਂ, ਕਲਪਨਾ ਤੇ ਹੋਰ ਨੌਜਵਾਨਾਂ ਨੇ ਸ਼ਿਰਕਤ ਕੀਤੀ।

# ਮਲੂਕ ਸਿੰਘ ਕਾਹਲੋਂ ਦੀ ਪੁਸਤਕ 'ਕੂਕ ਫ਼ਕੀਰਾ ਕੂਕ ਤੂੰ' ਉੱਪਰ ਸਾਰਥਿਕ ਚਰਚਾ

## ਡਾ. ਗੁਰਬਖ਼ਸ਼ ਸਿੰਘ ਭੰਡਾਲ, ਡਾ. ਸੁਖਦੇਵ ਸਿੰਘ ਝੰਡ ਤੇ ਡਾ. ਸੁਰਿੰਦਰਜੀਤ ਕੌਰ ਦੀਆਂ ਪੁਸਤਕਾਂ ਕੀਤੀਆਂ ਗਈਆਂ ਲੋਕ-ਅਰਪਿਤ







ਬਰੈਂਪਟਨ, (ਡਾ. ਝੰਡ) : ਲੰਘੇ ਐਤਵਾਰ 18 ਮਈ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗ਼ਮ ਵਿੱਚ ਮਲੂਕ ਸਿੰਘ ਕਾਹਲੋਂ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਕੂਕ ਫ਼ਕੀਰਾ ਕੂਕ ਤੂੰ' ਉੱਪਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਪੁਸਤਕ ਉੱਪਰ ਡਾ. ਸੁਰਿੰਦਰਜੀਤ ਕੌਰ ਵੱਲੋਂ ਵਿਸਤ੍ਰਿਤ ਪੇਪਰ ਪੇਸ਼ ਕੀਤਾ ਗਿਆ। ਉਪਰੰਤ, ਕੁਝ ਵਿਦਵਾਨਾਂ ਵੱਲੋਂ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਦੌਰਾਨ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਵਾਰਤਕ ਪੁਸਤਕ 'ਜ਼ਿੰਦਗੀ ਜਸ਼ਨ ਹੈ', ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ 'ਪੁਰਖ਼ਿਆਂ ਦਾ ਦੇਸ: ਸਫ਼ਰਨਾਮਾ' ਅਤੇ ਡਾ. ਸੁਰਿੰਦਰਜੀਤ ਕੌਰ ਦੀ ਬਾਲ-ਪੁਸਤਕ 'ਬੱਚੇ ਮਿੱਠੜੇ ਮੇਵੇ' ਵੀ ਲੋਕ-ਅਰਪਿਤ ਕੀਤੀਆਂ ਗਈਆਂ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਡਾ. ਗੁਰਬਖ਼ਸ਼ ਸਿੰਘ ਭੰਡਾਲ, ਪ੍ਰਿੰਸੀਪਲ ਸਰਵਣ ਸਿੰਘ, ਬਲਰਾਜ ਚੀਮਾ, ਪੂਰਨ ਸਿੰਘ ਪਾਂਧੀ, ਡਾ. ਨਵਜੋਤ ਕੌਰ ਅਤੇ ਪੁਸਤਕ ਉੱਪਰ ਪੇਪਰ ਪੇਸ਼ ਕਰਨ ਵਾਲੀ ਲੇਖਿਕਾ ਡਾ. ਸੁਰਿੰਦਰਜੀਤ ਕੌਰ ਸੁਸ਼ੋਭਿਤ ਸਨ।

ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਦੇ ਰਸਮੀ ਸੁਆਗਤ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਪੁਸਤਕ ਉੱਪਰ ਪਰਚਾ ਪੇਸ਼ ਕਰਨ ਲਈ ਡਾ. ਸੁਰਿੰਦਰਜੀਤ ਕੌਰ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਪੇਪਰ ਦੇ ਸਿਰਲੇਖ 'ਕੂਕ ਫ਼ਕੀਰਾ ਕੂਕ ਤੂੰ - ਮਲੂਕ ਸਿੰਘ ਦੀ ਹੂਕ' ਹੇਠ ਪੁਸਤਕ ਉੱਪਰ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਲੇਖਕ ਦੀਆਂ ਇਸ ਤੋਂ ਪਹਿਲਾਂ ਦੋ ਕਾਵਿ-ਪੁਸਤਕਾਂ 'ਲੋਕ ਵੇਦਨਾ' ਅਤੇ 'ਵਿਰਸੇ ਦੇ ਵਾਰਸ' ਪੰਜਾਬੀ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਉਸ ਨੇ ਕਿਰਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਦਰਪੇਸ਼ ਮੁਸ਼ਕਲਾਂ, ਉਨ੍ਹਾਂ ਦੇ ਸੰਘਰਸ਼ਮਈ ਜੀਵਨ ਅਤੇ ਪੰਜਾਬ ਦੇ ਵਿਰਸੇ ਦੇ ਵਾਰਸਾਂ ਨੂੰ ਮੁਖ਼ਾਤਿਬ ਹੋ ਕੇ ਇਹ ਅਮੀਰ ਵਿਰਸਾ ਸੰਭਾਲਣ ਦੀ ਗੱਲ ਬਾਖ਼ੂਬੀ ਕੀਤੀ ਹੈ। ਚਰਚਾ ਅਧੀਨ ਇਸ ਤੀਸਰੀ ਪੁਸਤਕ ਵਿੱਚ ਵੀ ਉਹ ਇਨ੍ਹਾਂ ਆਮ ਲੋਕਾਂ ਦੀ ਹੀ ਗੱਲ ਕਰਦਾ ਹੈ। ਉਹ ਉਨ੍ਹਾਂ ਨੂੰ ਸਮਾਜਿਕ ਅਨਿਆਂ ਅਤੇ ਆਰਥਿਕ ਲੁੱਟ-ਖਸੁੱਟ ਦੇ ਵਿਰੁੱਧ ਡੱਟਣ ਲਈ ਵੰਗਾਰਦਾ ਹੈ। ਉਸ ਦਾ ਮੱਤ ਹੈ ਕਿ ਸਮੇਂ ਦੀਆਂ ਸਰਕਾਰਾਂ ਕੇਵਲ ਅਮੀਰ ਵਰਗ ਤੇ ਵੱਡੇ-ਵੱਡੇ ਉਦਯੋਗਪਤੀਆਂ ਤੇ ਵਿਉਪਾਰੀਆਂ ਦਾ ਹੀ ਪੱਖ ਪੂਰਦੀਆਂ ਹਨ ਅਤੇ ਹੇਠਲੇ ਜਾਂ ਮੱਧ-ਵਰਗ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰਦੀਆਂ ਹਨ। ਆਪਣੀਆਂ ਕਵਿਤਾਵਾਂ ਵਿੱਚ ਕਈ ਥਾਈਂ ਉਹ ਇਨ੍ਹਾਂ ਸਰਕਾਰਾਂ ਨੂੰ ਫਟਕਾਰ ਵੀ ਲਾਉਂਦਾ ਹੈ।

ਉਨ੍ਹਾਂ ਕਿਹਾ ਕਿ ਮਲੂਕ ਸਿੰਘ ਕਾਹਲੋਂ ਦੀ ਕਾਵਿ-ਭਾਸ਼ਾ ਬੜੀ ਸਰਲ ਅਤੇ ਲੋਕਾਂ ਦੀ ਸਮਝ ਵਿੱਚ ਆਉਣ ਵਾਲੀ ਹੈ। ਪੁਸਤਕ ਦੀਆਂ ਕਈ ਕਵਿਤਾਵਾਂ ਵਿੱਚ ਉਹ ਆਪਣੇ ਪਿੰਡ, ਪਰਿਵਾਰ ਦੇ ਪਿਛੋਕੜ ਅਤੇ ਦੋਸਤਾਂ-ਮਿੱਤਰਾਂ ਨੂੰ ਵੀ ਬਾਖ਼ੂਬੀ ਯਾਦ ਕਰਦਾ ਹੈ। ਉਸ ਨੂੰ ਇਹ ਝੋਰਾ ਵੀ ਹੈ ਕਿ ਉਹ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਤੇ ਹੋਰ ਸ਼ਹੀਦਾਂ ਦੇ ਕਦਮ-ਚਿੰਨ੍ਹਾਂ 'ਤੇ ਨਹੀਂ ਚੱਲ ਸਕਿਆ। ਇਹ ਝੋਰਾ ਉਸ ਦਾ ਨਿੱਜੀ ਨਹੀਂ ਹੈ, ਸਗੋਂ ਇਹ ਤਾਂ ਅਜੋਕੇ ਨੌਜੁਆਨਾਂ ਤੇ ਆਮ ਲੋਕਾਂ ਦਾ ਹੈ ਜੋ ਇਨ੍ਹਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਗਏ ਹਨ। ਪੁਸਤਕ ਉੱਪਰ ਡਾ. ਸੁਖਦੇਵ ਸਿੰਘ ਝੰਡ, ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂੰ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਸੁਰਜੀਤ ਕੌਰ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਡਾ. ਗੁਰਚਰਨ ਸਿੰਘ ਤੂਰ ਅਤੇ ਪ੍ਰਧਾਨਗੀ-ਮੰਡਲ ਵਿੱਚੋਂ ਪ੍ਰਿੰਸੀਪਲ ਸਰਵਣ ਸਿੰਘ, ਡਾ. ਨਵਜੋਤ ਕੌਰ ਤੇ ਪੂਰਨ ਸਿੰਘ ਪਾਂਧੀ ਵੱਲੋਂ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ ਗਏ। ਪੁਸਤਕ ਲੇਖਕ ਮਲੂਕ ਸਿੰਘ ਕਾਹਲੋਂ ਵੱਖ-ਵੱਖ ਬੁਲਾਰਿਆਂ ਵੱਲੋਂ ਪੁਸਤਕ ਸਬੰਧੀ ਉਠਾਏ ਗਏ ਨੁਕਤਿਆਂ ਦੇ ਜੁਆਬ ਬੜੇ ਸੋਹਣੇ ਢੰਗ ਨਾਲ ਦਿੱਤੇ ਗਏ ਅਤੇ ਨਾਲ ਹੀ ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿੱਚ ਕਵੀ-ਦਰਬਾਰ ਹੋਇਆ ਜਿਸ ਦਾ ਸੰਚਾਲਨ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਕੀਤਾ ਗਿਆ। ਅੰਤਰਰਾਸ਼ਟਰੀ ਮਾਂ-ਦਿਵਸ ਨੂੰ ਸਮਰਪਿਤ ਇਸ ਕਾਵਿ-ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਸੁਰਜੀਤ ਕੌਰ, ਪਰਮਜੀਤ ਦਿਓਲ, ਬਲਜੀਤ ਧਾਲੀਵਾਲ, ਸੁਖਚਰਨਜੀਤ ਗਿੱਲ, ਰਮਿੰਦਰ ਵਾਲੀਆ ਦੇ ਨਾਲ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ। ਕਵੀ ਦਰਬਾਰ ਵਿੱਚ ਮੰਚ-ਸੰਚਾਲਕ ਪਹਿਲਾਂ ਗਾਇਕੀ ਦਾ ਦੌਰ ਆਰੰਭ ਕੀਤਾ ਗਿਆ ਜਿਸ ਵਿੱਚ ਸੱਭ ਤੋਂ ਇਕਬਾਲ ਬਰਾੜ, ਰਿੰਟੂ ਭਾਟੀਆ, ਹਰਜੀਤ ਭੰਮਰਾ ਤੇ ਹਰਜੀਤ ਕੌਰ ਵੱਲੋਂ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿੱਚ ਮਾਵਾਂ ਦੇ ਪਿਆਰ ਨਾਲ ਜੁੜੇ ਹੋਏ ਗੀਤ ਸੁਣਾਏ ਗਏ।

ਉਪਰੰਤ, ਲਹਿੰਦੇ ਪੰਜਾਬ ਦੇ ਸ਼ਾਇਰ ਮਕਸੂਦ ਚੌਧਰੀ, ਪ੍ਰੀਤਮ ਧੰਜਲ, ਕਰਨ ਚੌਹਾਨ, ਜੱਸੀ ਭੁੱਲਰ, ਸੁਰਿੰਦਰ ਸੂਰ, ਹਰਦਿਆਲ ਝੀਤਾ, ਨਵਜੋਤ ਕੌਰ, ਜਗੀਰ ਸਿੰਘ ਕਾਹਲੋਂ, ਹਰਪਾਲ ਸਿੰਘ ਭਾਟੀਆ, ਪ੍ਰਤੀਕ ਸਿੰਘ, ਹਰਜਿੰਦਰ ਸਿੰਘ ਭਸੀਨ, ਪੰਜਾਬ ਸਿੰਘ ਕਾਹਲੋਂ, ਗਿਆਨ ਸਿੰਘ ਘਈ, ਪਰਮਜੀਤ ਢਿੱਲੋਂ, ਬਲਰਾਜ ਧਾਲੀਵਾਲ, ਹਰਮੇਸ਼ ਜੀਂਦੋਵਾਲ, ਗੁਰਬਖ਼ਸ਼ ਭੰਡਾਲ, ਤਲਵਿੰਦਰ ਮੰਡ, ਸੁਖਦੇਵ ਝੰਡ, ਸਤਪਾਲ ਕੋਮਲ, ਗੁਰਦੇਵ ਸਿੰਘ ਰੱਖੜਾ, ਸੁਰਿੰਦਰਜੀਤ ਕੌਰ, ਪਰਮਜੀਤ ਦਿਓਲ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਗਿੱਲ, ਸੁਰਜੀਤ ਕੌਰ ਅਤੇ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ। ਇਸ ਮੌਕੇ ਸੁਹਿਰਦ ਸਰੋਤਿਆਂ ਵਿੱਚ ਸ਼ਮਸ਼ੇਰ ਸਿੰਘ ਸੰਧੂ, ਹੀਰਾ ਸਿੰਘ ਹੰਸਪਾਲ, ਨਾਟਕਕਾਰ ਨਾਹਰ ਸਿੰਘ ਔਜਲਾ, ਸੂਰਤ ਸਿੰਘ ਚਾਹਲ, ਹਰਜੀਤ ਸਿੰਘ ਬਾਜਵਾ, ਪੱਤਰਕਾਰ ਹਰਜੀਤ ਬਾਜਵਾ, ਸੁਖਮਿੰਦਰ ਸਿੰਘ ਸੰਧੂ, ਸੁਮੇਲ ਕਮਲ, ਪਵਨ ਕੁਮਾਰ, ਕਰਨੈਲ ਸਿੰਘ ਮਰਵਾਹਾ, ਜਗਦੀਸ਼ ਕੌਰ ਕਾਹਲੋਂ, ਸਰਬਜੀਤ ਕੌਰ ਕਾਹਲੋਂ, ਦਲਜੀਤ ਕੌਰ ਚਾਹਲ, ਮਨਜੀਤ ਕੌਰ ਚੌਹਾਨ, ਅਮਰਜੀਤ ਕੌਰ ਤੇ ਕਈ ਹੋਰ ਸ਼ਾਮਲ ਸਨ।

# ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਕੁਲਵੰਤ ਸਿੰਘ ਪਰਮਾਰ ਨਦੀਮ ਅਤੇ ਜਰਨੈਲ ਸੰਘ ਆਰਟਿਸਟ ਨੂੰ ਸ਼ਰਧਾਂਜਲੀ








ਪੰਜਾਬੀ ਲੇਖਕ ਮੰਚ ਦੀ ਮੀਟਿੰਗ 18 ਮਈ 2025 ਨੂੰ ਜਰਨੈਲ/ਗੁਰਦੀਪ ਆਰਟਸ ਗੈਲਰੀ, ਯੂਨਿਟ 106-12882/85 ਐਵੇਨਿਊ ਸਰੀ ਵਿਚ 1.30 ਵਜੇ ਬਾਅਦ ਦੁਪਹਿਰ ਹੋਈ। ਇਸ ਮੀਟਿੰਗ ਵਿਚ ਮੰਚ ਵਲੋਂ 2025 ਦੇ ਪਿਛਲੇ ਕੁਝ ਮਹੀਨਿਆਂ ਵਿਚ ਵਿਛੜੇ ਮੈਂਬਰਾਂ ਨੂੰ ਇਕ ਮਿੰਟ ਦਾ ਮੌਨ ਧਾਰ ਕੇ ਯਾਦ ਕੀਤਾ ਗਿਆ। ਰਚਨਾਵਾਂ ਪੜ੍ਹਨ ਦੌਰਾਨ ਕਹਾਣੀਕਾਰ ਅਮਰਜੀਤ ਚਾਹਲ ਨੇ 'ਮੇਰਾ ਉਹ ਦਿਨ' ਸਿਰਲੇਖ ਹੇਠ 'ਸ਼ਬਦ' ਮੈਗਜ਼ੀਨ ਵਿਚ ਛਪੀ ਆਪਣੀ ਰਚਨਾ ਪੜ੍ਹੀ, ਜਿਸ ਵਿਚ ਇਕ ਦਿਨ ਦੇ ਦੌਰਾਨ ਬੀਤੀਆਂ ਝਲਕੀਆਂ ਦਾ ਰੌਚਕ ਵਿਵਰਣ ਮੈਂਬਰਾਂ ਨੇ ਬੜੀ ਦਿਲਚਸਪੀ ਨਾਲ ਸੁਣਿਆ। ਇਸ ਤੋਂ ਬਾਅਦ ਪੁਸਤਕ ਡਿਜ਼ਾਇਨਰ ਪ੍ਰੀਤਇੰਦਰ ਸਿੰਘ ਬਾਜਵਾ ਨੇ ਪੁਸਤਕ ਨੂੰ ਛਪਾਈ ਲਈ ਤਿਆਰ ਕਰਨ ਵਾਸਤੇ ਡਿਜ਼ਾਇਨ ਕਰਨ ਦੀ ਵਿਧੀ ਬਾਰੇ ਜਾਣਕਾਰੀ ਸਾਂਝੀ ਕੀਤੀ। ਮੈਂਬਰਾਂ ਵਲੋਂ ਆਪਣੀਆਂ ਰਚਨਾਵਾਂ ਪੜ੍ਹਨ ਉਪਰੰਤ ਵਿਛੜੇ ਮੈਂਬਰਾਂ ਨਾਮਵਰ ਲੇਖਕ ਕੁਲਵੰਤ ਸਿੰਘ ਪਰਮਾਰ ਨਦੀਮ ਅਤੇ ਸਿੱਖ ਵਿਰਸੇ ਅਤੇ ਪੰਜਾਬੀ ਸਭਿਆਚਾਰ ਦੇ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਦੇ ਸਦੀਵੀ ਵਿਛੋੜੇ ਲਈ ਸ਼ਰਧਾਂਜਲੀ ਅਰਪਣ ਕੀਤੀ ਗਈ। ਮੰਚ ਦੇ ਕੁਝ ਮੈਂਬਰਾਂ ਨੇ ਪਿਛਲੇ ਹਫ਼ਤੇ ਨਦੀਮ ਜੀ ਦੇ ਗ੍ਰਹਿ ਵਿਖੇ ਜਾ ਕੇ ਉਨ੍ਹਾਂ ਦੀ ਪਤਨੀ ਸੁਰਜੀਤ ਕੌਰ ਪਰਮਾਰ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਉਨ੍ਹਾਂ ਨੂੰ ਸਾਰੇ ਮੈਂਬਰਾਂ ਵਲੋਂ ਕਾਰਡ ਤੇ ਫੁੱਲ ਭੇਂਟ ਕੀਤੇ। ਮੰਚ ਦੀ ਅੱਜ ਦੀ ਮੀਟਿੰਗ ਵਿਚ ਜਰਨੈਲ ਸੰਘ ਜੀ ਦੇ ਪਰਿਵਾਰ ਉਨ੍ਹਾਂ ਦੀ ਪਤਨੀ ਬਲਜੀਤ ਕੌਰ ਆਰਟਿਸਟ ਅਤੇ ਉਨ੍ਹਾਂ ਦੀ ਬੇਟੀ ਨੀਤੀ ਆਰਟਿਸਟ ਨੇ ਮੰਚ ਦੇ ਸੱਦੇ 'ਤੇ ਸ਼ਮੂਲੀਅਤ ਕੀਤੀ। ਉਨ੍ਹਾਂ ਨੂੰ ਮੈਂਬਰਾਂ ਵਲੋਂ ਫੁੱਲ ਤੇ ਕਾਰਡ ਭੇਂਟ ਕਰਕੇ ਉਨ੍ਹਾਂ ਦੇ ਦੁੱਖ ਵਿਚ ਸ਼ਾਮਲ ਹੁੰਦੇ ਹੋਏ - ਅਮਰੀਕ ਪਲਾਹੀ, ਅਜਮੇਰ ਰੋਡੇ, ਅਮਨ ਸੀ. ਸਿੰਘ, ਅਮਰਜੀਤ ਚਾਹਲ, ਜਗਜੀਤ ਸੰਧੂ, ਸੁਖਵੰਤ ਹੁੰਦਲ, ਸੁਖਜੀਤ ਢਿੱਲੋਂ, ਨੌਨੀ ਕੌਰ, ਸੁਰਜੀਤ ਕਲਸੀ ਅਤੇ ਗੁਰਦੀਪ ਭੁੱਲਰ ਨੇ ਜਰਨੈਲ ਸਿੰਘ ਆਰਟਿਸਟ ਨਾਲ ਗੁਜ਼ਾਰੇ ਸਮੇਂ ਦੀਆਂ ਯਾਦਾਂ ਭਰੇ ਮਨਾ ਨਾਲ ਪਰਿਵਾਰ ਨਾਲ ਸਾਂਝੀਆਂ ਕੀਤੀਆਂ। ਬੇਟੀ ਨੀਤੀ ਵਲੋਂ ਬਹੁਤ ਹੀ ਵਧੀਆ ਤੇਲ-ਰੰਗਾਂ ਦੀ ਖ਼ੂਬਸੂਰਤ ਚਿੱਤਰਕਾਰੀ ਨਾਲ ਤਿਆਰ ਕੀਤਾ ਅਤੇ ਪਿਤਾ ਜਰਨੈਲ ਸੰਘ ਆਰਟਿਸ ਦਾ ਪੋਰਟਰੇਟ ਗੈਲਰੀ ਵਿਚ ਪ੍ਰਦਰਸ਼ਤ ਕੀਤਾ ਗਿਆ ਸੀ। ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਅਗਲੀ ਮੀਟਿੰਗ 8 ਜੂਨ 2025 ਨੂੰ ਹੋਣ ਦੀ ਸੂਚਨਾ ਮੈਂਬਰਾਂ ਨੂੰ ਦਿੱਤੀ ਗਈ ਤੇ ਚਾਹ ਪਾਣੀ ਪੀਂਦਿਆਂ ਤੇ ਅਗਲੇ ਮਿਲਣ ਦੀਆਂ ਗੱਲਾਂ ਬਾਤਾਂ ਕਰਦਿਆਂ ਮੀਟਿੰਗ ਬਰਖ਼ਾਸਤ ਹੋਈ।

ਰਿਪੋਰਟ : ਸੁਰਜੀਤ ਕਲਸੀ,
ਕੋਆਰਡੀਨੇਟਰ

## Galaxy Kitchen Cabinets Ltd.

Residential & Commercial



• Custom Cabinets • Countertops
• Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

## Hans

Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834

3822 Marine Way
Burnaby, B.C. V5J 3H4



## THE HARP GREWAL ਹਰਪ ਗਰੇਵਾਲ REAL ESTATE TEAM

416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca

HOMELIFE SILVERCITY
REALTY INC. BROKERAGE
HIGHER STANDARDS

## Baljinder Singh

Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals

## Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals

Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM(37326)

Special Packages Available For All Occasions in Calgary



## Punjabi Rang Radio

CHLO AM530
(TORONTO)
11PM-12AM
(SATURDAY)

Producer/Host
Chamkaur Singh Phulewala
Email punjabirang13@hotmail.com
Cell : 416 662 1313

## ZOLO

Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

## Hiring Drivers/Owners/Operators

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com

*1580 Britannia Road East *Mississauga *ON *L4W 1J2

# ਜਾਗਣ ਦਾ ਹੋਕਾ ਦਿੰਦੇ ਲੇਖਾਂ ਦਾ ਸੰਗ੍ਰਹਿ 'ਮੌਜੂਦਾ ਸਮੇਂ ਦਾ ਸੱਚ'



ਬਲਜਿੰਦਰ ਸੰਘਾ
403-680-3212

ਕੋਈ ਵੀ ਚੇਤਨ ਮਨੁੱਖ ਜਦੋਂ ਮਨੁੱਖ ਦੀ ਹੋਂਦ ਤੋਂ ਹੁਣ ਤੱਕ ਦਾ ਸਫਰ ਦੇਖਦਾ ਹੈ ਤਾਂ ਉਹ ਸਮੇਂ ਦੇ ਵੱਖ ਵੱਖ ਪੜਾਵਾਂ, ਦੇਸ਼ ਅਤੇ ਵਿਦੇਸ਼, ਵਿਸ਼ਵਾਸਾਂ ਅਤੇ ਅੰਧਵਿਸ਼ਵਾਸਾਂ, ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਪੱਖਾਂ ਤੋਂ ਪੜਚੋਲ ਕਰਦਾ ਹੈ। 'ਮੌਜੂਦਾ ਸਮੇਂ ਦਾ ਸੱਚ' ਵੀ ਸਤਿਕਾਰਤ ਹਸਤੀ ਜਸਵੰਤ ਜ਼ੀਰਖ ਦੇ ਵੱਖ ਵੱਖ ਸਮੇਂ ਤੇ ਲਿਖੇ 19 ਲੇਖਾਂ ਦਾ ਸੰਗ੍ਰਹਿ ਹੈ। ਸਾਰੇ ਲੇਖ ਉਪਰੋਕਤ ਵਿਸ਼ਿਆ ਦੀ ਚੀਰ-ਫਾੜ ਬਹੁਤ ਹੀ ਸੰਜੀਦਾ, ਗੰਭੀਰ ਅਰਥ-ਭਰਪੂਰ ਪਰ ਸੌਖੀ ਸ਼ਬਦਾਵਲੀ ਵਿਚ ਕਰਦੇ ਹਨ। ਲੋਕਾਂ ਨੂੰ ਜਾਗਣ ਅਤੇ ਸੁਚੇਤ ਹੋਣ ਦਾ ਹੋਕਾ ਦਿੰਦੇ ਹੋਏ ਦੇਸ਼ ਦੁਨੀਆਂ ਨੂੰ ਮਨੁੱਖ ਦੇ ਰਹਿਣਯੋਗ ਬਣਾਉਣ ਲਈ ਵਿਗਿਆਨਿਕ ਨਜ਼ਰੀਆਂ ਅਪਣਾਉਣ ਲਈ ਮਾਰਗ ਦਰਸ਼ਨ ਕਰਦੇ ਹਨ। ਉਹਨਾਂ ਅਨੁਸਾਰ ਸਿਆਸਤਦਾਨਾਂ ਅਤੇ ਧਰਮ ਦੇ ਨਾਮ ਹੇਠ ਛੁਪੇ ਪਾਖੰਡੀ ਬਾਬਿਆਂ ਨੇ ਲੋਕ ਚੇਤਨਾ ਨੂੰ ਬਹੁਤ ਢਾਅ ਲਾਈ ਹੈ। ਇਹ ਬਾਬੇ ਲੋਕਾਂ ਨੂੰ ਕਿਸਮਤਵਾਦੀ ਬਣਾਕੇ ਰੱਖਦੇ ਹਨ ਅਤੇ ਜਿਸ ਨਾਲ ਲੋਕ ਆਪਣੀ ਗਰੀਬੀ ਅਤੇ ਹੋਰ ਮਾੜੀਆਂ ਹਾਲਤਾਂ ਲਈ ਆਪਣੇ ਕਰਮਾਂ ਨੂੰ ਦੋਸ਼ੀ ਮੰਨਦੇ ਹਨ, ਸਿਆਸਤਦਾਨਾਂ ਅਤੇ ਸਰਕਾਰਾਂ ਨੂੰ ਇਹ ਗੱਲ ਬਹੁਤ ਠੀਕ ਬੈਠਦੀ ਹੈ, ਕਿਉਂਕਿ ਲੋਕ ਕਿਸੇ ਸਰਕਾਰਾਂ ਉੱਪਰ ਹੱਕ ਸੱਚ ਦਾ ਕੰਮ ਕਰਨ ਦਾ ਏਕੇ ਨਾਲ ਦਬਾਅ ਪਾਉਣ ਦੀ ਬਜਾਇ ਇਹਨਾਂ ਸਾਧਾਂ ਦੇ ਡੇਰਿਆਂ ਵਿਚ ਆਪਣੇ ਦੁੱਖਾਂ ਅਤੇ ਗਰੀਬੀ ਤੋਂ ਛੁਟਕਾਰੇ ਲਈ ਪਾਠ ਪੂਜਾ ਵਿਚ ਲੱਗੇ ਰਹਿੰਦੇ ਹਨ। ਸਿਆਸਤਦਾਨ ਬੜੀ ਚਲਾਕੀ ਨਾਲ ਇਹਨਾਂ ਦੇ ਡੇਰਿਆਂ ਉੱਪਰ ਸਮੇਂ-ਸਮੇਂ ਮੱਥੇ ਰਗੜਦੇ ਤੇ ਚੜਾਵੇ ਦਿੰਦੇ ਹਨ ਜਿਸ ਨਾਲ ਥੋੜਾ ਬਹੁਤਾ ਵਿਰੋਧ ਕਰਨ ਵਾਲੇ ਲੋਕ ਵੀ ਦਬਾਅ ਹੇਠ ਜਾਂ ਕੱਚੀ ਸਮਝ ਹੇਠ ਇਹ ਸੋਚਕੇ ਕਿ ਜੇਕਰ ਇੱਥੇ ਵੱਡੇ ਵੱਡੇ ਨੇਤਾ ਸ਼ਰਧਾ ਰੱਖਦੇ ਹਨ ਤਾਂ ਜ਼ਰੂਰ ਕੋਈ ਕਰਾਮਾਤੀ ਬਾਬੇ ਹਨ ਅਤੇ ਉਹਨਾਂ ਦੇ ਮਗਰ ਲੱਗ ਜਾਂਦੇ ਹਨ। ਸਿਰਫ਼ ਗਿਣਤੀ ਦੇ ਚੇਤਨ ਲੋਕ ਹੀ ਪਿੱਛੇ ਰਹਿ ਜਾਂਦੇ ਜੋ ਚਾਹੁੰਦੇ ਹੋਏ ਵੀ ਅਜਿਹੇ ਗੱਠਜੋੜਾਂ ਦਾ ਭਾਂਡਾ ਨਹੀਂ ਭੰਨ ਸਕਦੇ। ਲੇਖਕ ਸਿਆਸਤਦਾਨਾਂ ਅਤੇ ਬਾਬਿਆਂ ਦੇ ਗਠਜੋੜ ਨੂੰ ਸਮਝਣ ਲਈ ਹਰ ਮਨੁੱਖ ਨੂੰ ਬਹੁਤੇ ਲੇਖਾ ਵਿਚ ਇਹਨਾਂ ਦੇ ਕਾਰਨ ਦੱਸਕੇ ਸੁਚੇਤ ਹੋਣ ਅਤੇ ਇਹ ਦਬਾਅ ਸਰਕਾਰਾਂ ਤੇ ਬਣਾਉਣ ਲਈ ਕਹਿੰਦਾ ਹੈ ਕਿ ਇਸਦਾ ਹੱਲ ਇਹੀ ਹੈ ਵੋਟਾਂ ਲੈਣ ਸਾਧਾਂ ਦੇ ਡੇਰਿਆਂ ਵੱਲ ਜਾਣ ਵਾਲੇ ਸਿਆਸਤਦਾਨਾਂ ਦੀ ਮਾਨਤਾ ਰੱਦ ਹੋਣ ਦੇ ਕਾਨੂੰਨ ਬਣਾਏ ਜਾਣ।

ਧਰਮਾਂ ਦੇ ਨਾਮ ਉੱਪਰ ਸਿਆਸਤ ਕਰਦੇ ਸਿਆਸੀ ਲੋਕਾਂ ਅਤੇ ਅੰਧਵਵਿਸ਼ਵਸਾਂ ਦਾ ਗਲਬਾ ਲਾਹੁਣ ਲਈ ਲੇਖਕ ਵਾਰ-ਵਾਰ ਹਰ ਲੇਖ ਵਿਚ ਲੋਕਾਂ ਨੂੰ ਸੁਚੇਤ ਹੋਣ ਦਾ ਹੋਕਾ ਦਿੰਦਾ ਹੈ। ਇਸ ਲਈ ਉਹ ਧਰਮਾਂ ਦੇ ਨਾਮ ਉੱਪਰ ਲੋਕਾਂ ਨੂੰ ਵੰਡਕੇ ਹੁਣ ਤੱਕ ਹੋਈਆਂ ਕਤਲੋਗਾਰਤਾਂ, ਧਾਰਮਿਕ ਭਾਵਨਾਵਾਂ ਭਟਕਾਉਣ ਦੇ ਨਾਮ ਤੇ ਲਾਈਆਂ ਕਾਨੂੰਨੀ ਧਾਰਵਾਂ, ਧਰਮਾਂ ਦੇ ਗਲਬੇ ਹੇਠ ਵਿਗਿਆਨੀਆਂ ਉੱਪਰ ਕੀਤੇ ਅੱਤਿਆਚਾਰ ਬਾਰੇ ਚਾਨਣਾ ਪਾਉਂਦਾ ਹੈ। ਪਰ ਦੂਸਰੇ ਪਾਸੇ ਇਸ ਦੇ ਬਾਵਜੂਦ ਵਿਗਿਆਨ ਦੁਆਰਾ ਕੀਤੇ ਅਣਗਿਣਤ ਪ੍ਰਯੋਗ ਜੋ ਸੱਚ ਸਿੱਧ ਹੋਏ ਅਤੇ ਲੋਕ ਕੁਦਰਤ ਦੇ ਉਹ ਰਹੱਸ ਜਾਣ ਸਕੇ ਜਿਹਨਾਂ ਨੂੰ ਦੇਖਕੇ ਪਹਿਲਾ ਉਹ ਡਰ ਜਾਇਆ ਕਰਦੇ ਸਨ ਦਾ ਹਵਾਲਾ ਦੇ ਕੇ ਆਪਣੀ ਬੁੱਧੀ ਨੂੰ ਤਰਾਸ਼ਣ ਅਤੇ ਅੰਧਵਿਸ਼ਵਾਸ਼ੀ ਬਣਕੇ ਹਰ ਗੱਲ ਉੱਪਰ ਭਰੋਸਾ ਕਰਨ ਦੀ ਬਜਾਇ ਵਿਗਿਆਨਕ ਨਜ਼ਰੀਏ ਨਾਲ ਸਮਾਜ ਦੀ ਹਰ ਸਥਿਤੀ ਨੂੰ ਸਮਝਣ ਲਈ ਕਹਿੰਦਾ ਹੈ। ਉਸ ਅਨੁਸਾਰ ਜਦੋਂ ਲੋਕ ਸੁਚੇਤ ਹੋ ਗਏ ਤਾਂ ਫਿਰ ਕੋਈ ਵੀ ਦੇਸ਼ ਦਾ ਚੌਕੀਦਾਰ ਤੂਹਾਨੂੰ ਕਰੋਨਾਂ ਵਰਗੀਆਂ ਮਹਾਂਮਾਰੀਆਂ ਦਾ ਇਲਾਜ ਭਾਂਡੇ ਖੜਕਾਕੇ ਕਰਨ ਨੂੰ ਨਹੀਂ ਕਹੇਗਾ ਅਤੇ ਨਾ ਹੀ ਗਰੀਬੀ, ਸਿੱਖਿਆ ਸਿਹਤ ਸਹੂਲਤਾਂ, ਬੇਰੁਜ਼ਗਾਰੀ, ਮਹਿੰਗਾਈ ਲਈ ਸਿਆਤਦਾਨ ਖੋਖਲੇ ਵਾਅਦੇ ਕਰਨਗੇ। ਪਰ ਇਸ ਸਭ ਲਈ ਲੋਕਾਂ ਨੂੰ ਇਕੱਠੇ ਹੋਣਾ ਪਵੇਗਾ। ਪਰ ਲੋਕ ਇਕੱਠੇ ਤਾਂ ਹੀ ਹੋ ਸਕਦੇ ਹਨ ਜੇਕਰ ਉਹ ਧਰਮਾਂ, ਜਾਤਾਂ ਤੋਂ ਉੱਪਰ ਉੱਠਕੇ ਵਿਹਲੜ ਪੁਜਾਰੀਆਂ ਦੇ ਪੈਰੀ ਪੈਣ ਦੀ ਬਜਾਇ ਵਿਗਿਆਨਿਕ ਨਜ਼ਰੀਆਂ ਅਪਣਾਕੇ ਇਕੱਠੇ ਹੋਕੇ ਮੁੱਦੇ ਵਿਚਾਰਨਗੇ। ਸਾਂਝੀ ਖੇਤੀ, ਸਾਂਝੇ ਕਾਰੋਬਾਰ ਲੋਕਾਂ ਨੂੰ ਇਕੱਠੇ ਕਰ ਸਕਦੇ ਹਨ ਲੇਖਕ ਇਸ ਪਾਸੇ ਤੁਰਨ ਦਾ ਰਾਹ ਦੱਸਦਾ ਹੈ।




ਬੇਨਤੀ ਕਰਦਾ ਹਾਂ ਕਿ ਬੜੀ ਸਰਲ, ਸਪੱਸ਼ਟ ਅਤੇ ਆਮ ਬੰਦੇ ਦੇ ਸਮਝ ਆਉਣ ਵਾਲੇ ਲੇਖ ਦਾ ਇਹ ਸੰਗ੍ਰਹਿ ਜਿਹਨਾਂ ਦੇ ਅਰਥ ਗੰਭੀਰ ਹਨ ਸਾਨੂੰ ਸਭ ਨੂੰ ਪੜਨਾ, ਵਿਚਾਰਨਾ ਅਤੇ ਇਹਨਾਂ ਰਾਹਾਂ ਦੇ ਰਾਹੀ ਬਣਨਾ ਚਾਹੀਦਾ ਹੈ। ਸਤਿਕਾਰਤ ਜਸਵੰਤ ਜ਼ੀਰਖ ਨੂੰ ਚਿੰਤਨ ਪ੍ਰਕਾਸ਼ਨ ਵੱਲੋਂ ਛਾਪੀ ਇਸ ਕਿਤਾਬ ਦੀ ਬਹੁਤ ਬਹੁਤ ਵਧਾਈ।


# ਮਾਓਵਾਦੀਆਂ ਨਾਲ ਸੰਵਾਦ ਪੇਸ਼ ਕਰਦਾ ਸ.ਫਰਨਾਮਾ ਅਤੇ ਤੱਥਾਂ ਦਾ ਸੰਗ੍ਰਹਿ ਪੁਸਤਕ 'ਬ.ਗਾਵਤ ਦੇ ਕੇਂਦਰ ਵਿੱਚ'

**(ਇਹ ਜੰਗ, ਸਾਧਨ ਵਿਹੂਣੇ, ਲਿਤਾੜੇ ਲੋਕਾਂ ਦੇ ਗਲ ਪਈ ਜੰਗ ਹੈ, ਹੋਂਦ ਦੀ ਲੜਾਈ ਹੈ, ਸਰਕਾਰ ਵੱਲੋਂ ਆਪਣੇ ਹੀ ਲੋਕਾਂ ਖਿਲਾਫ਼ ਜੰਗ। ਜਿਸ 'ਚ ਇੱਕ ਪਾਸੇ ਕਾਰਪੋਰੇਟਰ, ਦਲਾਲ ਸਰਕਾਰ ਅਤੇ ਦੂਜੇ ਪਾਸੇ ਆਪਣੇ ਜਲ, ਜੰਗਲ, ਜ਼ਮੀਨ ਲਈ ਆਦਿਵਾਸੀ ਲੜਾਕੇ ਜਿਨ੍ਹਾਂ ਨੂੰ ਮਾਓਵਾਦੀਆਂ ਦੀ ਅਗਵਾਈ ਹਾਸਿਲ ਹੈ। ਆਦਿਵਾਸੀ ਲਹਿਰ ਨੂੰ ਸਮਝਣ ਲਈ ਇਹ ਪੁਸਤਕ ਸਹਾਈ ਹੋ ਸਕਦੀ ਹੈ।)**

'ਮਾਓਵਾਦੀ' ਨਾਂ ਸੁਣਦੇ ਹੀ ਜੰਗਲਾਂ 'ਚ ਬੰਦੂਕਾਂ ਚੱਕੀ ਫਿਰਦੇ ਲੋਕ ਸਾਡੀਆਂ ਅੱਖਾਂ ਅੱਗੇ ਘੁੰਮਦੇ ਹਨ, ਜੋ ਆਮ ਲੋਕਾਂ, ਸੁਰੱਖਿਆ ਕਰਮੀਆਂ ਦੇ ਲਹੂ ਦੇ ਪਿਆਸੇ ਹਨ। ਇਹ ਖ਼ੌਫਨਾਕ ਤਸਵੀਰ ਸਾਡੇ ਮੁੱਖ ਧਰਾਈ ਮੀਡੀਏ ਨੇ ਸਾਡੇ ਅਚੇਤ 'ਚ ਵਸਾ ਦਿੱਤੀ ਹੈ।

ਗੌਤਮ ਨਵਲੱਖਾ ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਇਟਜ਼ ਸੰਸਥਾ ਦਾ ਮੋਹਰੀ ਹੈ, ਜਿਸਨੇ ਦਿੱਲੀ ਦੇ ਸਿੱਖ ਕਤਲੇਆਮ 'ਤੇ Who are the Gulity ਤੱਥ ਖੋਜ ਰਿਪੋਰਟ ਛਾਪੀ ਸੀ। ਇਸ ਰਿਪੋਰਟ ਨੂੰ ਦੇਸ਼ ਭਰ ਵਿੱਚ Ban ਕੀਤਾ ਗਿਆ ਸੀ। ਗੌਤਮ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਦੇ ਸੰਪਾਦਕੀ ਅਮਲੇ ਦਾ ਮੈਂਬਰ ਵੀ ਹੈ। ਸਵੀਡਨ ਦੇ ਲੇਖਕ ਜਾਨ ਮਿਰਡਲ ਨਾਲ ਨਵਲੱਖਾ ਨੂੰ ਦੰਡਕਾਰਣੀਆਂ ਦੇ ਵਿਸ਼ਾਲ ਜੰਗਲਾਂ 'ਚ ਪੰਦਰਾਂ ਦਿਨ ਮਾਓਵਾਦੀਆਂ, ਆਦਿਵਾਸੀਆਂ ਨਾਲ ਵਿਚਰਨ ਦਾ ਮੌਕਾ ਮਿਲਿਆ। ਇਹਨਾਂ ਪੰਦਰਾਂ ਦਿਨਾਂ 'ਚ ਲੇਖਕ ਨੇ ਆਪਣੇ ਪਹਿਲੇ ਅਧਿਐਨ, ਖ਼ਬਰਾਂ ਤੋਂ ਉਪਜੇ ਬਹੁਤ ਸਾਰੇ ਸੁਆਲ ਮਾਓਵਾਦੀ ਆਗੂਆਂ ਨੂੰ ਕੀਤੇ, ਜਿਸ 'ਤੇ ਚੰਗਾ ਸੰਵਾਦ ਚੱਲਿਆ।

ਲੰਮੇ, ਔਖੇ ਪੈਦਲ ਪੈਂਡੇ ਤੋਂ ਬਾਅਦ ਉਨ੍ਹਾਂ ਦੇ ਰਹਿਣ-ਸਹਿਣ, ਸਿਖਲਾਈ, ਪੜ੍ਹਾਈ ਆਦਿ ਬਾਰੇ ਵੇਖਿਆ। ਇਹ ਲੋਕ ਸਿਰਫ਼ ਹਥਿਆਰਾਂ ਦੀ ਲੜਾਈ ਨਹੀਂ ਲੜ੍ਹ ਰਹੇ, ਜਿਵੇਂ ਸਾਡੇ ਦਿਮਾਗ਼ 'ਚ ਘਸੋੜਿਆ ਗਿਆ ਹੈ। ਇਨ੍ਹਾਂ ਨੇ ਸਰਕਾਰ ਦੇ ਬਰਾਬਰ ਜਨਤਾਨਾ ਸਰਕਾਰ ਬਣਾਈ ਹੈ, ਜੋ ਸਿੰਚਾਈ ਸਹੂਲਤਾਂ ਲਈ, ਖੇਤੀ ਉਤਪਾਦਨ ਲਈ, ਸਿਹਤ ਸਹੂਲਤਾਂ, ਸਿੱਖਿਆ ਪ੍ਰਬੰਧ ਆਦਿ ਲਈ ਲਗਾਤਾਰ ਬਿਹਤਰ ਕੋਸ਼ਿਸ਼ਾਂ ਕਰ ਰਹੀ ਹੈ। ਇੱਥੋਂ ਤੱਕ ਕਿ ਪਿੰਡ ਪੱਧਰ ਤੋਂ ਕੇਂਦਰੀ ਕਮੇਟੀ ਤੱਕ ਨਿਆਂ ਪ੍ਰਬੰਧ ਵੀ ਵਿਕਸਿਤ ਹੈ। 'ਨਿਆਂ ਪ੍ਰਬੰਧ 'ਚ ਮੌਤ ਦੀ ਸਜ਼ਾ ਨਹੀਂ ਹੈ, ਮੌਤ ਦੀ ਸਜ਼ਾ ਸਿਰਫ਼ ਲੋਕ ਫ਼ੌਜ ਦੇ ਵੱਡੇ ਨੁਕਸਾਨ ਲਈ ਅਪਰਾਧੀ ਲਈ ਹੈ, ਉਹ ਵੀ ਉਪਰੋਂ ਕਮੇਟੀ ਵੱਲੋਂ।' ਮੁਖ਼ਬਰਾਂ ਨੂੰ ਚਿਤਾਵਨੀ ਦਿੱਤੀ ਜਾਂਦੀ ਹੈ, ਕੈਂਪਾਂ 'ਚ ਕੰਮ-ਕਾਜ ਅਤੇ ਜਮਾਤੀ ਢਲਾਈ ਲਈ ਭੇਜਿਆ ਜਾਂਦਾ ਹੈ। ਮੀਡੀਆ ਨੇ ਸਾਡੇ ਦਿਮਾਗ਼ 'ਚ ਇਹੀ ਪਾਇਆ ਕਿ ਇਹ ਸਿਰਫ਼ ਬਦੂੰਕਾਂ ਦਾ ਬੋਝ ਢੋਹਦੇ ਕਾਤਲ ਲੋਕ ਹਨ। ਪਰ ਇਹਨਾਂ 'ਚ ਸਾਹਿਤਕ, ਥੀਏਟਰ ਦੇ ਕਲਾਕਾਰ, ਭਾਸ਼ਾ 'ਤੇ ਕੰਮ ਕਰਨ ਵਾਲੇ ਵਿਦਵਾਨ ਆਦਿਵਾਸੀ ਮਾਓਵਾਦੀ ਹਨ, ਜੋ ਸਥਾਨਿਕ ਗੌਂਡੀ ਭਾਸ਼ਾ ਨੂੰ ਉਤਸ਼ਾਹਿਤ ਕਰਦੇ ਹਨ ਤੇ ਉਸਦੀ ਲਿੱਪੀ ਦੀ ਖੋਜ ਦਾ




ਵੀ ਕੰਮ ਕਰ ਰਹੇ ਹਨ। ਮਾਓਵਾਦੀਆ ਦਾ ਨਿਸ਼ਾਨਾ ਪ੍ਰਸ਼ਾਸ਼ਨਿਕ ਕੰਮਾਂ 'ਚ ਔਰਤਾਂ ਦੀ 50% ਹਿੱਸੇਦਾਰੀ ਹਾਲੇ 40% ਤੱਕ ਹੈ। ਔਰਤ ਵਿਰੋਧੀ ਮਾਨਸਿਕਤਾ ਵਿਰੁੱਧ ਔਰਤ, ਮਰਦ ਸੰਘਰਸ਼ ਕਰਦੇ ਹੋਏ ਪੁਰਾਣੀਆਂ ਗਲਤ ਰਵਾਇਤਾਂ ਤੋੜ ਰਹੇ ਹਨ। ਸ਼ਰਾਬ ਦੀ ਕੋਈ ਦੁਕਾਨ ਨਹੀਂ, ਪਰ ਘਰ ਦੀ ਕੱਢ ਕੋਈ ਵੀ ਪੀ ਸਕਦਾ ਹੈ।

ਜੰਗਲ 'ਚ ਕਈ ਥਾਵਾਂ ਅਜਿਹੀਆਂ ਹਨ, ਜਿੱਥੇ ਸ਼ੇਰ, ਰਿੱਛ ਰਹਿੰਦੇ ਹਨ। ਕਈ ਇਨ੍ਹਾਂ ਜਾਨਵਰਾਂ ਦਾ ਸ਼ਿਕਾਰ ਹੋਏ। ਕੁਦਰਤੀ ਵਾਤਾਵਰਣ ਸਾਫ਼ ਸੁਥਰਾ ਦਿਲ ਮੋਹ ਲੈਂਦਾ ਹੈ। ਸਵਾਲ ਆਉਂਦਾ ਕੀ ਇਸ ਸਾਰੇ 'ਚ ਮੋਢਿਆਂ 'ਤੇ ਟੰਬੇ ਟੰਗੀ ਕਿਉਂ ਕਾਤਲ ਬਣੇ ਫਿਰਦੇ ਨੇ ਇਹ ਲੋਕ? ਇਹ ਸੁਆਲ ਜੋ ਸਾਰੀ ਪੁਸਤਕ 'ਚ ਲੇਖਕ ਮਾਓਵਾਦੀ ਆਗੂਆਂ ਨੂੰ ਵੱਖ-ਵੱਖ ਢੰਗ ਨਾਲ ਕਰਦਾ ਹੈ। ਵੈਸੇ ਜਿਹੜੇ ਪਾਠਕਾਂ ਨੇ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਦੀ ਪੁਸਤਕ ਪੜ੍ਹੀ ਹੈ, ਕਾਫ਼ੀ ਕੁੱਝ ਪਤਾ ਲੱਗਦਾ ਹੈ। ਪਰ ਇਸ ਪੁਸਤਕ 'ਚ ਬੜੇ ਤੱਥਾਂ ਨਾਲ ਲੇਖਕ ਨੇ ਸਾਰੀ ਗੱਲ ਖੋਲ੍ਹ ਕੇ ਰੱਖੀ ਹੈ, ਗ੍ਰਹਿ ਮੰਤਰੀਆਂ, ਪ੍ਰਧਾਨ ਮੰਤਰੀਆਂ, ਕਾਬਜ਼ ਰਾਜਨੀਤਿਕ, ਪ੍ਰਸ਼ਾਸ਼ਨਿਕ ਅਧਿਕਾਰੀਆਂ, ਅਦਾਰਿਆਂ ਦੇ ਮਾਓਵਾਦ, ਆਦਿਵਾਸੀ ਸਮੱਸਿਆਵਾਂ ਬਾਰੇ ਬਿਆਨ, ਰਿਪੋਰਟਾਂ ਜ਼ਰੀਏ ਗੱਲ ਕੀਤੀ ਹੈ। ਆਦਿਵਾਸੀਆਂ, ਸ਼ਾਂਤੀ ਲਈ ਆਦਿਵਾਸੀਆਂ ਲਈ ਕੰਮ ਕਰ ਰਹੀਆਂ ਐਨ.ਜੀ.ਓਜ਼. ਨਾਲ ਸੰਵਾਦ ਹਨ।


ਮਾਓਵਾਦੀਆਂ ਵੱਲੋਂ ਸਿਰ ਕਲਮ ਕਰਨ, ਰੇਲਗੱਡੀ ਪਲਟਾਉਣ, ਕਤਲੇਆਮ ਕਰਨ ਵਰਗੇ ਆਦਿ ਸੁਆਲਾਂ ਰਾਹੀਂ ਆਗੂਆਂ ਨਾਲ ਸੰਵਾਦ ਰਚਾਇਆ ਹੈ। ਲੇਖਕ ਅਨੁਸਾਰ ਇਹ ਆਗੂ ਆਪਣੀਆਂ ਗਲਤੀਆਂ ਨੂੰ ਜਨਤਕ ਤੌਰ 'ਤੇ ਮੰਨਦੇ ਹਨ, ਹੋਰਨਾਂ ਸੰਗਠਨਾਂ ਵਾਂਗ ਆਪਣੇ ਕੰਮ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦੀ ਥਾਂ ਨਿਮਰਤਾ ਨਾਲ ਗੱਲ ਕਰਦੇ ਹਨ। ਸਲਵਾ ਜੂਡਮ ਦੇ ਸਰਕਾਰੀ ਵਹਿਸ਼ੀ ਕਤਲੇਆਮ, ਲੁੱਟਾਂ, ਬਲਾਤਕਾਰ, ਅਗਜਨੀਆਂ ਨਾਲ ਜਨਤਾਨਾ ਸਰਕਾਰ ਮਜ਼ਬੂਤ ਹੋਈ ਹੈ ਅਤੇ ਇਸਦੀ ਭਰਤੀ ਵਧੀ ਹੈ।

ਲੇਖਕ ਨੇ ਸੁਆਲ ਕੀਤਾ ਕਿ ਤੁਸੀ ਸਨਅਤੀਕਰਨ ਦੇ ਖ਼ਿਲਾਫ਼ ਹੋ? ਜੁਆਬ ਸੀ ਸਨਅਤੀਕਰਨ ਦੇ ਨਹੀਂ ਵੱਡੇ ਵਿਦੇਸ਼ੀ ਕਾਰਪੋਰੇਟਰਾਂ ਖ਼ਿਲਾਫ਼, ਵਿਦੇਸ਼ੀਆਂ ਕੰਪਨੀਆਂ ਨੂੰ ਜੋ ਕੁੱਝ 400 ਪ੍ਰਤੀ ਮੀਟਰਿਕ ਟਨ ਲੁਟਾਇਆ ਜਾਂਦਾ, ਦੇਸ਼ੀ ਵਪਾਰੀ 5600 ਪ੍ਰਤੀ ਮੀਟਰਿਕ ਟਨ ਵਿੱਚ ਲੈਂਦੇ ਹਨ। ਅੱਗੇ ਉਨ੍ਹਾਂ ਦੱਸਿਆ ਕਿ ਉਹ ਖਾਣ ਨੀਤੀ ਵੀ ਬਣਾ ਰਹੇ ਹਨ। ਅੰਨ੍ਹੇ ਮੁਨਾਫ਼ੇ, ਦਲਾਲੀਆਂ 'ਚ ਕੁਦਰਤ ਦਾ ਉਜਾੜਾ ਕਿਵੇਂ ਕੀਤਾ ਜਾ ਰਿਹਾ ਹੈ।

ਸਾਨੂੰ ਮੀਡੀਆ ਰਾਹੀਂ ਜਚਾਇਆ ਗਿਆ ਹੈ ਕਿ ਮਾਓਵਾਦੀ ਗੱਲਬਾਤ ਦਾ ਰਾਹ ਨਹੀਂ ਫੜ੍ਹਦੇ, ਪਰ ਇਹ ਰਾਹ 'ਤੇ ਚੱਲ, ਸਰਕਾਰ ਨੇ ਉਹਨਾਂ ਨਾਲ ਕੀ ਕੀਤਾ? ਧੋਖੇ ਕੀਤੇ, ਆਗੂਆਂ ਨੂੰ ਹੀ ਮਾਰ ਦਿੱਤਾ। ਫ਼ੌਜੀ ਕਾਰਵਾਈ ਤੋਂ ਵੱਧ ਮਾਓਵਾਦੀਆਂ ਲਈ ਮਹੱਤਵਪੂਰਨ ਸਿਆਸੀ ਪ੍ਰਾਪਤੀਆਂ ਅਹਿਮ ਹਨ। ਸੁਆਲ ਹੋਰ ਵੀ ਹੋਏ ਕਿ ਜੰਗਲ ਤੋਂ ਭਾਰਤ 'ਚ ਇਸ ਲਹਿਰ ਦਾ ਕੀ ਲੜ ਸਿਰਾ ਹੋਵੇਗਾ? ਆਦਿ ਆਦਿ। ਇਹ ਜੰਗ, ਸਾਧਨ ਵਿਹੂਣੇ, ਲਿਤਾੜੇ ਲੋਕਾਂ ਦੇ ਗਲ ਪਈ ਜੰਗ ਹੈ, ਹੋਂਦ ਦੀ ਲੜਾਈ ਹੈ, ਸਰਕਾਰ ਵੱਲੋਂ ਆਪਣੇ ਹੀ ਲੋਕਾਂ ਖਿਲਾਫ਼ ਜੰਗ। ਜਿਸ 'ਚ ਇੱਕ ਪਾਸੇ ਕਾਰਪੋਰੇਟਰ, ਦਲਾਲ ਸਰਕਾਰ ਅਤੇ ਦੂਜੇ ਪਾਸੇ ਆਪਣੇ ਜਲ, ਜੰਗਲ, ਜ਼ਮੀਨ ਲਈ ਆਦਿਵਾਸੀ ਲੜਾਕੇ ਜਿਨ੍ਹਾਂ ਨੂੰ ਮਾਓਵਾਦੀਆਂ ਦੀ ਅਗਵਾਈ ਹਾਸਿਲ ਹੈ। ਆਦਿਵਾਸੀ ਲਹਿਰ ਨੂੰ ਸਮਝਣ ਲਈ ਇਹ ਪੁਸਤਕ ਸਹਾਈ ਹੋ ਸਕਦੀ ਹੈ।

**- ਵਰਿੰਦਰ ਦੀਵਾਨਾ**

Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA · RRSP · Mutual Funds



Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਸ਼ਹੀਦ ਸੁਖਦੇਵ ਦੇ ਜਨਮ ਦਿਹਾੜੇ ’ਤੇ ਸ਼ਰਧਾਂਜਲੀ ਸਮਾਗਮ









ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵਲੋ ਦੇਸ਼ ਦੇ ਅਜ਼ਾਦੀ ਸੰਗਰਾਮ ’ਚ ਆਪਣੇ ਸਾਥੀਆਂ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਰਾਜਗੁਰੂ ਨਾਲ ਫਾਂਸੀ ਦਾ ਰੱਸਾ ਚੁੰਮ ਗਏ ਸ਼ਹੀਦ ਸੁਖਦੇਵ ਦਾ ਜਨਮ ਦਿਨ ਇਨਕਲਾਬੀ ਜਾਹੋ ਜਲਾਲ ਨਾਲ ਮਨਾਇਆ ਗਿਆ। ਬੀਤੀ ਸ਼ਾਮ ਦੋਹਾਂ ਜਥੇਬੰਦੀਆਂ ਦੇ ਵਰਕਰ ਵੱਡੀ ਗਿਣਤੀ ’ਚ ਮਾਤਾ ਰਾਣੀ ਚੌਕ ਲਾਗੇ ਕਾਰਪੋਰੇਸ਼ਨ ਦੀ ਕਾਰ ਪਾਰਕਿੰਗ ਕੋਲ ਇਕੱਤਰ ਹੋਏ। ਇੱਥੋਂ ਸ਼ਹੀਦ ਦੀਆਂ ਤਸਵੀਰਾਂ, ਬੈਨਰਾਂ ਤੇ ਝੰਡਿਆਂ ਨਾਲ ਲੈਸ ਵਰਕਰਾਂ ਨੇ ਸ਼ਹੀਦ ਸੁਖਦੇਵ ਦਾ ਜਨਮ ਦਿਨ ਮੁਬਾਰਕ ਹੋਵੇ’, ਇਨਕਲਾਬ ਜਿੰਦਾਬਾਦ, ਸਾਮਰਾਜਵਾਦ ਮੁਰਦਾਬਾਦ ਦੇ ਰੋਹਲੇ ਨਾਹਰੇ ਗੁੰਜਾਉਂਦਿਆਂ ਚੋੜਾ ਬਾਜ਼ਾਰ ਰਾਹੀਂ ਸ਼ਹੀਦ ਦੀ ਜਨਮ ਸਥਲੀ ਮਹੱਲਾ ਨੌਘਰਾ ਤੱਕ ਸ਼ਰਧਾਂਜਲੀ ਮਾਰਚ ਕੀਤਾ। ਸ਼ਹੀਦ ਦੇ ਘਰ ਅੱਗੇ ਸਥਾਪਿਤ ਸ਼ਹੀਦ ਸੁਖਦੇਵ ਦੇ ਬੁੱਤ ’ਤੇ ਸ਼ਰਧਾ ਸੁਮਨ ਭੇਂਟ ਕਰਦਿਆਂ ਸਮੂਹ ਵਰਕਰਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਸਮੇਂ ਇਕੱਤਰਤਾ ਨੂੰ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਜਸਵੰਤ ਜੀਰਖ ਦੀ ਮੰਚ ਸੰਚਾਲਨਾ ਹੇਠ ਜਨਰਲ ਸਕੱਤਰ ਕੰਵਲਜੀਤ ਖੰਨਾ ਅਤੇ ਲੋਕ ਮੋਰਚਾ ਪੰਜਾਬ ਦੇ ਆਗੂ ਡਾ. ਸੁਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀ ਰਾਜਗੱਦੀ ਤੇ ਕਾਬਜ ਸਾਰੇ ਹਾਕਮਾਂ ਨੇ ਹੁਣ ਤੱਕ ਸ਼ਹੀਦਾਂ ਦੇ ਉਦੇਸ਼ਾਂ ਨਾਲ ਧਰੋਹ ਕਮਾਇਆ ਹੈ। ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਆਰਮੀ ਦੇ ਇਨ੍ਹਾਂ ਸ਼ਹੀਦਾਂ ਦਾ ਮਕਸਦ ਅੰਗਰੇਜ਼ਾਂ ਨੂੰ ਦਫਾ ਕਰਕੇ ਦੇਸ਼ ‘ਚ ਕਿਰਤ ਦਾ ਰਾਜ ਸਥਾਪਿਤ ਕਰਨਾ ਸੀ।ਪਰ ਹੁਣ ਦੇਸ਼ ਦੇ ਫਾਸ਼ੀਵਾਦੀ ਹਾਕਮਾਂ ਨੇ ਇੱਕ ਪਾਸੇ ਜੰਗ ਦਾ ਮਾਰੂ ਨਾਟਕ ਰਚਿਆ ਤੇ ਦੂਜੇ ਪਾਸੇ ਉਸੇ ਇੰਗਲੈਂਡ ਨਾਲ 65 ਹਜ਼ਾਰ ਕਰੋੜ ਡਾਲਰ ਦਾ ਰੱਖਿਆ ਸਮਝੌਤਾ ਤੇ ਨਾਲ ਹੀ ਮੁਕਤ ਵਪਾਰ ਸਮਝੌਤਾ ਕਰਕੇ ਦੇਸ਼ ਨੂੰ ਇੱਕ ਵੇਰ ਫਿਰ ਗੁਲਾਮੀ ਵੱਲ ਧੱਕ ਦਿੱਤਾ ਹੈ। ਇਸੇ ਤਰ੍ਹਾਂ ਨਾਲ ਸੰਸਾਰ ਦੇ ਸਭ ਤੋ ਵੱਧ ਖੂੰਖਾਰ ਸਾਮਰਾਜੀ ਅਮਰੀਕਾ ਨਾਲ ਵੀ ਮੁਕਤ ਵਪਾਰ ਸਮਝੋਤਾ ਹੋਣ ਜਾ ਰਿਹਾ ਹੈ। ਦੇਸ਼ ਦੇ ਹਾਕਮ ਲੋਕਾਂ ਦੀਆਂ ਬੁਨਿਆਦੀ ਮੰਗਾਂ ਹੱਲ ਕਰਨ ਦੀ ਥਾਂ ਦੇਸ਼ ਨੂੰ ਅਣ-ਚਾਹੀ ਜੰਗ ’ਚ ਧੱਕ ਕੇ ਸੌੜੇ ਰਾਸ਼ਟਰਵਾਦ ਤੇ ਫਿਰਕਾਪ੍ਰਸਤੀ ਦੇ ਸਿਰ ਤੇ ਆਪਣੇ ਦੁਰ-ਰਾਜ ਦੀ ਉਮਰ ਲੰਮੀ ਕਰਨੀ ਚਾਹੁੰਦੇ ਹਨ। ਇਸ ਮੌਕੇ ਸੌੜੀ ਸਿਆਸਤ ਕਰਨ ਵਾਲਿਆਂ ਵੱਲੋਂ ਕੌਮੀ ਸ਼ਹੀਦਾਂ ਨੂੰ ਵੀ ਜਾਤਾਂ, ਗੋਤਾਂ ਤੇ ਧਰਮਾਂ ਵਿੱਚ ਵੰਡਣ ਦੀ ਕੋਝੀ ਤੇ ਨਿੱਜਪ੍ਰਸਤ ਸਿਆਸਤ ਤੋਂ ਚੌਕਸ ਰਹਿਣ ਦਾ ਸੰਦੇਸ ਦਿੱਤਾ ਗਿਆ। ਭਾਵੇਂ ਸ਼ਹੀਦ ਸੁਖਦੇਵ ਦਾ ਜਨਮ ਸਥਾਨ ਲੁਧਿਆਣਾ ਹੈ, ਪਰ ਉਹਨਾਂ ਦੀ ਪ੍ਰਵਰਿਸ਼ ਅਤੇ ਸ਼ਹਾਦਤ ਅਣਵੰਡੇ ਭਾਰਤ ਭਾਵ ਮੌਜੂਦਾ ਪਾਕਿਸਤਾਨ ਵਿੱਚ ਹੋਈ, ਜਿਸ ਕਰਕੇ ਉਹ ਦੋਵਾਂ ਮੁਲਕਾਂ ਦੇ ਸਾਂਝੇ ਸ਼ਹੀਦ ਹਨ, ਧਰਮਾਂ, ਜਾਤਾਂ ਦੀ ਵਲਗਣ ਵਿੱਚ ਬੰਨ੍ਹਣਾ ਉਹਨਾਂ ਨਾਲ ਬੇਇਨਸਾਫੀ ਹੋਵੇਗੀ ਕਿਉਂਕਿ ਉਹ ਖੁਦ ਵੀ ਧਰਮਾਂ ਜਾਤਾਂ ਦੇ ਬੰਧਨਾਂ ਤੋਂ ਮੁਕਤ ਸਨ। ਸ਼ਹੀਦ ਸੁਖਦੇਵ ਵੱਲੋਂ ਹਾਕਮਾਂ ਦੀਆਂ ਚਾਲਾਂ ’ਤੇ ਹਮਲਿਆਂ ਦਾ ਡੱਟ ਕੇ ਟਾਕਰਾ ਕਰਨ ਦਾ ਸੱਦਾ ਦਿੱਤਾ ਜਾਂਦਾ ਰਿਹਾ ਹੈ। ਇਸ ਸਮੇਂ ਰਬਿਤਾ ਤੇ ਸਾਥਣ ਨੇ ਜੈਮਲ ਪੱਡਾ ਹੋਰਾਂ ਦਾ ਅਤੇ ਕਸਤੂਰੀ ਲਾਲ ਨੇ ਬਾਬਾ ਨਜਮੀ ਦਾ ਬਾਕਮਾਲ ਗੀਤ ਗਾ ਕੇ ਸਮਾਗਮ ਚ ਸਾਹਿਤਕ ਰੰਗ ਭਰਿਆ। ਇਸ ਸਮੇਂ ਲੋਕ ਕਲਾ ਮੰਚ ਮੁਲਾਂਪੁਰ ਦੇ ਕਲਾਕਾਰਾਂ ਨੇ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਜੰਗ ਵਿਰੋਧੀ ਕੋਰਿਓਗ੍ਰਾਫੀ ‘ਗੁਆਂਢਣੇ’ ਅਤੇ ਰੰਗਮੰਚ ਨਗਰੀ ਲੁਧਿਆਣਾ ਦੇ ਕਲਾਕਾਰਾਂ ਨੇ ਗੁਰਸ਼ਰਨ ਸਿੰਘ ਰਚਿਤ ਨਾਟਕ ‘ਤਮਾਸ਼ਾ ਏ ਹਿੰਦੋਸਤਾਨ’ ਨਿਰਦੇਸ਼ਕ ਤਰਲੋਚਨ ਪਨੇਸਰ ਦੀ ਨਿਰਦੇਸ਼ਨਾਂ ਹੇਠ ਪੇਸ਼ ਕਰਕੇ ਅਪਣਾ ਸਫਲ ਸੁਨੇਹਾ ਦਿੱਤਾ। ਨੌ ਘਰਾ ਮਹੱਲਾ ਦੇ ਪ੍ਰਸੰਸਕਾਂ ਬਲਵੀਰ ਕੁਮਾਰ ਅਤੇ ਉਹਨਾਂ ਦੀ ਬੇਟੀ ਵੱਲੋਂ ਸਮੁੱਚੇ ਕਾਫਲੇ ਲਈ ਠੰਡੇ ਪਾਣੀ ਅਤੇ ਲੱਡੂ ਵੰਡ ਕੇ ਆਪਣੀ ਭਾਵਨਾ ਪ੍ਰਗਟਾਈ। ਬਾਅਦ ’ਚ ਵਰਕਰਾਂ ਨੇ ਪਿੰਡੀ ਬਾਜ਼ਾਰ ਚੋਂ ਦੀ ਲੰਮਾ ਮਾਰਚ ਕਰਦਿਆਂ ਰਵਾਨਗੀ ਸਥਾਨ ਤੇ ਪਰਤੇ। ਇਸ ਸਮੇਂ ਕਾ. ਸੁਰਿੰਦਰ, ਬਾਪੂ ਬਲਕੌਰ ਸਿੰਘ, ਅਰੁਣ ਕੁਮਾਰ, ਐਡਵੋਕੇਟ ਹਰਪ੍ਰੀਤ ਜ਼ੀਰਖ, ਡਾ. ਬਲਵਿੰਦਰ ਔਲਖ, ਧਰਮ ਸਿੰਘ ਸੂਜਾਪੁਰ, ਪ੍ਰਿੰਸੀਪਲ ਅਜਮੇਰ ਦਾਖਾ, ਮਾਸਟਰ ਹਰਦੇਵ ਸਿੰਘ ਮੁਲਾਂਪੁਰ, ਵਿਜੈ ਨਰੈਣ, ਹਰਸ਼ਾ ਸਿੰਘ, ਸੁਰਜੀਤ ਦੌਧਰ, ਬਲਵਿੰਦਰ ਸਿੰਘ ਲਾਲਬਾਗ, ਹਿੰਮਤ ਸਿੰਘ, ਮਾ. ਕਰਨੈਲ ਸਿੰਘ, ਗੁਰਮੇਲ ਸਿੰਘ ਆਦਿ ਆਗੂ ਹਾਜ਼ਰ ਸਨ।

# ਪਿਛਲੀਆਂ ਦੋ ਸ.ਫਲ ਟਰਮਾਂ ਤੋਂ ਬਾਅਦ ਬਰੈਂਪਟਨ ਦੀ ਐਸੋਸੀਏਸ਼ਨ ਆ.ਫ ਸੀਨੀਅਰਜ਼ ਕਲੱਬਜ਼ ਦੀ ਕਾਰਜਕਾਰਨੀ ਨੂੰ ਦਿੱਤੀ ਗਈ ਇੱਕ ਹੋਰ ਟਰਮ

## ਦੋ ਔਰਤਾਂ ਤੇ ਇੱਕ ਨਵਾਂ ਮੈਂਬਰ ਕਾਰਜਕਾਰਨੀ ਕਮੇਟੀ ਵਿੱਚ ਸ਼ਾਮਲ ਕੀਤੇ ਗਏ



ਬਰੈਂਪਟਨ, (ਡਾ. ਝੰਡ) - ਪਿਛਲੇ ਦਿਨੀਂ ਐਸੋਸੀਏਸ਼ਨ ਆ.ਫ ਸੀਨੀਅਰਜ਼ ਕਲੱਬਜ਼ ਆ.ਫ ਬਰੈਂਪਟਨ ਦੀ ਨਵੀਂ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਗਈ। ਇਸ ਵਿੱਚ ਬਰੈਂਪਟਨ ਦੀਆਂ 42 ਵੱਖ-ਵੱਖ ਸੀਨੀਅਰਜ਼ ਕਲੱਬਾਂ ਜੋ ਇਸ ਐਸੋਸੀਏਸ਼ਨ ਦੀਆਂ ਮੈਂਬਰ ਹਨ, ਦੇ 2-2 ਨੁਮਾਇੰਦੇ ਸ਼ਾਮਲ ਹੋਏ। ਉਨ੍ਹਾਂ ਵੱਲੋਂ ਸਰਬਸੰਮਤੀ ਨਾਲ ਤਿੰਨ-ਤਿੰਨ ਸਾਲਾਂ ਦੀਆਂ ਪਿਛਲੀਆਂ ਦੋ ਟਰਮਾਂ ਤੋਂ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਦੀ ਅਗਵਾਈ ਵਿੱਚ ਕੰਮ ਰਹੀ ਸੁਹਿਰਦਤਾ ਨਾਲ ਕੰਮ ਕਰਦੀ ਆ ਰਹੀ ਐਗਜ਼ੈਕਟਿਵ ਕਮੇਟੀ ਨੂੰ ਅਗਲੇ ਤਿੰਨ ਸਾਲ ਹੋਰ ਕੰਮ ਕਰਨ ਲਈ ਬੇਨਤੀ ਕੀਤੀ ਗਈ।

ਸਰਬਸੰਮਤੀ ਨਾਲ ਹੋਈ ਮੈਂਬਰਾਂ ਦੀ ਇਸ ਆਮ-ਰਾਇ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਮੰਤਵ ਲਈ ਗਠਿਤ ਕੀਤੀ ਗਈ ਤਿੰਨ ਮੈਂਬਰੀ ਚੋਣ ਕਮੇਟੀ ਦੇ ਮੈਂਬਰਾਂ ਹਰਬੰਸ ਸਿੰਘ ਸਿੱਧੂ, ਦਵਿੰਦਰ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਵੱਲੋਂ ਅਗਲੇ ਤਿੰਨ ਸਾਲਾਂ ਲਈ ਜੰਗੀਰ ਸਿੰਘ ਸੈਂਹਬੀ ਪ੍ਰਧਾਨ, ਰਣਜੀਤ ਸਿੰਘ ਤੱਗੜ ਉੱਪ-ਪ੍ਰਧਾਨ, ਪ੍ਰੀਤਮ ਸਿੰਘ ਸਰਾਂ ਜਨਰਲ ਸਕੱਤਰ, ਅਮਰੀਕ ਸਿੰਘ ਕੁਮਰੀਆ ਕੈਸ਼ੀਅਰ, ਮੋਹਿੰਦਰ ਸਿੰਘ ਮੋਹੀ ਮੀਡੀਆ ਐਡਵਾਈਜ਼ਰ ਅਤੇ ਇਕਬਾਲ ਸਿੰਘ ਵਿਰਕ ਡਾਇਰੈਕਟਰ ਵਜੋਂ ਨਾਵਾਂ ਦਾ ਐਲਾਨ ਕੀਤਾ ਗਿਆ।

ਪਿਛਲੀ ਕਾਰਜਕਾਰਨੀ ਕਮੇਟੀ ਵਿੱਚ ਕੰਮ ਕਰ ਰਹੇ ਡਾਇਰੈਕਟਰ ਪ੍ਰਿਤਪਾਲ ਸਿੰਘ ਗਰੇਵਾਲ ਵੱਲੋਂ ਨਿੱਜੀ ਮਜਬੂਰੀ ਕਾਰਨ ਅੱਗੋਂ ਕੰਮ ਕਰਨ ਤੋਂ ਅਸਮਰੱਥਾ ਜ਼ਾਹਿਰ ਕਰਨ ‘ਤੇ ਉਨ੍ਹਾਂ ਦੀ ਥਾਂ ਲਾਲ ਸਿੰਘ ਬਰਾੜ ਨੂੰ ਡਾਇਰੈਕਟਰ ਨਿਯੁੱਕਤ ਕੀਤਾ ਗਿਆ। ਇਸ ਦੇ ਨਾਲ ਹੀ ਐਸੋਸੀਏਸ਼ਨ ਦੀ ਐਗਜ਼ੈਕਟਿਵ ਵਿੱਚ ਔਰਤਾਂ ਨੂੰ ਨੁਮਾਇੰਦਗੀ ਦੇਣ ਲਈ ਕੁਲਦੀਪ ਕੌਰ ਗਰੇਵਾਲ ਅਤੇ ਰਜਨੀ ਸ਼ਰਮਾ ਨੂੰ ਡਾਇਰੈਕਟਰਜ਼ ਵਜੋਂ ਸ਼ਾਮਲ ਕੀਤਾ ਗਿਆ।

ਐਸੋਸੀਏਸ਼ਨ ਦੇ ਮੁੜ-ਨਿਯੁਕਤ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਚੋਣ ਕਮੇਟੀ ਵੱਲੋਂ ਬੜੇ ਵਧੀਆ ਢੰਗ ਨਾਲ ਨਿਭਾਈ ਗਈ ਡਿਊਟੀ ਲਈ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਐਸੋਸੀਏਸ਼ਨ ਨੂੰ ਸਾਰੇ ਮੈਂਬਰਾਂ ਦੇ ਸਹਿਯੋਗ ਨਾਲ ਅਗਲੇ ਤਿੰਨ ਸਾਲ ਹੋਰ ਵੀ ਬੇਹਤਰ ਤਰੀਕੇ ਨਾਲ ਚਲਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਇਹ ਖ਼ੁਸ਼ਖ਼ਬਰੀ ਵੀ ਸਾਂਝੀ ਕੀਤੀ ਕਿ ਬਰੈਂਪਟਨ ਵਿੱਚ ਸ. ਮੱਘਰ ਸਿੰਘ ਦੀ ਅਗਵਾਈ ਵਿੱਚ ਸਮਾਜਿਕ ਤੇ ਸੱਭਿਆਚਾਰਕ ਕੰਮ ਕਰ ਰਹੀ ਸੱਭ ਤੋਂ ਪੁਰਾਣੀ ਕਲੱਬ ‘ਇੰਡੀਆ ਇੰਟਰਨੈਸ਼ਨਲ ਸੀਨੀਅਰਜ਼ ਕਲੱਬ’ ਵੀ ਇਸ ਐਸੋਸੀਏਸ਼ਨ ਦੀ ਮੈਂਬਰ ਬਣ ਗਈ ਹੈ।

ਉਨ੍ਹਾਂ ਵੱਲੋਂ ‘ਕੈਸੀ ਕੈਂਬਲ ਸੀਨੀਅਰਜ਼ ਕਲੱਬ’ ਅਤੇ ‘ਸੈਂਡਲਵੁੱਡਸੀਨੀਅਰਜ਼ ਕਲੱਬ ਵੱਲੋਂ ਇਸ ਮੌਕੇ ਮਿਲ ਕੇ ਕੀਤੇ ਗਏ ਰਿ.ਫਰੈੱਸ਼ਮੈਂਟ ਦੇ ਸ਼ਾਨਦਾਰ ਪ੍ਰਬੰਧਾਂ ਲਈ ਦੋਹਾਂ ਕਲੱਬ ਦੇ ਮੈਂਬਰਾਂ ਤੇ ਅਹੁਦੇਦਾਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਐਸੋਸੀਏਸ਼ਨ ਦੇ ਪਹਿਲੇ ਪ੍ਰਧਾਨ ਪਰਮਜੀਤ ਸਿੰਘ ਬੜਿੰਗ ਜਿਨ੍ਹਾਂ ਨੇ ਇਸ ਐਸੋਸੀਏਸ਼ਨ ਦੀ ਕਾ.ਫੀ ਲੰਮਾ ਸਮਾ ਅਗਵਾਈ ਕੀਤੀ, ਵੀ ਇਸ ਮੌਕੇ ਹਾਜ਼ਰ ਸਨ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca
Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਜ਼ਮੀਨਾਂ ਦੀ ਰਾਖੀ ਤੇ ਪ੍ਰਾਪਤੀ ਦੇ ਹੱਕਾਂ ਲਈ ਸੰਘਰਸ਼

*[ਬਠਿੰਡਾ ਜ਼ਿਲ੍ਹੇ ਦਾ ਪਿੰਡ ਜਿਉਂਦ ਜ਼ਮੀਨਾਂ ਦੀ ਰਾਖੀ ਲਈ ਕਿਸਾਨੀ ਦੇ ਖਾੜਕੂ ਸੰਘਰਸ਼ ਦਾ ਵੱਡਾ ਪਿੜ ਬਣ ਚੁੱਕਾ ਹੈ। ਲੋਕ ਦੁਸ਼ਮਣ ਭਗਵੰਤ ਮਾਨ ਸਰਕਾਰ ਦੀ ਮੁਜ਼ਾਰੇ ਕਿਸਾਨਾਂ ਤੋਂ ਪਿੰਡ ਦੀ 7 ਸੌ ਏਕੜ ਤੋਂ ਵੱਧ ਜ਼ਮੀਨ ਖੋਹਣ ਦੀ ਸਾਜ਼ਿਸ਼ ਵਿਰੁੱਧ ਜਿਉਂਦ ਵਿਚ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੀ ਅਗਵਾਈ ਹੇਠ 16 ਮਈ ਤੋਂ ਪੱਕਾ ਮੋਰਚਾ ਲੱਗਿਆ ਹੋਇਆ ਹੈ ਜੋ ਹਕੂਮਤੀ ਹਮਲਿਆਂ ਅਤੇ ਝੱਖੜਾਂ-ਬਾਰਿਸ਼ਾਂ ਦਾ ਮੁਕਾਬਲਾ ਕਰਦਾ ਹੋਇਆ ਪੂਰੀ ਸਿਦਕ ਦਿਲੀ ਨਾਲ ਡੱਟਿਆ ਹੋਇਆ ਹੈ। ਅਦਾਲਤੀ ਹੁਕਮਾਂ 'ਤੇ ਡਰੋਨ ਰਾਹੀਂ ਮੁਰੱਬੇਬੰਦੀ ਕਰਨ ਗਏ ਪ੍ਰਸ਼ਾਸਨ ਨੂੰ ਕਿਸਾਨਾਂ ਦੀ ਜਥੇਬੰਦ ਤਾਕਤ ਨੇ ਕਈ ਵਾਰ ਵਾਪਸ ਮੋੜਿਆ ਹੈ ਅਤੇ ਇਨ੍ਹਾਂ ਜ਼ਮੀਨਾਂ ਵਿਚ ਦਹਾਕਿਆਂ ਤੋਂ ਲਹੂ-ਪਸੀਨਾ ਵਹਾਉਣ ਵਾਲੇ ਕਾਸ਼ਤਕਾਰ ਸੰਘਰਸ਼ ਦਾ ਪਿੜ ਮੱਲੀ ਬੈਠੇ ਹਨ। ਇਸ ਘੋਲ ਦਾ ਮਹੱਤਵ ਕੀ ਹੈ, ਇਸ ਦਾ ਖੇਤੀ ਖੇਤਰ ਨੂੰ ਬਚਾਉਣ ਲਈ ਕਿਸਾਨੀ ਵੱਲੋਂ ਲੜੀ ਜਾ ਰਹੀ ਵੱਡੀ ਲੜਾਈ ਨਾਲ ਕੀ ਸੰਬੰਧ ਹੈ, ਇਨ੍ਹਾਂ ਸਵਾਲਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। ਪਾਠਕਾਂ ਦੀ ਜਾਣਕਾਰੀ ਹਿਤ ਇਹ ਲੇਖ 'ਸੁਰਖ਼ ਲੀਹ' ਰਸਾਲੇ ਦੇ ਧੰਨਵਾਦ ਸਹਿਤ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*





**-ਅਦਾਰਾ ਸੁਰਖ਼ ਲੀਹ**

ਜਿਉਂਦ ਪਿੰਡ (ਬਠਿੰਡਾ) 'ਚ ਸਾਬਕਾ ਮੁਜਾਰੇ ਕਿਸਾਨਾਂ ਦੀ ਜ਼ਮੀਨ 'ਤੇ ਹੋਏ ਧਾਵੇ ਨੇ, ਤੇ ਇਸਦੇ ਸ਼ਾਨਦਾਰ ਜਨਤਕ ਟਾਕਰੇ ਨੇ ਜ਼ਮੀਨਾਂ 'ਤੇ ਹੱਕ ਦਾ ਮੁੱਦਾ ਮੁੜ ਤੋਂ ਉਭਾਰ ਕੇ, ਪੰਜਾਬ ਦੇ ਜਨਤਕ ਘੋਲਾਂ ਦੇ ਦ੍ਰਿਸ਼ 'ਤੇ ਮੋਹਰੀ ਸਥਾਨ 'ਤੇ ਲਿਆ ਦਿੱਤਾ ਹੈ। ਖਾਸ ਕਰਕੇ ਸੂਬੇ ਦੀ ਕਿਸਾਨ ਲਹਿਰ ਅੰਦਰ ਫ਼ਸਲਾਂ ਦੇ ਵਾਜਬ ਭਾਅ ਤੇ ਸਰਕਾਰੀ ਖਰੀਦ ਦੇ ਮੁੱਦਿਆਂ ਦੀਆਂ ਲਾਮਬੰਦੀਆਂ ਦੌਰਾਨ ਜ਼ਮੀਨਾਂ ਦੀ ਰਾਖੀ ਤੇ ਪ੍ਰਾਪਤੀ ਦੇ ਮੁੱਦੇ ਵੀ ਉੱਭਰਕੇ ਸਾਹਮਣੇ ਆਏ ਹਨ ਜਿਸ ਨੇ ਸਮੁੱਚੇ ਤੌਰ 'ਤੇ ਕਿਸਾਨ ਲਹਿਰ ਨੂੰ ਹੋਰ ਵਧੇਰੇ ਤਿੱਖ ਤੇ ਡੂੰਘਾਈ ਪ੍ਰਦਾਨ ਕਰਨੀ ਹੈ।

ਜਿਉਂਦ ਅੰਦਰ ਮੁਜਾਰੇ ਕਿਸਾਨਾਂ ਦੀਆਂ ਜ਼ਮੀਨਾਂ ਦੀ ਜਗੀਰਦਾਰਾਂ ਤੋਂ ਰਾਖੀ ਦਾ ਇਹ ਮਸਲਾ ਤੇ ਇਸ ਦੁਆਲੇ ਜਨਤਕ ਟਾਕਰੇ ਦਾ ਇਹ ਦ੍ਰਿਸ਼ ਉਦੋਂ ਉੱਭਰਿਆ ਹੈ ਜਦੋਂ ਸੂਬੇ ਅੰਦਰ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੇ ਮੁੱਦੇ 'ਤੇ ਸੰਘਰਸ਼ ਚੱਲ ਰਿਹਾ ਹੈ। ਕਿਸਾਨ ਜਥੇਬੰਦੀਆਂ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਤੋਂ ਮਗਰੋਂ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੀ ਮੰਗ 'ਤੇ ਲਗਾਤਾਰ ਸੰਘਰਸ਼ ਦਾ ਪਿੜ ਮਘਦਾ ਰੱਖ ਰਹੀਆਂ ਹਨ। ਸਾਂਝੇ ਕਿਸਾਨ ਮੰਚਾਂ ਤੋਂ ਲਗਾਤਾਰ ਸੰਘਰਸ਼ ਐਕਸ਼ਨ ਹੁੰਦੇ ਆ ਰਹੇ ਹਨ। ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਲਗਾਤਾਰ ਧਰਨੇ ਚੱਲਦੇ ਰਹੇ ਤੇ ਇਹਨਾਂ ਧਰਨਿਆਂ ਤੋਂ ਦਿੱਲੀ ਕੂਚ ਕਰਨਾ ਚਾਹੁੰਦੇ ਕਿਸਾਨਾਂ 'ਤੇ ਹਕੂਮਤੀ ਜਬਰ ਹੋਇਆ। ਸੰਯੁਕਤ ਕਿਸਾਨ ਮੋਰਚੇ ਵੱਲੋਂ ਵਿਸ਼ਾਲ ਜਨਤਕ ਇਕੱਠ ਹੋਏ ਹਨ ਤੇ ਐਕਸ਼ਨਾਂ ਦੀ ਲੜੀ ਚੱਲੀ ਹੈ। ਐਮ.ਐਸ.ਪੀ ਦੀ ਇਸ ਮੰਗ 'ਤੇ ਹੋ ਰਹੀ ਲਾਮਬੰਦੀ ਦੇ ਦਰਮਿਆਨ ਹੀ ਖੇਤੀ ਮੰਡੀਕਰਨ ਲਈ ਨਵੀਂ ਨੀਤੀ ਬਣਾਉਣ ਵਾਸਤੇ ਸੂਬਿਆਂ ਨੂੰ ਨੀਤੀ ਖਰੜਾ ਭੇਜਿਆ ਹੈ। ਇਸ ਖਰੜੇ ਰਾਹੀਂ ਕੇਂਦਰ ਸਰਕਾਰ ਨੇ ਖੇਤੀ ਫ਼ਸਲਾਂ ਕੰਪਨੀਆਂ ਨੂੰ ਲੁਟਾਉਣ ਦੀ ਆਪਣੀ ਉਹੀ ਮਨਸ਼ਾ ਫਿਰ ਉਜਾਗਰ ਕੀਤੀ ਹੈ ਜਿਸ ਖਾਤਰ ਤਿੰਨ ਖੇਤੀ ਕਾਨੂੰਨ ਲਿਆਂਦੇ ਗਏ ਸਨ। ਸਰਕਾਰੀ ਖੇਤੀ ਮੰਡੀ ਦੀ ਸਫ ਵਲ੍ਹੇਟ ਕੇ, ਇਹ ਮੰਡੀ ਪ੍ਰਾਈਵੇਟ ਕੰਪਨੀਆਂ ਹਵਾਲੇ ਕਰਨ ਦੇ ਕਦਮ ਚੁੱਕਣ ਦੀਆਂ ਹਦਾਇਤਾਂ ਕਰਦੀ ਖੇਤੀ ਨੀਤੀ, ਸੂਬਿਆਂ ਨੂੰ ਬਣਾਉਣ ਲਈ ਕਿਹਾ ਗਿਆ ਹੈ। ਇਸ ਨਵੇਂ ਹੱਲੇ ਨੇ ਵੀ ਕਿਸਾਨਾਂ ਦੀਆਂ ਫ਼ਸਲਾਂ ਕਾਰਪੋਰੇਟ ਵਪਾਰੀਆਂ ਵੱਲੋਂ ਕੌਡੀਆਂ ਦੇ ਭਾਅ ਲੁੱਟੇ ਜਾਣ ਨੇ ਕਿਸਾਨਾਂ 'ਤੇ ਕਰਜ਼-ਭਾਰ ਵਧਣ ਦਾ ਅਮਲ ਤੇਜ਼ ਕਰਨਾ ਹੈ। ਇਸ ਭਾਰ ਨੇ ਜ਼ਮੀਨਾਂ ਖੁਰਨ ਦੇ ਅਮਲ ਨੂੰ ਅੱਡੀ ਲਾਉਣੀ ਹੈ। ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਵਿਕਣ ਤੇ ਵੱਡੇ ਧਨਾਢ ਕਿਸਾਨਾਂ ਕੋਲ ਕੇਂਦਰਿਤ ਹੋਣ ਦਾ ਪਹਿਲਾਂ ਹੀ ਚੱਲ ਰਿਹਾ ਅਮਲ ਹੋਰ ਤੇਜ਼ ਕਰਨਾ ਹੈ।

ਹਰੇ ਇਨਕਲਾਬ ਦੀ ਸਾਮਰਾਜੀ ਲੁੱਟ ਨੇ ਪਹਿਲਾਂ ਹੀ ਇਹ ਅਮਲ ਚਲਾਇਆ ਹੋਇਆ ਹੈ ਤੇ ਬੇਜ਼ਮੀਨੇ ਕਿਸਾਨਾਂ ਦੀ ਗਿਣਤੀ ਵਧ ਰਹੀ ਹੈ ਜੋ ਹੋਰ ਬਦਲਵਾਂ ਰਾਹ ਨਾ ਹੋਣ ਕਾਰਨ ਖੇਤੀ ਖੇਤਰ 'ਚ ਹੀ ਫਸੀ ਹੋਈ ਹੈ। ਇਉਂ ਹੀ ਫ਼ਸਲਾਂ 'ਤੇ ਹੋਣ ਜਾ ਰਹੇ ਇਸ ਸਾਮਰਾਜੀ ਧਾਵੇ ਨੇ ਕਿਸਾਨੀ ਲਈ ਜ਼ਮੀਨਾਂ ਦੀ ਤੋਟ ਹੋਰ ਵਧਾਉਣੀ ਹੈ ਤੇ ਜ਼ਮੀਨ ਮਾਲਕੀ ਹੱਕਾਂ ਦਾ ਮੁੱਦਾ ਹੋਰ ਮੂਹਰੇ ਲਿਆਉਣਾ ਹੈ। ਸਥਾਨਕ ਜਗੀਰਦਾਰਾਂ ਤੇ ਸ਼ਾਹੂਕਾਰਾਂ ਨੇ ਜ਼ਮੀਨਾਂ ਹੱਥ ਹੇਠ ਕਰਨ ਦਾ ਧਾਵਾ ਹੋਰ ਤੇਜ਼ ਕਰਨਾ ਹੈ ਤੇ ਕਿਸਾਨੀ ਨਾਲ ਟਕਰਾਅ ਹੋਰ ਤਿੱਖਾ ਹੋਣਾ ਹੈ। ਜ਼ਮੀਨੀ ਮਾਫੀਆ ਵੀ ਹੋਰ ਜਿਆਦਾ ਸਰਗਰਮ ਹੋ ਰਿਹਾ ਹੈ ਤੇ ਜ਼ਮੀਨਾਂ ਤੇ ਕਬਜ਼ਿਆਂ ਦੀ ਦੌੜ ਤੇਜ਼ ਹੋ ਰਹੀ ਹੈ। ਇਕ ਤਰ੍ਹਾਂ ਨਾਲ ਜ਼ਮੀਨਾਂ ਦੀ ਲੁੱਟ ਮੱਚਣ ਵਰਗੀ ਸਥਿੱਤੀ ਬਣ ਰਹੀ ਹੈ। ਸਾਮਰਾਜੀ ਕੰਪਨੀਆਂ ਲਈ ਫ਼ਸਲਾਂ 'ਤੇ ਕਬਜ਼ੇ ਦੀ ਇਕ ਪ੍ਰਮੁੱਖ ਸ਼ਕਲ ਠੇਕਾ-ਖੇਤੀ ਦਾ ਢੰਗ ਹੈ ਜਿਸ ਤਹਿਤ ਉਹ ਕਿਸਾਨਾਂ ਤੋਂ ਮਨਚਾਹੀਆਂ ਫ਼ਸਲਾਂ ਸਸਤੇ ਰੇਟਾਂ 'ਤੇ ਹਾਸਿਲ ਕਰਨ ਦੀ ਤਾਕ ਵਿਚ ਹਨ। ਠੇਕਾ ਖੇਤੀ ਲਈ ਵੀ ਉਹਨਾਂ ਦੀ ਜਰੂਰਤ ਵੱਡੀਆਂ ਢੇਰੀਆਂ ਵਾਲੇ ਕਿਸਾਨਾਂ ਦੀ ਹੈ ਤੇ ਸਥਾਨਕ ਸ਼ਾਹੂਕਾਰਾਂ, ਜਗੀਰਦਾਰਾਂ ਦੀਆਂ ਵਧ ਰਹੀਆਂ ਜ਼ਮੀਨੀ ਢੇਰੀਆਂ ਉਹਨਾਂ ਕੰਪਨੀਆਂ ਦੀ ਹੀ ਲੋੜ ਹੈ। ਇਹ ਸਥਾਨਕ ਜਗੀਰਦਾਰ ਤੇ ਸ਼ਾਹੂਕਾਰ ਹੀ ਕੰਪਨੀਆਂ ਦੀ ਵਿਚੋਲਗਿਰੀ ਰਾਹੀਂ ਗਰੀਬ ਕਿਸਾਨੀ ਦੀ ਲੁੱਟ ਕਰਵਾਉਣ ਦਾ ਸਾਧਨ ਬਣਦੇ ਹਨ। ਸੰਸਾਰ ਖੇਤੀ ਕਾਰਪੋਰੇਸ਼ਨਾਂ ਜਿੱਥੇ ਮੁੱਖ ਤੌਰ 'ਤੇ ਫ਼ਸਲਾਂ ਦੇ ਵਪਾਰ 'ਤੇ ਕਬਜ਼ਾ ਜਮਾਉਣ ਦੀ ਤਾਕ ਵਿਚ ਹਨ ਉੱਥੇ ਜ਼ਮੀਨਾਂ 'ਤੇ ਸਿੱਧੇ ਕੰਟਰੋਲ ਦੀ ਨੀਤੀ 'ਤੇ ਵੀ ਚੱਲ ਰਹੀਆਂ ਹਨ। ਸੰਸਾਰ ਭਰ ਦੇ ਪਛੜੇ ਤੇ ਗਰੀਬ ਮੁਲਕਾਂ 'ਚ ਇਹਨਾਂ ਕੰਪਨੀਆਂ ਨੇ ਵੱਡੇ ਸੌਦੇ ਕੀਤੇ ਹਨ ਤੇ ਵੱਡੀਆਂ ਜ਼ਮੀਨਾਂ ਹੱਥ ਹੇਠ ਕੀਤੀਆਂ ਹਨ। ਆਪਣੇ ਸਨਅਤੀ ਕਾਰੋਬਾਰੀ ਪ੍ਰੋਜੈਕਟਾਂ, ਖੇਤੀ ਤੇ ਖੇਤੀ ਨਾਲ ਜੁੜੇ ਕਾਰੋਬਾਰਾਂ ਤੇ ਹੋਰਨਾਂ ਕਾਰੋਬਾਰੀ ਮਕਸਦਾਂ ਲਈ ਮਨਚਾਹੀਆਂ ਜ਼ਮੀਨਾਂ 'ਤੇ ਕੰਟਰੋਲ ਕਰਨ ਦੀ ਨੀਤੀ ਤਹਿਤ ਹੀ ਸਾਡੇ ਵਰਗੇ ਪਛੜੇ ਮੁਲਕਾਂ 'ਚ ਸਾਮਰਾਜੀਆਂ ਵੱਲੋਂ ਜ਼ਮੀਨ ਬੈਂਕ ਬਣਾਉਣ ਦੀ ਨੀਤੀ ਲਿਆਂਦੀ ਹੋਈ ਹੈ ਤਾਂ ਕਿ ਉਹ ਆਪਣੇ ਮੰਤਵਾਂ ਲਈ ਜਦੋਂ, ਜਿੱਥੇ, ਜਿੰਨੀ ਜ਼ਮੀਨ ਚਾਹੁਣ ਹਾਸਿਲ ਕਰ ਸਕਣ। ਸਾਮਰਾਜੀਆਂ ਤੇ ਦਲਾਲ ਸਰਮਾਏਦਾਰਾਂ ਦੇ ਅਜਿਹੇ ਮੰਤਵਾਂ ਲਈ ਹੀ ਸਰਕਾਰ ਜ਼ਮੀਨੀ ਰਿਕਾਰਡਾਂ ਦੀ ਡਿਜੀਟਲਾਈਜੇਸ਼ਨ ਕਰਨ ਜਾ ਰਹੀ ਹੈ ਜਿਸ ਤਹਿਤ ਜ਼ਮੀਨ ਮਾਲਕੀ ਦੀ ਤਸਵੀਰ ਸਪਸ਼ਟ ਹੋਵੇ ਤੇ ਕਾਰੋਬਾਰੀਆਂ ਲਈ ਇਸ ਨੂੰ ਦੇਖਣਾ-ਘੋਖਣਾ ਆਸਾਨ ਹੋਵੇ। ਨਾਲ ਹੀ ਰੌਲਿਆਂ ਵਾਲੀਆਂ ਜਾਂ ਕਾਗਜ਼ੀ ਮਾਲਕੀ ਤੋਂ ਬਿਨਾਂ ਜ਼ਮੀਨਾਂ ਵਾਹੁੰਦੇ ਆ ਰਹੇ ਕਿਸਾਨਾਂ ਤੋਂ ਜ਼ਮੀਨਾਂ ਛੁਡਵਾ ਕੇ ਬੈਂਕ 'ਚ ਸ਼ਾਮਲ ਕੀਤੀਆਂ ਜਾਣ ਤੇ ਕੰਪਨੀਆਂ ਦੇ ਕਾਰੋਬਾਰੀ ਮੰਤਵਾਂ ਲਈ ਸੌਂਪੀਆਂ ਜਾ ਸਕਣ। ਇਸ ਪੱਖੋਂ ਪਹਿਲੀ ਮਾਰ ਸਾਂਝੀ ਮਾਲਕੀ ਵਾਲੀਆਂ ਵੱਖ ਵੱਖ ਵੰਨਗੀਆਂ ਦੀਆਂ ਜ਼ਮੀਨਾਂ 'ਤੇ ਪੈਣੀ ਹੈ ਜਿਹਨਾਂ 'ਤੇ ਬੇ-ਜ਼ਮੀਨੇ ਭਾਈਚਾਰੇ ਹੱਕ ਜਤਲਾਉਂਦੇ ਆ ਰਹੇ ਹਨ। ਜਿਵੇਂ ਪੰਚਾਇਤੀ, ਸ਼ਾਮਲਾਟ ਤੇ ਨਜ਼ੂਲ ਵੰਨਗੀ ਦੀਆਂ ਜ਼ਮੀਨਾਂ। ਇਉਂ ਜ਼ਮੀਨਾਂ 'ਤੇ ਸੰਭਾਵੀ ਹੱਲੇ ਦਾ ਇਹ ਇਕ ਹੋਰ ਪਹਿਲੂ ਹੈ ਜਿਸ ਵਿਚ ਜ਼ਮੀਨਾਂ ਸਿੱਧੇ ਤੌਰ 'ਤੇ ਕੰਪਨੀਆਂ ਦੇ ਹੱਥਾਂ ਵਿਚ ਜਾਣ ਦਾ ਖਤਰਾ ਦਿਖਾਈ ਦੇ ਰਿਹਾ ਹੈ। ਇਸ ਵੰਨਗੀ ਦਾ ਧਾਵਾ ਵੀ ਜ਼ਮੀਨਾਂ 'ਤੇ ਹੱਕਾਂ ਦਾ ਮਸਲਾ ਉਭਾਰਨ ਜਾ ਰਿਹਾ ਹੈ।

ਜ਼ਮੀਨਾਂ ਦੇ ਹੱਕਾਂ 'ਤੇ ਧਾਵੇ ਦੀ ਇਕ ਹੋਰ ਵੰਨਗੀ ਜਿਉਂਦ ਪਿੰਡ 'ਚ ਉੱਭਰੇ ਮੁੱਦੇ ਵਰਗੀ ਹੈ ਜਿੱਥੇ ਜਗੀਰਦਾਰ ਤੇ ਜਮੀਨੀ ਮਾਫੀਆ ਸਾਬਕਾ ਮੁਜਾਰੇ ਕਿਸਾਨਾਂ ਤੇ



ਅਬਾਦਕਾਰ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ਿਆਂ ਦੀ ਕੋਸ਼ਿਸ਼ ਕਰ ਰਹੇ ਹਨ। ਸਾਬਕਾ ਪੈਪਸੂ ਖੇਤਰ 'ਚ ਪਟਿਆਲਾ ਰਿਆਸਤ ਦੇ ਇਸ ਪਿੰਡ 'ਚ ਉਸ ਦੌਰ ਦੇ ਬਿਸਵੇਦਾਰ/ਜਗੀਰਦਾਰ ਰਾਜ ਅੰਦਰ ਆਪਣੀ ਹੁਣ ਤੱਕ ਤੁਰੀ ਆ ਰਹੀ ਪੁੱਗਤ ਵਾਲੀ ਹੈਸੀਅਤ ਦਾ ਤੇ ਕਾਨੂੰਨੀ ਚੋਰ ਮੋਰੀਆਂ ਦਾ ਲਾਹਾ ਲੈ ਕੇ ਜ਼ਮੀਨਾਂ 'ਤੇ ਮਾਲਕੀ ਦਾ ਦਾਅਵਾ ਕਰ ਰਹੇ ਹਨ। ਪੈਪਸੂ ਮੁਜਾਰਾ ਘੋਲ ਮਗਰੋਂ ਹਾਸਿਲ ਕੀਤੇ ਮਾਲਕੀ ਹੱਕਾਂ ਨੂੰ ਵੀ ਕਾਨੂੰਨੀ ਘੁੰਡੀਆਂ ਦੀ ਆੜ 'ਚ ਆਪਣੀ ਪੁੱਗਤ ਦੇ ਜ਼ੋਰ ਚੁਣੌਤੀ ਦਿੱਤੀ ਜਾ ਰਹੀ ਹੈ ਤੇ ਅਦਾਲਤਾਂ ਵੀ ਇਸ 'ਚ ਸ਼ਾਮਿਲ ਹਨ। ਜਗੀਰਦਾਰਾਂ ਦੀ ਅਦਾਲਤਾਂ 'ਚ ਪੁੱਗਤ ਵੀ ਜਾਹਰ ਹੋਈ ਹੈ ਤੇ ਭਾਰਤੀ ਰਾਜ 'ਚ ਜਗੀਰਦਾਰਾਂ ਦੀ ਹੈਸੀਅਤ ਦੀ ਵੀ ਪੁਸ਼ਟੀ ਹੋ ਰਹੀ ਹੈ। ਇਹ ਮਸਲਾ ਸਿਰਫ ਜਿਉਂਦ ਪਿੰਡ ਤੱਕ ਹੀ ਸੀਮਤ ਨਹੀਂ ਹੈ ਸਗੋਂ ਅਜਿਹੇ ਮਸਲੇ ਪੈਪਸੂ ਖੇਤਰ ਦੇ ਕਿੰਨੇ ਹੀ ਪਿੰਡਾਂ 'ਚ ਮੌਜੂਦ ਹਨ ਜਿੱਥੇ ਕਿਸਾਨਾਂ 'ਤੇ ਜ਼ਮੀਨਾਂ ਦੇ ਉਜਾੜੇ ਦੀ ਤਲਵਾਰ ਲਟਕਾਈ ਜਾ ਰਹੀ ਹੈ ਤੇ ਇਕ ਤਰ੍ਹਾਂ ਨਾਲ ਮਾਲਕੀ ਹੱਕ ਖੋਹੇ ਜਾ ਰਹੇ ਹਨ। ਇਉਂ ਹੀ ਸੂਬੇ ਅੰਦਰ ਅਬਾਦਕਾਰ ਕਿਸਾਨਾਂ ਦੇ ਮਾਲਕੀ ਹੱਕਾਂ ਦਾ ਮੁੱਦਾ ਵੀ ਇਕ ਅਹਿਮ ਮੁੱਦਾ ਹੈ, ਜਿਨ੍ਹਾਂ ਹੱਕਾਂ ਲਈ ਸੰਘਰਸ਼ ਦੌਰਾਨ ਹੀ ਕਿਸਾਨ ਆਗੂ ਸਾਧੂ ਸਿੰਘ ਤਖਤੂਪੁਰਾ ਦੀ ਸ਼ਹਾਦਤ ਹੋਈ ਸੀ। ਲੰਮੇ ਸਮੇਂ ਤੋਂ ਜ਼ਮੀਨਾਂ ਵਾਹ ਰਹੇ ਕਿਸਾਨਾਂ ਨੂੰ ਸਰਕਾਰਾਂ ਵੱਲੋਂ ਮਾਲਕੀ ਹੱਕ ਦੇਣ ਤੋਂ ਟਾਲਾ ਵੱਟਿਆ ਜਾਂਦਾ ਰਿਹਾ ਹੈ ਤੇ ਇਸ ਦਰਮਿਆਨ ਜ਼ਮੀਨ ਮਾਫੀਆ ਇਹਨਾਂ ਜ਼ਮੀਨਾਂ 'ਤੇ ਕਬਜਿਆਂ ਲਈ ਧਾਵੇ ਬੋਲਦਾ ਆ ਰਿਹਾ ਹੈ। ਸਥਾਨਕ ਸਿਆਸਤਦਾਨ, ਪੁਲਸ, ਸ਼ਾਹੂਕਾਰ ਤੇ ਗੁੰਡਾ-ਗੱਠਜੋੜ ਇਹਨਾਂ ਜ਼ਮੀਨਾਂ 'ਤੇ ਅੱਖ ਰਖਦਾ ਆ ਰਿਹਾ ਹੈ ਤੇ ਵੱਖ ਵੱਖ ਖੇਤਰਾਂ 'ਚ ਅਜਿਹੇ ਹੱਲਿਆਂ ਦੇ ਮੁੱਦੇ ਉਭਰਦੇ ਰਹਿੰਦੇ ਹਨ। ਅਜਿਹੀਆਂ ਜ਼ਮੀਨਾਂ ਦੀ ਰਾਖੀ ਤੇ ਮਾਲਕੀ ਹੱਕਾਂ ਦੀ ਪ੍ਰਾਪਤੀ, ਕਿਸਾਨਾਂ ਲਈ ਇਕ ਅਹਿਮ ਭਖਵਾਂ ਮਸਲਾ ਹੈ।

ਸਮੁੱਚੇ ਤੌਰ 'ਤੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਹਮਲਾ ਕਈ ਪਾਸਿਆਂ ਤੋਂ ਹੈ। ਇੱਕ ਪਾਸੇ ਸਾਮਰਾਜੀ ਬਹੁਕੌਮੀ ਕੰਪਨੀਆਂ ਦੇ ਦਲਾਲ ਸਰਮਾਏਦਾਰ ਜ਼ਮੀਨਾਂ ਤੇ ਅੱਖ ਰੱਖ ਰਹੇ ਹਨ ਤੇ ਦੂਜੇ ਪਾਸੇ ਜਗੀਰਦਾਰ ਤੇ ਸ਼ਾਹੂਕਾਰ ਜ਼ਮੀਨਾਂ ਹੜੱਪ ਰਹੇ ਹਨ। ਕਰਜ਼ੇ ਬਦਲੇ ਖੁਰਦੀਆਂ ਜ਼ਮੀਨਾਂ ਸਾਂਭ ਰਹੇ ਹਨ, ਕਾਨੂੰਨੀ ਚੋਰਮੋਰੀਆਂ ਦਾ ਲਾਹਾ ਲੈ ਰਹੇ ਹਨ, ਰਾਜ ਅੰਦਰ ਭਾਰੂ ਹੈਸੀਅਤ ਤੇ ਪੁੱਗਤ ਦੀ ਵਰਤੋਂ ਕਰ ਰਹੇ ਹਨ ਤੇ ਹਰ ਤਰ੍ਹਾਂ ਦੇ ਗੈਰਕਾਨੂੰਨੀ ਧੱਕੜ ਅਮਲਾਂ ਦੀ ਵਰਤੋਂ ਰਾਹੀਂ ਜ਼ਮੀਨਾਂ 'ਤੇ ਝਪਟ ਰਹੇ ਹਨ। ਜ਼ਮੀਨਾਂ 'ਤੇ ਧਾਵੇ ਦੇ ਇਸ ਦ੍ਰਿਸ਼ ਨੇ ਜਿੱਥੇ ਕਿਸਾਨਾਂ ਦੀਆਂ ਜ਼ਮੀਨਾਂ ਦੀ ਰਾਖੀ ਦਾ ਮੁੱਦਾ ਉਭਾਰਿਆ ਹੈ ਉਥੇ ਗਰੀਬ ਕਿਸਾਨਾਂ ਤੇ ਖੇਤ ਮਜਦੂਰਾਂ ਲਈ ਜ਼ਮੀਨਾਂ ਦੀ ਪ੍ਰਾਪਤੀ ਦਾ ਮਸਲਾ ਵੀ ਉਭਾਰਿਆ ਹੈ। ਖਾਸ ਕਰਕੇ, ਸਾਂਝੀ ਮਾਲਕੀ ਵਾਲੀਆਂ ਜ਼ਮੀਨਾਂ ਇਸ ਧਾਵੇ ਦੀ ਮਾਰ ਹੇਠ ਸਭ ਤੋਂ ਪਹਿਲਾਂ ਆਉਂਦੀਆਂ ਹਨ ਤੇ ਇਹੀ ਜ਼ਮੀਨਾਂ ਬੇ-ਜ਼ਮੀਨੇ ਭਾਈਚਾਰਿਆਂ ਦੀ ਸੁਭਾਵਿਕ ਲਗਦੀ ਦਾਅਵਾ ਜਤਲਾਈ ਦੀ ਥਾਂ ਬਣਦੀਆਂ ਹਨ। ਇਹਨਾਂ ਦੀ ਪ੍ਰਾਪਤੀ ਦਾ ਮੁੱਦਾ ਅਜਿਹੇ ਧਾਵੇ





ਦੇ ਪ੍ਰਸੰਗ 'ਚ ਵਿਸ਼ੇਸ਼ ਕਰਕੇ ਉਭਰਦਾ ਹੈ ਕਿ ਇਹ ਜ਼ਮੀਨਾਂ ਕੀਹਦੇ ਕੋਲ ਹੋਣ, ਭਾਵ ਇਹਨਾਂ ਤੇ ਹੱਕ ਦਲਿਤਾਂ ਤੇ ਬੇਜ਼ਮੀਨੇ , ਥੁੜ-ਜ਼ਮੀਨੇ ਕਿਸਾਨਾਂ ਦਾ ਹੋਵੇ ਜਾਂ ਜਗੀਰਦਾਰਾਂ, ਸ਼ਾਹੂਕਾਰਾਂ ਤੇ ਕੰਪਨੀਆਂ ਦਾ ਹੋਵੇ। ਇਹਨਾਂ ਦੀ ਖੇਤ ਮਜਦੂਰਾਂ ਲਈ ਵਰਤੋਂ ਦੇ ਹੱਕ ਦਾ ਮੁੱਦਾ ਇਸ ਪ੍ਰਸੰਗ 'ਚ ਹੋਰ ਵੀ ਮਹੱਤਵ ਅਖਤਿਆਰ ਕਰ ਜਾਂਦਾ ਹੈ। ਖੇਤ ਮਜ਼ਦੂਰ ਪਹਿਲਾਂ ਵੀ ਪੰਚਾਇਤੀ ਜ਼ਮੀਨਾਂ ਦੇ ਤੀਜੇ ਹਿੱਸੇ ਦੇ ਠੇਕੇ 'ਤੇ ਵਾਹੁਣ ਦੇ ਹੱਕ ਲਈ ਜੂਝਦੇ ਆ ਰਹੇ ਹਨ। ਹੁਣ ਜ਼ਮੀਨੀ ਹੱਕਾਂ 'ਤੇ ਹਮਲੇ ਦੇ ਉੱਪਰ ਜਿਕਰ ਆਏ ਪ੍ਰਸੰਗ ਦੇ ਦਰਮਿਆਨ ਹੀ ਸੰਗਰੂਰ ਜਿਲ੍ਹੇ 'ਚ ਬੇਨਾਮੀ ਪਈ ਜੀਂਦ ਰਿਆਸਤ ਦੇ ਰਾਜੇ ਦੀ, ਹੁਣ ਬੇਨਾਮੀ ਹੋ ਚੁੱਕੀ ਜ਼ਮੀਨ 'ਤੇ ਖੇਤ ਮਜ਼ਦੂਰਾਂ ਵੱਲੋਂ ਹੱਕ ਜਤਾਉਣ ਨੇ ਜ਼ਮੀਨ ਪ੍ਰਾਪਤੀ ਦੇ ਇਸ ਮੁੱਦੇ ਨੂੰ ਇਕ ਹੋਰ ਨਵੇਂ ਪਸਾਰ 'ਚ ਉਭਾਰਿਆ ਹੈ। ਖੇਤ ਮਜ਼ਦੂਰਾਂ ਦੀ ਇਹ ਹੱਕ ਜਤਲਾਈ ਸਿਰਫ਼ ਪੰਚਾਇਤੀ ਜ਼ਮੀਨਾਂ ਦੇ ਤੀਜੇ ਹਿੱਸੇ ਦੇ ਮੌਜੂਦਾ ਕਾਨੂੰਨੀ ਹੱਕ ਦੇ ਘੇਰੇ ਤੱਕ ਸੀਮਤ ਨਹੀਂ ਹੈ ਸਗੋਂ ਜਗੀਰਦਾਰਾਂ ਦੀਆਂ ਜ਼ਮੀਨਾਂ ਤੱਕ ਜਾ ਰਹੀ ਹੈ। ਇਹ ਦਾਅਵਾ ਜਤਲਾਈ ਜ਼ਮੀਨੀ ਸੁਧਾਰਾਂ ਦਾ ਮਸਲਾ ਹੋਰ ਜ਼ੋਰ ਨਾਲ ਉਭਾਰਨ ਪੱਖੋਂ ਅਹਿਮ ਹੈ ਤੇ ਜ਼ਮੀਨਾਂ ਦੀ ਰਾਖੀ ਤੇ ਪ੍ਰਾਪਤੀ ਦੇ ਮੁੱਦੇ ਨੂੰ ਹੋਰ ਵਧੇਰੇ ਤਿੱਖੀ ਤਰ੍ਹਾਂ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਚੇਤਨਾ 'ਚ ਲਿਆਉਣ 'ਚ ਹਿੱਸਾ ਪਾ ਰਹੀ ਹੈ। ਇਹ ਵੱਖਰਾ ਪਹਿਲੂ ਹੈ ਕਿ ਅਜਿਹੇ ਮੁੱਦਿਆਂ 'ਤੇ ਕਿਵੇਂ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੀ ਸਾਂਝ ਉੱਭਰਨੀ ਚਾਹੀਦੀ ਹੈ ਤੇ ਜਾਤਪਾਤੀ ਪਾਟਕਾਂ ਨੂੰ ਮੇਸ ਕੇ, ਜ਼ਮੀਨ ਪ੍ਰਾਪਤੀ ਤੇ ਰਾਖੀ ਦੀ ਸਾਂਝੀ ਜੱਦੋਜਹਿਦ ਉਸਾਰੀ ਦੀ ਨੀਤੀ ਨੂੰ ਢੁੱਕਵੀਂ ਦਾਅਪੇਚਕ ਸੂਝ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਹਨਾਂ ਪਾਟਕਾਂ ਦਾ ਲਾਹਾ ਜਗੀਰੂ ਜਮਾਤਾਂ ਨਾ ਲੈ ਸਕਣ।

ਸੂਬੇ ਦੀ ਕਿਸਾਨ ਲਹਿਰ 'ਚ ਜਮੀਨੀ ਹੱਕਾਂ ਦੀ ਰਾਖੀ ਤੇ ਪ੍ਰਾਪਤੀ ਦੇ ਮੁੱਦਿਆਂ ਦਾ ਉੱਭਰਨਾ ਜ਼ਰਈ ਇਨਕਲਾਬੀ ਲਹਿਰ ਉਸਾਰੀ ਦੇ ਨੁਕਤਾ ਨਜ਼ਰ 'ਤੋਂ ਮਹੱਤਵਪੂਰਨ ਵਰਤਾਰਾ ਹੈ। ਇਸ ਨੂੰ ਹੋਰ ਜਰਬਾਂ ਦੇਣ ਤੇ ਅੱਗੇ ਵਧਾਉਣ ਦੀ ਜ਼ਰੂਰਤ ਹੈ। ਜਗੀਰੂ ਲੁੱਟ-ਖਸੁੱਟ ਨਾਲ ਸਬੰਧਿਤ ਮੁੱਦਿਆਂ ਨਾਲ ਜੁੜ ਕੇ ਜ਼ਮੀਨਾਂ ਦੀ ਰਾਖੀ ਤੇ ਪ੍ਰਾਪਤੀ ਦੇ ਮੁੱਦੇ ਕਿਸਾਨ ਲਹਿਰ ਨੂੰ ਹੋਰ ਜਿਆਦਾ ਗਹਿਰਾਈ ਤੇ ਮਜ਼ਬੂਤੀ ਦੇਣ ਦੇ ਮੁੱਦੇ ਹਨ। ਹੁਣ ਜਦੋਂ ਪਿਛਲੇ ਕੁੱਝ ਅਰਸੇ ਤੋਂ ਖੇਤੀ ਫ਼ਸਲਾਂ ਦੇ ਖੇਤਰ 'ਤੇ ਸਾਮਰਾਜੀ ਲੁੱਟ ਦੇ ਹਮਲੇ ਤੇਜ਼ ਹੋਏ ਹਨ ਤਾਂ ਪੰਜਾਬ ਦੀ ਕਿਸਾਨ ਲਹਿਰ 'ਚ ਜ਼ਿਆਦਾ ਕਰਕੇ ਲਾਮਬੰਦੀਆਂ ਸਾਮਰਾਜੀ ਲੁੱਟ-ਖਸੁੱਟ ਦੇ ਮੁੱਦਿਆਂ ਦੁਆਲੇ ਹੋਈਆਂ ਹਨ ਤੇ ਜਗੀਰੂ ਲੁੱਟ-ਖਸੁੱਟ ਖਿਲਾਫ਼ ਕਿਸਾਨ ਲਾਮਬੰਦੀਆਂ ਮੁਕਾਬਲਤਨ ਮੱਧਮ ਰਹੀਆਂ ਹਨ ਤੇ ਸੁਭਾਵਕ ਹੀ ਇਹਨਾਂ ਲਾਮਬੰਦੀਆਂ 'ਚੋਂ ਖੇਤ ਮਜਦੂਰਾਂ ਦੀ ਸ਼ਮੂਲੀਅਤ ਵੀ ਮੁਕਾਬਲਤਨ ਮੱਧਮ ਰਹੀ ਹੈ। ਇਹ ਜ਼ਮੀਨਾਂ ਦੇ ਹੱਕਾਂ ਦੇ ਮੁੱਦੇ ਹਨ ਜਿਹੜੇ ਖੇਤ ਮਜ਼ਦੂਰ ਲਹਿਰ ਨੂੰ ਤਕੜਾਈ ਦੇਣਗੇ ਤੇ ਸਮੁੱਚੀ ਜ਼ਰੱਈ ਇਨਕਲਾਬੀ ਲਹਿਰ ਦੇ ਅੰਗ ਵਜੋਂ ਖੇਤ



ਮਜ਼ਦੂਰ-ਕਿਸਾਨ ਜੋਟੀ ਨੂੰ ਮਜਬੂਤ ਕਰਨਗੇ। ਸਾਮਰਾਜੀ ਲੁੱਟ ਖਿਲਾਫ਼ ਚਲਦੇ ਕਿਸਾਨ ਸੰਘਰਸ਼ਾਂ ਨੂੰ ਵੀ ਜ਼ਮੀਨੀ ਹੱਕਾਂ ਲਈ ਜੂਝਦੀ ਕਿਸਾਨ ਲਹਿਰ ਨਾਲ ਹੋਰ ਤਕੜਾਈ ਮਿਲਣੀ ਹੈ।

ਜ਼ਮੀਨੀ ਹੱਕਾਂ 'ਤੇ ਧਾਵੇ ਖਿਲਾਫ਼ ਉੱਭਰੇ ਸੰਘਰਸ਼ ਨੂੰ ਸਾਮਰਾਜੀ ਲੁੱਟ ਖਿਲਾਫ ਮੰਗਾਂ 'ਤੇ ਹੋ ਰਹੇ ਸੰਘਰਸ਼ਾਂ ਨਾਲ ਸੁਮੇਲਣ ਦੀ ਲੋੜ ਹੈ ਤਾਂ ਕਿ ਜਗੀਰਦਾਰ ਵਿਰੋਧੀ ਤੇ ਸਾਮਰਾਜ ਵਿਰੋਧੀ ਇਨਕਲਾਬੀ ਸੰਘਰਸ਼ਾਂ ਵਾਲੀ ਕਿਸਾਨ ਤੇ ਖੇਤ ਮਜ਼ਦੂਰ ਲਹਿਰ ਦੀ ਉਸਾਰੀ ਵੱਲ ਵਧਿਆ ਜਾ ਸਕੇ।

---

ਮੂਲ ਲੇਖਕ: ਸੁਹਾਸ ਪਾਲਸ਼ੀਕਰ
ਅਨੁ.: ਯਸ਼ ਪਾਲ
9814535005

# ਆਈਨੇ 'ਚੋਂ ਦਿਸਦਾ ਰਾਸ਼ਟਰ

*ਪਹਿਲਗਾਮ ਦੇ ਸਿੱਟਿਆਂ ਦੇ ਝਰੋਖੇ 'ਚੋਂ ਸਾਨੂੰ ਮੁੜ ਖੁਦ 'ਤੇ ਝਾਤ ਮਾਰਨੀ ਬਣਦੀ ਹੈ ਅਤੇ ਜੋ ਸਾਡੇ ਨਜ਼ਰੀਂ ਪੈਂਦਾ ਹੈ ਉਸ 'ਤੇ ਵਿਚਾਰ ਕਰਨ ਦੀ ਲੋੜ ਲਗਦੀ ਹੈ- ਸੰਪਾਦਕ*



'ਪਹਿਲਗਾਮ ਤੋਂ ਬਾਅਦ ਦੇ ਘਟਨਾਕ੍ਰਮ, ਸਾਡੇ ਬਾਰੇ ਤੇ ਸਾਡੀ ਸਮੂਹਿਕ ਪਛਾਣ ਬਾਰੇ ਕੀ ਸੰਕੇਤ ਦੇ ਰਹੇ ਨੇ? ਜਦ ਸੈਲਾਨੀਆਂ ਦੇ ਧਰਮ-ਆਧਾਰਤ ਕੀਤੇ ਗਏ ਕਤਲਾਂ ਦਾ ਅਤੇ ਇਸ ਦਹਿਸ਼ਤਗਰਦੀ ਹਮਲੇ ਦਾ ਮੋੜਵਾਂ ਜਵਾਬ ਦੇਣ ਦਾ ਸੁਆਲ ਭਾਰਤ ਅੱਗੇ ਖੜ੍ਹਾ ਹੋਇਆ ਤਾਂ ਭਾਰਤ ਦਾ ਜਵਾਬ ਕੀ, ਕਿਉਂ ਤੇ ਕਿਵੇਂ ਹੋਵੇ ਇਸ ਉੱਪਰ ਜਨਤਕ- ਚਰਚਾ ਨੂੰ ਤਿੰਨ ਸਮਾਜਿਕ- ਵਰਗ-ਵਿਚਾਰਾਂ ਨੇ ਬੇਹਦ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਤਿੰਨਾਂ ਵਰਗ-ਵਿਚਾਰਾਂ ਨੇ ਹੀ ਆਉਣ ਵਾਲੇ ਕੁੱਝ ਸਮੇਂ ਤੱਕ ਸਾਡੀ ਸਮੂਹਿਕ-ਪਛਾਣ ਨੂੰ ਗੂੜ੍ਹੀ ਵਿਚਾਰਧਾਰਕ ਰੰਗਤ ਚਾੜ੍ਹ ਕੇ, ਢਾਲਣ ਤੇ ਤਰਜ਼ਮਾਨੀ ਕਰਨ ਦਾ ਕਾਰਜ ਕਰਨਾ ਹੈ।

"ਭਾਵੇਂ ਬਹੁਤੇ ਇਸ ਨੂੰ ਸਵੀਕਾਰ ਨਾ ਵੀ ਕਰਨ ਪਰੰਤੂ ਪਿਛਲੇ ਤਿੰਨ ਹਫ਼ਤਿਆਂ ਦੇ ਘਟਨਾਕ੍ਰਮ ਦੇ ਅੰਤਮ ਪਰਿਣਾਮ ਸੰਬੰਧੀ ਸਮਾਜ ਦੇ ਵਿਸ਼ਾਲ ਹਲਕਿਆਂ ਅੰਦਰ ਚੁੱਪ ਅਸਹਿਮਤੀ ਤੇ ਨਿਰਾਸ਼ਤਾ ਦੀ ਭਾਵਨਾ ਦਿਸ ਰਹੀ ਹੈ। ਜਿਨ੍ਹਾਂ ਵਰਗ-ਵਿਚਾਰਾਂ ਨੂੰ ਅਸੀਂ ਹੇਠਾਂ ਵਿਚਾਰਨ ਜਾ ਰਹੇ ਹਾਂ ਯਕੀਨਨ ਹੀ ਉਹ ਦਰਸਾਉਣਗੇ ਕਿ ਨਿਰਾਸ਼ਤਾ ਸਰਕਾਰ ਵੱਲ ਨਹੀਂ ਸੇਧਤ ਸਗੋਂ ਸਾਡੀ ਕੌਮੀਅਤ-ਉਸਾਰੀ ਨੂੰ ਉਸ ਦਿਸ਼ਾ ਵੱਲ ਧਕੇਲਨ ਦੀ ਹੈ ਜਿਸ ਨੇ ਭਾਰਤ ਨੂੰ ਧੱਕ ਕੇ ਉੱਥੇ ਲੈ ਜਾਣਾ ਹੈ ਜਿੱਥੇ ਉਸ ਦੀ ਉਹ ਪਹਿਚਾਨ ਰੁਲ ਜਾਵੇਗੀ ਜਿਸ ਦੀ 1947 'ਚ ਇਸ ਨੇ ਪ੍ਰਤਿਗਿਆ ਕੀਤੀ ਸੀ।

ਬਹੁਤਾ ਕਰਕੇ, ਚੋਟੀ ਦੀ ਸਿਆਸੀ ਲੀਡਰਸ਼ਿਪ ਵੱਲੋਂ ਛਾਤੀ-ਥਾਪੜਨ, ਮੀਡੀਆ ਵੱਲੋਂ ਗੈਰਜਿੰਮੇਵਾਰਾਨਾ ਸ਼ੋਰਗੁੱਲ ਅਤੇ ਸੇਵਾਮੁਕਤ ਫੌਜੀ ਅਫ਼ਸਰਾਂ ਦੇ ਇੱਕ ਹਿੱਸੇ ਵੱਲੋਂ ਅਖੌਤੀ ਵਿਸ਼ਲੇਸ਼ਣ ਦੀ ਨਾਭਰੋਸੇਯੋਗ ਕੁਦਰਤਾ ਨੇ ਆਮ ਜਨਤਾ ਨੂੰ ਕੁੱਝ ਨਾ ਕੁੱਝ ਸਖ਼ਤ ਤੇ ਨਾਟਕੀ ਵਾਪਰਣ ਲਈ ਤਿਆਰ ਕਰ ਦਿੱਤਾ ਗਿਆ ਸੀ। ਪਰ ਉਹ ਹਵਾਈ ਸੁਫ਼ਨੇ ਚਕਨਾਚੂਰ ਹੋ ਗਏ। ਪ੍ਰੰਤੂ ਜਿਹੜੇ ਤਿੰਨ ਵਰਗ-ਵਿਚਾਰ ਪਿਛਲੇ ਕੁੱਝ ਹਫ਼ਤਿਆਂ 'ਚ ਉੱਭਰੇ ਸਨ ਉਹ ਸਾਡੇ ਨਾਲ ਹੀ ਰਹਿਣਗੇ ਅਤੇ ਉਹ ਮੌਜੂਦਾ ਮਾਹੌਲ ਵੱਲੋਂ ਪੈਦਾ ਕੀਤੀ ਗਈ ਨਿਰਾਸ਼ਤਾ ਨੂੰ ਢਾਲਣ, ਮੋੜਣ ਤੇ ਕੁਰਾਹੇ ਪਾਉਣ ਦੇ ਯਤਨ ਕਰਨਗੇ।

ਪਹਿਲਾ, ਜੰਗ ਪ੍ਰਤੀ ਇੱਕ ਅਲ੍ਹੜ ਭਾਵਕਤਾ ਦਾ ਸੰਚਾਰ ਕੀਤਾ ਗਿਆ ਜਿਵੇਂ ਕਿ ਜੰਗ ਇੱਕ ਬੱਚਿਆਂ ਦੀ ਖੇਡ ਹੋਵੇ। ਫੌਜ ਦੇ ਇੱਕ ਸੇਵਾਮੁਕਤ ਮੁਖੀ ਨੇ ਸਾਨੂੰ ਚਿਤਾਇਆ ਵੀ, ਭਾਵੇਂ ਦੇਰ ਨਾਲ ਹੀ ਕਿ ਜੰਗ ਨਾ ਤਾਂ ਚੰਗੀ ਹੁੰਦੀ ਹੈ ਤੇ ਨਾ ਹੀ ਇਹ ਪਹਿਲੀ ਚੋਣ ਹੁੰਦੀ ਹੈ। ਫੌਜੀ ਟੁਕੜੀਆਂ ਵੱਲੋਂ ਕੀਤੀਆਂ ਜਾ ਰਹੀਆਂ ਪ੍ਰਚੰਡ ਕਾਰਵਾਈਆਂ ਦੇ ਉਨ੍ਹਾਂ ਦਿਨਾਂ ਦੌਰਾਨ 'ਗੋਲੀਬੰਦੀ' ਅਚਾਨਕ ਹੀ ਮਾੜਾ ਸ਼ਬਦ ਬਣ ਗਿਆ। ਇਹ ਸੱਚ ਹੈ ਕਿ ਜੰਗ ਉਨ੍ਹਾਂ ਨੂੰ ਲੁਭਾਉਂਦੀ ਹੈ ਜਿਨ੍ਹਾਂ ਨੇ ਜੰਗ ਖ਼ੁਦ ਆਪਣੇ ਹੱਡੀਂ ਨਾ ਹੰਢਾਈ ਹੋਵੇ ਕਿਉਂਕਿ ਜੰਗ ਨੂੰ ਬਹਾਦਰੀ ਦੀ ਸ਼ਲਾਘਾ ਦੀ ਬਜਾਏ ਇੱਕ ਰੋਮਾਂਚਿਕ ਖੇਡ ਸਮਝਿਆ ਜਾਂਦਾ ਹੈ।ਤੇ ਜਦ ਤੁਹਾਡੇ ਕੋਲ ਪਾਕਿਸਤਾਨ ਵਰਗਾ ਲਾਹੇਵੰਦਾ ਗੁਆਂਢੀ ਹੋਵੇ ਤਾਂ ਤੁਹਾਡੀਆਂ ਆਪਣੀਆਂ ਤੇ ਗੁਆਂਢੀ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਦਾ ਸੌਖਾ ਇਲਾਜ਼ ਜੰਗ ਹੀ ਜਾਪਣ ਲੱਗ ਜਾਂਦਾ ਹੈ।

ਪਹਿਲਗਾਮ ਤੇ ਆਮ ਨਾਗਰਿਕਾਂ 'ਤੇ ਕੀਤੇ ਅਜਿਹੇ ਕਾਇਰਾਨਾ ਹਮਲੇ ਹੀ ਕਿਸੇ ਹਕੀਕਤਪਸੰਦ ਦੇ ਸਬਰ ਦਾ ਇਮਤਿਹਾਨ ਲੈਂਦੇ ਹਨ ਅਤੇ ਹਾਕਮਾਂ ਲਈ ਚੁਣੌਤੀ ਬਣਦੇ ਹਨ। ਗਿਣ-ਮਿਥ ਕੇ ਕੀਤੀਆਂ ਭੜਕਾਊ ਕਾਰਵਾਈਆਂ ਦੀਆਂ ਇਹ ਘਟਨਾਵਾਂ ਨਾਗਰਿਕਾਂ ਅੰਦਰ ਬਦਲੇ ਦੀ ਤਾਂਘ ਪੈਦਾ ਕਰਦੀਆਂ ਹਨ। ਪਰ ਫਿਰ ਵੀ, ਜੰਗ ਦੇ ਦਹਾਨੇ 'ਤੇ ਖੜ੍ਹੇ ਭਾਰਤ ਨੇ, ਨਾ ਸਿਰਫ਼ ਟੀਵੀ ਸਟੂਡੀਓਜ਼ ਤੇ ਸੋਸ਼ਿਲ ਮੀਡੀਆ 'ਚ ਹੀ, ਸਗੋਂ ਪ੍ਰਤੱਖ ਦੇਖਿਆ ਕਿ ਜੰਗ-ਪੱਖੀ ਇੱਕ ਤਕੜਾ ਵਰਗ-ਵਿਚਾਰ ਹੈ ਜੋ ਇਹ ਸਮਝਣ ਤੋਂ ਇਨਕਾਰੀ ਹੈ ਕਿ ਜੰਗ ਇੱਕ ਤਿਲਕਵੀਂ ਢਲਾਣ ਹੈ। ਇਸ ਵਰਗ-ਵਿਚਾਰ ਲਈ, ਨਾ ਤਾਂ ਜੰਗ ਆਖ਼ਰੀ ਹਥਿਆਰ ਹੈ, ਨਾ ਹੀ ਇਹ ਕਿਸੇ ਸ਼ਾਂਤੀਪੂਰਨ ਹੱਲ ਦਾ ਸਾਧਨ ਹੈ; ਇਹ ਆਪਣੇ ਆਪ 'ਚ ਹੀ ਮੁੱਲਵਾਨ ਵਿਚਾਰ ਹੈ। ਭਾਰਤ ਅੰਦਰ ਹਮੇਸ਼ਾ ਹੀ ਇਹ ਵਰਗ-ਵਿਚਾਰ ਮੌਜੂਦ ਰਿਹਾ ਹੈ। ਤਾਜ਼ਾ ਘਟਨਾਕ੍ਰਮ ਨੇ ਇਸ ਵਰਗ ਨੂੰ ਮੂਹਰੇ ਪਹਿਲੀ ਕਤਾਰ 'ਚ ਲੈ ਆਂਦਾ ਹੈ, ਇਸ ਦੇ ਹਮਾਇਤੀਆਂ 'ਚ ਵਾਧਾ ਕੀਤਾ ਹੈ ਤੇ ਇਸ ਧਾਰਨਾ ਨੂੰ ਪੱਕੇ ਕੀਤਾ ਹੈ ਕਿ ਕੌਮੀ ਹਿਤਾਂ ਦੀ ਪੂਰਤੀ ਲਈ ਅਤੇ ਵਿਦੇਸ਼-ਨੀਤੀ ਲਾਗੂ ਕਰਨ ਲਈ, ਜੰਗ ਹੀ ਪਹਿਲਾ ਤੇ ਜ਼ਰੂਰੀ ਕਦਮ ਹੈ।

ਦੂਸਰਾ ਵਰਗ-ਵਿਚਾਰ ਜਿਸ ਨੇ ਇਸ ਮੌਕੇ ਹੀ ਧਿਆਨ ਖਿੱਚਿਆ, ਇਸ ਧਾਰਨਾ ਦਾ ਹਾਮੀ ਦਾ ਹੈ ਕਿ ਜੰਗ ਤਾਂ ਖਾਤਮੇ ਤੱਕ ਲੜਣੀ ਬਣਦੀ ਹੈ। ਇਸ ਧਾਰਨਾ ਮੁਤਾਬਿਕ 'ਅੰਤ' ਦਾ ਮਤਲਬ ਨਾ ਪਾਕਿਸਤਾਨ ਨੂੰ ਰੋਕਣਾ, ਨਾ ਦਹਿਸ਼ਤਗਰਦਾਂ ਨੂੰ ਠੱਲ੍ਹ ਪਾਉਣਾ ਤੇ ਨਾ ਹੀ ਸੌਦੇਬਾਜ਼ੀ ਲਈ ਜ਼ਮੀਨ ਤਿਆਰ ਕਰਨਾ ਹੁੰਦਾ ਹੈ ਸਗੋਂ 'ਵੰਡ ਦੇ ਗੁਨਾਹ' ਦਾ ਖ਼ਾਤਮਾ ਕਰਨਾ ਹੈ। ਇਸ ਧਾਰਨਾ ਮੁਤਾਬਕ, ਪਾਕਿਸਤਾਨ ਸਿਰਫ਼ ਇੱਕ ਮਾੜਾ ਗੁਆਂਢੀ ਹੀ ਨਹੀਂ ਹੈ, ਸਗੋਂ ਸਾਡੇ ਜਿਸਮ ਅੰਦਰ ਖੁਭਿਆ ਇੱਕ ਕੰਡਾ ਹੈ ਜਿਸ ਨੂੰ ਕੱਢਣਾ ਹੀ ਬਣਦਾ ਹੈ। ਇਸ ਵਰਗ ਦੀ ਧਾਰਨਾ ਹੈ ਕਿ ਇਹ ਕੰਡਾ ਕੁੱਝ ਕੁ ਤਾਂ 1971 'ਚ ਨਿੱਕਲ ਗਿਆ ਸੀ ਪਰੰਤੂ ਅਸਲ 'ਚ 1971 ਦੇ ਬਾਵਜੂਦ ਵੀ ਪਾਕਿਸਤਾਨ ਨੂੰ ਮੂਲੋਂ ਹੀ ਮਿਟਾਇਆ ਜਾ ਸਕਦਾ ਹੈ। ਜਿੱਥੋਂ ਤੱਕ ਇਸ ਧਾਰਨਾ ਦਾ ਸੰਬੰਧ ਹੈ, ਬਿਲਕੁਲ ਸਪਸ਼ਟ ਹੈ ਕਿ ਇਸ ਅੰਦਰ ਵਿਸ਼ਵੀ ਤੇ ਖੇਤਰੀ ਭੂ-ਰਾਜਨੀਤੀ ਦੇ ਸੰਦਰਭ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਇਹ ਪੱਕਾ ਵਿਸ਼ਵਾਸ ਹੈ ਕਿ ਜੇ ਪਾਕਿਸਤਾਨ ਆਪਣੇ ਆਪ ਹੀ ਨਹੀਂ ਖਿੰਡ ਜਾਂਦਾ ਤਾਂ ਭਾਰਤ ਇਸ ਨੂੰ ਯਕੀਨੀ ਬਣਾਵੇ ਕਿ ਇਸ ਦੀ ਹੋਂਦ ਹੀ ਮਿਟ ਜਾਵੇ। ਆਸ ਕਰਨੀ ਚਾਹੀਦੀ ਹੈ ਕਿ ਇਹ ਵਰਗ-ਧਾਰਨਾ, ਪਹਿਲੀ ਦੇ ਉਲਟ, ਅਜੇ ਤੱਕ ਨੀਤੀ-ਘਾੜਿਆਂ ਦੇ ਦਾਇਰੇ ਤੱਕ ਨਾ ਪਹੁੰਚੇ।

ਪ੍ਰੰਤੂ ਫਿਰ ਵੀ, ਪਹਿਲੀ ਵਰਗ-ਵਿਚਾਰ ਧਾਰਨਾ ਨਾਲ ਜੋੜ ਕੇ ਦੇਖਿਆਂ,ਇਹ ਸਾਨੂੰ ਕਸੂਤੀ ਸਥਿਤੀ 'ਚ ਦਿਖਾਉਂਦੀ ਹੈ ਕਿ ਅਸੀਂ ਖ਼ੁਦ ਆਪਣੇ ਰਾਸ਼ਟਰ ਨੂੰ ਕਿਵੇਂ ਕਲਪਦੇ ਹਾਂ- ਕਿ 'ਅਸੀਂ ਤੇ ਸਾਡੀ ਕੌਮੀਅਤ' ਹਿੰਸਾ, ਤਬਾਹੀ ਅਤੇ ਖਾਤਮੇ ਨਾਲ ਹੀ ਬੱਝੀ ਹੋਈ ਹੈ। ਇਹ ਵਿਚਾਰ ਕਿ ਕੋਈ ਕੌਮ ਆਪਣੇ ਅਤੀਤ ਤੇ ਵਰਤਮਾਨ ਦੋਵਾਂ ਨਾਲ ਨਹੀਂ ਰਹਿ ਸਕਦੀ, ਇਹੋ ਜਿਹੀ ਕੌਮ ਪੈਦਾ ਕਰਦਾ ਹੈ ਜਿਹੜੀ ਖ਼ੁਦ ਆਪਣੇ ਨਾਲ ਹੀ ਨਹੀਂ ਰਹਿ ਸਕਦੀ। ਇੱਕ ਹਿੱਸਾ ਹਮੇਸ਼ਾ ਹੀ ਵਿਭਿੰਨਤਾ, ਸੰਮਲਿਤਾ ਤੇ ਸਹਿਹੋਂਦ ਦੀ ਧਾਰਨਾ ਦੇ ਹਮੇਸ਼ਾ ਉਲਟ ਹੀ ਹੁੰਦਾ ਹੈ, ਇਸ ਧਾਰਨਾ ਤਹਿਤ ਕਿ ਦੁਸ਼ਮਣ ਦੇ, ਪਰਾਇਆਂ ਦੇ, ਵਖਰੇਵਿਆਂ ਦੇ ਸੰਪੂਰਨ ਖ਼ਾਤਮੇ ਦੀ, ਕੌਮਾਂ ਲਈ ਜ਼ਰੂਰਤ ਹੁੰਦੀ ਹੈ। ਇਸ ਸਾਰੇ ਮੌਜੂਦਾ ਸੰਕਟ ਦੌਰਾਨ, ਸਰਕਾਰੀ ਬਿਆਨਬਾਜ਼ੀ ਇਸੇ ਵਰਗ-ਵਿਚਾਰ ਨੂੰ ਹੀ ਪੱਠੇ ਪਾਉਣ ਦਾ ਕਾਰਜ ਕਰਦੀ ਰਹੀ ਅਤੇ ਅਸਲ 'ਚ ਇਸ ਦਾ ਵਧਾਰਾ-ਪਸਾਰਾ ਕਰਨ ਦੀ ਭੂਮਿਕਾ ਨਿਭਾਉਂਦੈ ਰਹੀ ਅਤੇ ਭਾਰਤ ਵੱਲੋਂ ਕੀਤੀ ਗਈ ਕਾਰਵਾਈ ਦੀ ਵਾਜ਼ਵੀਅਤ ਜਚਾਉਣ ਲਈ ਵਰਤਦੀ ਰਹੀ।

ਤੀਸਰਾ ਵਰਗ-ਵਿਚਾਰ ਜਿਸਨੇ ਪਹਿਲਗਾਮ ਤੋਂ ਬਾਅਦ ਦੇ ਹਫ਼ਤਿਆਂ ਦੌਰਾਨ ਸਿਰ ਚੁੱਕਿਆ, ਮੁਸਲਿਮ-ਵਿਰੋਧੀ ਲਾਮਬੰਦੀ ਵਾਲਾ ਸੀ। ਦਹਿਸ਼ਤਗਰਦਾਂ ਤੇ ਉਨ੍ਹਾਂ ਦੇ ਚਿੰਤਕ-ਰਹਿਬਰਾਂ ਵੱਲੋਂ ਹਿੰਦੂਆਂ ਨੂੰ ਮਾਰਕੇ, ਵਿਛਾਏ ਗਏ ਜਾਲ 'ਚ, ਅੱਖਾਂ ਬੰਦ ਕਰਕੇ ਫਸਦਿਆਂ ਸੋਸ਼ਿਲ ਮੀਡੀਆ ਪਲੇਟਫਾਰਮ (ਤੇ ਸ਼ਾਇਦ ਹਕੀਕੀ ਜਿੰਦਗੀ ਦੀ ਅਸਲ ਧਾਰਨਾ ਵੀ) ਭਾਰਤੀ ਮੁਸਲਮਾਨਾਂ ਦੇ ਖ਼ਿਲਾਫ਼ ਹੋ ਗਏ। ਨਿੱਜੀ ਵਾਰਤਾਲਾਪਾਂ ਅੰਦਰ ਖੁੱਲ੍ਹੇ ਤੌਰ 'ਤੇ ਮੁਸਲਿਮ-ਵਿਰੋਧੀ ਨਫ਼ਰਤ ਝਲਕਣ ਲੱਗੀ। ਪਹਿਲਗਾਮ ਨੇ ਅਤੇ ਪਾਕਿਸਤਾਨ ਵਿਰੁੱਧ ਸਖ਼ਤ ਭਾਰਤੀ ਕਾਰਵਾਈ ਨੇ ਭਾਰਤ ਅੰਦਰ ਸਿਰ ਚੁੱਕ ਰਹੇ ਮੁਸਲਮਾਨਾਂ ਦਾ ਬਾਈਕਾਟ ਕਰਨ ਦੇ ਸੱਦਿਆਂ ਨੂੰ ਹੁਲਾਰਾ ਦਿੱਤਾ। ਮਹੱਤਵਪੂਰਨ ਇਹ ਕਿ ਸਿਆਸੀ ਲੀਡਰਸ਼ਿਪ ਨੇ ਇਸ ਘਟਨਾਕ੍ਰਮ ਨੂੰ ਰੋਕਣ ਲਈ ਇੱਕ ਵੀ ਸ਼ਬਦ ਨਹੀਂ ਉੱਚਰਿਆ। ਚੁੱਪ ਦੀ ਇਸ ਸਿਆਸੀ ਕਾਰਵਾਈ ਨੂੰ ਪ੍ਰੈੱਸ ਕਾਨਫ਼ਰੰਸ 'ਚ ਕਿਸੇ ਮੁਸਲਿਮ ਅਫ਼ਸਰ ਨੂੰ ਬਿਠਾਉਣ ਦੇ ਖ਼ੋਖ਼ਲੇ-ਦਿਖਾਵੇ ਨਾਲ ਨਹੀਂ ਮੇਸਿਆ ਜਾ ਸਕਦਾ। ਉਨ੍ਹਾਂ ਪ੍ਰੈੱਸ ਕਾਨਫ਼ਰੰਸਾਂ 'ਚ ਕਰਨਲ ਸੋਫ਼ੀਆ ਕੁਰੈਸ਼ੀ ਨੂੰ ਸ਼ਾਮਲ ਕਰਨ ਦਾ ਫੈਸਲਾ ਮੰਦ ਕੂਟਨੀਤੀ ਸੀ। ਅਤੇ ਜਿਸ 'ਚ ਗੁਨਾਹ-ਅਹਿਸਾਸ ਤਾਂ ਝਲਕਦਾ ਸੀ ਪ੍ਰੰਤੂ ਇਹ ਮੁਸਲਿਮ-ਵਿਰੋਧੀ ਵਰਗ-ਵਿਚਾਰ ਨੂੰ ਨਾਕਾਰਨ 'ਚ ਸਹਾਈ ਨਹੀਂ ਹੋਇਆ।

ਜਨਤਕ ਮਾਹੌਲ ਅੰਦਰ ਮੁਸਲਿਮ-ਵਿਰੋਧੀ ਜਜ਼ਬਾਤ ਇੰਨੇ ਭਾਰੂ ਹੋਏ ਪਏ ਹਨ ਕਿ ਕਰਨਲ ਕੁਰੈਸ਼ੀ ਨੂੰ ਵੀ ਦਹਿਸ਼ਤਗਰਦਾਂ ਦੀ 'ਭੈਣ' ਵੱਜੋਂ ਦੇਖਿਆ ਜਾਂਦਾ ਹੈ-ਜਿਵੇਂ ਕਿ ਮੱਧ ਪ੍ਰਦੇਸ਼ ਦੀ ਬੀਜੇਪੀ ਸਰਕਾਰ ਦਾ ਇੱਕ ਮੰਤਰੀ ਕਹਿ ਰਿਹਾ ਹੈ। (ਮਗਰੋਂ ਜਿਸਨੇ ਪਿੱਛਲ-ਮੋੜਾ ਕੱਟ ਲਿਆ)। ਕਾਰਨ ਇਹ ਹੈ ਕਿ ਇਸ ਤੀਸਰੇ ਵਰਗ-ਵਿਚਾਰ ਦੀ ਧਾਰਨਾ ਮੁਤਾਬਕ ਪਾਕਿਸਤਾਨੀ ਤੇ ਹਿੰਦੂਸਤਾਨੀ ਮੁਸਲਮਾਨਾਂ ਵਿਚਕਾਰ ਕੋਈ ਵਖ਼ਰੇਵਾਂ ਨਹੀਂ ਹੈ ਅਤੇ ਦੋਵਾਂ ਤੇ ਦਹਿਸ਼ਤਗਰਦਾਂ ਵਿਚਕਾਰਲੀ ਲਕੀਰ ਮੱਧਮ ਪੈ ਗਈ ਹੈ। ਇਹ ਤਿੰਨੇ ਵਰਗ-ਵਿਚਾਰ ਪਹਿਲਗਾਮ ਮੌਕੇ ਹੀ ਨਹੀਂ ਸੀ ਉਗਮੇ, ਸਗੋਂ ਲੰਮੇ ਸਮੇਂ ਤੋਂ ਭਾਰਤ ਦੇ ਸਮਾਜੀ-ਸਿਆਸੀ ਪ੍ਰਬੰਧ ਦਾ ਹਿੱਸਾ ਬਣੇ ਹੋਏ ਹਨ। ਇਹ ਵੀ ਮੰਨਿਆ ਜਾ ਸਕਦਾ ਹੈ ਇਹ ਇੱਕ-ਦੂਜੇ ਤੋਂ ਪੂਰੀ ਤਰ੍ਹਾਂ ਟੁੱਟਵੇਂ ਨਹੀਂ ਹਨ। ਇਨ੍ਹਾਂ ਦਾ ਇੱਕ-ਦੂਜੇ 'ਚ ਰਲਗੱਡ ਹੋਣਾ ਹੀ ਹਿੰਦੂਤਵ-ਰਾਸ਼ਟਰਵਾਦ ਦੀ ਖ਼ੁਰਾਕ ਹੈ - ਇਸ ਕੌਮੀ ਧਾਰਨਾ ਦੀ ਉਸਾਰੀ ਰਾਹੀਂ ਜਿਹੜੀ ਮੁਸਲਮਾਨਾਂ ਨੂੰ ਪੱਕੇ ਅੰਦਰੂਨੀ ਦੁਸ਼ਮਣ ਗਰਦਾਨਦੀ ਹੈ।ਇਹ ਧਾਰਨਾ ਇਸ ਸੁਪਨਮਈ ਵਿਚਾਰ ਨਾਲ ਵਧਦੀ-ਫੁਲਦੀ ਹੈ ਕਿ ਇੱਕ ਦਿਨ ਪਾਕਿਸਤਾਨ ਦੀ ਹੋਂਦ ਮਿਟਾ ਦਿੱਤੀ ਜਾਵੇਗੀ ਅਤੇ ਇਹ ਮੱਤ ਰਖਦੀ ਹੈ ਕਿ ਬਲ ਅਤੇ ਯੁੱਧ ਹੀ ਕੌਮਾਂ ਦਾ ਮੁੱਖ ਅਸਲਾਖਾਨਾ ਹੁੰਦਾ ਹੈ ਅਤੇ ਕੌਮੀ ਹਿਤਾਂ ਖ਼ਾਤਰ ਹਿੰਸਾ, ਨਾ ਸਿਰਫ਼ ਉਚਿੱਤ ਹੀ ਹੈ ਸਗੋਂ ਉਚੇਰੀ ਨੈਤਿਕਤਾ ਵੀ ਹੈ।

ਪਹਿਲਗਾਮ ਅਤੇ ਉਸ ਤੋਂ ਬਾਅਦ ਦੇ ਘਟਨਾਕ੍ਰਮ ਨੇ ਦਿਖਾਇਆ ਹੈ ਕਿ ਸਾਡੀ ਸਮੂਹਿਕ ਧਾਰਨਾ ਉੱਪਰ ਇਨ੍ਹਾਂ ਤਿੰਨੋਂ ਵਰਗ-ਵਿਚਾਰਾਂ ਦੇ ਭਾਰੂ ਰਹਿਣ ਦੀ ਹਕੀਕੀ ਸੰਭਾਵਨਾ ਜਾਪਦੀ ਹੈ। ਇਸ ਮੌਕੇ ਅਜੇ, ਇਨ੍ਹਾਂ ਦਾ ਗਿਣਤੀ ਪੱਖੋਂ ਤਾਕਤ ਦਾ ਸਹੀ ਅੰਦਾਜ਼ਾ ਲਾਉਣਾ ਆਸਾਨ ਨਹੀਂ ਹੈ। ਪ੍ਰੰਤੂ, ਕਿਸੇ ਸਮਾਜ ਦੀ ਦੇਹ ਅੰਦਰ ਸੰਕਟ ਦੇ ਪਲ ਉਦੋਂ ਉਮੜ ਹੀ ਪੈਂਦੇ ਹਨ ਜਦ ਕੌਮੀਅਤ ਉੱਪਰ ਨਕਲੀ-ਕੌਮੀ ਦਾਅਵੇ ਭਾਰੂ ਹੋ ਜਾਣ; ਜਦ ਕੌਮੀਅਤ ਨੂੰ ਉਨ੍ਹਾਂ ਲੱਛਣਾਂ ਰਾਹੀਂ ਪ੍ਰਿਭਾਸ਼ਿਤ ਕੀਤਾ ਜਾਣ ਲੱਗੇ ਜਿਹੜੇ ਰਾਸ਼ਟਰਵਾਦ ਦੇ ਲੋਕ-ਪੱਖੀ ਜਾਂ ਆਜ਼ਾਦੀ-ਪੱਖੀ ਸੰਭਾਵਤ ਪਹਿਲੂਆਂ ਨੂੰ ਨਕਾਰਦੇ ਹੋਣ; ਜਦ ਰਾਸ਼ਟਰਵਾਦ ਵਖਰੇਵੇਂ ਖੜ੍ਹੇ ਕਰਦਾ ਹੋਵੇ; ਜਦ ਸਿਆਸੀ ਲੀਡਰਸ਼ਿਪ ਕੋਲ ਨੀਤੀਵਾਨ ਬਣਨ ਦਾ ਮੌਕਾ ਹੁੰਦਾ ਹੈ ਪਰ ਬਿਆਨਬਾਜ਼ੀ ਦੀਆਂ ਲਾਲਸਾਵਾਂ, ਲੀਡਰਸ਼ਿਪ ਨੂੰ ਅਤੇ ਸਮੂਹਿਕ ਚੇਤਨਾ ਨੂੰ ਵੀ, ਸਾਡਾ ਜਾਂ ਸਾਡੀ ਕੌਮੀਅਤ ਦੇ ਨਕਲੀ-ਰਾਸ਼ਟਰਵਾਦ ਦੇ ਪ੍ਰਿਭਾਸ਼ਿਤ ਲੱਛਣਾਂ ਦੇ ਜਾਲ ਵਿੱਚ ਫਸਾ ਦਿੰਦੀਆਂ ਹਨ।

**ਇੰਡੀਅਨ ਐਕਸਪ੍ਰੈਸ 'ਚੋਂ ਧੰਨਵਾਦ ਸਹਿਤ**


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com


SUPER VISA INSURANCE
MDRT
The Premier Association of Financial Professionals
Punjab Insurance Inc
LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA
HARPREET RANA 416-871-3571
NIAMAT RANA 416-206-1616
WWW.PUNJABINSURANCE.CA


Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6


Buy or Sell Any Residential or Commercial Real Estate with Insta Realty Team.
Harcharan Parhar
Ramandeep Gill
Amandeep Gill
Amarjit Pangly
Gurpreet Kaur
Ashish Narula
Krishan Gupta
Amandeep Gill
Ramandeep Kaur
Jagdev Singh
Karmjit Singh Gill
Harsimran Bawa
Manpreet Kaur
Neha Kaur
Kamal Tomar
Navi Tiwana
Jaskaran Brar
Aman Batth
Sumeer Sidhu
We are Hiring New or Experienced Realtors!
Kirandeep Parmar
Karan Nanda
Mousam Mann
Sahil Lamba
Insta Realty
BUY SELL INSTANTLY
403.681.8689
Email: info@instarlt.com
www.instarlt.com
#3256, 4310-104 Ave NE Calgary AB T3N 1W3

PROGRESSIVE CULTURAL ASSOCIATION CALGARY (REGD.)
BE RATIONALIST

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)

### ਸਵ. ਸੋਹਣ ਮਾਨ ਯਾਦਗਾਰੀ 14ਵਾਂ ਸਾਲਾਨਾ ਅਗਾਂਹਵਧੂ ਸਭਿਆਚਾਰਕ

# ਨਾਟਕ ਸਮਾਗਮ

## June 28, 2025 Saturday



TIMING : 3.15 PM to 6.15 PM | GATE OPEN 3:00 PM
HOP EVENTS CENTRE, 5 RED STONE HEIGHTS NE
CALGARY AB T3N 0T6

TICKET $10

ਮੁੱਖ ਨਾਟਕ

## ਬੇੜੀਆਂ ਲੱਗੇ ਸੁਪਨੇ

(ਡੰਕੀ ਬਣ ਕੇ ਰੁਲ ਰਹੀ ਜਵਾਨੀ ਦੀ ਕਹਾਣੀ)

ਲੇਖਕ ਤੇ ਨਿਰਦੇਸ਼ਕ : ਹਰਕੇਸ਼ ਚੌਧਰੀ, ਲੋਕ ਕਲਾ ਮੰਚ ਮੰਡੀ ਮੁੱਲਾਂਪੁਰ

BUS ROUTE 128 & 145



ਦੂਜਾ ਨਾਟਕ

ਕੈਲਗਰੀ ਦੇ ਜੰਮਪਲ ਬੱਚਿਆਂ ਵਲੋਂ ਨਾਟਕ ਅਤੇ 'ਗੁਆਂਢਣੇ'
ਗੀਤ ਦੇ ਆਧਾਰਤ ਕੋਰੀਓਗਰਾਫੀ 'ਪੇਸ਼ ਕੀਤੀ ਜਾਵੇਗੀ

14ਵਾਂ ਨਾਟਕ ਸਮਾਗਮ .ਗਦਰੀ ਬੀਬੀ ਗੁਲਾਬ ਕੌਰ 151ਵੇਂ ਜਨਮ ਦਿਨ ਨੂੰ ਸਮਰਪਿਤ ਹੋਵੇਗਾ

ਸਮਾਗਮ ਦੌਰਾਨ ਜਸਵੰਤ ਸਿੰਘ ਜ਼ੀਰਖ ਦੀ ਕਿਤਾਬ 'ਮੌਜੂਦਾ ਸਮੇਂ ਦਾ ਸੱਚ' ਰਿਲੀਜ਼ ਕੀਤੀ ਜਾਵੇਗੀ




### ਵਿਸ਼ੇਸ਼ ਸਹਿਯੋਗੀ

| | | |
|---|---|---|
| **Harcharan Parhar** | **Baljinder Sangha** | **Sanjha Punjab** |
| Insta Realty | Realtor | Grocery Stores |
| **Harpinder Sidhu** | **Paramjit Plaha** | **Sandhu Construction** |
| Punjab Insurance | Desjardins Insurance | Lovely Dhudhike |

### ਮੁੱਖ ਸਹਿਯੋਗੀ

- Reliance Legal Group
- Jaswinder Mann
- OK Food
- Sidhu Accounting
- Moulding Store
- Romi Sidhu
- HMP Kitchen Cabinet
- AIM Insurance
- JFS Immigration
- Link Canada Immigration
- John Dhillon Law Office
- Mahi Printing
- Harbans Butter (Punjabi Akhbaar)
- G Dhillon Prof. Crop.
- Saddleridge Bottle Depot
- Karamveer Kamboj Realtor

### ਸਹਿਯੋਗੀ

- Kohinoor Jewellers
- Bhatia Cloth House
- Bains Vision Centre
- Asia Pacific Immigration
- Harpreet Parmar CGA
- Desi Bazar
- 3C Car Care Centre
- Fastrac Auto Service
- Coast to Coast Mortgage
- Highway Carpet Cleaning
- Advance Auto Repair
- Samosa House Calgary
- Calgary Gidha & Dance Academy

**ਜਸਵਿੰਦਰ ਮਾਨ (ਪ੍ਰਧਾਨ)**

ਮਾਸਟਰ ਭਜਨ (ਸਕੱਤਰ) : 403-455-4220 | ਕਮਲਪ੍ਰੀਤ ਪੰਧੇਰ (ਵਿੱਤ ਸਕੱਤਰ) : 403-479-4220

ਵਿਸ਼ੇਸ਼ ਸਹਿਯੋਗ: ਹਰਚਰਨ ਸਿੰਘ ਸਿੱਖ ਵਿਰਸਾ : 403-681-8689 | ਸੁਖਵੀਰ ਗਰੇਵਾਲ : 403-402-0770

ਸਪਾਂਸਰਜ਼ ਅਤੇ ਮੀਡੀਆ ਦਾ ਧੰਨਵਾਦ